Golden State Realty
JASSI GILL Broker/Owner
Listing and Selling Homes From San Jose to Sacramento
Ph:510-304-9292
Refinance Now @ZERO COST
Call Sukhi Gill:510-207-9067
CA DRE Lic.#01180969
CA DRE# 00966763


Harmit S Toor
Bay East Brokers, Inc.
BEB BAY EAST BROKERS
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'

Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com
EQUAL HOUSING OPPORTUNITY

COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 24, Issue 18; May 6, 2023 20451 N. Plum Grove Rd., Palatine, IL 60074 Ph:847-359-0746, Fax:847-705-9388


# ਅਕਾਲੀ ਦਲ ਦੇ ਭਵਿੱਖ ਬਾਰੇ ਫਿਰ ਚਰਚਾ; ਸੁਖਬੀਰ ਨੂੰ ਵੰਗਾਰ ਪਈ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਪਿੱਛੋਂ ਸਭ ਤੋਂ ਵੱਡਾ ਸਵਾਲ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਭਵਿੱਖ ਬਾਰੇ ਕੀਤਾ ਜਾਣ ਲੱਗਾ ਹੈ। ਪਾਰਟੀ ਦੀ ਪ੍ਰਧਾਨਗੀ ਇਸ ਸਮੇਂ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਕੋਲ ਹੈ ਤੇ ਇਹ ਧਿਰ ਇਸ ਸਮੇਂ ਆਪਣੇ ਸਿਆਸੀ ਸਫਰ ਦੇ ਸਭ ਤੋਂ ਮਾੜੇ ਦੌਰ ਵਿਚੋਂ ਲੰਘ ਰਹੀ ਹੈ।

ਸੁਖਬੀਰ ਸਿੰਘ ਬਾਦਲ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਵੱਡੀ ਗਿਣਤੀ ਟਕਸਾਲੀ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਪਿਛਲੇ ਕੁਝ ਸਮੇਂ ਤੋਂ ਉਸ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਪਾਰਟੀ ਅੰਦਰੋਂ ਵੱਡੇ ਪੱਧਰ ਉਤੇ ਆਵਾਜ਼ ਬੁਲੰਦ ਹੁੰਦੀ ਰਹੀ ਹੈ ਪਰ ਉਸ (ਸੁਖਬੀਰ) ਨੇ ਹਰ ਵਾਰ ਕੋਰ ਕਮੇਟੀ ਦੀ ਮੀਟਿੰਗ ਵਿਚ ਆਪਣੇ ਪੱਖ ਵਿਚ ਹੱਥ ਖੜ੍ਹੇ ਕਰਵਾ ਲਏ। ਅਸਲ ਵਿਚ, ਸਦੀ ਪੁਰਾਣਾ ਸ਼੍ਰੋਮਣੀ ਅਕਾਲੀ ਦਲ ਲੰਮੇ ਸਮੇਂ ਤੱਕ ਪੰਜਾਬ ਦੀ ਸਿਆਸਤ 'ਚ ਮੁੱਖ ਧੁਰਾ ਰਿਹਾ ਪਰ ਸੁਖਬੀਰ ਸਿੰਘ ਬਾਦਲ ਹੱਥ ਕਮਾਨ ਆਉਣ ਪਿੱਛੋਂ ਇਹ ਧਿਰ ਢਹਿੰਦੀਆਂ ਕਲਾਂ ਵੱਲ ਤੁਰ ਪਈ। 117 ਮੈਂਬਰੀ ਵਿਧਾਨ ਸਭਾ 'ਚ ਇਸ ਦੇ ਸਿਰਫ ਤਿੰਨ ਮੈਂਬਰ ਹਨ। 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਵੱਡੀਆਂ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ। ਪ੍ਰਕਾਸ਼ ਸਿੰਘ ਬਾਦਲ ਦੇ ਸ਼ਾਂਤ ਅਤੇ ਨਿਮਰ ਸੁਭਾਅ ਨਾਲ ਹਰ ਸੰਕਟ ਦਾ ਟਾਕਰਾ ਕਰਨ ਦੀ ਸਮਰੱਥਾ ਨੇ ਦਹਾਕਿਆਂ ਤੱਕ ਪਾਰਟੀ ਨੂੰ ਮਜ਼ਬੂਤੀ ਨਾਲ ਸੰਭਾਲੀ ਰੱਖਿਆ ਪਰ ਹੁਣ ਹਾਲਾਤ ਬਿਲਕੁਲ ਵੱਖਰੇ ਹਨ।

2015 ਵਿਚ ਸ੍ਰੀ ਅਕਾਲ ਤਖਤ ਤੋਂ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਬਿਨਾ ਮੰਗੇ ਮੁਆਫੀ ਦੇਣ ਪਿੱਛੋਂ ਅਕਾਲੀ ਦਲ ਦੇ ਕਦੇ ਪੈਰ ਨਹੀਂ ਲੱਗ ਸਕੇ। ਇਸੇ ਸਾਲ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਗੋਲੀ ਕਾਂਡ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਾਖ ਨੂੰ ਹੋਰ ਢਾਹ ਲਾਈ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਪਤਨ ਸ਼ੁਰੂ ਹੋਇਆ ਅਤੇ 2017 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਨ੍ਹਾਂ ਦੋਸ਼ਾਂ ਦੇ ਕਾਰਨ ਹੀ 2022 ਵਿਚ ਮੁੜ ਸ਼੍ਰੋਮਣੀ ਅਕਾਲੀ ਦਲ ਨੂੰ ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ। ਅਕਾਲੀ ਦਲ ਦੀ ਭਾਜਪਾ ਨਾਲ ਸਾਂਝ ਵੀ ਇਸ ਦੇ ਪੰਥਕ ਰੁਤਬੇ ਨੂੰ ਢਾਹ ਲਾਉਣ ਦਾ ਇਕ ਕਾਰਨ ਬਣੀ।



ਖੇਤੀ ਕਾਨੂੰਨਾਂ ਖਿਲਾਫ ਰੋਸ ਜਤਾਉਂਦਿਆਂ ਅਕਾਲੀ ਦਲ ਨੇ 2020 ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਨਾਲੋਂ ਨਾਤਾ ਤਾਂ ਤੋੜਿਆ ਪਰ ਉਦੋਂ ਤੱਕ ਪਾਰਟੀ ਦੇ ਕਿਸਾਨ ਪੱਖੀ ਅਕਸ ਨੂੰ ਵੀ ਵੱਡੀ ਢਾਹ ਲੱਗ ਚੁੱਕੀ ਸੀ। ਬਹੁਜਨ ਸਮਾਜ ਪਾਰਟੀ ਨਾਲ ਸਾਂਝ ਪਾਉਣ ਦਾ ਇਸ ਦਾ ਤਜਰਬਾ ਸਫਲ ਨਹੀਂ ਰਿਹਾ।

ਯਾਦ ਰਹੇ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ 'ਤੇ ਵੀ ਲਗਭਗ ਤਿੰਨ ਦਹਾਕਿਆਂ ਤੋਂ ਸਰਪ੍ਰਸਤੀ ਬਣੀ ਹੋਈ ਹੈ ਪਰ ਇਸ ਦੌਰਾਨ ਕਈ ਵਾਰ ਸਿੱਖ ਸੰਸਥਾ ਵੱਡੇ ਵਿਵਾਦਾਂ ਦੇ ਘੇਰੇ ਵਿਚ ਵੀ ਫਸੀ ਹੈ। ਸ਼੍ਰੋਮਣੀ ਅਕਾਲੀ ਦਲ 'ਤੇ ਇਕ ਪਰਿਵਾਰ ਦੀ ਪਾਰਟੀ ਹੋਣ ਦਾ ਠੱਪਾ ਲੱਗਣਾ ਵੀ ਇਸ ਦੇ ਰਾਹ ਦਾ ਵੱਡਾ ਅੜਿੱਕਾ ਹੈ। ਲੋਕਾਂ ਵਿਚ ਇਹ ਪ੍ਰਭਾਵ ਹੈ ਕਿ ਪਾਰਟੀ ਹੁਣ ਲੋਕਾਂ ਨਾਲ ਰਾਬਤਾ ਰੱਖਣ ਵਾਲੇ ਜਥੇਦਾਰਾਂ ਦੀ ਪਾਰਟੀ ਨਹੀਂ ਰਹੀ ਅਤੇ ਉਨ੍ਹਾਂ ਦੀ ਥਾਂ ਸਿਆਸਤਦਾਨਾਂ ਨੇ ਲੈ ਲਈ ਹੈ ਜਿਨ੍ਹਾਂ ਦਾ ਨਿਸ਼ਾਨਾ ਸੱਤਾ ਹਾਸਲ ਕਰਨਾ ਹੈ।

ਪੰਜਾਬ ਵਿਚ ਅਤਿਵਾਦ ਦੀ ਸਮਾਪਤੀ ਮਗਰੋਂ ਜਦੋਂ ਅਕਾਲੀ-ਭਾਜਪਾ ਗੱਠਜੋੜ ਕਾਇਮ ਹੋਇਆ ਤਾਂ 1997 ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਵਾਲੀ ਸਾਂਝੀ ਸਰਕਾਰ ਪੰਜਾਬ ਵਿਚ ਸਥਾਪਤ ਹੋਈ ਸੀ। ਇਸ ਤੋਂ ਪਹਿਲਾਂ 1996 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਵਿਚ ਵੀ ਬਹੁਮਤ ਨਾਲ ਜੇਤੂ ਰਿਹਾ ਸੀ। 2002 ਦੀਆਂ ਵਿਧਾਨ ਸਭਾ ਚੋਣਾਂ ਭਾਵੇਂ ਸ਼੍ਰੋਮਣੀ ਅਕਾਲੀ ਦਲ ਕਾਂਗਰਸ ਕੋਲੋਂ ਹਾਰ ਗਿਆ ਸੀ ਪਰ 2004 ਵਿਚ ਮੁੜ ਸ਼੍ਰੋਮਣੀ ਕਮੇਟੀ ਦੀਆਂ ਹੋਈਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਪ੍ਰਾਪਤ ਕੀਤੀ ਸੀ। ਇਸ ਤੋਂ ਬਾਅਦ 2011 ਵਿਚ ਵੀ ਸ਼੍ਰੋਮਣੀ ਅਕਾਲੀ ਦਲ ਨੇ ਮੁੜ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੱਤੀਆਂ ਸਨ ਅਤੇ ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਹੀ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੈ।

ਅਕਾਲੀ ਦਲ ਲਈ ਆਉਂਦੇ ਦਿਨਾਂ ਵਿਚ ਵੱਡੀ ਚੁਣੌਤੀ ਇਹ ਵੀ ਹੈ ਕਿ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਨਾਂ ਬੇਅਦਬੀ ਤੇ ਗੋਲੀ

*(ਬਾਕੀ ਸਫਾ 6 'ਤੇ)*

## ਹੁਣ ਪੰਜਾਬ ਦੀਆਂ ਜੇਲ੍ਹਾਂ ਨੂੰ ਖਤਰਾ!



**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਉਤੇ ਹਮਲੇ ਦੀ ਸੂਹ ਪਿੱਛੋਂ ਪੁਲਿਸ ਨੇ ਚੌਕਸੀ ਵਧਾ ਦਿੱਤੀ ਹੈ। ਪੁਲਿਸ ਨੂੰ ਸੂਹ ਮਿਲੀ ਹੈ ਕਿ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਵੱਡੇ ਗੈਂਗਸਟਰਾਂ ਨੂੰ ਛੁਡਾਉਣ ਲਈ ਵਿਦੇਸ਼ ਵਿਚ ਬੈਠੇ ਕੁਝ ਗੈਂਗਸਟਰਾਂ ਵੱਲੋਂ ਹਥਿਆਰਬੰਦ ਹਮਲਾ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਜਿਸ ਤੋਂ ਬਾਅਦ ਪੰਜਾਬ ਦੇ ਕਈ ਜ਼ਿਲ੍ਹਿਆਂ ਦੀਆਂ ਜੇਲ੍ਹਾਂ ਦੇ ਅੰਦਰ ਤੇ ਬਾਹਰ ਸੰਭਾਵੀ ਹਮਲੇ ਨਾਲ ਨਜਿੱਠਣ ਲਈ ਪੁਲਿਸ ਵੱਲੋਂ 'ਮੌਕ ਡਰਿੱਲ' ਵੀ ਕੀਤੀ ਗਈ ਹੈ।

ਪੰਜਾਬ ਦੇ ਅਡੀਸ਼ਨਲ ਡਾਇਰੈਕਟਰ ਜਨਰਲ ਜੇਲ੍ਹਾਂ ਅਰੁਣਪਾਲ ਸਿੰਘ ਨੇ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਦੇ ਸੁਪਰਡੈਂਟਾਂ ਨੂੰ ਜਾਰੀ ਕੀਤੇ ਪੱਤਰ ਵਿਚ ਕਿਹਾ ਹੈ ਕਿ ਸੂਹ ਮਿਲੀ ਹੈ ਕਿ ਪੁਲਿਸ ਨੂੰ ਲੋੜੀਂਦਾ ਲਖਬੀਰ ਸਿੰਘ ਸੰਧੂ ਉਰਫ ਲੰਡਾ ਹਰੀਕੇ ਜੇਲ੍ਹਾਂ ਵਿਚ ਬੈਠੇ ਆਪਣੇ ਗੈਂਗਸਟਰ ਸਾਥੀਆਂ ਨੂੰ ਛੁਡਾਉਣ ਲਈ ਹਮਲਾ ਕਰ ਸਕਦਾ ਹੈ। ਇਹ ਹਥਿਆਰਬੰਦ ਹਮਲਾ ਅਗਲੇ ਦੋ ਹਫਤਿਆਂ ਵਿਚ ਸੈਂਟਰਲ ਜੇਲ੍ਹ ਅੰਮ੍ਰਿਤਸਰ ਤੇ ਕੁਝ ਹੋਰ ਜੇਲ੍ਹਾਂ ਜਿਨ੍ਹਾਂ ਵਿਚ ਬਠਿੰਡਾ ਜੇਲ੍ਹ ਸ਼ਾਮਲ ਹੈ, ਉੱਪਰ ਹੋ ਸਕਦਾ ਹੈ। ਇਹ ਹਮਲਾ ਲੰਡਾ ਹਰੀਕੇ ਗੈਂਗ ਨਾਲ ਸਬੰਧਤ ਗੈਂਗਸਟਰਾਂ ਨੂੰ ਛੁਡਾਉਣ ਲਈ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਪੱਤਰ ਵਿਚ ਇਹ ਵੀ ਕਿਹਾ ਗਿਆ ਹੈ

*(ਬਾਕੀ ਸਫਾ 6 'ਤੇ)*


Medicare COVERED CALIFORNIA
Life & Health Insurance
Call: 510-459-7537
MEHAR INSURANCE

Bhupinder Singh Dev
bdev_99@yahoo.com
Lic# 0F86916


Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience

Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

# ਪੱਤਰਕਾਰ ਤੇ ਲੇਖਕ ਐੱਸ. ਅਸ਼ੋਕ ਭੌਰਾ ਦਾ ਕੈਨੇਡਾ 'ਚ ਸਨਮਾਨ

ਸਰੀ, ਕੈਨੇਡਾ: ਪੰਜਾਬੀ ਦੇ ਨਾਮਵਰ ਲੇਖਕ, ਪੱਤਰਕਾਰ ਅਤੇ ਸ਼ਾਇਰ ਐਸ.ਅਸ਼ੋਕ ਭੌਰਾ ਦੇ ਇਸ ਖੇਤਰ ਵਿਚ 45 ਸਾਲ ਪੂਰੇ ਕਰਨ ਅਤੇ ਉਨ੍ਹਾਂ ਦੇ 60ਵੇਂ ਜਨਮ ਦਿਨ 'ਤੇ ਕੇਂਦਰੀ ਲਿਖਾਰੀ ਸਭਾ (ਉੱਤਰੀ ਅਮਰੀਕਾ) ਦੇ ਪ੍ਰਧਾਨ ਸ੍ਰ. ਪ੍ਰਿਤਪਾਲ ਸਿੰਘ ਗਿੱਲ ਦੇ ਯਤਨਾਂ ਨਾਲ ਇਕ



ਐੱਸ.ਅਸ਼ੋਕ ਭੌਰਾ ਦਾ ਸਨਮਾਨ ਕਰਦੇ ਹੋਏ ਕਸ਼ਮੀਰਾ ਗਿੱਲ, ਜੇ. ਮਿਨਹਾਸ, ਸੁੱਖੀ ਬਾਠ, ਪ੍ਰਿਤਪਾਲ ਗਿੱਲ ਤੇ ਹੋਰ



ਸ਼੍ਰੀ ਭੌਰਾ ਨਾਲ ਯਾਦਗਾਰੀ ਤਸਵੀਰ ਕਰਵਾਉਂਦੇ ਹੋਏ ਸਾਹਿਤਕਾਰ ਤੇ ਪ੍ਰਮੁੱਖ ਸਖਸ਼ੀਅਤਾਂ

ਵਿਸ਼ਾਲ ਤੇ ਯਾਦਗਾਰੀ ਸਮਾਗਮ ਦਾ ਅਯੋਜਨ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਪਹਿਲਵਾਨ ਕਸ਼ਮੀਰਾ ਸਿੰਘ ਗਿੱਲ ਨੇ ਕਿਹਾ ਸ੍ਰੀ ਭੌਰਾ ਦਾ ਪੰਜਾਬੀ ਸਾਹਿਤ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿਚ ਵੀ ਵੱਡਾ ਯੋਗਦਾਨ ਹੈ। ਖਿਡਾਰੀਆਂ ਅਤੇ ਮੰਨਣਹਾਨਾ ਵਾਲੇ ਕੁਸ਼ਤੀ ਦੰਗਲ ਬਾਰੇ ਉਹ ਲਗਾਤਾਰ ਲਿਖਦੇ ਰਹੇ ਹਨ। ਪੰਜਾਬ ਭਵਨ ਸਰੀ ਦੇ ਸੰਚਾਲਕ ਸਾਹਿਤ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਸੁੱਖੀ ਬਾਠ ਨੇ ਕਿਹਾ ਕਿ ਉੱਤਰੀ ਅਮਰੀਕਾ 'ਚ ਅਸ਼ੋਕ ਭੌਰਾ ਦੇ ਨਾਮ ਤੋਂ ਹਰ ਸਾਹਿਤ ਪ੍ਰੇਮੀ ਵਾਕਿਫ਼ ਤੇ ਉਨ੍ਹਾਂ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਹੈ।

ਰੋਜ਼ਾਨਾ 'ਅਜੀਤ' ਜ਼ਰੀਏ ਉਨ੍ਹਾਂ ਨੇ ਲਗਾਤਾਰ ਅਨੇਕਾਂ ਖੇਤਰਾਂ ਬਾਰੇ ਕਾਲਮ ਲਿਖ ਕੇ ਜ਼ਿਕਰਯੋਗ ਸੇਵਾਵਾਂ ਨਿਭਾਈਆਂ ਹਨ। ਕਨੇਡਾ ਦੇ ਉਘੇ ਕਾਰੋਬਾਰੀ ਜੇ. ਐਸ ਮਿਨਹਾਸ ਨੇ ਵੀ ਭੌਰਾ ਵਲੋਂ ਸਾਹਿਤ ਤੇ ਸੱਭਿਆਚਾਰ ਦੇ ਖੇਤਰ 'ਚ ਕੀਤੇ ਕਾਰਜ ਨੂੰ ਵਡਿਆਇਆ। ਸੁਰਜੀਤ ਮਾਧੋਪੁਰੀ ਤੇ ਪੰਜਾਬੀ ਦੀ ਉਘੀ ਗਾਇਕ ਜੋੜੀ ਮਿਸ ਨੀਲਮ ਤੇ ਦਿਲਰਾਜ ਨੇ 'ਜੇ ਛਣ ਛਣ ਹੋ ਜੇ' ਸਮੇਤ ਅਨੇਕਾਂ ਗੀਤਾਂ ਨਾਲ ਵੱਡੀ ਗਿਣਤੀ 'ਚ ਹਾਜ਼ਰ ਸਖਸ਼ੀਅਤਾਂ ਦਾ ਮਨੋਰੰਜਨ ਵੀ ਕੀਤਾ। ਸ੍ਰੀ ਭੌਰਾ ਨੇ ਕਿਹਾ ਕਿ ਰੋਜ਼ਾਨਾ 'ਅਜੀਤ' ਤੇ ਡਾ. ਬਰਜਿੰਦਰ ਸਿੰਘ ਹਮਦਰਦ ਹੋਰਾਂ ਦਾ ਮੇਰੀ ਕਲਾਤਮਕ ਜ਼ਿੰਦਗੀ ਵਿਚ ਸਭ ਤੋਂ ਵੱਡਾ ਯੋਗਦਾਨ ਹੈ।

ਇਸ ਮੌਕੇ 'ਤੇ ਗੀਤਕਾਰ ਜਸਬੀਰ ਗੁਣਾਚੌਰੀਆ, ਦਰਸ਼ਨ ਸਿੰਘ ਸੰਘਾ, ਇਕਬਾਲ ਸਿੰਘ ਝੁੱਟੀ, ਪਲਵਿੰਦਰ ਸਿੰਘ ਰੰਧਾਵਾ, ਗੁਰਮੇਲ ਸਿੰਘ ਬਦੇਸ਼ਾ, ਕਬੱਡੀ ਖਿਡਾਰੀ ਹਰਜਿੰਦਰ ਸਿੰਘ ਠਾਣਾ, ਇੰਡੋ ਕਨੇਡੀਅਨ ਟਾਈਮਜ਼ ਤੋਂ ਸ੍ਰ. ਕੁਲਵਿੰਦਰ ਸਿੰਘ ਔਜਲਾ ਤੇ ਹਰਜੀਤ ਸਿੰਘ ਬੈਂਸ, ਅੰਤਰਰਾਸ਼ਟਰੀ ਖੇਡ ਲੇਖਕ ਸੰਤੋਖ ਸਿੰਘ ਮੰਡੇਰ, ਗੁਰਨਾਮ ਕਲੇਰ, ਸੈਮ ਸੈਣੀ, ਲੇਖਕ ਐਡਵੋਕੇਟ ਬੀ.ਐੱਸ. ਢਿੱਲੋਂ, ਸੁਖਵਿੰਦਰ ਸਿੰਘ ਚੋਹਲਾ, ਫਿਲਮ ਇੰਡਸਟਰੀ ਤੋਂ ਰਵੀ ਅਸ਼ੋਕ ਸਮੇਤ ਅਨੇਕਾਂ ਜਾਣੀਆਂ-ਮਾਣੀਆਂ ਸਖਸ਼ੀਅਤਾਂ ਨੇ ਜਿੱਥੇ ਹਾਜ਼ਰੀ ਭਰੀ, ਉਥੇ ਪੰਜਾਬ ਤੋਂ ਉਚੇਚੇ ਤੌਰ 'ਤੇ ਇਸ ਸਮਾਗਮ 'ਚ ਸ੍ਰ. ਸਤਵੀਰ ਸਿੰਘ ਪੱਲੀ ਝਿੱਕੀ, ਜਸਵੀਰ ਸਿੰਘ ਪੱਲੀ ਝਿੱਕੀ ਤੇ ਲੱਕੀ ਪੱਲੀ ਝਿੱਕੀ ਨਾਲ ਸ਼ਾਮਿਲ ਹੋਏ। ਸਾਰੀਆਂ ਸਖਸ਼ੀਅਤਾਂ ਨੇ ਸ੍ਰੀ ਅਸ਼ੋਕ ਭੌਰਾ ਨੂੰ 60ਵੇਂ ਜਨਮ ਦਿਨ ਦੀ ਵਧਾਈ ਦਿੰਦਿਆ ਉਨ੍ਹਾਂ ਦੇ ਲਿਖਣ ਕਾਰਜ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਮੰਚ ਸੰਚਾਲਨ ਨਾਮੀ ਪੱਤਰਕਾਰ ਪ੍ਰਿੰਸੀਪਲ ਸੋਹੀ ਨੇ ਕੀਤਾ। ਮੇਜ਼ਬਾਨ ਪ੍ਰਿਤਪਾਲ ਸਿੰਘ ਗਿੱਲ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਸ੍ਰੀ ਅਸ਼ੋਕ ਭੌਰਾ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।

# ਵੈਸਟ ਕੋਸਟ ਰੈਸਲਿੰਗ ਅਕੈਡਮੀ ਦਾ ਫਰਿਜਨੋ ਵਿਖੇ ਹੋਇਆ ਅਗਾਜ਼

ਫਰਿਜਨੋ (ਕੈਲੀਫੋਰਨੀਆ) :ਫਰਿਜਨੋ ਸ਼ਹਿਰ ਜਿਹੜਾ ਕਿ ਪੰਜਾਬੀਆਂ ਦੀ ਸੰਘਣੀ ਵੱਸੋਂ ਕਰਕੇ ਮਿੰਨੀ ਪੰਜਾਬ ਦੇ ਤੌਰ ਤੇ ਜਾਣਿਆ ਜਾਂਦਾ ਹੈ। ਐਸਾ ਕੋਈ ਮੇਲਾ ਨਹੀਂ ਜਿਹੜਾ ਫਰਿਜਨੋ ਵਿਖੇ ਨਾ ਕਰਵਾਇਆ




ਜਾਂਦਾ ਹੋਵੇ।

ਇਸ ਸ਼ਹਿਰ ਵਿਚ ਜਿੱਥੇ ਦੋ ਕਬੱਡੀ ਕਲੱਬਾਂ ਬਣੀਆ ਹੋਈਆ ਨੇ। ਇੱਥੇ ਫੀਲਡ ਹਾਕੀ 'ਕੈਲੇਫੋਰਨੀਆਂ ਹਾਕਸ' ਵੀ ਬਣੀ ਹੋਈ ਹੈ। ਸਾਕਰ, ਵਾਲੀਵਾਲ ਅਤੇ ਕ੍ਰਿਕਟ ਆਦਿ ਦੀਆਂ ਕਲੱਬਾਂ ਵੀ ਸਮੇਂ ਸਮੇਂ ਸਿਰ ਟੂਰਨਾਮੈਂਟ ਕਰਵਾਉਂਦੀਆਂ ਰਹਿੰਦੀਆਂ ਨੇ।

ਇੱਕੋ ਕਲੱਬ ਦੀ ਕਮੀ ਸੀ, ਉਹ ਸੀ ਰੈਸਲਿੰਗ ਦੀ। ਉਸ ਕਮੀ ਨੂੰ ਫਰਿਜਨੋ ਦੇ ਸਿਰਕੱਢ ਗੱਭਰੂਆ, ਬਿੱਲਾ ਚਾਹਲ, ਛਿੰਦਾ ਚਾਹਲ ਅਤੇ ਲੱਖੀ ਕੂੰਨਰ ਨੇ "ਵਿਸਟ ਕੋਸਟ ਰੈਸਲਿੰਗ ਅਕੈਡਮੀ" ਬਣਾ ਕੇ ਪੂਰਾ ਕਰ ਦਿੱਤਾ। ਫਰਿਜਨੋ ਦੀ ਮਸ਼ਹੂਰ ਸਟਰੀਟ ਸ਼ਾਹ ਐਵੇਨਿਊ ਅਤੇ ਮਾਰਕਸ ਸਟ੍ਰੀਟ ਦੇ ਕਾਰਨਰ ਵਿੱਚ ਬਣੇ ਸ਼ਾਪਿੰਗ ਪਲਾਜ਼ੇ ਵਿੱਚ ਲੰਘੇ ਐਤਵਾਰ ਵੈਸਟ ਕੋਸਟ ਰੈਸਲਿੰਗ ਅਕੈਡਮੀ ਦੇ ਅਖਾੜੇ ਦਾ ਉਦਘਾਟਨ ਸੁਖਮਨੀ ਸਹਿਬ ਦਾ ਪਾਠ ਕਰ ਕੇ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆ ਨੇ ਪਹੁੰਚ ਕੇ ਪ੍ਰਬੰਧਕ ਵੀਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਬੱਚਿਆਂ ਨੂੰ ਸਪੋਰਟਸ ਵੱਲ ਲਾਉਣ ਦਾ ਇਹ ਚਾਹਲ ਭਰਾਵਾਂ ਅਤੇ ਲੱਖੀ ਕੂੰਨਰ ਦਾ ਇੱਕ ਸਾਰਥਕ ਯਤਨ ਹੈ, ਅਤੇ ਸਮੂਹ ਫਰਿਜਨੋ ਨਿਵਾਸੀਆ ਨੂੰ ਹੁਣ ਆਪਣੇ ਬੱਚਿਆਂ ਨੂੰ ਰੈਸਲਿੰਗ ਅਕੈਡਮੀ ਵਿੱਚ ਦਾਖਲ ਕਰਵਾ ਕੇ ਆਪਣੇ ਬੱਚਿਆਂ ਨੂੰ ਪਹਿਲਵਾਨੀ ਦੇ ਦਾਅ ਪੇਚ ਸਿਖਾਉਣੇ ਚਾਹੀਦੇ ਨੇ।

ਇਸ ਮੌਕੇ ਛਿੰਦੇ ਚਾਹਲ ਨੇ ਕਿਹਾ ਕਿ ਇਸ ਅਕੈਡਮੀ ਤੋਂ ਅਸੀ ਬੱਚਿਆਂ ਨੂੰ ਸਹੀ ਟ੍ਰੇਨਿੰਗ ਦੇ ਕੇ ਪਹਿਲਵਾਨ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ, ਅਗਰ ਤੁਸੀਂ ਵੀ ਆਪਣੇ ਬੱਚਿਆਂ ਨੂੰ ਇਸ ਅਕੈਡਮੀ ਵਿੱਚ ਦਾਖਲ ਕਰਵਾਉਣਾ ਚਾਹੁੰਦੇ ਹੋ ਤਾਂ ਫੋਨ 559-993-9000 ਤੇ ਕਾਲ ਕਰਕੇ ਰਜਿਸਟਰ ਕਰਵਾ ਸਕਦੇ ਹੋ।

# 'ਆਪ' ਵਿਧਾਇਕ ਉਤੇ ਫ਼ਰਜ਼ੀ ਸਰਟੀਫਿਕੇਟ ਨਾਲ ਪੁੱਤ ਨੂੰ ਨੌਕਰੀ ਦਿਵਾਉਣ ਦੇ ਦੋਸ਼

ਜਲੰਧਰ: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ 'ਆਪ' ਉਤੇ ਤਿੱਖੇ ਹਮਲੇ ਕਰਦਿਆਂ ਦੋਸ਼ ਲਾਇਆ ਕਿ ਕਰਤਾਰਪੁਰ ਹਲਕੇ ਤੋਂ 'ਆਪ' ਵਿਧਾਇਕ ਬਲਕਾਰ ਸਿੰਘ ਨੇ ਆਪਣੇ ਪੁੱਤਰ ਲਈ ਸਬ-ਇੰਸਪੈਕਟਰ ਦੀ ਨੌਕਰੀ ਹਾਸਲ ਕਰਨ ਵਾਸਤੇ ਆਪਣੇ ਆਪ ਨੂੰ 50 ਫੀਸਦੀ ਅਪੰਗ ਹੋਣ ਦਾ ਦਾਅਵਾ ਕਰਦਿਆਂ ਕਥਿਤ ਤੌਰ 'ਤੇ ਜਾਅਲੀ ਸਰਟੀਫਿਕੇਟ ਬਣਾਇਆ ਹੈ। ਉਨ੍ਹਾਂ ਮੰਗ ਕੀਤੀ ਵਿਧਾਇਕ ਵਿਰੁੱਧ ਫੌਜਦਾਰੀ ਕੇਸ ਦਰਜ ਕੀਤਾ ਜਾਵੇ ਅਤੇ ਉਸ ਦੇ ਪੁੱਤਰ ਸਮੇਤ ਉਨ੍ਹਾਂ ਸਾਰੇ ਪੁਲਿਸ ਮੁਲਾਜ਼ਮਾਂ ਖਿਲਾਫ ਵੀ ਕਾਰਵਾਈ ਕੀਤੀ ਜਾਵੇ ਜਿਨ੍ਹਾਂ ਇਹ ਗੈਰਕਾਨੂੰਨੀ ਕੰਮ ਕੀਤਾ ਹੈ।

ਅਕਾਲੀ ਆਗੂ ਮਜੀਠੀਆ ਨੇ ਪ੍ਰੈੱਸ ਕਾਨਫਰੰਸ ਦੌਰਾਨ ਇਹ ਦਾਅਵਾ ਵੀ ਕੀਤਾ ਕਿ ਆਮ ਆਦਮੀ ਪਾਰਟੀ ਕਥਿਤ ਤੌਰ 'ਤੇ ਗੈਰ ਪੰਜਾਬੀਆਂ ਨੂੰ ਬਹੁਤ ਜ਼ਿਆਦਾ ਤਨਖਾਹਾਂ 'ਤੇ ਨੌਕਰੀਆਂ 'ਤੇ ਰੱਖ ਰਹੀ ਹੈ, ਜਦਕਿ ਉਹ ਪੰਜਾਬੀ ਦੀ ਪੜ੍ਹਾਈ ਕੀਤੀ ਹੋਣ ਦੀ ਸ਼ਰਤ ਵੀ ਪੂਰੀ ਨਹੀਂ ਕਰਦੇ। ਉਨ੍ਹਾਂ ਦੱਸਿਆ ਕਿ ਦਿੱਲੀ ਦੇ ਇਕ



ਵਿਅਕਤੀ ਨੂੰ ਮੁੱਖ ਮੰਤਰੀ ਦਾ ਓ.ਐਸ.ਡੀ. (ਮੀਡੀਆ) ਨਿਯੁਕਤ ਕੀਤਾ ਗਿਆ ਹੈ ਜਦੋਂ ਕਿ ਇਕ ਨੂੰ ਸੋਸ਼ਲ ਮੀਡੀਆ ਮੈਨੇਜਰ ਨਿਯੁਕਤ ਕੀਤਾ ਗਿਆ ਹੈ ਅਤੇ ਇਨ੍ਹਾਂ ਦੀਆਂ ਤਨਖਾਹਾਂ ਕ੍ਰਮਵਾਰ ਡੇਢ ਲੱਖ ਰੁਪਏ ਤੇ ਸਵਾ ਲੱਖ ਰੁਪਏ ਪ੍ਰਤੀ ਮਹੀਨਾ ਹਨ ਤੇ ਇਸ ਦੇ ਨਾਲ ਹੀ ਸਰਕਾਰੀ ਘਰ ਤੇ ਗੱਡੀਆਂ ਦੀ ਸਹੂਲਤ ਵੀ ਦਿੱਤੀ ਹੋਈ ਹੈ। ਮਜੀਠੀਆ ਨੇ ਕਿਹਾ ਕਿ ਕਰਤਾਰਪੁਰ ਦੇ ਵਿਧਾਇਕ ਤੇ ਪੰਜਾਬ ਪੁਲਿਸ ਦੇ ਸਾਬਕਾ ਡੀ.ਸੀ.ਪੀ. ਬਲਕਾਰ ਸਿੰਘ ਦੇ ਪੁੱਤਰ ਸੁਸ਼ੋਭਿਤਵੀਰ ਸਿੰਘ ਸਬ-ਇੰਸਪੈਕਟਰਾਂ ਦੀ ਭਰਤੀ ਪ੍ਰਕਿਰਿਆ ਕਾਂਗਰਸ ਸਰਕਾਰ ਵੇਲੇ ਅਗਸਤ 2021 'ਚ ਸ਼ੁਰੂ ਹੋਈ ਸੀ ਤੇ ਉਦੋਂ ਉਹ ਫੇਲ੍ਹ ਹੋ ਗਿਆ ਸੀ।

ਉਨ੍ਹਾਂ ਦੱਸਿਆ ਕਿ ਅਨੁਸੂਚਿਤ ਜਾਤੀ ਵਰਗ ਵਿਚ ਪ੍ਰੀਖਿਆ ਵਿਚ ਫੇਲ੍ਹ ਹੋਣ ਮਗਰੋਂ ਸੁਸ਼ੋਭਿਤਵੀਰ ਨੇ ਆਪਣੀ ਕੈਟਾਗਿਰੀ ਬਦਲ ਲਈ। 20 ਅਕਤੂਬਰ 2022 ਨੂੰ ਸੂਬੇ ਦੇ ਡੀ.ਜੀ.ਪੀ. ਨੇ ਸਾਬਕਾ ਡੀ.ਸੀ.ਪੀ. ਨੂੰ ਪੱਤਰ ਦਿੱਤਾ ਜਿਸ ਵਿਚ ਦੱਸਿਆ ਕਿ ਉਨ੍ਹਾਂ ਦੀ ਬੇਨਤੀ 'ਤੇ ਉਨ੍ਹਾਂ ਦਾ ਪੁੱਤਰ ਅਪੰਗ ਪੁਲਿਸ ਅਫਸਰਾਂ ਦੇ ਬੱਚਿਆਂ ਵਾਸਤੇ 2 ਫੀਸਦ ਰਾਖਵੇਂਕਰਨ ਤਹਿਤ ਯੋਗ ਹੈ। ਮਜੀਠੀਆ ਨੇ ਦਾਅਵਾ ਕੀਤਾ ਕਿ ਬਲਕਾਰ ਸਿੰਘ 50 ਫੀਸਦ ਅਪੰਗ ਨਹੀਂ ਹੈ।

ਉਨ੍ਹਾਂ ਕਿਹਾ ਕਿ ਨਿਯਮਾਂ ਮੁਤਾਬਕ ਸਰਕਾਰੀ ਨੌਕਰੀ ਲਈ ਉਮੀਦਵਾਰ ਆਪਣੀ ਅਰਜ਼ੀ ਦੇਣ ਤੋਂ ਬਾਅਦ ਆਪਣਾ ਵਰਗ (ਕੈਟਾਗਿਰੀ) ਨਹੀਂ ਬਦਲ ਸਕਦਾ।

# ਮਜ਼ਦੂਰ ਦਿਵਸ 'ਤੇ ਜੀਓ ਤੇ ਰਿਲਾਇੰਸ ਨੇ 150 ਮੁਲਾਜ਼ਮ ਨੌਕਰੀਓਂ ਕੱਢੇ

ਮੁਹਾਲੀ: ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਜੀਓ ਅਤੇ ਰਿਲਾਇੰਸ ਦੇ ਟਾਵਰਾਂ 'ਤੇ ਪਿਛਲੇ ਡੇਢ ਦਹਾਕੇ ਤੋਂ ਕੰਮ ਕਰਦੇ ਆ ਰਹੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਹੈ। ਇਸ ਦੇ ਰੋਸ ਵਜੋਂ ਟਾਵਰ ਮਜ਼ਦੂਰ ਯੂਨੀਅਨ ਨੇ ਮੁਹਾਲੀ ਸਥਿਤ ਕੰਪਨੀ ਦਫਤਰ ਦੇ ਬਾਹਰ ਪ੍ਰਦਰਸ਼ਨ ਕੀਤਾ ਅਤੇ ਉਨ੍ਹਾਂ ਨੂੰ ਬਹਾਲ ਕਰਨ ਦੀ ਮੰਗ ਕੀਤੀ।

ਯੂਨੀਅਨ ਦੇ ਪ੍ਰਧਾਨ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਹ ਪਿਛਲੇ 15 ਸਾਲਾਂ ਤੋਂ ਰਿਲਾਇੰਸ ਕਮਿਊਨੀਕੇਸ਼ਨ ਵਿਚ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਰਿਲਾਇੰਸ ਕੰਪਨੀ ਵੱਲੋਂ ਉਨ੍ਹਾਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਠੇਕੇਦਾਰੀ ਸਿਸਟਮ ਵਿਚ ਤਬਦੀਲ ਕਰ ਦਿੱਤਾ ਗਿਆ ਅਤੇ ਬਾਅਦ ਵਿਚ ਜੀਓ ਨੇ ਰਿਲਾਇੰਸ ਕਮਿਊਨੀਕੇਸ਼ਨ ਨੂੰ ਖ਼ਰੀਦ ਲਿਆ।

ਹੁਣ ਜੀਓ ਨੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਮਜ਼ਦੂਰਾਂ ਦੀ ਗੈਰਕਾਨੂੰਨੀ ਤਰੀਕੇ ਨਾਲ ਛੁੱਟੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਰਮਚਾਰੀਆਂ ਨੇ ਲੇਬਰ ਕਮਿਸ਼ਨਰ ਨੂੰ ਵੀ ਸ਼ਿਕਾਇਤ ਕੀਤੀ ਹੈ। ਇਸ ਦੇ ਰੋਸ ਵਜੋਂ ਪੰਜਾਬ ਭਰ ਦੇ ਸੈਂਕੜੇ ਮਜ਼ਦੂਰਾਂ ਵੱਲੋਂ ਕੰਪਨੀ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕਰਦਿਆਂ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਅਤੇ ਫ਼ਾਰਗ ਕੀਤੇ ਮਜ਼ਦੂਰਾਂ ਨੂੰ ਵਾਪਸ ਡਿਊਟੀ 'ਤੇ ਲੈਣ ਦੀ ਮੰਗ ਕੀਤੀ ਗਈ।

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377

Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

# ਪੈਨਸਲਵੇਨੀਆ ਵਿਚ ਗੇਸ ਸਟੇਸ਼ਨ ਵਿਕਾਊ ਹੈ

**ਹੈਰਿਸ ਬਰਗ (ਪੈਨਸਲਵੇਨੀਆ) ਵਿਚ ਵੈਰੀ ਹਾਈ ਸੇਲ ਗੈਸ ਸਟੇਸ਼ਨ ਵਿਦ ਪ੍ਰਾਪਰਟੀ ਵਿਕਾਊ ਹੈ**

**ਚਾਹਵਾਨ ਸੰਪਰਕ ਕਰਨ: 717-525-1543**


# ਜ਼ਰੂਰੀ ਸੂਚਨਾ

## ਤਬਲਾਵਾਦਕ ਭਾਈ ਅੰਤਰ ਪ੍ਰੀਤ ਸਿੰਘ ਨੇ ਸਿੱਖ ਸੈਂਟਰ, ਗਲਫ ਕੋਸਟ ਏਰੀਆ, ਹਿਊਸਟਨ ਨਾਲ 30 ਮਹੀਨਿਆਂ ਲਈ ਹੋਇਆ ਇਕਰਾਰ ਸਾਢੇ ਚਾਰ ਮਹੀਨਿਆਂ ਵਿਚ ਹੀ ਤੋੜਿਆ

ਭਾਈ ਅੰਤਰ ਪ੍ਰੀਤ ਸਿੰਘ ਨੇ ਆਰ1 ਵੀਜ਼ੇ ਤਹਿਤ ਸਿੱਖ ਸੈਂਟਰ ਨਾਲ 30 ਮਹੀਨਿਆਂ ਦਾ ਇਕਰਾਰ ਕੀਤਾ ਸੀ ਪਰ ਉਹ ਆਪਣੀਆਂ ਸਾਢੇ ਚਾਰ ਮਹੀਨਿਆਂ ਦੀਆਂ ਸੇਵਾਵਾਂ ਤੋਂ ਬਾਅਦ ਹੀ, ਸਿੱਖ ਸੈਂਟਰ ਦੀ ਪ੍ਰਬੰਧਕ ਕਮੇਟੀ, ਹੈੱਡ ਗ੍ਰੰਥੀ ਅਤੇ ਮੁੱਖ ਹਜ਼ੂਰੀ ਰਾਗੀ ਨੂੰ ਕੋਈ ਇਤਲਾਹ ਕੀਤੇ ਬਗੈਰ ਚੁੱਪ-ਚਾਪ ਅਤੇ ਚੋਰੀ-ਛਿਪੇ ਛੱਡ ਕੇ ਕਿਤੇ ਛਿਪਨ ਹੋ ਗਏ।

ਸਿੱਖ ਸੈਂਟਰ ਨੇ ਭਾਈ ਅੰਤਰ ਪ੍ਰੀਤ ਸਿੰਘ ਨੂੰ ਆਰ1 ਵੀਜ਼ਾ ਅਤੇ ਰੁਜ਼ਗਾਰ ਦਿਵਾਉਣ ਲਈ ਧਨ ਰਾਸ਼ੀ, ਸਮਾਂ ਅਤੇ ਵਸੀਲੇ ਖਰਚ ਕੀਤੇ ਅਤੇ ਹੁਣ ਉਨ੍ਹਾਂ ਦੀ ਥਾਂ ਸੇਵਾਵਾਂ ਲੈਣ ਖਾਤਰ ਹੋਰ ਧਨ ਰਾਸ਼ੀ ਖਰਚਣ ਦੀ ਲੋੜ ਪਵੇਗੀ।




ਸਿੱਖ ਸੈਂਟਰ ਨਾਲ ਅਜਿਹਾ ਵਿਹਾਰ ਕਰ ਕੇ ਭਾਈ ਅੰਤਰਪ੍ਰੀਤ ਸਿੰਘ ਅਤੇ ਇਕ ਹੋਰ ਗੁਰਦੁਆਰਾ ਕਮੇਟੀ, ਦੋਹਾਂ ਨੇ ਸਿੱਖ ਸੈਂਟਰ ਨਾਲ ਵਿਸਾਹਘਾਤ ਕੀਤਾ ਹੈ। ਇਨ੍ਹਾਂ ਦੇ ਇਸ ਵਿਹਾਰ ਨਾਲ ਸਿੱਖ ਸੈਂਟਰ ਨੂੰ ਘੋਰ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਾਡੀ ਅਪੀਲ ਹੈ ਕਿ ਸਾਰੇ ਗੁਰਦੁਆਰਾ ਸਾਹਿਬਾਨ ਇਸ ਬਹੁਤ ਗੰਭੀਰ ਮਸਲੇ ਬਾਰੇ ਵਿਚਾਰ ਕਰਨ। ਅਮਾਨਤ ਵਿਚ ਖਿਆਨਤ ਕਰ ਕੇ ਭਾਈ ਸਾਹਿਬਾਂ ਜਿਹੜੇ ਕਿਸੇ ਹੋਰ ਗੁਰਦੁਆਰੇ ਵਿਚ ਆਰਜ਼ੀ ਧਾਰਮਿਕ ਵਰਕਰ ਵਜੋਂ ਆਰ1 ਵੀਜ਼ੇ 'ਤੇ ਆਏ ਹੋਣ, ਨੂੰ ਇਸ ਤਰ੍ਹਾਂ ਚੋਰੀ-ਛਿਪੇ ਉਡਾ ਕੇ ਲਿਜਾਣ ਵਾਲਾ ਅਜਿਹਾ ਅਨੈਤਿਕ ਵਿਹਾਰ ਹਰ ਹਾਲ ਬੰਦ ਹੋਣਾ ਚਾਹੀਦਾ ਹੈ।

ਅਸੀਂ ਇਸ ਇਸ਼ਤਿਹਾਰ ਰਾਹੀਂ ਸਾਰੇ ਗੁਰਦੁਆਰਾ ਸਾਹਿਬਾਨ ਨੂੰ ਇਸ ਗੰਭੀਰ ਮਸਲੇ ਬਾਰੇ ਸਾਵਧਾਨ ਕਰਨਾ ਚਾਹੁੰਦੇ ਹਾਂ।

ਸਾਡੀ ਨਿਮਰਤਾ ਪੂਰਵਕ ਬੇਨਤੀ ਹੈ ਕਿ ਇਸ ਸਮੱਸਿਆ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਖਬਰਦਾਰ ਕੀਤਾ ਜਾਵੇ ਅਤੇ ਨਾਲ ਹੀ ਭਾਈ ਅੰਤਰਪ੍ਰੀਤ ਸਿੰਘ ਨੂੰ ਲੱਭਣ ਵਿਚ ਸਾਡੀ ਮਦਦ ਕੀਤੀ ਜਾਵੇ ਤਾਂ ਕਿ ਇਮੀਗ੍ਰੇਸ਼ਨ ਦੇ ਮਾਮਲੇ 'ਤੇ ਸਿੱਖ ਭਾਈਚਾਰੇ ਅਤੇ ਗੁਰਦੁਆਰਾ ਸਹਿਬਾਨ 'ਤੇ ਕੋਈ ਆਂਚ ਨਾ ਆਵੇ।

ਜਾਰੀ ਕਰਤਾ
ਅਮਰੀਕ ਸਿੰਘ ਨਿੱਜਰ
ਪ੍ਰਧਾਨ, ਸਿੱਖ ਸੈਂਟਰ, ਗਲਫ ਕੋਸਟ ਏਰੀਆ, ਹਿਊਸਟਨ, ਟੈਕਸਸ
ਫੋਨ: (832)-724-2822

# Matrimonials

## ਲੜਕੀ ਦੀ ਲੋੜ ਹੈ

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures
Whatsapp: (224) 595-9926
inderjeetverma08@gmail.com

17-20

Jatt Sikh family looking for a suitable match for their handsome son, 31 years, 5'11'', USA green card holder, well settled. Girl in Canada or USA on study visa, F1B visa, or visitor visa will be preffered. Please contact and send biodata/ picture @ whatsapp : 559 944 9597.

15-18

Jatt Sikh family looking for a suitable Jatt Sikh match for their USA born and raised (1990) 5'10" handsome son. Bachelor in Cyber Security (Information Technology). Currently working. Prefer girl in USA or Canada. A girl on study visa or H1B visa holder can also be considered. Well educated family with liberal values. Please contact and send Bio-data/pic at WhatsApp no +919041452784.

14-17

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only.
Please Contact us at: +15103968812

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact:
manpreets1211@gmail.com

17-20

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949


# SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency
Call anytime at
847-673-3825



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available



# UMA TRAVELS

**2535 West Devon Ave.,
Chicago, IL 60659**

**For Delhi-Bombay Ahmedabad, Hydrabad-Madra
Call For Special Sale Fares**

**Call: 773-338-5603**

# ਸਿੱਕਿਮ ਹਾਈ ਕੋਰਟ ਵੱਲੋਂ ਸਿੱਖ ਭਾਈਚਾਰੇ ਦੇ ਹੱਕ ਵਿਚ ਫੈਸਲਾ

## ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ 'ਚ ਮੁੜ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ

**ਅੰਮ੍ਰਿਤਸਰ:** ਸਿੱਕਿਮ ਸਥਿਤ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦਾ ਮਾਮਲਾ ਹੱਲ ਹੋ ਗਿਆ ਹੈ ਤੇ ਹੁਣ ਇਸ ਗੁਰਦੁਆਰੇ ਵਿਚ ਮੁੜ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾ ਸਕੇਗਾ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਇਹ ਜਾਣਕਾਰੀ ਦਿੱਤੀ।



ਇਸ ਸਬੰਧੀ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ. ਸਰਚਾਂਦ ਸਿੰਘ ਨੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿੱਕਿਮ ਦੀ ਹਾਈ ਕੋਰਟ ਨੇ 27 ਅਪਰੈਲ ਨੂੰ ਰਾਜ ਦੇ ਐਡੀਸ਼ਨਲ ਐਡਵੋਕੇਟ ਜਨਰਲ ਦੀ ਅਪੀਲ ਨੂੰ ਧਿਆਨ ਵਿਚ ਰੱਖਦਿਆਂ ਸਿੱਖ ਭਾਈਚਾਰੇ ਦੇ ਹੱਕ 'ਚ ਫੈਸਲਾ ਦਿੱਤਾ ਹੈ। ਇਸ ਨਾਲ ਹੁਣ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਗੁਰੂ ਡਾਂਗਮਾਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਮੁੜ ਕੀਤਾ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਬਾਕੀ ਕਾਰਵਾਈ ਨੂੰ ਪਟੀਸ਼ਨਕਰਤਾਵਾਂ ਅਤੇ ਉੱਤਰਦਾਤਾਵਾਂ ਵੱਲੋਂ ਆਪਸੀ ਤਾਲਮੇਲ ਨਾਲ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 14 ਅਗਸਤ 2017 ਨੂੰ ਗੁਰਦੁਆਰਾ ਗੁਰੂ ਡਾਂਗਮਾਰ ਤੋਂ ਪਾਵਨ ਸਰੂਪ ਦਾ ਪ੍ਰਕਾਸ਼ ਜਬਰਦਸਤੀ ਹਟਾ ਦਿੱਤਾ ਗਿਆ ਸੀ ਅਤੇ ਇਹ ਮਸਲਾ ਲੰਬੇ ਸਮੇਂ ਤੋਂ ਲਟਕ ਰਿਹਾ ਸੀ। ਇਸ ਸੰਵੇਦਨਸ਼ੀਲ ਮੁੱਦੇ ਦੇ ਹੱਲ ਲਈ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਲਗਾਤਾਰ ਪੈਰਵੀ ਕੀਤੀ। ਉਸ ਵੇਲੇ ਗੁਰਦੁਆਰੇ 'ਚੋਂ ਕੁਝ ਸਾਮਾਨ ਹਟਾ ਕੇ ਸੜਕ 'ਤੇ ਰੱਖ ਦਿੱਤਾ ਗਿਆ ਸੀ। ਗੁਰੂ ਸਿੰਘ ਸਭਾ ਦੀ ਪਟੀਸ਼ਨ ਗੁਰਦੁਆਰਾ ਗੁਰੂ ਡਾਂਗਮਾਰ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਤੇ ਨਿਸ਼ਾਨ ਸਾਹਿਬ ਦੀ ਬਹਾਲੀ, ਗੁਰਦੁਆਰਾ ਕੰਪਲੈਕਸ ਵਿਚ ਸਾਰੇ ਅੰਦਰੂਨੀ ਫਰਨੀਚਰ ਤੇ ਹੋਰ ਪਵਿੱਤਰ ਵਸਤੂਆਂ ਨੂੰ 16.08.2017 ਤੋਂ ਪਹਿਲਾਂ ਵਾਲੀ ਸਥਿਤੀ 'ਚ ਵਾਪਸ ਲਿਆਉਣ ਨਾਲ ਸਬੰਧਤ ਸੀ ਅਤੇ ਰਾਜ ਸਰਕਾਰ ਤੇ ਸਥਾਨਕ ਅਥਾਰਟੀਆਂ ਨੂੰ ਗੁਰਦੁਆਰੇ ਦੇ ਢਾਂਚੇ ਨੂੰ ਤੋੜਨ ਲਈ ਕੋਈ ਵੀ ਕਾਰਵਾਈ ਕਰਨ ਤੋਂ ਗੁਰੇਜ਼ ਕਰਨ ਲਈ ਨਿਰਦੇਸ਼ ਦੇਣ ਲਈ ਅਪੀਲ ਕੀਤੀ ਸੀ। ਇਸ 'ਤੇ ਹਾਈ ਕੋਰਟ ਨੇ 13.09.2017 ਦੇ ਆਪਣੇ ਹੁਕਮਾਂ ਰਾਹੀਂ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਸਨ। ਚੇਅਰਮੈਨ ਲਾਲਪੁਰਾ ਨੇ ਦੱਸਿਆ ਕਿ ਕਮਿਸ਼ਨ ਦੀਆਂ ਕੋਸ਼ਿਸ਼ਾਂ ਸਦਕਾ ਇਹ ਮਾਮਲਾ ਹੁਣ ਹੱਲ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਵੱਲੋਂ ਅਰੁਣਾਚਲ ਪ੍ਰਦੇਸ ਦੇ ਗੁਰਦੁਆਰੇ ਨੂੰ ਬੋਧੀ ਧਰਮ ਅਸਥਾਨ ਵਿਚ ਤਬਦੀਲ ਕੀਤੇ ਜਾਣ ਦਾ ਮਾਮਲਾ ਵੀ ਸਬੰਧਤ ਸੂਬੇ ਕੋਲ ਰੱਖਿਆ।

## ਭਰਾ ਦੀ ਅੰਤਿਮ ਰਸਮ 'ਚ ਸ਼ਾਮਲ ਹੋਇਆ ਜਗਤਾਰ ਸਿੰਘ ਤਾਰਾ

**ਰੂਪਨਗਰ:** ਪੁਲਿਸ ਨੇ ਬੇਅੰਤ ਸਿੰਘ ਹੱਤਿਆ ਕਾਂਡ ਕੇਸ 'ਚ ਬੁੜੈਲ ਜੇਲ੍ਹ ਵਿਚ ਸਜਾ ਭੁਗਤ ਰਹੇ ਜਗਤਾਰ ਸਿੰਘ ਤਾਰਾ ਨੂੰ ਵਿਸ਼ੇਸ਼ ਪੈਰੋਲ ਦੌਰਾਨ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਉਸ ਦੇ ਪਿੰਡ ਡੇਕਵਾਲਾ ਵਿਚ ਲਿਆਂਦਾ।

ਡੀ.ਐਸ.ਪੀ. ਤਰਲੋਚਨ ਸਿੰਘ ਤੇ ਬੁੜੈਲ ਜੇਲ੍ਹ ਦੇ ਅਧਿਕਾਰੀਆਂ ਦੀ ਸਾਂਝੀ ਅਗਵਾਈ ਅਧੀਨ ਵਿਸ਼ੇਸ਼ ਬੱਸ ਰਾਹੀਂ ਜਗਤਾਰ ਸਿੰਘ ਤਾਰਾ ਨੂੰ ਪਿੰਡ ਦੇ ਗੁਰਦੁਆਰੇ ਲਿਜਾਇਆ ਗਿਆ ਜਿੱਥੇ 11 ਤੋਂ ਲਗਭਗ 2 ਵਜੇ ਤੱਕ ਉਸ ਨੇ ਆਪਣੇ ਭਰਾ ਜਸਵਿੰਦਰ ਸਿੰਘ (52) ਦੀ ਅੰਤਿਮ ਅਰਦਾਸ ਸਮਾਗਮ ਵਿਚ ਸ਼ਿਰਕਤ ਕੀਤੀ। ਪੁਲਿਸ ਬੱਸ ਵਿੱਚੋਂ ਉੱਤਰਦਿਆਂ ਹੀ ਰਿਸ਼ਤੇਦਾਰਾਂ ਨੇ ਤਾਰਾ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ, ਕੌਮੀ ਇਨਸਾਫ ਮੋਰਚਾ ਦੇ ਆਗੂਆਂ ਪਲਵਿੰਦਰ ਸਿੰਘ ਤਲਵਾੜਾ, ਸਤਨਾਮ ਸਿੰਘ ਖੇੜਾ, ਨਰੈਣ ਸਿੰਘ ਚੌੜਾ ਅਤੇ ਜਗਤਾਰ ਸਿੰਘ ਹਵਾਰਾ ਦੇ ਪਿਤਾ ਗੁਰਬਚਨ ਸਿੰਘ ਨੇ ਉਸ ਨਾਲ ਮੁਲਾਕਾਤ ਕੀਤੀ।

# ਸ਼੍ਰੋਮਣੀ ਕਮੇਟੀ ਦਰਬਾਰ ਸਾਹਿਬ ਬਾਰੇ ਵਿਸ਼ੇਸ਼ ਪੁਸਤਕ ਛਾਪੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਇਕ ਸੁੰਦਰ ਸਚਿੱਤਰ ਪੁਸਤਕ ਛਾਪਣ ਅਤੇ ਸਿੱਖ ਧਰਮ ਇਤਿਹਾਸ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਸਬੰਧੀ ਅਹਿਮ ਫੈਸਲੇ ਕੀਤੇ ਹਨ। ਇਸ ਤੋਂ ਇਲਾਵਾ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਗਦਰ ਲਹਿਰ ਬਾਰੇ ਖੋਜ ਕਾਰਜ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲੇ ਇੱਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਸਿੱਖ ਇਤਿਹਾਸ ਰਿਸਰਚ ਬੋਰਡ ਦੀ ਮੀਟਿੰਗ ਦੌਰਾਨ ਕੀਤੇ ਗਏ।



ਇਸ ਮੀਟਿੰਗ ਵਿਚ ਜੈਤੋ ਦੇ ਮੋਰਚੇ ਦੀ ਪਹਿਲੀ ਸ਼ਤਾਬਦੀ ਮੌਕੇ ਖੋਜ ਭਰਪੂਰ ਪੁਸਤਕ ਤਿਆਰ ਕਰਨ, ਸ਼੍ਰੋਮਣੀ ਕਮੇਟੀ ਦਾ 100 ਸਾਲਾ ਇਤਿਹਾਸ ਸੰਗ੍ਰਹਿਤ ਕਰਨ ਸਣੇ ਬੀਤੇ ਸਮੇਂ ਅੰਦਰ ਪ੍ਰਕਾਸ਼ਤ ਕੀਤੇ ਅਹਿਮ ਦਸਤਾਵੇਜ਼ਾਂ ਨੂੰ ਮੁੜ ਛਾਪਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਸ੍ਰੀ ਧਾਮੀ ਨੇ ਦੱਸਿਆ ਕਿ ਹਰਿਮੰਦਰ ਸਾਹਿਬ ਦੇ ਇਤਿਹਾਸ ਅਤੇ ਇੱਥੇ ਦੇ ਅਸਥਾਨਾਂ ਬਾਰੇ ਅਹਿਮ ਦਸਤਾਵੇਜ਼ੀ ਪੁਸਤਕ ਤਿਆਰ ਕੀਤੀ ਜਾਵੇਗੀ। ਇਸ ਵਿੱਚ ਇਤਿਹਾਸਕ ਵੇਰਵਿਆਂ ਤੇ ਹਵਾਲਿਆਂ ਤੋਂ ਇਲਾਵਾ ਵੱਖ-ਵੱਖ ਤਸਵੀਰਾਂ ਵੀ ਸਾਮਲ ਕੀਤੀਆਂ ਜਾਣਗੀਆਂ। ਇਹ ਯਾਦਗਾਰੀ ਪੁਸਤਕ ਅੰਗਰੇਜ਼ੀ ਭਾਸ਼ਾ ਵਿਚ ਹੋਵੇਗੀ ਜੋ ਇੱਥੇ ਆਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਦੇਣ ਤੋਂ ਇਲਾਵਾ ਦੇਸ਼-ਵਿਦੇਸ਼ ਦੀਆਂ ਅਹਿਮ ਥਾਵਾਂ 'ਤੇ ਭੇਜੀ ਜਾਵੇਗੀ। ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ ਸ਼੍ਰੋਮਣੀ ਕਮੇਟੀ ਦਾ 100 ਸਾਲਾ ਇਤਿਹਾਸ ਕਲਮਬੱਧ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਸਿੱਖ ਵਿਰੋਧੀ ਪ੍ਰਚਾਰ ਨੂੰ ਜਵਾਬ ਦੇਣ ਲਈ ਸਰਗਰਮ ਮੰਚ ਸਥਾਪਤ ਕਰਨ ਲਈ ਵੀ ਕੰਮ ਕੀਤਾ ਜਾਵੇਗਾ। ਇਸ ਸਬੰਧੀ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ ਰੂਪ ਰੇਖਾ ਤਿਆਰ ਕਰੇਗੀ।

## ਸੋਸ਼ਲ ਮੀਡੀਆ 'ਤੇ ਗੁਰੂਆਂ ਖਿਲਾਫ ਬੋਲਣ ਵਾਲਿਆਂ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਸੋਸ਼ਲ ਮੀਡੀਆ ਉਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਨ ਵਾਲਿਆਂ ਖਿਲਾਫ਼ ਸ਼੍ਰੋਮਣੀ ਕਮੇਟੀ ਨੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਪੁਲਿਸ ਕਮਿਸ਼ਨਰ ਨੂੰ ਪੱਤਰ ਭੇਜ ਕੇ ਦੋ ਇੰਸਟਾਗਰਾਮ ਖਾਤਾਧਾਰਕਾਂ ਖਿਲਾਫ ਕੇਸ ਦਰਜ ਕਰਨ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਸ਼ਿਕਾਇਤ ਕੀਤੀ ਹੈ ਕਿ ਇੰਸਟਾਗਰਾਮ 'ਤੇ ਕੁਝ ਵਿਅਕਤੀਆਂ ਵੱਲੋਂ 'ਸਿੱਕਇਜ਼ਮ' ਅਤੇ 'ਗੋਬਿੰਦ' ਨਾਂ ਦੇ ਦੋ ਅਕਾਊਂਟ ਚਲਾਏ ਜਾ ਰਹੇ ਹਨ, ਜਿਨ੍ਹਾਂ ਉੱਪਰ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਗਲਤ ਤਰੀਕੇ ਨਾਲ ਪੇਸ਼ ਕਰਦਿਆਂ ਭੱਦੀ ਸ਼ਬਦਾਵਲੀ ਵਰਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਜਾਣਬੁੱਝ ਕੇ ਕੀਤੀਆਂ ਜਾ ਰਹੀਆਂ ਅਜਿਹੀਆਂ ਹਰਕਤਾਂ ਨਾਲ ਸਮਾਜਿਕ ਅਤੇ ਫਿਰਕੂ ਤਣਾਅ ਵਧਣ ਅਤੇ ਅਮਨ ਸ਼ਾਂਤੀ ਭੰਗ ਹੋਣ ਦਾ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਉਕਤ ਸ਼ਰਾਰਤੀ ਅਨਸਰਾਂ ਖਿਲਾਫ ਕੇਸ ਦਰਜ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਦੋਵੇਂ ਖਾਤੇ ਤੁਰਤ ਬੰਦ ਕਰਵਾਏ ਜਾਣ।

## ਬੇਅਦਬੀ ਮਾਮਲੇ ਦੇ ਮੁਲਜ਼ਮ ਵੱਲੋਂ ਹਿਰਾਸਤ 'ਚ ਖੁਦਕੁਸ਼ੀ ਦੀ ਕੋਸ਼ਿਸ਼ ਬਾਰੇ ਜਾਂਚ ਸ਼ੁਰੂ

**ਕੋਟਕਪੂਰਾ:** ਗੋਲੇਵਾਲ ਵਿਚ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤੇ ਮੁਲਜ਼ਮ ਵਿੱਕੀ ਮਸੀਹ ਵੱਲੋਂ ਪੁਲਿਸ ਹਿਰਾਸਤ 'ਚ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਦੇ ਮਾਮਲੇ ਦੀ ਇਲਾਕਾ ਮੈਜਿਸਟ੍ਰੇਟ ਵੱਲੋਂ ਜੁਡੀਸ਼ੀਅਲ ਜਾਂਚ ਆਰੰਭ ਦਿੱਤੀ ਗਈ ਹੈ।

ਫਰੀਦਕੋਟ ਪੁਲਿਸ ਵੱਲੋਂ ਬੇਅਦਬੀ ਮਾਮਲੇ 'ਚ ਵਿੱਕੀ ਮਸੀਹ ਤੇ ਉਸ ਦੇ ਸਾਥੀ ਰੂਪਾ ਮਸੀਹ ਨੂੰ ਕਾਬੂ ਕੀਤਾ ਗਿਆ ਸੀ। ਦੋਵਾਂ 'ਤੇ ਦੋਸ਼ ਹੈ ਕਿ ਉਨ੍ਹਾਂ ਪਿੰਡ ਦੇ ਮੋੜ 'ਤੇ ਗੁਟਕਾ ਸਾਹਿਬ ਦੇ ਪੰਨੇ ਪਾੜ ਕੇ ਸੁੱਟੇ ਸਨ। ਅਦਾਲਤ ਨੇ ਦੋਵਾਂ ਨੂੰ 28 ਅਪਰੈਲ ਤੱਕ ਪੁਲਿਸ ਰਿਮਾਂਡ 'ਤੇ ਭੇਜਿਆ ਸੀ, ਜਿਸ ਦੌਰਾਨ ਵਿੱਕੀ ਮਸੀਹ ਨੇ ਆਪਣੇ ਗਲੇ 'ਤੇ ਬਲੇਡ ਨਾਲ ਕੱਟ ਮਾਰ ਲਏ ਸਨ। ਇਸ ਮਗਰੋਂ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ 'ਚ ਵਿੱਕੀ ਮਸੀਹ ਦਾ ਅਪਰੇਸ਼ਨ ਕਰਵਾਇਆ ਗਿਆ ਹੈ। ਰਿਮਾਂਡ ਖਤਮ ਹੋਣ ਮਗਰੋਂ ਅਦਾਲਤ ਨੇ ਦੋਵਾਂ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ।

### ਧਾਮੀ ਵੱਲੋਂ ਸ਼ਹੂਰ 'ਚ ਗੁਟਕਾ ਸਾਹਿਬ ਦੀ ਬੇਅਦਬੀ ਦੀ ਨਿਖੇਧੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਗੁਰਦਾਸਪੁਰ ਜ਼ਿਲ੍ਹੇ ਪਿੰਡ ਸ਼ਹੂਰ ਕਲਾਂ 'ਚ ਗੁਰਬਾਣੀ ਦੇ ਗੁਟਕੇ ਦੀ ਹੋਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਵੱਡੀ ਚਿੰਤਾ ਵਾਲੀ ਗੱਲ ਹੈ। ਅਜਿਹਾ ਕਰਨ ਵਾਲਿਆਂ ਲਈ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਹੋਣਾ ਜ਼ਰੂਰੀ ਹੈ।

# ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਸਬੰਧੀ ਨਿਯਮਾਂਵਲੀ ਬਾਰੇ ਚਰਚਾ

**ਅੰਮ੍ਰਿਤਸਰ:** ਸਿੰਧੀ, ਨਿਰਮਲੇ ਅਤੇ ਉਦਾਸੀ ਭਾਈਚਾਰੇ ਨੇ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਸਬੰਧੀ ਅਕਾਲ ਤਖ਼ਤ ਵੱਲੋਂ ਤੈਅ ਨਿਯਮਾਂਵਲੀ ਦੇ ਦਾਇਰੇ ਵਿਚ ਰਹਿ ਕੇ ਸੇਵਾ ਸੰਭਾਲ ਦੀ ਸਹਿਮਤੀ ਦਿੱਤੀ ਹੈ। ਇਹ ਫੈਸਲਾ ਨਿਯਮਾਂਵਲੀ ਤੈਅ ਕਰਨ ਲਈ ਅਕਾਲ ਤਖ਼ਤ ਵੱਲੋਂ ਕਾਇਮ ਸਬ-ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ।

ਯਾਦ ਰਹੇ ਕਿ ਸਤਿਕਾਰ ਕਮੇਟੀਆਂ ਦੇ ਨਾਂ ਹੇਠ ਕੁਝ ਲੋਕਾਂ ਵੱਲੋਂ ਨਿਰਮਲੇ, ਉਦਾਸੀ ਤੇ ਸਿੰਧੀ ਭਾਈਚਾਰੇ ਦੇ ਸਥਾਨਾਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਕਾਸ਼ ਕਰਨ ਤੋਂ ਰੋਕਣ ਤੇ ਸਰੂਪ ਚੁੱਕਣ ਦੀਆਂ ਘਟਨਾਵਾਂ ਵਾਪਰੀਆਂ ਸਨ। ਮੀਟਿੰਗ ਵਿਚ ਨਿਰਮਲੇ, ਉਦਾਸੀ ਤੇ ਸਿੰਧੀ ਭਾਈਚਾਰੇ ਦੀਆਂ ਸੰਸਥਾਵਾਂ ਤੇ ਸੰਪਰਦਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ। ਉਨ੍ਹਾਂ ਨੇ ਅਕਾਲ ਤਖ਼ਤ ਵੱਲੋਂ ਪ੍ਰਵਾਨਿਤ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਪ੍ਰਕਾਸ਼ ਕਰਨ ਦੀ ਮਰਿਆਦਾ ਦਾ ਪਾਲਣ ਕਰਨ ਦੀ ਵਚਨਬੱਧਤਾ ਪ੍ਰਗਟਾਈ।

# ਅੱਠਵੀਂ 'ਚ ਅੱਵਲ ਰਹੀਆਂ ਵਿਦਿਆਰਥਣਾਂ 51-51 ਹਜ਼ਾਰ ਦੀ ਰਾਸ਼ੀ ਨਾਲ ਸਨਮਾਨਿਤ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅੱਠਵੀਂ ਜਮਾਤ ਦੇ ਨਤੀਜਿਆਂ ਵਿਚ ਸੂਬੇ 'ਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਲਵਪ੍ਰੀਤ ਕੌਰ, ਗੁਰਅੰਕਿਤ ਕੌਰ ਅਤੇ ਸਮਰਪ੍ਰੀਤ ਕੌਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ 51-51 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ। ਭਗਵੰਤ ਮਾਨ ਨੇ ਬੱਚੀਆਂ ਦੇ ਇਸ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਅਤੇ ਵਿੱਦਿਆ ਦਾ ਮਿਆਰ ਉੱਚਾ ਚੁੱਕਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।



ਗੌਰਤਲਬ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਬੁਢਲਾਡਾ (ਜ਼ਿਲ੍ਹਾ ਮਾਨਸਾ) ਦੀਆਂ ਵਿਦਿਆਰਥਣਾਂ ਲਵਪ੍ਰੀਤ ਕੌਰ ਤੇ ਗੁਰਅੰਕਿਤ ਕੌਰ ਨੇ ਅੱਠਵੀਂ ਜਮਾਤ ਵਿਚੋਂ 600/600 ਅੰਕ ਹਾਸਲ ਕਰਕੇ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬੱਸੀਆਂ (ਜ਼ਿਲ੍ਹਾ ਲੁਧਿਆਣਾ) ਦੀ ਵਿਦਿਆਰਥਣ ਸਮਰਪ੍ਰੀਤ ਕੌਰ ਨੇ 598 ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਮ ਧਾਰਨਾ ਦੇ ਉਲਟ ਸਰਕਾਰੀ ਸਕੂਲਾਂ ਦੇ ਇਨ੍ਹਾਂ ਵਿਦਿਆਰਥੀਆਂ ਨੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਪਛਾੜਦਿਆਂ ਸੂਬੇ ਭਰ 'ਚ ਵਧੀਆ ਪ੍ਰਦਰਸ਼ਨ ਕੀਤਾ ਹੈ। ਸ੍ਰੀ ਮਾਨ ਨੇ ਇਸ ਮੌਕੇ ਇਹ ਵੀ ਕਿਹਾ ਕਿ ਪ੍ਰੀਖਿਆਵਾਂ 'ਚ ਬਰਾਬਰ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਵਿਚ ਬਰਾਬਰ ਰੈਂਕ ਦੇਣ ਬਾਰੇ ਵਿਚਾਰ ਕੀਤਾ ਜਾਵੇਗਾ, ਜਿਸ ਤਹਿਤ 600 ਅੰਕ ਪ੍ਰਾਪਤ ਕਰਨ ਵਾਲੀਆਂ ਦੋਵੇਂ ਵਿਦਿਆਰਥਣਾਂ ਨੂੰ ਪਹਿਲਾ ਰੈਂਕ, 598 ਅੰਕ ਲੈਣ ਵਾਲੀਆਂ ਤਿੰਨ ਵਿਦਿਆਰਥਣਾਂ ਨੂੰ ਦੂਜਾ ਤੇ ਇਸ ਮਗਰੋਂ ਇਕ ਸਮਾਨ ਅੰਕ ਹਾਸਲ ਕਰਨ ਵਾਲੀਆਂ ਤਿੰਨ ਵਿਦਿਆਰਥਣਾਂ ਨੂੰ ਤੀਜਾ ਰੈਂਕ ਦੇਣ ਬਾਰੇ ਵਿਚਾਰ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਨਾਲ ਬੱਚੀਆਂ ਨੂੰ ਸਿੱਖਿਆ ਹਾਸਲ ਕਰਨ ਲਈ ਹੁਲਾਰਾ ਦੇ ਕੇ ਉਨ੍ਹਾਂ ਦੇ ਸਸ਼ਕਤੀਕਰਨ ਵਿਚ ਹੋਰ ਮਦਦ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ 5ਵੀਂ, 8ਵੀਂ ਅਤੇ 10ਵੀਂ ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ ਵਿਚ ਉੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਿੱਤੀ ਇਨਾਮ ਦੇਣ ਲਈ ਨੀਤੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਅਤੇ ਵਰਦੀਆਂ ਮੁਹੱਈਆ ਕਰਵਾ ਕੇ ਪਹਿਲਾਂ ਹੀ ਨਵਾਂ ਮਾਪਦੰਡ ਕਾਇਮ ਕੀਤਾ ਹੈ ਤੇ ਹੁਣ ਗਰਮੀ ਦੀਆਂ ਛੁੱਟੀਆਂ ਦੌਰਾਨ ਸਕੂਲਾਂ ਦੇ ਬੁਨਿਆਦੀ ਢਾਂਚੇ ਵੀ ਚੁਸਤ-ਦਰੁੱਸਤ ਕੀਤੇ ਜਾਣਗੇ, ਜੋ ਵਿਦਿਆਰਥੀਆਂ ਨੂੰ ਸਿੱਖਿਆ ਲਈ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਵਿਚ ਸਹਾਈ ਹੋਵੇਗਾ।

### ਸਿੱਖਿਆ ਸੰਸਥਾਵਾਂ ਨੂੰ ਪੈਸੇ ਦੀ ਕਮੀ ਨਹੀਂ ਆਉਣ ਦੇਵਾਂਗੇ: ਮਾਨ

**ਦੇਵੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬੀ ਯੂਨੀਵਰਸਿਟੀ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਹਾਲ ਵਿਚ ਯੂਨੀਵਰਸਿਟੀ ਦੇ 62ਵੇਂ ਸਥਾਪਨਾ ਦਿਵਸ ਮੌਕੇ ਕਰਵਾਏ ਸਮਾਗਮ ਵਿਚ ਸ਼ਿਰਕਤ ਕੀਤੀ। ਇਸ ਮੌਕੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੂੰ ਮੁਖਾਤਬ ਹੁੰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸਿੱਖਿਆ ਸੰਸਥਾਵਾਂ ਦਾ ਕਰਜ਼ੇ ਹੇਠ ਦੱਬਿਆ ਹੋਣਾ ਇਕ ਸਮਾਜਕ ਲਾਹਨਤ ਹੈ ਤੇ 'ਆਪ' ਸਰਕਾਰ ਵਿੱਦਿਅਕ ਸੰਸਥਾਵਾਂ ਨੂੰ ਫੰਡਾਂ ਦੀ ਘਾਟ ਨਹੀਂ ਆਉਣ ਦੇਵੇਗੀ ਤਾਂ ਜੋ ਸੂਬੇ ਦਾ ਕੋਈ ਵੀ ਬੱਚਾ ਮਿਆਰੀ ਸਿੱਖਿਆ ਹਾਸਲ ਕਰਨ ਦੇ ਮੌਕੇ ਤੋਂ ਵਾਂਝਾ ਨਾ ਰਹੇ।

# ਕੇਂਦਰੀ ਮਾਪਦੰਡਾਂ 'ਤੇ ਖਰੀ ਨਹੀਂ ਉਤਰੀ ਪੰਜਾਬ ਦੀ 90 ਫੀਸਦੀ ਕਣਕ

**ਚੰਡੀਗੜ੍ਹ:** ਪੰਜਾਬ ਦੇ ਖਰੀਦ ਕੇਂਦਰਾਂ ਵਿਚ ਕਣਕ ਦੀ ਆਮਦ ਇਕ ਸੌ ਲੱਖ ਮੀਟਰਿਕ ਟਨ ਦਾ ਅੰਕੜਾ ਪਾਰ ਕਰ ਗਈ ਹੈ ਅਤੇ ਹੁਣ ਤੱਕ ਖਰੀਦੀ ਕਣਕ 'ਚੋਂ ਕਰੀਬ 90 ਫ਼ੀਸਦੀ ਫਸਲ ਖਰੀਦ ਮਾਪਦੰਡਾਂ 'ਤੇ ਖਰੀ ਨਹੀਂ ਉੱਤਰੀ ਹੈ। ਐਤਕੀਂ ਕਣਕ ਦਾ ਝਾੜ ਚੰਗਾ ਨਿਕਲ ਰਿਹਾ ਹੈ, ਜਿਸ ਤੋਂ ਕਿਸਾਨ ਧਰਵਾਸ ਵਿਚ ਹਨ। ਬੇਸ਼ੱਕ ਕੇਂਦਰ ਸਰਕਾਰ ਨੇ ਇਸ ਵਾਰ ਖਰੀਦ ਮਾਪਦੰਡਾਂ 'ਤੇ ਖਰੀ ਨਾ ਉਤਰਨ ਵਾਲੀ ਫਸਲ 'ਤੇ ਵੈਲਿਊ ਕੱਟ ਲਗਾ ਦਿੱਤਾ ਹੈ ਪਰ ਪੰਜਾਬ ਸਰਕਾਰ ਨੇ ਇਸ ਦੀ ਭਰਪਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਸਰਕਾਰ ਤੋਂ ਬਾਅਦ ਪੰਜਾਬ ਸਰਕਾਰ ਨੇ ਵੀ ਵੈਲਿਊ ਕੱਟ ਦੀ ਪੂਰਤੀ ਕਰਨ ਦਾ ਫੈਸਲਾ ਕੀਤਾ ਸੀ।



ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਹੁਣ ਤੱਕ ਵੈਲਿਊ ਕੱਟ ਦੀ ਭਰਪਾਈ ਵਜੋਂ ਕਿਸਾਨਾਂ ਨੂੰ ਕਰੀਬ 95 ਕਰੋੜ ਰੁਪਏ ਦੀ ਅਦਾਇਗੀ ਕਰ ਚੁੱਕੀ ਹੈ। ਸਰਕਾਰੀ ਅਧਿਕਾਰੀ ਆਖਦੇ ਹਨ ਕਿ ਵੈਲਿਊ ਕੱਟ ਫਸਲ 'ਤੇ ਭਾਵੇਂ ਘੱਟ ਲੱਗਦਾ ਹੈ ਤੇ ਚਾਹੇ ਵੱਧ, ਕਿਸਾਨਾਂ ਨੂੰ ਸਰਕਾਰ ਜਿਣਸ ਦੀ ਪੂਰੀ ਅਦਾਇਗੀ ਕਰ ਰਹੀ ਹੈ। ਇਕ ਫੀਲਡ ਅਧਿਕਾਰੀ ਨੇ ਦੱਸਿਆ ਕਿ ਖਰੀਦ ਏਜੰਸੀਆਂ ਆਪਣੇ ਵੱਲੋਂ ਘੱਟ ਵੈਲਿਊ ਕੱਟ ਲਾਉਂਦੀਆਂ ਹਨ, ਪਰ ਭਾਰਤੀ ਖੁਰਾਕ ਨਿਗਮ ਇਸ ਨੂੰ ਪੂਰੇ ਵੈਲਿਊ ਕੱਟ ਵਿਚ ਤਬਦੀਲ ਕਰ ਰਿਹਾ ਹੈ। ਨਤੀਜੇ ਵਜੋਂ ਸੂਬਾ ਸਰਕਾਰ 'ਤੇ ਵਿੱਤੀ ਬੋਝ ਵਧਣਾ ਸੁਭਾਵਿਕ ਹੈ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ 12 ਅਪਰੈਲ ਨੂੰ ਕਣਕ ਖਰੀਦ ਦੇ ਮਾਪਦੰਡਾਂ ਵਿਚ ਢਿੱਲ ਦਿੱਤੀ ਸੀ, ਪਰ ਨਾਲ ਹੀ ਵੈਲਿਊ ਕੱਟ ਵੀ ਲਾ ਦਿੱਤਾ ਸੀ। ਕੇਂਦਰ ਨੇ 5.31 ਰੁਪਏ ਤੋਂ 31.87 ਰੁਪਏ ਪ੍ਰਤੀ ਕੁਇੰਟਲ ਵੈਲਿਊ ਕੱਟ ਲਾਇਆ ਸੀ। ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬਾ ਸਰਕਾਰ ਵੱਲੋਂ ਇਹ ਬੋਝ ਚੁੱਕਣ ਦਾ ਐਲਾਨ ਕਰ ਦਿੱਤਾ ਗਿਆ ਸੀ।

ਪੰਜਾਬ ਵਿਚ ਜਿਨ੍ਹਾਂ ਥਾਵਾਂ 'ਤੇ ਮੀਂਹ ਦੀ ਜ਼ਿਆਦਾ ਮਾਰ ਪਈ ਹੈ, ਉਥੇ ਕਣਕ ਦਾ ਝਾੜ ਪ੍ਰਭਾਵਿਤ ਹੋਇਆ ਹੈ, ਪਰ ਦੂਸਰੀਆਂ ਥਾਵਾਂ 'ਤੇ ਕਣਕ ਦਾ ਝਾੜ ਪਿਛਲੇ ਵਰ੍ਹੇ ਨਾਲੋਂ ਜ਼ਿਆਦਾ ਨਿਕਲ ਰਿਹਾ ਹੈ। ਮੰਡੀਆਂ ਵਿਚ ਕਣਕ ਦੀ ਆਮਦ ਪਿਛਲੇ ਵਰ੍ਹੇ ਨਾਲੋਂ ਵੱਧ ਹੋਈ ਹੈ। ਸ਼ੁਰੂਆਤੀ ਪੜਾਅ 'ਤੇ ਸਰਕਾਰ ਨੂੰ ਖਦਸ਼ਾ ਸੀ ਕਿ ਝਾੜ ਘੱਟ ਨਿਕਲੇਗਾ ਅਤੇ ਸਰਕਾਰੀ ਟੀਚੇ ਪੂਰੇ ਨਹੀਂ ਹੋ ਸਕਣਗੇ। ਖਰੀਦ ਕੇਂਦਰਾਂ ਵਿਚ ਰੋਜ਼ਾਨਾ ਕਣਕ ਦੀ ਆਮਦ ਵਿਚ ਥੋੜ੍ਹੀ ਕਮੀ ਆਉਣ ਲੱਗੀ ਹੈ।

## ਮੰਡੀਆਂ 'ਚ ਜਾਣ ਤੋਂ ਟਲਣ ਲੱਗੇ ਸਿਆਸੀ ਆਗੂ ਤੇ ਅਫਸਰ

**ਚੰਡੀਗੜ੍ਹ:** ਮੰਡੀਆਂ ਵਿਚ ਕਣਕ ਦੀ ਚੁਕਾਈ ਦੀ ਸਮੱਸਿਆ ਖੜ੍ਹੀ ਹੋਣ ਦੇ ਡਰੋਂ ਸਿਆਸੀ ਆਗੂਆਂ ਨੇ ਖਰੀਦ ਕੇਂਦਰਾਂ ਦਾ ਗੇੜਾ ਮਾਰਨ ਤੋਂ ਪਾਸਾ ਵੱਟ ਲਿਆ ਹੈ। ਉੱਚ ਅਫਸਰ ਵੀ ਮੰਡੀਆਂ ਵਿਚ ਜਾਣ ਤੋਂ ਗੁਰੇਜ਼ ਕਰਨ ਲੱਗੇ ਹਨ। ਹੁਕਮਰਾਨ ਧਿਰ ਦੇ ਵਿਧਾਇਕਾਂ ਅਤੇ ਵਜ਼ੀਰਾਂ ਨੇ ਕਣਕ ਦੀ ਖਰੀਦ ਦੀ ਸ਼ੁਰੂਆਤ ਤਾਂ ਕਰਾਈ ਪਰ ਮੁੜ ਕਿਸੇ ਆਗੂ ਨੇ ਮੰਡੀਆਂ ਦੀ ਸਾਰ ਨਹੀਂ ਲਈ। ਖਰੀਦ ਕੇਂਦਰਾਂ ਵਿਚ ਫਸਲ ਦੀ ਚੁਕਾਈ ਨਹੀਂ ਹੋ ਰਹੀ ਅਤੇ ਕਿਸਾਨ ਪਰੇਸ਼ਾਨੀ ਝੱਲ ਰਹੇ ਹਨ। ਵਿਰੋਧੀ ਧਿਰ ਦੇ ਵੀ ਕਿਸੇ ਆਗੂ ਨੇ ਕਿਸਾਨਾਂ ਦੀ ਹਮਾਇਤ 'ਚ ਹਾਅ ਦਾ ਨਾਅਰਾ ਨਹੀਂ ਮਾਰਿਆ। ਵੇਰਵਿਆਂ ਅਨੁਸਾਰ ਖਰੀਦ ਕੇਂਦਰਾਂ ਵਿਚ 'ਆਪ', ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਕੋਈ ਬਹੁਤੇ ਗੇੜੇ ਨਹੀਂ ਲਾਏ ਹਨ। ਕਿਸਾਨ ਆਗੂ ਦੱਸਦੇ ਹਨ ਕਿ ਸਿਆਸੀ ਆਗੂਆਂ ਨੂੰ ਡਰ ਹੈ ਕਿ ਕਿਤੇ ਚੁਕਾਈ ਨਾ ਹੋਣ ਕਰਕੇ ਤੰਗੀ ਝੱਲ ਰਹੇ ਕਿਸਾਨ ਉਨ੍ਹਾਂ ਦਾ ਘਿਰਾਓ ਨਾ ਕਰ ਲੈਣ। ਜਲੰਧਰ ਜ਼ਿਮਨੀ ਚੋਣ ਕਰਕੇ ਵੀ ਸਭਨਾਂ ਸਿਆਸੀ ਧਿਰਾਂ ਦੇ ਆਗੂ ਜਲੰਧਰ 'ਚ ਰੁੱਝੇ ਹੋਏ ਹਨ।


## ਨਵੰਬਰ ਤੱਕ ਪੂਰਾ ਹੋ ਜਾਵੇਗਾ ਚੱਕੀ ਦਰਿਆ 'ਤੇ ਰੇਲਵੇ ਪੁਲ ਦਾ ਕੰਮ

**ਪਠਾਨਕੋਟ:** ਉੱਤਰੀ ਰੇਲਵੇ ਦੇ ਨਵ-ਨਿਯੁਕਤ ਜਨਰਲ ਮੈਨੇਜਰ (ਜੀ.ਐਮ.) ਸ਼ੋਭਨ ਚੌਧਰੀ ਵੱਲੋਂ ਰੇਲਵੇ ਸਟੇਸ਼ਨ ਪਠਾਨਕੋਟ ਅਤੇ ਕੈਂਟ ਸਟੇਸ਼ਨ ਦਾ ਦੌਰਾ ਕੀਤਾ ਗਿਆ। ਉਹ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਨੂੰ ਜੋੜਨ ਵਾਲੇ 70 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਨੈਰੋਗੇਜ ਰੇਲਵੇ ਪੁਲ ਦੇ ਨਿਰਮਾਣ ਕਾਰਜ ਵਾਲੀ ਜਗ੍ਹਾ ਵੀ ਗਏ ਤੇ ਉਨ੍ਹਾਂ ਨਿਰਮਾਣ ਕਾਰਜ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਚੱਕੀ ਦਰਿਆ ਵਿਚ ਆਏ ਹੜ੍ਹ ਕਾਰਨ ਇਹ ਪੁਲ ਰੁੜ੍ਹ ਗਿਆ ਸੀ। ਇਸ ਮੌਕੇ ਉਨ੍ਹਾਂ ਨਾਲ ਰੇਲਵੇ ਦੀ ਫਿਰੋਜ਼ਪੁਰ ਡਿਵੀਜ਼ਨ ਦੀ ਡੀ.ਆਰ.ਐਮ. ਸੀਮਾ ਸ਼ਰਮਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਬਾਅਦ ਵਿਚ ਜੀ.ਐਮ. ਨੇ ਪਠਾਨਕੋਟ ਸਿਟੀ ਸਟੇਸ਼ਨ ਅਤੇ ਕੈਂਟ ਸਟੇਸ਼ਨ ਦਾ ਨਿਰੀਖਣ ਕੀਤਾ। ਇਕ ਸਵਾਲ ਦੇ ਜਵਾਬ ਵਿਚ ਜੀ.ਐਮ. ਸ਼ੋਭਨ ਚੌਧਰੀ ਨੇ ਕਿਹਾ ਕਿ ਚੱਕੀ ਨੈਰੋਗੇਜ ਪੁਲ ਦਾ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ ਅਤੇ ਉਮੀਦ ਹੈ ਕਿ ਪੁਲ ਦਾ ਨਿਰਮਾਣ ਕਾਰਜ ਨਵੰਬਰ 2023 ਤੱਕ ਪੂਰਾ ਕਰ ਲਿਆ ਜਾਵੇਗਾ। ਉਸ ਦੇ ਬਾਅਦ ਪਠਾਨਕੋਟ ਤੋਂ ਜੋਗਿੰਦਰ ਨਗਰ ਨੂੰ ਰੇਲ ਸੇਵਾ ਸ਼ੁਰੂ ਹੋ ਜਾਵੇਗੀ।

# ਨਖਰਿਆਂ ਦੀ ਥਾਂ ਕੇਂਦਰ ਪੰਜਾਬ ਦੇ ਹਿੱਤਾਂ ਦਾ ਖਿਆਲ ਰੱਖੇ: ਮੁੱਖ ਮੰਤਰੀ

**ਲੁਧਿਆਣਾ:** ਇਥੋਂ ਦੇ ਸਰਕਟ ਹਾਊਸ ਵਿਚ ਕੈਬਨਿਟ ਦੀ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਡੀਆਂ ਵਿਚ ਪਈ ਫਸਲ ਦੇ ਮੁੱਦੇ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਫਸਲ ਦੀ ਖਰੀਦ 'ਚ ਨਖਰੇ ਕਰ ਰਹੀ ਹੈ, ਪਰ ਉਨ੍ਹਾਂ ਦੇ ਇਹ ਨਖਰੇ ਚੱਲਣਗੇ ਨਹੀਂ। ਜੋ ਫਸਲ ਅੱਜ ਕੇਂਦਰ ਦੀ ਨਜ਼ਰ 'ਚ ਮਾਪਦੰਡ ਪੂਰੇ ਨਹੀਂ ਕਰ ਰਹੀ, ਉਹੀ ਫਸਲ ਥੋੜ੍ਹੇ ਸਮੇਂ ਬਾਅਦ ਲੋਕ ਵੰਡ ਪ੍ਰਣਾਲੀ ਲਈ ਸਾਰੇ ਮਾਪਦੰਡ ਪੂਰੇ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਕਣਕ ਦੀ ਫਸਲ 'ਤੇ ਕੋਈ ਵੈਲਯੂ ਕੱਟ ਲਗਾਉਂਦੀ ਹੈ ਤਾਂ ਉਸ ਦੀ ਭਰਪਾਈ ਕਿਸਾਨਾਂ ਨੂੰ ਸੂਬਾ ਸਰਕਾਰ ਕਰੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੰਡੀਆਂ ਵਿਚ ਪਈ ਫਸਲ ਦੇ ਮੁੱਦੇ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਫਸਲ ਦੀ ਪੂਰੀ ਖਰੀਦ ਨਹੀਂ ਕਰ ਰਹੀ ਪਰ ਉਸ ਨੂੰ ਪੰਜਾਬ ਦੇ ਹਿੱਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਜੋ ਫਸਲ ਅੱਜ ਕੇਂਦਰ ਦੀ ਨਜ਼ਰ 'ਚ ਮਾਪਦੰਡ ਪੂਰੇ ਨਹੀਂ ਕਰ ਰਹੀ, ਉਹੀ ਫਸਲ ਥੋੜ੍ਹੇ ਸਮੇਂ ਬਾਅਦ ਲੋਕ ਵੰਡ ਪ੍ਰਣਾਲੀ ਲਈ ਸਾਰੇ ਮਾਪਦੰਡ ਪੂਰੇ ਕਰੇਗੀ।



ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਕਣਕ ਦੀ ਫਸਲ 'ਤੇ ਕੋਈ ਵੈਲਯੂ ਕੱਟ ਲਗਾਉਂਦੀ ਹੈ ਤਾਂ ਉਸ ਦੀ ਭਰਪਾਈ ਕਿਸਾਨਾਂ ਨੂੰ ਸੂਬਾ ਸਰਕਾਰ ਕਰੇਗੀ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਕੇਂਦਰ ਸਰਕਾਰ ਇਹ ਵੀ ਦੇਖ ਲਵੇ ਕਿ ਅੱਗੇ ਕੇਂਦਰ ਨੂੰ ਪੰਜਾਬ 'ਚੋਂ ਸੂਰਜਮੁਖੀ, ਝੋਨਾ, ਬਾਸਮਤੀ, ਮੱਕੀ, ਦਾਲ, ਕਪਾਹ ਵੀ ਚਾਹੀਦੀ ਹੈ। ਇਸ ਲਈ ਉਸ ਦੇ ਪੰਜਾਬ 'ਚ ਨਖਰੇ ਨਹੀਂ ਚੱਲਣਗੇ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਨੂੰ ਕਹਿ ਰਹੀ ਕਿ ਪੰਜਾਬ ਦੀ ਮੰਡੀ ਫੀਸ ਬਿਹਾਰ ਤੇ ਯੂਪੀ ਦੀਆਂ ਮੰਡੀਆਂ ਬਰਾਬਰ ਕੀਤੀ ਜਾਵੇ। ਬਿਹਾਰ-ਯੂਪੀ 'ਚ 400 ਕਿਲੋਮੀਟਰ ਤੋਂ ਬਾਅਦ ਮੰਡੀ ਹੈ, ਜਦਕਿ ਇੱਥੇ ਚਾਰ ਕਿਲੋਮੀਟਰ ਬਾਅਦ ਮੰਡੀ ਹੈ ਤਾਂ ਉਥੋਂ ਦੇ ਨਿਯਮ ਪੰਜਾਬ 'ਚ ਕਿਵੇਂ ਲਾਗੂ ਹੋ ਸਕਦੇ ਹਨ। ਪਿਛਲੀ ਸਰਕਾਰ ਦੇ ਆਗੂਆਂ ਖਿਲਾਫ ਚੱਲ ਰਹੀ ਵਿਜੀਲੈਂਸ ਦੀ ਜਾਂਚ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਲੁੱਟ ਦੇ ਪੈਸੇ ਨਾਲ ਬਣਾਈਆਂ ਜਾਇਦਾਦਾਂ ਸਰਕਾਰ ਜ਼ਬਤ ਕਰੇਗੀ ਤੇ ਕਾਨੂੰਨੀ ਤਰੀਕੇ ਨਾਲ ਉਨ੍ਹਾਂ ਨੂੰ ਵੇਚ ਕੇ ਪੈਸੇ ਸਰਕਾਰੀ ਖਜ਼ਾਨੇ 'ਚ ਜਮ੍ਹਾਂ ਕਰਵਾਏ ਜਾਣਗੇ।

## ਟੋਰਾਂਟੋ: ਕਾਰਾਂ ਚੋਰੀ ਕਰਨ ਦੇ ਦੋਸ਼ ਹੇਠ 47 ਪੰਜਾਬੀਆਂ ਸਣੇ 119 ਨਾਮਜ਼ਦ



**ਵੈਨਕੂਵਰ:** ਟੋਰਾਂਟੋ ਪੁਲਿਸ ਦੇ ਸੁਪਰਡੈਂਟ ਰੌਬ ਟਵੈਰਨਰ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਦਿਨਾਂ ਵਿਚ ਚੋਰੀ ਹੋਈਆਂ 556 ਕਾਰਾਂ ਬਰਾਮਦ ਕੀਤੀਆਂ ਹਨ ਜਿਨ੍ਹਾਂ ਦੀ ਕੀਮਤ ਕਰੀਬ 27 ਲੱਖ ਡਾਲਰ (17 ਕਰੋੜ ਰੁਪਏ) ਹੈ। ਇਸ ਮਾਮਲੇ ਵਿਚ ਪੁਲਿਸ ਨੇ 119 ਜਣਿਆਂ ਨੂੰ ਨਾਮਜ਼ਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਿੱਚੋਂ 47 ਮੁਲਜ਼ਮ ਪੰਜਾਬੀ ਮੂਲ ਦੇ ਹਨ। ਪੁਲਿਸ ਅਫਸਰ ਨੇ ਦੱਸਿਆ ਕਿ ਉਨ੍ਹਾਂ ਕੁਝ ਕਾਰਾਂ ਮੌਂਟਰੀਅਲ ਦੀ ਬੰਦਰਗਾਹ ਤੋਂ ਉਸ ਵੇਲੇ ਬਰਾਮਦ ਕੀਤੀਆਂ ਜਦੋਂ ਉਨ੍ਹਾਂ ਨੂੰ ਕੰਟੇਨਰਾਂ 'ਚ ਵਿਦੇਸ਼ ਭੇਜਿਆ ਜਾ ਰਿਹਾ ਸੀ। ਪੁਲਿਸ ਨੇ ਮੁਲਜ਼ਮਾਂ ਦੀ ਸੂਚੀ ਜਾਰੀ ਕਰ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

## ਦੋ ਨਸ਼ਾ ਤਸਕਰਾਂ ਨੂੰ 12 ਸਾਲ ਕੈਦ ਤੇ ਡੇਢ-ਡੇਢ ਲੱਖ ਰੁਪਏ ਜੁਰਮਾਨਾ

**ਲੁਧਿਆਣਾ:** ਹੈਰੋਇਨ ਤਸਕਰੀ ਦੇ ਮਾਮਲੇ 'ਚ ਐਸ.ਟੀ.ਐਫ. ਵੱਲੋਂ ਮਈ 2018 'ਚ ਗ੍ਰਿਫਤਾਰ ਕੀਤੇ ਦੋ ਵਿਅਕਤੀਆਂ ਨੂੰ ਜ਼ਿਲ੍ਹਾ ਅਦਾਲਤ ਨੇ ਦੋਸ਼ੀ ਕਰਾਰ ਦਿੰਦਿਆਂ 12-12 ਸਾਲ ਦੀ ਕੈਦ ਅਤੇ ਡੇਢ-ਡੇਢ ਲੱਖ ਰੁਪਏ ਦਾ ਜੁਰਮਾਨਾ ਭਰਨ ਦੀ ਸਜਾ ਸੁਣਾਈ ਹੈ। ਦੋਸ਼ੀਆਂ ਦੀ ਪਛਾਣ ਕਪਿਲ ਦੇਵ ਤੇ ਹਰਦੀਪ ਕੁਮਾਰ ਉਰਫ ਦੀਪਕ ਵਜੋਂ ਹੋਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਐਡੀਸ਼ਨਲ ਸੈਸ਼ਨ ਜੱਜ ਮੋਹਨ ਗਰਗ ਦੀ ਅਦਾਲਤ ਵੱਲੋਂ ਦੋਸ਼ੀਆਂ ਨੂੰ ਸਜਾ ਸੁਣਾਏ ਜਾਣ ਮਗਰੋਂ ਦੋਵਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਐਸ.ਟੀ.ਐਫ ਦੇ ਜ਼ਿਲ੍ਹਾ ਇੰਚਾਰਜ ਇੰਸਪੈਕਟਰ ਹਰਬੰਸ ਸਿੰਘ ਦੀ ਅਗਵਾਈ ਹੇਠ ਟੀਮ ਨੇ ਸਥਾਨਕ ਮੋਤੀ ਨਗਰ ਦੇ ਮੁਹੱਲਾ ਚੌਕ 'ਚ ਨਾਕਾਬੰਦੀ ਦੌਰਾਨ ਉਕਤ ਦੋਸ਼ੀਆਂ ਨੂੰ ਕਾਬੂ ਕਰਕੇ ਕਿੱਲੋ ਹੈਰੋਇਨ ਬਰਾਮਦ ਕੀਤੀ ਸੀ। ਪਿਛਲੇ ਇਕ ਸਾਲ ਤੋਂ ਦੋਸ਼ੀ ਜ਼ਮਾਨਤ 'ਤੇ ਬਾਹਰ ਸਨ ਅਤੇ ਇਸ ਕੇਸ ਦੀ ਸੁਣਵਾਈ ਚੱਲ ਰਹੀ ਸੀ।



# ਐਤਕੀਂ ਖੇਤ ਮਜ਼ਦੂਰਾਂ ਨੂੰ ਵੀ ਮਿਲੇਗਾ ਨੁਕਸਾਨੀ ਫਸਲ ਦਾ ਮੁਆਵਜ਼ਾ

**ਲੁਧਿਆਣਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੁਦਰਤੀ ਆਫਤਾਂ ਕਾਰਨ ਨੁਕਸਾਨੀ ਫਸਲ ਲਈ ਦਿੱਤੇ ਜਾਂਦੇ ਕੁੱਲ ਮੁਆਵਜ਼ੇ ਦੀ 10 ਫੀਸਦ ਰਾਸ਼ੀ ਹੁਣ ਖੇਤ ਮਜ਼ਦੂਰਾਂ ਨੂੰ ਵੀ ਦਿੱਤੀ ਜਾਵੇਗੀ। ਇਹ ਐਲਾਨ ਉਨ੍ਹਾਂ ਲੁਧਿਆਣਾ ਵਿਚ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਦਾ ਉਦੇਸ਼ ਖੇਤ ਕਾਮਿਆਂ ਦੀ ਸਹਾਇਤਾ ਕਰਨਾ ਹੈ ਜੋ ਅਜਿਹੇ ਮੁਆਵਜ਼ੇ ਤੋਂ ਵਾਂਝੇ ਰਹਿ ਜਾਂਦੇ ਹਨ ਜਦਕਿ ਕੁਦਰਤੀ ਮਾਰ ਉਨ੍ਹਾਂ ਨੂੰ ਵੀ ਝੱਲਣੀ ਪੈਂਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਕ ਮਈ ਨੂੰ ਮਜ਼ਦੂਰ ਦਿਵਸ ਮੌਕੇ ਸੂਬਾ ਸਰਕਾਰ ਦੀ ਇਹ ਸੌਗਾਤ ਸਮੁੱਚੇ ਕਿਰਤੀ ਵਰਗ ਲਈ ਹੈ ਜੋ ਖੇਤਾਂ ਵਿਚ ਆਪਣਾ ਖੂਨ-ਪਸੀਨਾ ਵਹਾਉਂਦੇ ਹਨ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਖੇਤ ਕਾਮਿਆਂ ਦੀ ਵੱਡੇ ਪੱਧਰ ਉਤੇ ਰਜਿਸਟ੍ਰੇਸ਼ਨ ਸ਼ੁਰੂ ਕਰੇਗੀ ਤਾਂ ਜੋ ਇਨ੍ਹਾਂ ਨੂੰ ਕੇਂਦਰੀ ਅਤੇ ਸੂਬਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਹਾਸਲ ਹੋ ਸਕੇ। ਉਨ੍ਹਾਂ ਕਿਹਾ ਕਿ ਸਹੀ ਢੰਗ ਨਾਲ ਰਜਿਸਟ੍ਰੇਸ਼ਨ ਨਾ ਹੋਣ ਕਾਰਨ ਉਨ੍ਹਾਂ ਨੂੰ ਬਹੁਤੀਆਂ ਸਕੀਮਾਂ ਦਾ ਲਾਭ ਨਹੀਂ ਮਿਲਦਾ। ਇਸ ਤੋਂ ਇਲਾਵਾ ਕੈਬਨਿਟ ਨੇ ਲੋਕਲ ਆਡਿਟ ਵਿੰਗ ਦੇ ਵੱਖ ਵੱਖ ਕੇਡਰ ਵਿਚ ਸਿੱਧੀ ਭਰਤੀ ਰਾਹੀਂ 87 ਅਸਾਮੀਆਂ ਭਰਨ ਦੀ ਵੀ ਸਹਿਮਤੀ ਦੇ ਦਿੱਤੀ ਹੈ। ਇਸ ਨਾਲ ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈਜ਼.), ਸ਼ਹਿਰੀ ਸਥਾਨਕ ਸਰਕਾਰਾਂ (ਯੂ.ਐਲ.ਬੀਜ਼), ਬੱਚਿਆਂ ਲਈ ਫੰਡਾਂ ਤੇ ਯੂਨੀਵਰਸਿਟੀਆਂ ਦੇ ਪ੍ਰੀ-ਆਡਿਟ ਤੇ ਪੋਸਟ ਆਡਿਟ ਦਾ ਕੰਮ ਸੁਚਾਰੂ ਢੰਗ ਨਾਲ ਹੋਵੇਗਾ।



ਸੂਬੇ ਵਿਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਕੈਬਨਿਟ ਨੇ ਪੰਜਾਬ ਸਟੇਟ ਸਪੋਰਟਸ (ਗਰੁੱਪ-ਏ, ਗਰੁੱਪ-ਬੀ ਤੇ ਗਰੁੱਪ-ਸੀ) ਸਰਵਿਸ ਨਿਯਮ, 2023 ਦੀ ਪੁਨਰ ਰਚਨਾ ਨੂੰ ਮਨਜ਼ੂਰੀ ਦੇ ਦਿੱਤੀ। ਖੇਡ ਵਿਭਾਗ ਵਿਚ ਵੱਖ-ਵੱਖ ਕੇਡਰਾਂ ਵਿਚ ਨਵੀਂ ਭਰਤੀ ਇਨ੍ਹਾਂ ਨਵੇਂ ਨੋਟੀਫਾਈ ਨਿਯਮਾਂ ਮੁਤਾਬਕ ਹੀ ਹੋਵੇਗੀ। ਪੰਜਾਬ ਕੈਬਨਿਟ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਬਲਾਕ ਦੀਆਂ 75 ਪੰਚਾਇਤਾਂ ਕੱਢ ਕੇ ਨਵਾਂ ਬਲਾਕ ਰਮਦਾਸ ਕਾਇਮ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ।

ਮੰਤਰੀ ਮੰਡਲ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਚ ਅਧਿਆਪਕਾਂ ਦੇ ਤਨਖਾਹ ਸਕੇਲ ਇਕ ਜਨਵਰੀ, 2016 ਤੋਂ ਸੋਧਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਅਧਿਆਪਕਾਂ ਦੀ ਤਨਖਾਹ ਤੇ ਪੈਨਸ਼ਨ ਦਾ ਭੁਗਤਾਨ ਅਪਰੈਲ 2023 ਤੋਂ ਹੋਵੇਗਾ। ਮੰਤਰੀ ਮੰਡਲ ਨੇ 'ਦਿ ਪੰਜਾਬ ਐਡਵੋਕੇਟ ਜਨਰਲ (ਗਰੁੱਪ-ਏ) ਸਰਵਿਸ ਰੂਲਜ਼-2023' ਦੀ ਰਚਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਸੇਵਾ ਨਿਯਮਾਂ ਦੀ ਰਚਨਾ ਨਾਲ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ ਕੰਮ ਕਰ ਰਹੇ ਗਰੁੱਪ-ਏ ਦੇ ਅਧਿਕਾਰੀਆਂ ਦੀਆਂ ਸੇਵਾਵਾਂ ਨਿਯਮਤ ਹੋ ਜਾਣਗੀਆਂ। ਮੰਤਰੀ ਮੰਡਲ ਨੇ ਰੱਖਿਆ ਸੈਨਾਵਾਂ ਭਲਾਈ ਵਿਭਾਗ (ਪੰਜਾਬ) ਦੀ ਸਾਲ 2021-22 ਦੀ ਸਾਲਾਨਾ ਪ੍ਰਸ਼ਾਸਕੀ ਰਿਪੋਰਟ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਜ਼ਮੀਨ-ਜਾਇਦਾਦ ਦੀ ਰਜਿਸਟ੍ਰੇਸ਼ਨ ਉਤੇ ਵਸੂਲੀ ਜਾਂਦੀ ਸਟੈਂਪ ਡਿਊਟੀ ਅਤੇ ਫੀਸ ਵਿਚ 2.25 ਫੀਸਦੀ ਛੋਟ ਦੇਣ ਦੇ ਸਮੇਂ ਵਿਚ ਵਾਧਾ ਕਰਦੇ ਹੋਏ ਇਸ ਦੀ ਤਰੀਕ 15 ਮਈ ਤੱਕ ਵਧਾ ਦਿੱਤੀ ਹੈ। ਵਜ਼ਾਰਤ ਨੇ ਡਰੱਗ ਟੈਸਟਿੰਗ ਲੈਬਾਰਟਰੀ (ਆਯੁਰਵੇਦ) ਵਿਚ 7 ਅਸਾਮੀਆਂ ਸਿਰਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਮੰਤਰੀ ਮੰਡਲ ਨੇ ਵਾਤਾਵਰਣ ਵਿਚ ਸੁਧਾਰ ਲਿਆਉਣ, ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ, ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਵਿੱਚੋਂ ਬਾਹਰ ਕੱਢਣ ਅਤੇ ਕਿਸਾਨਾਂ ਦੀ ਵਿੱਤੀ ਹਾਲਤ ਸੁਧਾਰਨ ਦੇ ਉਦੇਸ਼ ਨਾਲ ਮਾਹਿਰਾਂ ਦੀਆਂ ਸੇਵਾਵਾਂ ਲੈਣ ਲਈ ਹਰੀ ਝੰਡੀ ਦੇ ਦਿੱਤੀ ਹੈ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਗਵੰਤ ਮਾਨ ਨੇ ਮੰਤਰੀ ਦੀ ਇਤਰਾਜ਼ ਵਾਲੀ ਵੀਡੀਓ ਬਾਰੇ ਦੋਸ਼ਾਂ ਨੂੰ ਨਕਾਰਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਸੂਬੇ ਦੇ ਇਕ ਮੰਤਰੀ ਖਿਲਾਫ 'ਬੇਬੁਨਿਆਦ' ਦੋਸ਼ ਲਾਉਣ ਲਈ ਤਿੱਖਾ ਹਮਲਾ ਕੀਤਾ ਹੈ।



ਸ੍ਰੀ ਮਾਨ ਨੇ ਕਿਹਾ ਕਿ ਦੋਸ਼ਾਂ ਤੋਂ ਪਤਾ ਚੱਲਦਾ ਹੈ ਕਿ ਜਲੰਧਰ ਵਿਚ 10 ਮਈ ਨੂੰ ਹੋਣ ਵਾਲੀ ਲੋਕ ਸਭਾ ਜਿਮਨੀ ਚੋਣ ਤੋਂ ਪਹਿਲਾਂ ਉਹ ਘਬਰਾ ਗਏ ਹਨ। ਸਿਰਸਾ ਨੇ ਟਵੀਟ ਵਿਚ ਦੋਸ਼ ਲਾਇਆ ਕਿ ਸ੍ਰੀ ਮਾਨ ਦੇ ਇਕ ਮੰਤਰੀ ਦੀ 'ਇਤਰਾਜ਼ਯੋਗ ਵੀਡੀਓ' ਪੰਜਾਬ ਦੇ ਰਾਜਪਾਲ ਨੂੰ ਸੌਂਪੇ ਜਾਣ ਤੋਂ ਬਾਅਦ ਉਸ ਮੰਤਰੀ ਨੇ ਅਸਤੀਫਾ ਦੇ ਦਿੱਤਾ ਹੈ। ਸਿਰਸਾ ਦੇ ਦੋਸ਼ਾਂ ਉਤੇ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਨੇ ਭਾਜਪਾ ਨੇਤਾ ਉਤੇ ਵਿਅੰਗ ਕੀਤਾ ਅਤੇ ਉਨ੍ਹਾਂ ਦੇ ਦਾਅਵਿਆਂ ਨੂੰ ਬੇਬੁਨਿਆਦ ਕਰਾਰ ਦਿੱਤਾ।

ਸ੍ਰੀ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਅਸਤੀਫਾ ਜਾਂ ਵੀਡੀਓ ਨਹੀਂ ਮਿਲਿਆ ਹੈ। ਕਾਂਗਰਸ ਵਿਧਾਇਕ ਖਹਿਰਾ ਨੇ ਕਿਸੇ ਦਾ ਨਾਂ ਲਏ ਬਿਨਾਂ ਕਿਹਾ ਸੀ ਕਿ ਉਨ੍ਹਾਂ ਨੇ 'ਆਪ' ਮੰਤਰੀ ਦੀਆਂ ਇਤਰਾਜ਼ਯੋਗ ਵੀਡੀਓਜ਼ ਰਾਜਪਾਲ ਨੂੰ ਸੌਂਪੀਆਂ ਹਨ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਜੇਕਰ ਵੀਡੀਓ ਸੱਚੀ ਹੈ ਤਾਂ ਮੰਤਰੀ ਨੂੰ ਮੰਤਰੀ ਮੰਡਲ ਤੋਂ ਬਰਖ਼ਾਸਤ ਕੀਤਾ ਜਾਵੇ।

## ਗੈਂਗਸਟਰ ਟਿੱਲੂ ਤਾਜਪੁਰੀਆ ਦੀ ਤਿਹਾੜ ਜੇਲ੍ਹ 'ਚ ਹੱਤਿਆ

**ਨਵੀਂ ਦਿੱਲੀ:** ਦਿੱਲੀ ਦੀ ਰੋਹਿਣੀ ਕੋਰਟ ਗੋਲੀ ਕਾਂਡ ਦੇ ਮੁਲਜ਼ਮ ਗੈਂਗਸਟਰ ਟਿੱਲੂ ਤਾਜਪੁਰੀਆ 'ਤੇ ਤਿਹਾੜ ਜੇਲ੍ਹ ਵਿਚ ਉਸ ਦੇ ਵਿਰੋਧੀਆਂ ਨੇ ਕਥਿਤ ਤੌਰ 'ਤੇ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਇਹ ਘਟਨਾ ਸਵੇਰੇ 6.30 ਵਜੇ ਦੇ ਕਰੀਬ ਵਾਪਰੀ। ਵਿਰੋਧੀਆਂ ਵੱਲੋਂ ਹਮਲਾ ਕੀਤੇ ਜਾਣ ਤੋਂ ਬਾਅਦ ਤਾਜਪੁਰੀਆ ਨੂੰ ਦੀਨ ਦਿਆਲ ਉਪਾਧਿਆਏ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੀਨੀਅਰ ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਸੁਨੀਲ ਉਰਫ ਟਿੱਲੂ ਤਾਜਪੁਰੀਆ (33) ਨੂੰ ਹਾਈ ਰਿਸਕ ਵਾਰਡ ਦੀ ਹੇਠਲੀ ਮੰਜ਼ਿਲ 'ਚ ਰੱਖਿਆ ਗਿਆ ਸੀ।

## ਮੋਰਿੰਡਾ ਗੁਰੂ ਘਰ 'ਚ ਬੇਅਦਬੀ ਕਰਨ ਵਾਲੇ ਦੀ ਮੌਤ

**ਮਾਨਸਾ:** ਮੋਰਿੰਡਾ ਦੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਵਿਚ ਬੇਅਦਬੀ ਕਰਨ ਵਾਲੇ ਜਸਵੀਰ ਸਿੰਘ ਦੀ ਇਥੇ ਸਿਵਲ ਹਸਪਤਾਲ ਵਿਚ ਮੌਤ ਹੋ ਗਈ। ਮੌਤ ਪਿੱਛੋਂ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਉਸ ਦੀ ਦੇਹ ਲੈਣ ਲਈ ਨਹੀਂ ਪੁੱਜੇ, ਜਿਸ ਪਿੱਛੋਂ ਪੁਲਿਸ ਖੁਦ ਉਸ ਦੀ ਲਾਸ਼ ਲੈ ਕੇ ਪਿੰਡ ਪੁੱਜੀ।

ਮੌਤ ਤੋਂ ਪਹਿਲਾਂ ਉਸ ਨੇ ਮਾਨਸਾ ਦੀ ਜੇਲ੍ਹ ਵਿਚ ਪੇਟ ਦਰਦ ਅਤੇ ਛਾਤੀ ਦੀ ਤਕਲੀਫ ਸਬੰਧੀ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਸੀ, ਜਿਨ੍ਹਾਂ ਵੱਲੋਂ ਮੁੱਢਲੀ ਸਹਾਇਤਾ ਦੇਣ ਉਪਰੰਤ ਮਾਨਸਾ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਪਰ ਹਾਲਤ ਕਾਬੂ ਹੇਠ ਆਉਣ ਦੀ ਥਾਂ, ਸਗੋਂ ਵਿਗੜਦੇ ਹੀ ਗਏ। ਬਾਅਦ ਵਿਚ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮਾਨਸਾ ਦੇ ਸੀਨੀਅਰ ਪੁਲਿਸ ਕਪਤਾਨ ਡਾ. ਨਾਨਕ ਸਿੰਘ ਨੇ ਦੱਸਿਆ ਕਿ ਜਸਵੀਰ ਸਿੰਘ ਦੀ ਮੌਤ ਛਾਤੀ ਵਿਚ ਦਰਦ ਹੋਣ ਨਾਲ ਹੋਈ ਦੱਸੀ ਜਾਂਦੀ ਹੈ।ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਰਘਵੀਰ ਸਿੰਘ ਨੇ ਜਸਵੀਰ ਸਿੰਘ ਦੀ ਮੌਤ ਸਬੰਧੀ ਪੜਤਾਲ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਉਸ ਵੱਲੋਂ ਕੀਤੀ ਬੇਅਦਬੀ ਦੀ ਜਾਂਚ ਵੀ ਜਨਤਕ ਕਰਨੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗ ਸਕੇ।

## ਗੋਲਡੀ ਬਰਾੜ ਕੈਨੇਡਾ 'ਚ ਖਤਰਨਾਕ ਗੈਂਗਸਟਰਾਂ ਦੀ ਸੂਚੀ 'ਚ

**ਚੰਡੀਗੜ੍ਹ:** ਸਿੱਧੂ ਮੂਸੇਵਾਲਾ ਹੱਤਿਆਕਾਂਡ ਦੇ ਮੁੱਖ ਮੁਲਜ਼ਮ ਅਤੇ ਗੈਂਗਸਟਰ ਗੋਲਡੀ ਬਰਾੜ ਹੁਣ ਅਧਿਕਾਰਤ ਤੌਰ 'ਤੇ ਕੈਨੇਡਾ ਦੇ ਸਿਖਰਲੇ 25 ਮੋਸਟ ਵਾਂਟੇਡ ਅਪਰਾਧੀਆਂ ਵਿਚ ਸ਼ਾਮਲ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ ਉਸ ਨੂੰ ਲੋੜੀਂਦੇ ਅਪਰਾਧੀਆਂ ਵਿਚ 15ਵੇਂ ਨੰਬਰ 'ਤੇ ਸੂਚੀਬੱਧ ਕੀਤਾ ਹੈ। ਇਹ ਕੈਨੇਡਾ-ਅਧਾਰਤ ਬੋਲੋ ਪ੍ਰੋਗਰਾਮ ਦੀ ਵੈੱਬਸਾਈਟ ਰਾਹੀਂ ਸਾਹਮਣੇ ਆਇਆ ਹੈ, ਜੋ ਵੱਖ-ਵੱਖ ਕਾਨੂੰਨ ਏਜੰਸੀਆਂ ਤੋਂ ਜਨਤਕ ਹਿੱਤ ਵਿਚ ਜਾਣਕਾਰੀ ਨਸ਼ਰ ਕਰਦੀ ਹੈ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਹਾਲ ਹੀ ਵਿਚ ਬਰਾੜ ਅਤੇ ਉਸ ਦੇ ਸਾਥੀ ਲਾਰੈਂਸ ਬਿਸ਼ਨੋਈ (ਬਠਿੰਡਾ ਜੇਲ੍ਹ ਵਿਚ), ਅਤੇ ਅਨਮੋਲ ਬਿਸ਼ਨੋਈ (ਆਖਰੀ ਵਾਰ ਕੈਲੀਫੋਰਨੀਆ, ਯੂ.ਐਸ.ਏ. ਵਿਚ ਦੇਖੇ ਗਏ) ਨੂੰ ਚਾਰਜਸ਼ੀਟ ਕੀਤਾ ਹੈ, ਜਿਸ ਵਿਚ ਦਾਅਵਾ ਹੈ ਕਿ ਉਨ੍ਹਾਂ ਦੇ ਅਤਿਵਾਦੀ ਸੰਗਠਨਾਂ ਨਾਲ ਸਬੰਧ ਹਨ। ਭਾਰਤ ਨੇ ਕੈਨੇਡੀਅਨ ਸਰਕਾਰ ਨੂੰ ਜ਼ੋਰਦਾਰ ਢੰਗ ਨਾਲ ਕਿਹਾ ਹੈ ਕਿ ਗੋਲਡੀ ਬਰਾੜ ਵਰਗੇ ਅਪਰਾਧੀਆਂ ਨੂੰ ਭਾਰਤ ਵਿਰੁੱਧ ਅਪਰਾਧ ਅਤੇ ਦਹਿਸ਼ਤ ਕਾਰਵਾਈਆਂ ਲਈ ਆਪਣੀ ਜਮੀਨ ਦੀ ਵਰਤੋਂ ਨਾ ਕਰਨ ਦਿੱਤੀ ਜਾਵੇ। ਬੋਲੋ ਪ੍ਰੋਗਰਾਮ ਦੀ ਵੈੱਬਸਾਈਟ ਜਿਸ ਨੇ ਬਰਾੜ ਦੀ ਫੋਟੋ ਪ੍ਰਦਰਸ਼ਿਤ ਕੀਤੀ ਹੈ, ਦਾ ਕਹਿਣਾ ਹੈ ਕਿ ਪ੍ਰੋਗਰਾਮ ਦਾ ਟੀਚਾ ਕੈਨੇਡਾ ਦੇ ਲੋੜੀਂਦੇ ਅਪਰਾਧੀਆਂ ਬਾਰੇ ਲੋਕਾਂ ਨੂੰ ਦੱਸਣਾ ਹੈ।

## ਸ਼ਰਦ ਪਵਾਰ ਵੱਲੋਂ ਐਨ.ਸੀ.ਪੀ. ਦੀ ਪ੍ਰਧਾਨਗੀ ਛੱਡਣ ਦਾ ਐਲਾਨ

**ਮੁੰਬਈ:** ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਪ੍ਰਧਾਨ ਸ਼ਰਦ ਪਵਾਰ ਨੇ ਐਲਾਨ ਕੀਤਾ ਹੈ ਕਿ ਉਹ ਪਾਰਟੀ ਦੀ ਪ੍ਰਧਾਨਗੀ ਛੱਡ ਰਹੇ ਹਨ। ਇਥੇ ਯਸ਼ਵੰਤਰਾਵ ਚਵਾਨ ਪ੍ਰਤਿਸਠਾਨ ਵਿਚ ਆਪਣੀ ਸਵੈ-ਜੀਵਨੀ ਦੇ ਰਿਲੀਜ ਮੌਕੇ ਸ੍ਰੀ ਪਵਾਰ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ ਐਲਾਨ ਦਾ ਐਨ.ਸੀ.ਪੀ. ਆਗੂਆਂ ਅਤੇ ਵਰਕਰਾਂ ਵਿਚ ਵਿਰੋਧ ਹੋਇਆ। ਪਾਰਟੀ ਦੀ ਭਵਿੱਖੀ ਕਾਰਵਾਈ ਬਾਰੇ ਫੈਸਲਾ ਕਰਨ ਲਈ ਸੀਨੀਅਰ ਨੇਤਾਵਾਂ ਦੇ ਪੈਨਲ ਕਾਇਮ ਕਰਨ ਦਾ ਐਲਾਨ ਕਰਦੇ ਹੋਏ ਸ੍ਰੀ ਪਵਾਰ ਨੇ ਕਿਹਾ, 'ਮੈਂ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਪ੍ਰਧਾਨ ਦਾ ਅਹੁਦਾ ਛੱਡਣ ਦਾ ਫੈਸਲਾ ਕੀਤਾ ਹੈ।'

## ਭਾਜਪਾ ਸਰਕਾਰ ਨੇ ਚਾਰ ਫੀਸਦੀ ਮੁਸਲਿਮ ਰਾਖਵਾਂਕਰਨ ਖਤਮ ਕੀਤਾ: ਸ਼ਾਹ

**ਗੁੱਬੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਥੇ ਭਾਜਪਾ ਉਮੀਦਵਾਰ ਦੇ ਹੱਕ 'ਚ ਰੋਡ ਸ਼ੋਅ ਕੱਢਦਿਆਂ ਲੋਕਾਂ ਤੋਂ 10 ਮਈ ਨੂੰ ਹੋ ਰਹੀਆਂ ਕਰਨਾਟਕ ਵਿਧਾਨ ਚੋਣਾਂ ਲਈ ਸਮਰਥਨ ਮੰਗਿਆ। ਸ਼ਾਹ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਇਕ ਗੱਡੀ ਵਿਚ ਖੜ੍ਹੇ ਸਨ ਅਤੇ ਸੜਕ ਦੇ ਦੋਵੇਂ ਪਾਸੇ ਅਤੇ ਛੱਤਾਂ 'ਤੇ ਖੜ੍ਹੇ ਲੋਕਾਂ ਨੇ ਕੇਂਦਰੀ ਮੰਤਰੀ 'ਤੇ ਫੁੱਲ ਬਰਸਾਏ।

ਇੱਥੇ ਟੁਮਕੂਰੂ ਜਿਲ੍ਹੇ ਵਿਚ ਰੋਡ ਸ਼ੋਅ ਦੀ ਸਮਾਪਤੀ 'ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਭਾਜਪਾ ਉਮੀਦਵਾਰ ਨੂੰ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ ਤਾਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸੂਬੇ ਵਿਚ 'ਡਬਲ ਇੰਜਣ ਦੀ ਸਰਕਾਰ' ਸੱਤਾ ਵਿਚ ਲਿਆਂਦੀ ਜਾ ਸਕੇ। ਸ਼ਾਹ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਬੀ.ਐਸ. ਯੇਦੀਯੁਰੱਪਾ ਅਤੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਰਨਾਟਕ ਲਈ ਕਾਫੀ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਮੁਸਲਮਾਨਾਂ ਨੂੰ ਮਿਲਣ ਵਾਲਾ ਚਾਰ ਫੀਸਦੀ ਰਾਖਵਾਂਕਰਨ ਖਤਮ ਕੀਤਾ ਅਤੇ ਐਸ.ਸੀ/ਐਸ.ਟੀ. ਵਰਗਾਂ ਲਈ ਕੋਟਾ ਵਧਾ ਦਿੱਤਾ ਹੈ। ਉਨ੍ਹਾਂ ਕਿਹਾ, "ਜੇਕਰ ਕਾਂਗਰਸ ਸੱਤਾ ਵਿਚ ਆਵੇਗੀ ਤਾਂ ਉਹ (ਵਧਾਏ ਗਏ) ਇਨ੍ਹਾਂ ਸਾਰੇ ਕੋਟਿਆਂ ਨੂੰ ਵਾਪਸ ਲੈ ਲਵੇਗੀ ਅਤੇ ਇਕ ਵਾਰ ਮੁੜ ਤੋਂ ਮੁਸਲਿਮ ਰਾਖਵਾਂਕਰਨ ਲੈ ਆਵੇਗੀ।

## ਹੁਣ ਪੰਜਾਬ ਦੀਆਂ ਜੇਲ੍ਹਾਂ ਨੂੰ ਖਤਰਾ !

*(ਪਹਿਲੇ ਸਫੇ ਦੀ ਬਾਕੀ)*

ਕਿ ਗੁਪਤ ਸੂਚਨਾ ਇਹ ਵੀ ਹੈ ਕਿ ਲੰਡਾ ਹਰੀਕੇ ਵੱਖ-ਵੱਖ ਜੇਲ੍ਹਾਂ ਦੇ ਜੇਲ੍ਹ ਸੁਪਰਡੈਂਟਾਂ, ਅਡੀਸ਼ਨਲ ਸੁਪਰਡੈਂਟ ਅਤੇ ਡਿਪਟੀ ਸੁਪਰਡੈਂਟ ਸੁਰੱਖਿਆ ਉਪਰ ਵੀ ਹਮਲਾ ਕਰਵਾ ਸਕਦਾ ਹੈ, ਤਾਂ ਜੋ ਉਨ੍ਹਾਂ ਦੇ ਗੈਂਗ ਦੇ ਮੈਂਬਰਾਂ ਨੂੰ ਜੇਲ੍ਹ ਤੋਂ ਛੁਡਵਾਇਆ ਜਾ ਸਕੇ।

ਚੇਤੇ ਰਹੇ ਕਿ ਐਨ.ਆਈ.ਏ. (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਵੱਲੋਂ ਲਖਬੀਰ ਸਿੰਘ ਲੰਡਾ ਹਰੀਕੇ ਦੀ ਗ੍ਰਿਫਤਾਰੀ ਲਈ ਫਰਵਰੀ ਮਹੀਨੇ 'ਚ 15 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਇਸ ਗੰਭੀਰ ਮਾਮਲੇ ਸਬੰਧੀ ਸੂਚਨਾ ਮਿਲਣ ਉਤੇ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਦੇ ਜੇਲ੍ਹ ਸੁਪਰਡੈਂਟਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਰੂਰੀ ਕਦਮ ਚੁੱਕਣ ਅਤੇ ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰਨ।

## ਕਾਂਗਰਸ ਵੱਲੋਂ ਕਰਨਾਟਕ ਚੋਣਾਂ ਲਈ ਚੋਣ ਮਨੋਰਥ ਪੱਤਰ ਜਾਰੀ

**ਬੰਗਲੌਰ:** ਕਾਂਗਰਸ ਦੀ ਕਰਨਾਟਕ ਇਕਾਈ ਨੇ ਰਾਜ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ। ਕਰਨਾਟਕ ਵਿਚ ਵਿਧਾਨ ਸਭਾ ਚੋਣਾਂ ਲਈ 10 ਮਈ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 13 ਮਈ ਨੂੰ ਹੋਵੇਗੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਕਰਨਾਟਕ ਕਾਂਗਰਸ ਦੇ ਪ੍ਰਧਾਨ ਡੀਕੇ ਸ਼ਿਵਕੁਮਾਰ ਅਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਸਿੱਧਰਮਈਆ ਸਣੇ ਪਾਰਟੀ ਦੇ ਹੋਰ ਆਗੂਆਂ ਦੀ ਹਾਜਰੀ 'ਚ ਮੈਨੀਫੈਸਟੋ ਜਾਰੀ ਕੀਤਾ, ਜਿਸ 'ਚ ਗ੍ਰਹਿ ਜੋਤੀ, ਗ੍ਰਹਿ ਲਕਸ਼ਮੀ, ਅੰਨਾ ਭਾਗਿਆ, ਯੁਵਾ ਨਿਧੀ ਅਤੇ ਸ਼ਕਤੀ ਦੀਆਂ ਪੰਜ ਗਾਰੰਟੀਆਂ ਨੂੰ ਦੁਹਰਾਇਆ ਗਿਆ ਹੈ। ਮੈਨੀਫੈਸਟੋ ਅਨੁਸਾਰ ਗ੍ਰਹਿ ਜੋਤੀ ਤਹਿਤ 200 ਯੂਨਿਟ ਮੁਫਤ ਬਿਜਲੀ ਦੇਣ ਦਾ ਵਾਅਦਾ ਕੀਤਾ ਗਿਆ ਹੈ, ਜਦਕਿ ਗ੍ਰਹਿ ਲਕਸ਼ਮੀ ਤਹਿਤ ਪਰਿਵਾਰ ਦੇ ਮੁਖੀ ਨੂੰ 2000 ਰੁਪਏ ਅਤੇ ਅੰਨਾ ਭਾਗਿਆ ਤਹਿਤ ਦਸ ਕਿਲੋ ਅਨਾਜ ਦੇਣ ਦਾ ਵਾਅਦਾ ਕੀਤਾ ਗਿਆ ਹੈ।

## ਅਕਾਲੀ ਦਲ ਦੇ ਭਵਿੱਖ ਬਾਰੇ ਫਿਰ ਚਰਚਾ

*(ਪਹਿਲੇ ਸਫੇ ਦੀ ਬਾਕੀ)*

ਕਾਂਡ ਵਿਚ ਵੀ ਬੋਲਦਾ ਹੈ। ਪੰਜਾਬ ਦੇ ਗ੍ਰਹਿ ਵਿਭਾਗ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਖਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਗ੍ਰਹਿ ਵਿਭਾਗ ਨੇ ਉਕਤ ਸਿਆਸਤਦਾਨਾਂ ਤੇ ਪੁਲਿਸ ਅਧਿਕਾਰੀਆਂ ਖਿਲਾਫ਼ ਫੌਜਦਾਰੀ ਕੇਸ ਚਲਾਉਣ ਨੂੰ ਹਰੀ ਝੰਡੀ ਦਿੰਦਿਆਂ ਕਿਹਾ ਕਿ ਜਾਂਚ ਟੀਮ ਵੱਲੋਂ ਇਕੱਤਰ ਕੀਤੇ ਗਏ ਸਬੂਤ, ਗਵਾਹ ਅਤੇ ਹੋਰ ਦਸਤਾਵੇਜ਼, ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪੰਜਾਬ ਦੇ ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੂਰੀ ਸਕ੍ਰਿਪਟ ਲਿਖੀ ਸੀ ਅਤੇ ਉਹ ਇਸ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਹਨ। ਸਿਆਸੀ ਮਾਹਰਾਂ ਅਨੁਸਾਰ, ਜ਼ਿਆਦਾਤਰ ਟਕਸਾਲੀ ਆਗੂ ਸੁਖਬੀਰ ਦੀ ਕਾਰਗੁਜ਼ਾਰੀ ਤੋਂ ਔਖੇ ਹਨ ਪਰ ਉਹ ਵੱਡੇ ਬਾਦਲ ਦੇ ਲਿਹਾਜ਼ ਕਾਰਨ ਚੁੱਪ ਸਨ ਪਰ ਹੁਣ ਉਨ੍ਹਾਂ ਦੇ ਤੁਰ ਜਾਣ ਪਿੱਛੋਂ ਪਾਰਟੀ ਅੰਦਰ ਬਗਾਵਤ ਦੀਆਂ ਸੁਰਾਂ ਉੱਚੀਆਂ ਹੋ ਸਕਦੀਆਂ ਹਨ। ਇਸ ਲਈ ਆਉਂਦੇ ਦਿਨ ਅਕਾਲੀ ਦਲ, ਖਾਸ ਕਰ ਕੇ ਸੁਖਬੀਰ ਸਿੰਘ ਬਾਦਲ ਲਈ ਵੱਡੀ ਚੁਣੌਤੀ ਵਾਲੇ ਹੋ ਸਕਦੇ ਹਨ।

## ਰਿਕਾਰਡ ਜੀ.ਐਸ.ਟੀ. ਇਕੱਤਰ ਹੋਇਆ

**ਨਵੀਂ ਦਿੱਲੀ:** ਅਪਰੈਲ ਮਹੀਨੇ ਵਿਚ 1.87 ਲੱਖ ਕਰੋੜ ਰੁਪਏ ਜੀ.ਐਸ.ਟੀ. ਇਕੱਠਾ ਹੋਇਆ ਹੈ ਜੋ ਕਿ ਇਕ ਮਹੀਨੇ ਵਿਚ ਇਕੱਤਰ ਸਭ ਤੋਂ ਵੱਧ ਮਾਲੀਆ ਹੈ। ਸਾਲਾਨਾ ਰੂਪ ਵਿਚ ਇਹ 12 ਪ੍ਰਤੀਸ਼ਤ ਦਾ ਵਾਧਾ ਹੈ। ਵਿੱਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਇਸ ਤੋਂ ਪਹਿਲਾਂ ਅਪਰੈਲ 2022 ਵਿਚ 1.68 ਲੱਖ ਕਰੋੜ ਰੁਪਏ ਜੀ.ਐਸ.ਟੀ. ਇਕੱਠਾ ਹੋਇਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਆਮੀਰ ਸਾਹੀ ਫਾਊਂਡੇਸ਼ਨ ਦਾ ਤੀਸਰਾ ਸਾਲਾਨਾ ਕੈਂਸਰ ਜਾਗਰੂਕਤਾ ਸਮਾਰੋਹ

ਆਮੀਰ ਸਾਹੀ ਫਾਊਂਡੇਸ਼ਨ ਦਾ ਇਹ ਤੀਸਰਾ ਫੰਡ ਰੇਜ਼ਿੰਗ ਸਮਾਰੋਹ 21 ਅਪਰੈਲ ਨੂੰ ਆਸ਼ੀਆਨਾ ਬੈਂਕੁਇਟ ਹਾਲ, ਡਾਊਨਰਜ਼ ਗਰੋਵ (ਇਲੀਨਾਏ) ਵਿਖੇ ਕੀਤਾ ਗਿਆ। ਇਸ ਸਮਾਗਮ ਦਾ ਨਾਂ 'ਬੌਲੀਵੁਡ ਬੰਗੜਾ ਬਾਲ' ਰੱਖਿਆ ਗਿਆ ਸੀ ਕਿਉਂਕਿ ਆਮੀਰ ਨੂੰ ਪੰਜਾਬੀ ਸਭਿਆਚਾਰ-

Aameer Sahi Foundation

ਗਾਣੇ ਅਤੇ ਭੰਗੜਾ ਬਹੁਤ ਪਸੰਦ ਸਨ। ਇਸ ਵਿਚ ਤਕਰੀਬਨ 400 ਤੋਂ ਵੱਧ ਸ਼ੁਭਚਿੰਤਕਾਂ ਨੇ ਹਿੱਸਾ ਲਿਆ। ਸਮੁੱਚਾ ਸਮਾਗਮ ਨੀਤੂ ਮਾਸੂਤਾ ਨੇ ਚਲਾਇਆ।

ਸਾਡੇ ਸਪਾਸਰਾਂ ਅਤੇ ਮਹਿਮਾਨਾਂ ਦੀ ਦਰਿਆ ਦਿਲੀ ਸਦਕਾ ਬੜੀ ਅੱਛੀ ਤਾਦਾਦ ਵਿਚ ਫੰਡ ਰੇਜ਼ ਕੀਤੇ ਗਏ। ਇਸ ਲਈ ਅਸੀਂ ਸਾਰੇ ਦਾਨੀਆਂ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਇਹ ਰਾਸ਼ੀ ਕੈਂਸਰ ਪੀੜਤਾਂ ਲਈ ਵਰਤੀ ਜਾਏਗੀ।

ਯਾਦ ਰਹੇ ਕਿ ਆਮੀਰ ਸਾਹੀ ਦਾ ਜਨਮ 1 ਅਗਸਤ 1998 ਨੂੰ ਮਾਤਾ ਰੂਬੀ ਸਾਹੀ ਅਤੇ ਪਿਤਾ ਸਨੀ ਸਾਹੀ ਦੇ ਗ੍ਰਹਿ ਵਿਚ ਸ਼ੈਰਰਵਿਲ (ਇੰਡੀਆਨਾ) ਵਿਚ ਹੋਇਆ। ਆਮੀਰ ਬਚਪਨ ਤੋਂ ਹੀ ਬੱਚਿਆਂ ਨੂੰ ਪਿਆਰ ਅਤੇ ਵੱਡਿਆਂ ਦਾ ਸਤਿਕਾਰ ਕਰਨ ਵਾਲਾ ਬੱਚਾ ਸੀ। ਉਹ ਆਪਣੇ ਵੱਡੇ ਭਰਾ ਅਨਮੋਲ ਸਾਹੀ ਦੇ ਨਾਲ-ਨਾਲ ਆਪਣੇ



ਦਾਦਾ ਦਾਦੀ, ਹਰਜੀਤ ਸਿੰਘ ਸਾਹੀ ਅਤੇ ਹਰਭਜਨ ਕੌਰ ਸਾਹੀ ਦਾ ਬਹੁਤ ਲਾਡਲਾ ਪੋਤਾ ਸੀ।

ਆਮੀਰ ਨੇ ਮਿਡਲ ਸਕੂਲ ਤੱਕ ਹੀ ਪੜ੍ਹਾਈ ਫੌਰੈਸਟ ਰਿੱਜ ਅਕੈਡਮੀ, ਸ਼ੈਰਰਵਿਲ (ਇੰਡੀਆਨਾ) ਅਤੇ ਹਾਈ ਸਕੂਲ ਦੀ ਪੜ੍ਹਾਈ ਲਾ ਲੂਮੀਅਰ ਹਾਈ ਸਕੂਲ, ਲੈਪਰਟ (ਇੰਡੀਆਨਾ) ਤੋਂ ਕੀਤੀ। ਮੁੱਢ ਤੋਂ ਹੀ ਉਹ ਬਾਸਕਟਬਾਲ ਖੇਡਣ ਦਾ ਸ਼ੌਕ ਰੱਖਦਾ ਸੀ। ਪੜ੍ਹਾਈ ਵਿਚ ਵੀ ਉਹ ਕਾਫ਼ੀ ਹੁਸ਼ਿਆਰ ਸੀ। 2016 ਵਿਚ ਗਰੈਜੂਏਸ਼ਨ ਤੋਂ ਬਾਅਦ ਉਸ ਨੇ ਸ਼ਿਕਾਗੋ ਵਿਚ ਡੀ ਪਾਲ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਇਸ ਯੂਨੀਵਰਸਿਟੀ ਦੀ ਬਾਸਕਟਬਾਲ ਟੀਮ ਸਾਰੇ ਦੇਸ਼ ਦੀਆਂ ਟੀਮਾਂ ਵਿਚੋਂ ਉਪਰਲੇ ਪੱਧਰ ਦੀਆਂ ਯੂਨੀਵਰਸਿਟੀ ਟੀਮਾਂ ਵਿਚੋਂ ਇਕ ਹੈ। ਇਥੇ ਪੜ੍ਹਾਈ ਦੇ ਨਾਲ-ਨਾਲ ਆਪਣੀ ਪਸੰਦੀਦਾ ਖੇਡ ਦਾ ਸ਼ੌਕ ਵੀ ਰੱਖਿਆ। ਕੁਝ ਹੀ ਚਿਰ ਵਿਚ ਉਹ ਡੀ ਪਾਲ ਯੂਨੀਵਰਸਿਟੀ, ਸ਼ਿਕਾਗੋ ਦਾ ਸਟੂਡੈਂਟ ਮੈਨੇਜਰ ਬਣ ਗਿਆ।

ਪਰ ਵਾਹਿਗੁਰੂ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਕ ਦਿਨ ਬਾਸਕਟਬਾਲ ਖੇਡਦੇ ਸਮੇਂ ਅਚਾਨਕ ਉਸ ਦੀ ਲੱਤ ਵਿਚ ਦਰਦ ਹੋਇਆ। ਦੋ-ਤਿੰਨ ਦਿਨ ਦਵਾਈ ਲੈਣ ਤੋਂ ਬਾਅਦ ਆਰਾਮ ਨਾ ਮਿਲਣ ਕਰ ਕੇ ਡਾਕਟਰਾਂ ਤੋਂ ਚੈੱਕਅਪ ਕਰਾਇਆ ਗਿਆ। ਪਤਾ ਲੱਗਾ ਕਿ ਉਹ ਐਮ.ਪੀ.ਐਨ.ਐਸ.ਟੀ. (ਮਲਿਗਨੈਂਟ ਪੈਰਿਫਰਲ ਨਰਵ ਸ਼ੀਥ ਟਿਊਮਰ) ਨਾਲ ਪ੍ਰਭਾਵਿਤ ਹੈ ਜੋ ਕੈਂਸਰ ਦੀ ਬਹੁਤ ਹੀ ਘਾਤਕ ਅਤੇ ਵਿਰਲੀ ਜਿਹੀ ਕਿਸਮ ਹੁੰਦੀ ਹੈ।




ਆਮੀਰ ਦਾ ਇਲਾਜ ਸ਼ਿਕਾਗੋ ਯੂਨੀਵਰਸਿਟੀ ਹਸਪਤਾਲ ਅਤੇ ਨਾਰਥ-ਵੈਸਟਰਨ ਮੈਡੀਕਲ ਸੈਂਟਰ ਵਿਚ ਲੰਮਾ ਸਮਾਂ ਚੱਲਿਆ। ਦੋ ਸਰਜਰੀਆਂ ਹੋਈਆਂ, ਕੀਮੋ ਥੈਰੇਪੀ ਅਤੇ ਰੇਡੀਏਸ਼ਨ ਦੇ ਕਈ ਸੈਸ਼ਨ ਹੋਏ ਪਰ ਕੈਂਸਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਤਕਰੀਬਨ ਡੇਢ ਸਾਲ ਤੱਕ ਆਮੀਰ ਨੇ ਬੜੇ ਹੌਸਲੇ ਅਤੇ ਬਹਾਦਰੀ ਨਾਲ ਕੈਂਸਰ ਦਾ ਮੁਕਾਬਲਾ ਕੀਤਾ ਪਰ ਸੱਚੇ ਪਾਤਸ਼ਾਹ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਅਤੇ 12 ਅਗਸਤ 2019 ਨੂੰ ਇਹ ਸ਼ੇਰ ਦਿਲ ਬੱਚਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਸ ਵੇਲੇ ਉਹ ਸਿਰਫ਼ 21 ਸਾਲ ਅਤੇ 11 ਦਿਨ ਦਾ ਸੀ।




ਉਸ ਦੇ ਇਲਾਜ ਦੌਰਾਨ ਕਈ ਐਨ.ਬੀ.ਏ. ਖਿਡਾਰੀਆਂ ਨੇ ਫੋਨ ਕਰ ਕੇ ਅਤੇ ਫੇਸਟਾਈਮ ਕਰ ਕੇ ਆਮੀਰ ਦੀ ਹੌਸਲਾਅਫ਼ਜ਼ਾਈ ਕੀਤੀ। ਇਨ੍ਹਾਂ ਵਿਚ ਸ਼ਿਕਾਗੋ ਬੁਲਜ਼ ਦੇ ਖਿਡਾਰੀ ਜਬਾਰੀ ਪਾਰਕਰ, ਸ਼ਕੀਲ ਹੈਰੀਸਨ, ਲੌਰੀ ਮਾਰਕੈਨਨ ਅਤੇ ਡੈਰਿਕ ਰੋਜ਼ ਸ਼ਾਮਲ ਸਨ। ਉਹਦੇ ਹਾਈ ਸਕੂਲ ਲਾ ਲੂਮੀਅਰ ਤੋਂ ਪੁਰਾਣੇ ਦੋਸਤ ਜੌਰਡਨ ਪੂਲ, ਜੈਰਨ ਜੈਕਸਨ ਜੂਨੀਅਰ, ਇਸਿਆਹਸਟੀਵਾਰਟ ਅਤੇ ਜੇਡਨ ਇਵਰੀ ਜੋ ਅੱਜ ਕੱਲ੍ਹ ਐਨ.ਬੀ.ਏ. ਖਿਡਾਰੀ ਹਨ, ਨੇ ਵੀ ਹਸਪਤਾਲ ਵਿਚ ਆ ਕੇ ਆਮੀਰ ਨੂੰ ਹੌਸਲਾ ਦਿੱਤਾ। ਮਿਆਮੀ ਹੀਟ ਦੇ ਮੌਜੂਦਾ ਖਿਡਾਰੀ ਮੈਕਸ ਸਟਰੂਸ ਨੇ ਵੀ ਬਹੁਤ ਜ਼ਿਆਦਾ ਹੌਸਲਾ ਆਮੀਰ ਨੂੰ ਦਿੱਤਾ ਅਤੇ ਖੁਦ ਘਰ ਆ ਕੇ ਵੀ ਆਮੀਰ ਦੇ ਚਿਹਰੇ 'ਤੇ ਮੁਸਕਰਾਹਟ ਲਿਆਂਦੀ। ਬਾਸਕਟਬਾਲ ਦੀ ਖੇਡ ਉਸ ਨੂੰ ਬਹੁਤ ਪਿਆਰੀ ਸੀ। ਯਾਦ ਰਹੇ ਕਿ ਆਮੀਰ ਸਾਹੀ ਬਾਰੇ ਸ਼ੈਨਨ ਰਿਆਨ ਨੇ 'ਸ਼ਿਕਾਗੋ ਟ੍ਰਿਬਿਊਨ' ਵਿਚ ਬੜਾ ਪ੍ਰੇਰਨਾਮਈ ਲੇਖ ਲਿਖਿਆ।

ਆਪਣੇ ਇਲਾਜ ਦੌਰਾਨ ਆਮੀਰ ਨੇ ਆਪਣੇ ਮਾਤਾ ਪਿਤਾ ਕੋਲ ਇੱਛਾ ਪ੍ਰਗਟਾਈ ਸੀ ਕਿ ਸਾਨੂੰ ਹਰ ਪ੍ਰਕਾਰ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿਚ ਉਹਦੀ ਤਰ੍ਹਾਂ 18 ਤੋਂ 24 ਸਾਲ ਦੇ ਹੋਰ ਬੱਚਿਆਂ ਨੂੰ ਇਸ ਤਰ੍ਹਾਂ ਦੀ ਤਕਲੀਫ ਵਿਚੋਂ ਨਾ ਲੰਘਣਾ ਪਵੇ। ਇਸੇ ਕਰ ਕੇ ਆਮੀਰ ਸਾਹੀ ਫਾਊਂਡੇਸ਼ਨ ਸ਼ੁਰੂ ਕੀਤੀ ਗਈ ਜੋ 501 (ਸੀ) 3 ਅਧੀਨ ਰਜਿਸਟਰਡ ਹੈ। ਇਸ ਦੇ ਤਿੰਨ ਵੱਡੇ ਉਦੇਸ਼ ਹਨ: ਕੈਂਸਰ ਮਰੀਜ਼ਾਂ ਲਈ ਨਾਨ-ਮੈਡੀਕਲ ਫਿਨਾਂਸ਼ੀਅਲ ਏਡ, ਕਲੀਨੀਕਲ ਰਿਸਰਚ ਅਤੇ 18 ਤੋਂ 24 ਸਾਲ ਦੇ ਕੈਂਸਰ ਮਰੀਜ਼ਾਂ ਨੂੰ ਜਾਗਰੂਕ ਕਰਾਉਣਾ ਤਾਂ ਕਿ ਅਜਿਹੀ ਬਿਮਾਰੀ ਤੋਂ ਕਿਵੇਂ ਬਚਾਉ ਕੀਤਾ ਜਾ ਸਕੇ।

ਹੋਰ ਜਾਣਕਾਰੀ ਅਤੇ ਇਸ ਨੇਕ ਕਾਰਜ ਵਿਚ ਸਹਿਯੋਗ ਦੇਣ ਲਈ ਤੁਸੀਂ www.aameersahifoundation.org ਅਤੇ ਕਿਊ.ਆਰ. ਕੋਡ 'ਤੇ ਮਿਲਾਪ ਕਰ ਸਕਦੇ ਹੋ। ਤੁਹਾਡਾ ਯੋਗਦਾਨ ਜ਼ਰੂਰ ਹੀ ਕਈ ਉਦਾਸ ਚਿਹਰਿਆਂ ਉਤੇ ਮੁਸਕਰਾਹਟ ਲਿਆਏਗਾ।

# ਵੱਧ ਆਬਾਦੀ ਦੀਆਂ ਚੁਣੌਤੀਆਂ

**ਮਨੋਜ ਜੋਸ਼ੀ**

ਇਸ ਗੱਲ ਦੀ ਕਾਫ਼ੀ ਚਰਚਾ ਹੈ ਕਿ ਭਾਰਤ ਹੁਣ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਬਣ ਗਿਆ ਹੈ। ਇਹ ਸੰਯੁਕਤ ਰਾਸ਼ਟਰ (ਯੂ.ਐਨ.) ਦੇ ਆਬਾਦੀ ਸਬੰਧੀ ਡੈਸ਼ਬੋਰਡ ਦਾ ਲਾਇਆ ਅੰਦਾਜ਼ਾ ਹੈ ਕਿਉਂਕਿ ਭਾਰਤ ਨੇ 2011 ਤੋਂ ਬਾਅਦ ਮਰਦਮਸ਼ੁਮਾਰੀ ਨਹੀਂ ਕੀਤੀ। ਸਾਲ 2021 ਵਿਚ ਹੋਣ ਵਾਲੀ ਮਰਦਮਸ਼ੁਮਾਰੀ ਆਲਮੀ ਮਹਾਮਾਰੀ ਕਾਰਨ ਟਾਲ ਦਿੱਤੀ ਗਈ ਸੀ ਅਤੇ ਅਜੇ ਤੱਕ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ ਕਿ ਇਹ ਸਰਕਾਰੀ ਮਰਦਮਸ਼ੁਮਾਰੀ ਕਦੋਂ ਕੀਤੀ ਜਾਵੇਗੀ।

ਕੋਈ ਸਮਾਂ ਸੀ ਜਦੋਂ ਅਜਿਹੀਆਂ ਖ਼ਬਰਾਂ ਦੁੱਖ ਅਤੇ ਨਿਰਾਸ਼ਾ ਵਾਲੀਆਂ ਹੁੰਦੀਆਂ ਸਨ ਪਰ ਅੱਜ ਜਦੋਂ ਦੁਨੀਆ ਦੇ ਬਹੁਤੇ ਹਿੱਸੇ ਘਟਦੀ ਆਬਾਦੀ ਦੀ ਸਮੱਸਿਆ ਨਾਲ ਜੂਝ ਰਹੇ ਹਨ ਤਾਂ ਭਾਰਤ ਦੇ ਇਸ ਨੌਜਵਾਨੀ ਵਾਲੇ ਪ੍ਰੋਫਾਈਲ ਨੂੰ ਈਰਖਾ ਭਰੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਯੂ.ਐਨ. ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 28 ਸਾਲਾਂ ਦੀ ਔਸਤ ਉਮਰ ਨਾਲ ਭਾਰਤ ਦੀ ਅੱਧੀ ਤੋਂ ਵੱਧ ਆਬਾਦੀ 30 ਸਾਲ ਤੋਂ ਘੱਟ ਵਾਲੇ ਉਮਰ ਜੁੱਟ ਵਿਚ ਆਉਂਦੀ ਹੈ। ਕੰਮ-ਕਾਜੀ ਉਮਰ ਵਾਲੀ 15 ਤੋਂ 64 ਸਾਲ ਦੀ ਆਬਾਦੀ ਜੋ 92.50 ਕਰੋੜ ਬਣਦੀ ਹੈ, ਦਾ ਲਾਹਾ ਭਾਰਤ ਨੂੰ ਕਈ ਰੂਪਾਂ ਵਿਚ ਮਿਲੇਗਾ, ਜਿਵੇਂ ਵਧੇਰੇ ਆਬਾਦੀ ਜ਼ਿਆਦਾ ਪੈਦਾਵਾਰ ਕਰੇਗੀ, ਜ਼ਿਆਦਾ ਖ਼ਪਤ ਕਰੇਗੀ, ਬੱਚਤ ਵੀ ਜ਼ਿਆਦਾ ਕਰੇਗੀ ਅਤੇ ਨਾਲ ਹੀ ਉਨ੍ਹਾਂ ਉਤੇ ਆਪਣੀ ਬਿਰਧ ਆਬਾਦੀ ਨੂੰ ਸੰਭਾਲਣ ਦਾ ਵਜ਼ਨ ਵੀ ਘੱਟ ਹੋਵੇਗਾ।

ਯਕੀਨਨ, ਇਸ ਦੌਰਾਨ ਇਹ ਮੰਨ ਲਿਆ ਜਾਂਦਾ ਹੈ ਕਿ ਨੌਜਵਾਨਾਂ ਕੋਲ ਉਪਜਾਊ ਅਤੇ ਮੁਕਾਬਲਤਨ ਵਧੀਆ ਉਜਰਤਾਂ ਦੇਣ ਵਾਲੀਆਂ ਨੌਕਰੀਆਂ ਹੋਣਗੀਆਂ। ਬਦਲੇ ਵਿਚ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਕੋਲ ਖਾਣ ਲਈ ਕਾਫ਼ੀ ਭੋਜਨ ਹੋਵੇਗਾ, ਵਧੀਆ ਸਿਹਤ ਹੋਵੇਗੀ ਅਤੇ ਉਪਯੋਗੀ ਸਿੱਖਿਆ ਦਾ ਲਾਭ ਹੋਵੇਗਾ। ਬਸ ਇਥੇ ਹੀ ਖ਼ਰਾਬੀ ਲੁਕੀ ਹੈ।

ਦੇਸ਼ ਵਿਚ ਰੁਜ਼ਗਾਰ ਵਿਚ ਖੇਤੀ ਖੇਤਰ ਦਾ ਹਿੱਸਾ 43 ਫ਼ੀਸਦੀ ਹੈ; ਇਸ ਦੇ ਮੁਕਾਬਲੇ ਇਹ ਅੰਕੜਾ ਚੀਨ ਵਿਚ 25 ਫ਼ੀਸਦੀ ਅਤੇ ਅਮਰੀਕਾ ਵਿਚ 2 ਫ਼ੀਸਦੀ ਤੋਂ ਵੀ ਘੱਟ ਹੈ। ਜੇ ਭਾਰਤ ਨੇ ਖੇਤੀ ਖੇਤਰ ਵਿਚ ਰੁਜ਼ਗਾਰ ਘਟਾ ਕੇ 15 ਫ਼ੀਸਦੀ ਉਤੇ ਲਿਆਉਣਾ ਹੋਵੇ ਤਾਂ ਸਾਨੂੰ ਆਗਾਮੀ 25 ਸਾਲਾਂ ਦੌਰਾਨ 9.30 ਕਰੋੜ ਰੁਜ਼ਗਾਰ ਪੈਦਾ ਕਰਨੇ ਹੋਣਗੇ।



ਉਂਝ ਵੀ, ਭਾਰਤ ਦੇ ਮੈਨੂਫੈਕਚਰਿੰਗ (ਮਾਲ ਤਿਆਰ ਕਰਨ ਵਾਲੇ) ਸੈਕਟਰ ਦੀ ਕਮਜ਼ੋਰੀ ਸਾਫ਼ ਦਿਖਾਈ ਦਿੰਦੀ ਹੈ। ਮੇਕ ਇਨ ਇੰਡੀਆ ਅਤੇ ਪ੍ਰੋਡਕਸ਼ਨ ਲਿੰਕਡ ਇਨਸੈਂਟਿਵ (ਪੀਐਲਆਈ) ਵਰਗੀਆਂ ਸਕੀਮਾਂ ਇਸੇ ਕਮੀ ਦੀ ਪੂਰਤੀ ਵੱਲ ਸੇਧਿਤ ਹਨ ਪਰ ਇਹ ਚੁਣੌਤੀ ਬਹੁਤ ਵੱਡੀ ਹੈ। ਮੈਨੂਫੈਕਚਿਰੰਗ ਦਾ ਭਾਰਤੀ ਅਰਥਚਾਰੇ ਵਿਚ ਹਿੱਸਾ ਮਹਿਜ਼ 14 ਫ਼ੀਸਦੀ ਹੈ; ਚੀਨੀ ਅਰਥਚਾਰੇ ਵਿਚ ਇਸ ਦਾ ਹਿੱਸਾ ਕਰੀਬ 30 ਫ਼ੀਸਦੀ ਹੈ।

ਇਹ ਸਥਿਤੀ ਉਦੋਂ ਹੋਰ ਸਪੱਸ਼ਟ ਹੁੰਦੀ ਹੈ, ਜਦੋਂ ਬੀਤੇ ਸਾਲ ਜੁਲਾਈ ਵਿਚ ਸੰਸਦ ਵਿਚ ਇਕ ਸਵਾਲ ਦੇ ਜਵਾਬ ਵਿਚ ਸਰਕਾਰ ਨੇ ਜਾਣਕਾਰੀ ਦਿੱਤੀ ਕਿ 2014 ਤੋਂ 2022 ਦੌਰਾਨ ਕੇਂਦਰ ਸਰਕਾਰ ਨੂੰ ਨੌਕਰੀਆਂ ਲਈ ਕਰੀਬ 22.06 ਕਰੋੜ ਅਰਜ਼ੀਆਂ ਹਾਸਲ ਹੋਈਆਂ ਅਤੇ ਇਨ੍ਹਾਂ ਵਿਚੋਂ 7.22 ਲੱਖ ਜਾਂ ਮਹਿਜ਼ 0.3 ਫ਼ੀਸਦੀ ਨੂੰ ਹੀ ਰੁਜ਼ਗਾਰ ਦਿੱਤਾ ਜਾ ਸਕਿਆ ਹੈ। ਹੁਣ ਹਾਲਾਤ ਇਹ ਹਨ ਕਿ ਭਾਰਤੀ ਨੌਜਵਾਨਾਂ ਕੋਲ ਚੰਗੀਆਂ ਨੌਕਰੀਆਂ ਤਾਂ ਹੈਨ ਹੀ ਨਹੀਂ, ਨਾਲ ਹੀ ਉਹ ਇੰਨੇ ਜ਼ਿਆਦਾ ਨਿਰਾਸ਼ਾ ਦੇ ਆਲਮ ਵਿਚ ਹਨ ਕਿ ਉਹ ਇਨ੍ਹਾਂ (ਚੰਗੇ ਰੁਜ਼ਗਾਰ) ਦੀ ਤਲਾਸ਼ ਵੀ ਨਹੀਂ ਕਰ ਰਹੇ। ਸੰਸਾਰ ਬੈਂਕ ਮੁਤਾਬਕ ਦੇਸ਼ ਦੇ 30.7 ਫ਼ੀਸਦੀ ਨੌਜਵਾਨ ਨਾ ਤਾਂ ਪੜ੍ਹ ਰਹੇ ਸਨ, ਨਾ ਰੁਜ਼ਗਾਰਸ਼ੁਦਾ ਸਨ ਅਤੇ ਨਾ ਹੀ ਕੋਈ ਕਿੱਤਾ ਸਿਖਲਾਈ ਆਦਿ ਲੈ ਰਹੇ ਸਨ।

ਵਰਲਡ ਇਕਨੌਮਿਕ ਫੋਰਮ ਦੀ ਅਕਤੂਬਰ 2022 ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੇ ਜਿਥੇ ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਦੇ ਦਾਖ਼ਲੇ ਵਧਾਉਣ ਪੱਖੋਂ ਅਹਿਮ ਤਰੱਕੀ ਕੀਤੀ ਹੈ, ਸਕੂਲ ਤੋਂ ਬਾਹਰ ਰਹਿ ਗਏ ਬੱਚਿਆਂ ਦੀ ਗਿਣਤੀ ਵਿਚ ਕਮੀ ਲਿਆਂਦੀ ਹੈ, ਅਧਿਆਪਨ ਦੇ ਮਿਆਰ ਵਿਚ ਸੁਧਾਰ ਕੀਤਾ ਹੈ ਅਤੇ ਨਾਲ ਹੀ ਅਧਿਆਪਕਾਂ ਦੀ ਗਿਣਤੀ ਵਿਚ ਵਾਧਾ ਕੀਤਾ ਹੈ ਪਰ ਇਸ ਦੇ ਬਾਵਜੂਦ 'ਬੀਤੇ ਇਕ ਦਹਾਕੇ ਦੌਰਾਨ, ਸਾਹਮਣੇ ਆਏ ਸਬੂਤ ਬੱਚਿਆਂ ਵਿਚ ਸਿੱਖਣ ਦੇ ਮਾੜੇ ਸਿੱਟਿਆਂ ਵੱਲ ਇਸ਼ਾਰਾ ਕਰਦੇ ਹਨ'। ਰਿਪੋਰਟ ਵਿਚ ਇਸ ਖੇਤਰ ਨੂੰ ਦਰਪੇਸ਼ ਬਹੁਤ ਸਾਰੀਆਂ ਚੁਣੌਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਪੇਂਡੂ ਖੇਤਰਾਂ ਵਿਚ ਸਾਖਰਤਾ ਅਤੇ ਗਣਨਾ (ਹਿਸਾਬ-ਕਿਤਾਬ) ਸੰਬੰਧੀ ਯੋਗਤਾਵਾਂ ਨੂੰ ਹੁਲਾਰਾ ਦੇਣ ਪੱਖੋਂ ਆਉਣ ਵਾਲੀਆਂ ਭਾਰੀ ਮੁਸ਼ਕਿਲਾਂ ਵੀ ਸ਼ਾਮਲ ਹਨ।

ਉਚੇਰੀ ਸਿੱਖਿਆ ਦਾ ਮਿਆਰ ਵੀ ਖ਼ਾਸ ਵਧੀਆ ਨਹੀਂ। ਬਲੂਮਬਰਗ ਵਿਚਲੀ ਹਾਲੀਆ ਰਿਪੋਰਟ ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਜ਼ੋਰਦਾਰ ਸਿੱਖਿਆ ਸਨਅਤ ਅਤੇ ਵੱਡੇ ਪੱਧਰ 'ਤੇ ਬਣ ਰਹੇ ਨਵੇਂ ਕਾਲਜਾਂ ਦੇ ਬਾਵਜੂਦ 'ਹਜ਼ਾਰਾਂ ਭਾਰਤੀਆਂ ਦੀ ਹਾਲਤ ਅਜਿਹੀ ਹੈ ਕਿ ਉਹ ਸੀਮਤ ਜਾਂ ਬਿਨਾ ਕਿਸੇ ਹੁਨਰ ਤੋਂ ਹੀ ਆਪਣੇ ਕੋਰਸਾਂ ਵਿਚ ਪਾਸ (ਗਰੈਜੂਏਟ) ਹੋ ਜਾਂਦੇ ਹਨ ਜਿਸ ਨਾਲ ਉਹ ਵਿਕਾਸ ਦੇ ਇਸ ਅਹਿਮ ਮੌਕੇ ਉਤੇ ਅਰਥਚਾਰੇ ਨੂੰ ਸੱਟ ਮਾਰਦੇ ਹਨ।'

ਭਾਰਤ ਲਈ ਇਕ ਹੋਰ ਅਹਿਮ ਅਤੇ ਖ਼ਾਸ ਚੁਣੌਤੀ ਹੈ ਆਪਣੀ ਕਿਰਤ ਸ਼ਕਤੀ ਵਿਚ ਔਰਤਾਂ ਦੀ ਸ਼ਮੂਲੀਅਤ ਵਧਾਉਣਾ। ਕੌਮਾਂਤਰੀ ਕਿਰਤ ਅਦਾਰੇ ਦੇ ਅੰਕੜਿਆਂ ਮੁਤਾਬਕ ਭਾਰਤ ਦੀ ਕਿਰਤ ਸ਼ਕਤੀ ਸ਼ਮੂਲੀਅਤ ਦਰ (ਐਲ.ਐਫ.ਪੀ.ਆਰ.), ਭਾਵ ਉਹ ਲੋਕ ਜਿਹੜੇ ਕੰਮ ਕਰ ਰਹੇ ਹਨ ਜਾਂ ਕੰਮ ਦੀ ਤਲਾਸ਼ ਵਿਚ ਹਨ, 52 ਫ਼ੀਸਦੀ ਹੈ; ਅਮਰੀਕਾ ਵਿਚ ਇਹ ਦਰ 73 ਫ਼ੀਸਦੀ ਤੇ ਚੀਨ ਵਿਚ 76 ਫ਼ੀਸਦੀ ਹੈ।

ਰੁਜ਼ਗਾਰ ਤੋਂ ਇਲਾਵਾ ਹੋਰ ਵੀ ਚੁਣੌਤੀਆਂ ਹਨ। ਭਾਰਤ ਸਿਹਤ ਸੰਭਾਲ 'ਤੇ ਜਨਤਕ ਤੌਰ 'ਤੇ ਸਭ ਤੋਂ ਘੱਟ ਖ਼ਰਚ ਕਰਨ ਵਾਲੇ ਮੁਲਕਾਂ 'ਚ ਹੈ ਜਿਸ ਦਾ ਇਹ ਖ਼ਰਚ ਮਹਿਜ਼ 2 ਫ਼ੀਸਦੀ ਹੈ। ਕੌਮੀ ਪਰਿਵਾਰ ਸਿਹਤ ਸਰਵੇਖਣ-5) ਤੋਂ 2019-2021 ਵਿਚ ਖ਼ੁਲਾਸਾ ਹੋਇਆ ਕਿ ਦੇਸ਼ ਦੇ 5 ਸਾਲ ਤੋਂ ਘੱਟ ਉਮਰ ਦੇ 35 ਫ਼ੀਸਦੀ ਬੱਚੇ ਮਧਰੇ/ਕਮਜ਼ੋਰ ਹਨ। ਇਸ ਤੋਂ ਇਲਾਵਾ 15 ਤੋਂ 49 ਉਮਰ ਜੁੱਟ ਦੀਆਂ ਅੱਧ ਤੋਂ ਵੱਧ ਔਰਤਾਂ ਵਿਚ ਖ਼ੂਨ ਦੀ ਕਮੀ ਹੈ। ਸੰਸਾਰ ਸਿਹਤ ਅਦਾਰੇ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਦਸ ਹਜ਼ਾਰ ਨਾਗਰਿਕਾਂ ਪਿੱਛੇ ਸਿਰਫ਼ 5 ਹਸਪਤਾਲੀ ਬਿਸਤਰੇ ਹਨ; ਚੀਨ ਵਿਚ ਇਹ ਅੰਕੜਾ 43 ਹੈ।

ਜਪਾਨ ਤੇ ਚੀਨ ਵਰਗੇ ਮੁਲਕਾਂ ਦੇ ਉਭਾਰ ਵਿਚ ਉਨ੍ਹਾਂ ਦੀ ਆਬਾਦੀ ਦੇ ਲਾਭ ਦਾ ਅਹਿਮ ਹੱਥ ਹੈ। ਭਾਰਤ ਵੀ ਇਹ ਉਮੀਦ ਕਰ ਰਿਹਾ ਹੈ ਕਿ ਸਾਡੀ ਆਬਾਦੀ ਵੀ ਸਾਨੂੰ ਭਵਿੱਖ ਵਿਚ ਤਾਕਤ ਦੇਵੇਗੀ ਪਰ ਇਹ ਲਾਭ ਆਪਣੇ ਆਪ ਨਹੀਂ ਮਿਲਦਾ। ਠੋਸ ਤੇ ਲਗਾਤਾਰ ਆਰਥਿਕ ਵਿਕਾਸ ਵਾਲੀ ਨੀਤੀ ਅਤੇ ਉਸ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤੇ ਜਾਣ ਦੀ ਲੋੜ ਹੁੰਦੀ ਹੈ।

ਚੀਨ ਦੇ ਮਾਮਲੇ ਵਿਚ ਇਸ ਦਾ ਮਤਲਬ ਕਰੋੜਾਂ ਲੋਕਾਂ ਨੂੰ ਗ਼ਰੀਬੀ ਵਿਚੋਂ ਕੱਢਣਾ ਅਤੇ ਇਸ ਤਰ੍ਹਾਂ ਮੈਨੂਫੈਕਚਰਿੰਗ ਦੀ ਆਲਮੀ ਤਾਕਤ ਵਜੋਂ ਉੱਭਰਨਾ ਸੀ। ਚੀਨ ਦੀ ਆਪਣੀ ਆਬਾਦੀ ਵਿਚ ਸਮੁੱਚੇ ਤੌਰ 'ਤੇ ਆ ਰਹੀ ਗਿਰਾਵਟ ਨਾਲ ਇਸ ਦੀਆਂ ਚੁਣੌਤੀਆਂ ਵਿਚ ਤਬਦੀਲੀ ਆਵੇਗੀ ਅਤੇ ਇਸ ਵਿਚੋਂ ਇਕ ਅਹਿਮ ਚੁਣੌਤੀ ਹੋਵੇਗੀ ਆਪਣੀ ਘਟ ਰਹੀ ਕਿਰਤ ਸ਼ਕਤੀ ਲਈ ਤੇਜ਼ੀ ਨਾਲ ਉਤਪਾਦਕਤਾ ਵਧਾਉਣਾ। ਇਸ ਦੇ ਨਾਲ ਹੀ ਕੁਝ ਫ਼ਾਇਦੇ ਵੀ ਹੋਣਗੇ। ਘੱਟ ਆਬਾਦੀ ਦਾ ਮਤਲਬ ਹੁੰਦਾ ਹੈ ਵਾਤਾਵਰਨ ਉਤੇ ਘੱਟ ਦਬਾਅ ਹੋਣਾ; ਇਸ ਨਾਲ ਬੇਰੁਜ਼ਗਾਰੀ ਦਰ ਘਟਦੀ ਹੈ ਅਤੇ ਉਜਰਤਾਂ ਵਿਚ ਵਾਧੇ ਨੂੰ ਹੁਲਾਰਾ ਮਿਲਦਾ ਹੈ।

## ਅੰਤਰ-ਧਰਮ ਸਮਾਗਮ 7 ਨੂੰ

ਸ਼ਿਕਾਗੋ: ਵਰਲਡ ਕੌਂਸਲ ਆਫ ਮੁਸਲਿਮਜ਼ ਫਾਰ ਇੰਟਰਫੇਥ ਰਿਲੇਸ਼ਨਜ਼ (ਡਬਲਿਊ.ਸੀ.ਐਮ.ਆਈ.ਆਰ.) ਸ਼ਿਕਾਗੋ ਵਿਚ ਇਕ ਪ੍ਰੀ-ਪਾਰਲੀਮੈਂਟ ਸਮਾਗਮ ਕਰਵਾ ਰਹੀ ਹੈ ਜਿਸ ਵਿਚ ਪਾਰਲੀਮੈਂਟ ਥੀਮ 'ਏ ਕਾਲ ਟੂ ਕੌਨਸ਼ਨਸ: ਡਿਫੈਂਡਿੰਗ ਫ੍ਰੀਡਮ ਐਂਡ ਹਿਊਮਨ ਰਾਈਟਸ' ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਹ ਸਮਾਗਮ 7 ਮਈ, ਐਤਵਾਰ ਨੂੰ ਬਾਅਦ ਦੁਪਹਿਰ 2 ਤੋਂ 5 ਵਜੇ ਤੱਕ ਸਬੀਲ ਸੈਂਟਰ, 8800 ਬਲਾਰਡ ਸਟ੍ਰੀਟ, ਡੈਸਪਲੇਨਜ਼ ਵਿਖੇ ਹੋਵੇਗਾ।

ਸ. ਸ਼ਿਵਾ ਸਿੰਘ ਖਾਲਸਾ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਉਹ ਇਸ ਸਮਾਗਮ ਵਿਚ ਹਿੱਸਾ ਲੈ ਰਹੇ ਹਨ। ਇਸ ਸਮਾਗਮ ਵਿਚ ਹਿੱਸਾ ਲੈਣ ਦੇ ਚਾਹਵਾਨ ਸੰਪਰਕ ਕਰ ਸਕਦੇ ਹਨ।

# ਮਾਂ ਬੋਲੀ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਜਰਨੈਲ ਸਿੰਘ ਆਰਟਿਸਟ ਵਲੋਂ ਚਿੱਤਰ ਪ੍ਰਦਰਸ਼ਨੀ

ਸਰੀ: 10ਵੇਂ ਮਾਂ ਬੋਲੀ ਇੰਟਰਨੈਸ਼ਨਲ ਫਿਲਮ ਫੈਸਟੀਵਲ ਸਰੀ ਵਿਚ ਜਰਨੈਲ ਸਿੰਘ ਆਰਟਿਸਟ ਵਲੋਂ ਕਾਮਯਾਬ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਵੈਸਾਖੀ ਤੇ ਸਿੱਖ ਵਿਰਾਸਤੀ ਮਹੀਨੇ ਨੂੰ ਸਮਰਪਿਤ ਇਸ ਪ੍ਰਦਰਸ਼ਨੀ ਵਿਚ 12 ਚਿਤਰਕਾਰਾਂ ਦਾ ਕੰਮ







ਪ੍ਰਦਰਸ਼ਿਤ ਕੀਤਾ ਗਿਆ, ਜਿਸ ਵਿਚ ਬਹੁਪੱਖੀ ਤੇ ਵਿਵਿਧ ਵਿਸ਼ਾ ਵਸਤੂ ਚਿਤਰਕਾਰਾਂ ਨੇ ਪੇਸ਼ ਕੀਤਾ। ਉਥੇ ਚਿਤਰਕਾਰ ਜਰਨੈਲ ਸਿੰਘ ਅਪਣੇ ਹਰਮਨ ਪਿਆਰੇ ਪੰਜਾਬੀ ਸਭਿਆਚਾਰ ਦੇ ਚਿਤਰਾਂ ਨਾਲ ਹਾਜ਼ਰ ਸਨ ਤੇ ਨਾਲ ਹੀ ਨਾਲ ਸਿੱਖ ਇਤਿਹਾਸ ਤੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਨਦਾਰ ਦਰਬਾਰ ਦੀ ਮੂੰਹੋਂ ਬੋਲਦੀ ਪੇਸ਼ਕਾਰੀ ਦਿਖੀ ਜੋ ਦਰਸ਼ਕਾਂ ਦੀ ਖਿਚ ਦਾ ਕੇਂਦਰ ਸੀ। ਬਲਜੀਤ ਕੌਰ ਦੇ ਚਿਤਰਾਂ ਵਿਚ ਭਾਰਤੀ ਨਾਰੀ ਅਪਣੇ ਵੱਖੋ ਵੱਖਰੇ ਮਨੋਭਾਵਾਂ ਵਿਚ ਦਰਸ਼ਕਾਂ ਦੇ ਸਨਮੁਖ ਸੀ। ਨੀਤੀ ਸਿੰਘ ਦੇ ਚਿਤਰ ਪੋਰਟਰੇਟ ਚਿਤਰਣ ਦੀ ਬਹੁਤ ਉਤਮ ਪੇਸ਼ਕਾਰੀ ਕਰਦੇ ਸਨ। ਜੇ ਪਨੇਸਰ ਦਾ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੇ ਫੋਟੋ ਵਿਚ ਬਹੁਤ ਹੀ ਨਿਵੇਕਲਾ ਦ੍ਰਿਸ਼ ਪਕੜਿਆ ਜੋ ਅਕਸਰ ਰਵਾਇਤੀ ਪੇਸ਼ਕਾਰੀ ਤੋਂ ਬਿਲਕੁਲ ਵਖਰਾ ਸੀ। ਬਿੰਦੂ ਮਠਾਰੂ ਦੇ ਚਿਤਰ ਗੁਰਬਾਣੀ ਦੀ ਅੱਖਰਕਾਰੀ ਖੂਬਸੂਰਤ ਸੁਹਾਵਣੇ ਰੰਗਾ ਵਿਚ ਪੇਸ਼ ਸੀ। ਪੋਰਟਰੇਟ ਚਿਤਰਣ ਵਿਚ ਬਲਵਿੰਦਰ ਸਿੰਘ ਦਾ ਕੰਮ ਵੀ ਬਹੁਤ ਪ੍ਰਭਾਵਸ਼ਾਲੀ ਸੀ। ਰਿਤੂ ਸਿੰਘ ਦੇ ਚਿਤਰ ਵਿਚ ਕੈਨੇਡੀਅਨ ਮੂਲਵਾਸੀਆਂ ਦੇ ਸਭਿਆਚਾਰ ਟੋਟਮ ਪੋਲ ਦੀ ਦ੍ਰਿਸ਼ਕਾਰੀ ਰੂਪਮਾਨ ਸੀ। ਵਰਿੰਦਰ ਮੌੜ ਦੇ ਚਾਰ ਛੋਟੇ ਚਿਤਰ ਅਪਣੀ ਬਾਰੀਕ-ਬੀਨੀ ਨਾਲ ਪ੍ਰਭਾਵਤ ਕਰਦੇ ਸਨ। ਤੇਜਪਾਲ ਸਿੰਘ ਮਾਨ ਦਾ ਚਿਤਰ ਪੋਰਟਰੇਟ ਤੇ ਕਰੋਨਾ ਕਾਲ ਦੀ ਤਬਾਹੀ ਨਵੇਕਲੇ ਢੰਗ ਨਾਲ ਰੂਪਮਾਨ ਕਰਦੇ ਸਨ। ਸਭ ਤੋਂ ਛੋਟੀ ਉਮਰ ਦੇ ਚਿਤਰਕਾਰ ਬੀਰ ਯੁਵਰਾਜ ਸਿੰਘ ਦਾ ਚਿਤਰ ਭਵਿਖ ਵਿਚ ਵਧੀਆ ਚਿਤਰਕਾਰ ਬਣਨ ਦਾ ਸੰਕੇਤ ਕਰ ਰਿਹਾ ਸੀ। ਇਸ ਮੌਕੇ ਚਿਤਰਕਾਰ ਜਰਨੈਲ ਸਿੰਘ ਨੇ ਕੈਨੇਡੀਅਨ ਪੰਜਾਬੀ ਚਿਤਰਕਾਰਾਂ ਬਾਰੇ ਵੀ ਸੰਖੇਪ ਵਿਚਾਰ ਚਰਚਾ ਕੀਤੀ। ਪ੍ਰਦਰਸ਼ਨੀ ਵਿਚ ਕੈਨੇਡਾ ਦੇ 12 ਚਿਤਰਕਾਰਾਂ ਦਾ ਕੰਮ ਸ਼ਾਮਲ ਕੀਤਾ ਗਿਆ। ਚਿਤਰ ਪ੍ਰਦਰਸ਼ਨੀ ਦਾ ਉਦਘਾਟਨ 16 ਅਪਰੈਲ ਨੂੰ ਹੋਇਆ ਤੇ ਛੇ ਦਿਨਾ ਪ੍ਰਦਰਸ਼ਨੀ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ।


# ਪ੍ਰਵਾਸੀ ਲੇਖਕ ਚਰਨਜੀਤ ਪੰਨੂ ਨਾਲ ਰੂ-ਬ-ਰੂ ਸਮਾਗਮ

ਵਰਲਡ ਪੰਜਾਬੀ ਸੈਂਟਰ ਵਿਖੇ ਸ੍. ਚਰਨਜੀਤ ਸਿੰਘ ਪੰਨੂ (ਅਮਰੀਕਾ) ਨਾਲ ਰੂ-ਬ-ਰੂ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਚਰਨਜੀਤ ਸਿੰਘ ਪੰਨੂ ਦਾ ਵਰਲਡ









ਪੰਜਾਬੀ ਸੈਂਟਰ ਵਲੋਂ ਸਨਮਾਨ ਉਪਰੰਤ ਹੋਈ। ਕਮਲਪ੍ਰੀਤ ਕੌਰ ਖੋਜਾਰਥਣ ਪੰਜਾਬੀ ਸਾਹਿਤ ਅਧਿਐਨ ਵਿਭਾਗ ਨੇ ਪੰਨੂ ਦੀ ਸ਼ਖ਼ਸੀਅਤ, ਰਚਨਾ ਅਤੇ ਰਚਨਾ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੀ ਮੁੱਢਲੀ ਜ਼ਿੰਦਗੀ ਬਾਰੇ ਦੱਸਦੇ ਕਮਲਪ੍ਰੀਤ ਕੌਰ ਨੇ ਕਿਹਾ ਕਿ ਉਨ੍ਹਾਂ ਦੀਆਂ ਰਚਨਾਵਾਂ ਵਿਚ ਜੀਵਨ ਦੇ ਅਸਲ ਯਥਾਰਥ ਦੀ ਪੇਸ਼ਕਾਰੀ ਹੈ ਜੋ ਵਿਵਹਾਰਿਕਤਾ ਨਾਲ ਸੰਬੰਧਿਤ ਹਨ।

ਡਾ. ਲੱਛਮੀ ਨਾਰਾਇਣ ਭੀਖੀ ਨੇ ਖਾਸ ਤੌਰ 'ਤੇ ਸਮਾਗਮ ਵਿੱਚ ਸ਼ਿਰਕਤ ਕੀਤੀ, ਉਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਦੀ ਮਹੱਤਤਾ ਦੇ ਹਵਾਲੇ ਨਾਲ ਪੰਨੂ ਦੀ ਪੰਜਾਬੀਅਤ ਪ੍ਰਤੀ ਲਗਨ ਨੂੰ ਸੰਖੇਪ ਵਿਚ ਪ੍ਰਗਟ ਕੀਤਾ। ਸ. ਚਰਨਜੀਤ ਸਿੰਘ ਪੰਨੂ ਨੇ ਆਪਣੀ ਜ਼ਿੰਦਗੀ ਵਿੱਚ ਸਿੱਖਣ-ਸਿਖਾਉਣ ਦੀ ਪ੍ਰਰਿਆ ਦੌਰਾਨ ਪ੍ਰਾਪਤ ਕੀਤੇ ਅਨੁਭਵ ਅਤੇ ਆਪਣੀ ਸਿਰਜਣ ਪ੍ਰਕਿਰਿਆ ਦੌਰਾਨ ਆਉਣ ਵਾਲੀਆਂ ਔਕੜਾਂ ਅਤੇ ਸਿੱਖੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਨੇ ਵਿਦੇਸ਼ਾਂ ਵਿਚ 'ਪੰਜਾਬੀ ਸਾਹਿਤ ਸਭਾਵਾਂ* ਦੀ ਮੌਜੂਦਗੀ ਦੀ ਗਵਾਹੀ ਦੇ ਕੇ ਪੰਜਾਬੀ ਅਤੇ ਪੰਜਾਬੀ ਸਾਹਿਤ ਪ੍ਰਤੀ ਸਾਕਾਰਾਤਮਕ ਭਵਿੱਖ ਦੀ ਕਾਮਨਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਆਪਣੀ ਸਿਰਜਣ ਪ੍ਰਕਿਰਿਆ ਵਿਚ ਜ਼ਿੰਦਗੀ ਦੀ ਅਸਲੀਅਤ ਪੇਸ਼ ਕਰਨ ਦੀ ਹਕੀਕਤ ਅਤੇ ਕਲਾ ਦੀ ਵਰਤੋਂ ਤਕਨੀਕ ਬਾਰੇ ਵੀ ਦੱਸਿਆ। ਪੰਨੂ ਨੇ ਆਪਣੇ ਰੂ-ਬ-ਰੂ ਭਾਸ਼ਣ ਤੋਂ ਬਾਅਦ ਵਿਦਿਆਰਥੀਆਂ, ਖੋਜਾਰਥੀਆਂ ਅਤੇ ਸ੍ਰੋਤਿਆਂ ਨਾਲ ਸਵਾਲ-ਜਵਾਬ ਕੀਤੇ। ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਉੱਘੇ ਕਹਾਣੀਕਾਰ ਪ੍ਰੋ. ਕਿਰਪਾਲ ਕਜ਼ਾਕ ਪਹੁੰਚੇ ਉਨ੍ਹਾਂ ਆਪਣੇ ਭਾਸ਼ਣ ਦੌਰਾਨ ਚਲ ਰਹੇ ਸਮਾਗਮ ਦੀ ਸ਼ਲਾਘਾ ਕੀਤੀ ਅਤੇ ਸਫਰਨਾਮੇ ਲਿਖਣ ਦੀ ਵਿਧੀ ਵਿਧਾਨ ਉੱਪਰ ਵੀ ਕੋਈ ਪ੍ਰੋਗਰਾਮ ਕਰਨ ਦੀ ਸਲਾਹ ਦਿੱਤੀ। ਡਾ. ਬਲਕਾਰ ਸਿੰਘ ਨੇ ਸਮੁੱਚੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਅੰਤ ਵਿੱਚ ਉਨ੍ਹਾਂ ਨੇ ਪ੍ਰਧਾਨਗੀ ਭਾਸ਼ਣ ਦਿੱਤਾ। ਉਨ੍ਹਾਂ ਨੇ ਪੰਨੂ ਦੇ ਭਾਸ਼ਣ ਅਤੇ ਡਾ. ਕਜ਼ਾਕ ਦੇ ਭਾਸ਼ਣ ਬਾਰੇ ਬੋਲਦਿਆਂ ਕਿਹਾ ਕਿ ਵਿਦਿਆਰਥੀਆਂ ਵੱਲੋਂ ਵੀ ਇਨ੍ਹਾਂ ਵਿਚਾਰਾਂ ਨੂੰ ਅਮਲੀ ਰੂਪ ਦੇਣਾ ਲਾਜ਼ਮੀ ਹੈ।

ਅੰਤ ਵਿਚ ਡਾ. ਭੀਮ ਇੰਦਰ ਸਿੰਘ ਨੇ ਰੂ-ਬ-ਰੂ ਸ਼ਖ਼ਸੀਅਤ ਅਤੇ ਮਾਣਯੋਗ ਹਸਤੀਆਂ ਸਮੇਤ ਵਿਦਿਆਰਥੀਆਂ ਖੋਜਾਰਥੀਆਂ ਦਾ ਧੰਨਵਾਦ ਕੀਤਾ। ਪ੍ਰੋ. ਕਿਰਪਾਲ ਕਜਾਕ ਅਤੇ ਚਰਨਜੀਤ ਪੰਨੂ ਦਾ ਸਨਮਾਨ ਚਿਨ੍ਹ ਨਾਲ ਸਨਮਾਨ ਕੀਤਾ ਗਿਆ। ਮੰਚ ਸੰਚਾਲਕ ਦੀ ਭੂਮਿਕਾ ਡਾ. ਭੀਮ ਇੰਦਰ ਨੇ ਬਾਖ਼ੂਬੀ ਨਿਭਾਈ।

# ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਦਸਤਾਰ ਦਿਵਸ ਮਨਾਇਆ

ਰਾਕਫੋਰਡ: ਰਾਕਫਰਡ ਯੂਨੀਵਰਸਿਟੀ ਦੇ ਅਮਰੀਕਨ ਵਿਦਿਆਰਥੀਆਂ ਨੇ 'ਨਾਨਕਸਰ ਸਿੱਖ ਟੈਂਪਲ' ਰਾਕਫੋਰਡ ਵਿਖੇ ਕੇਸਰੀ ਰੰਗ ਦੀਆਂ



*ਬਾਬਾ ਦਲਜੀਤ ਸਿੰਘ ਵਿਦਿਆਰਥੀਆਂ ਨਾਲ*

ਦਸਤਾਰਾਂ ਸਜਾ ਕੇ 'ਸਿੱਖ ਟਰਬਨ ਡੇਅ' ਮਨਾ ਕੇ ਖੁਸ਼ੀ ਮਹਿਸੂਸ ਕੀਤੀ। ਪ੍ਰੈਸ ਨੂੰ ਜਾਰੀ ਕੀਤੇ ਗਏ ਬਿਆਨ ਵਿਚ ਕਿਹਾ ਗਿਆ ਹੈ ਕਿ ਬਾਬਾ ਦਲਜੀਤ ਸਿੰਘ ਸ਼ਿਕਾਗੋਵਾਲੇ, ਜੋ ਯੂਨੀਵਰਸਿਟੀ ਵਿਚ ਬਤੌਰ ਪ੍ਰੋਫੈਸਰ ਅਮਰੀਕਨ ਵਿਦਿਆਰਥੀਆਂ ਨੂੰ ਸਿੱਖ ਧਰਮ ਪੜ੍ਹਾਉਂਦੇ ਹਨ, ਨੇ ਵਿਦਿਆਰਥੀਆਂ ਨੂੰ ਦਸਤਾਰ ਦੀ ਮਹਾਨਤਾ ਬਾਰੇ ਦੱਸਦਿਆਂ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਹਾਜਰ ਹੋ ਕੇ ਦਸਤਾਰਾਂ ਸਜਾ ਕੇ 'ਸਿੱਖ ਦਸਤਾਰ ਦਿਵਸ' ਮਨਾਉਣ ਦੀ ਇਛਾ ਜਾਹਰ ਕੀਤੀ। ਵਿਦਿਆਰਥੀ ਸਿੱਖ ਧਰਮ ਅਤੇ ਦਸਤਾਰ ਸੰਬੰਧੀ ਜਾਣ ਕੇ ਖੁਸ਼ ਨਜ਼ਰ ਆ ਰਹੇ ਸਨ ਅਤੇ ਮਾਣ ਮਹਿਸੂਸ ਕਰ ਰਹੇ ਸਨ।

# ਰਾਈਟ ਸਟੇਟ ਯੁਨੀਵਰਸਿਟੀ ਵਿਖੇ 'ਬਰਥ ਆਫ ਖਾਲਸਾ ਐਂਡ ਹਾਰਵੈਸਟ ਫੈਸਟੀਵਲ, ਵਿਸਾਖੀ' ਪ੍ਰੋਗਰਾਮ ਦਾ ਆਯੋਜਨ

ਡੇਟਨ (ਅਮਰੀਕਾ): ਖਾਲਸਾ ਸਾਜਨਾ ਦਿਵਸ ਅਤੇ ਵਾਢੀ ਦੇ ਤਿਉਹਾਰ (ਹਾਰਵੈਸਟ ਫੈਸਟੀਵਲ) ਨੂੰ ਸਮਰਪਿਤ ਵਿਸਾਖੀ ਅਮਰੀਕਾ ਦੇ ਓਹਾਈਓ ਸੂਬੇ ਦੇ ਸ਼ਹਿਰ ਡੇਟਨ ਸਥਿਤ ਰਾਈਟ ਸਟੇਟ ਯੁਨੀਵਰਸਟੀ ਵਿਖੇ ਮਨਾਈ ਗਈ। ਇਹ ਪ੍ਰੋਗਰਾਮ ਯੁਨੀਵਰਸਿਟੀ ਦੇ ਮੌਜੂਦਾ ਅਤੇ




ਸਾਬਕਾ ਸਿੱਖ ਵਿਦਿਆਰਥੀਆਂ, ਏਸ਼ੀਅਨ ਸਟੂਡੈਂਟ ਐਸੋਸੀਏਸ਼ਨ (ਏਐਸਏ), ਯੂਨੀਵਰਸਿਟੀ ਸੈਂਟਰ ਆਫ ਇੰਟਰਨੈਸ਼ਨਲ ਐਜੂਕੇਸ਼ਨ (ਯੂ.ਸੀ.ਆਈ.ਈ.) ਅਤੇ ਸਿੱਖ ਸੋਸਾਇਟੀ ਆਫ ਡੇਟਨ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ।

ਇਸ ਮੌਕੇ ਤੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿਚ ਔਰਤ ਦਾ ਸਥਾਨ, ਸੇਵਾ ਦਾ ਸੰਕਲਪ, ਵਿਆਹ ਸ਼ਾਦੀ ਤੇ ਤਿਉਹਾਰਾਂ ਨੂੰ ਦਰਸਾਉਂਦੀ ਹੋਈ ਇਕ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ ਤਸਵੀਰਾਂ ਤੇ ਪੋਸਟਰਾਂ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸੰਬੰਧਤ ਪੁਸਤਕਾਂ, ਕੜੇ, ਹਰਮੋਨੀਅਮ, ਰਬਾਬ ਆਦਿ ਦੀ ਵੀ ਨੁਮਾਇਸ਼ ਕੀਤੀ ਗਈ। ਦਰਸ਼ਕਾਂ ਨੇ ਭਾਈ ਘਨੱਈਆ, ਸਿੱਖ ਯੋਧਿਆਂ ਅਤੇ ਪਗੜੀਆਂ ਦੇ ਵਿਭਿੰਨ ਸਰੂਪਾਂ ਦੀਆਂ ਤਸਵੀਰਾਂ ਨੂੰ ਸਭ ਤੋਂ ਜਿਆਦਾ ਪਸੰਦ ਕੀਤਾ।

ਸਮਾਗਮ ਦਾ ਇੱਕ ਹੋਰ ਮੁੱਖ ਆਕਰਸ਼ਨ ਮਹਿਮਾਨਾਂ ਲਈ ਦਸਤਾਰ ਸਜਾਉਣ ਦਾ ਸੈਸ਼ਨ ਸੀ। ਵੱਡੀ ਗਿਣਤੀ ਵਿੱਚ ਮਹਿਮਾਨਾਂ ਨੇ ਦਸਤਾਰ ਬੰਨਣ ਦਾ ਅਨੁਭਵ ਕੀਤਾ। ਉਹਨਾਂ ਨੂੰ ਸਿੱਖ ਵਿਦਿਆਰਥੀਆਂ ਅਤੇ ਡੇਟਨ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਦਸਤਾਰ ਸਜਾਉਣ ਤੋਂ ਬਾਅਦ ਵਿਦਿਆਰਥੀ ਬਹੁਤ ਹੀ ਮਾਨ ਮਹਿਸੂਸ ਕਰ ਰਹੇ ਸਨ ਅਤੇ ਯੂਨੀਵਰਸਿਟੀ ਵਿੱਚ ਦਸਤਾਰ ਸਜਾ ਕੇ ਘੁੰਮਦੇ ਰਹੇ। ਉਹਨਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚਸਪ ਸਵਾਲ ਵੀ ਪੁੱਛੇ।

ਸਮਾਗਮ ਦੇ ਮੁੱਖ ਬੁਲਾਰੇ ਅਸੀਸ ਕੌਰ ਨੇ ਸਿੱਖ ਧਰਮ, ਵਿਸਾਖੀ ਦੀ ਮਹੱਤਤਾ ਅਤੇ ਖਾਲਸੇ ਦੇ ਸਾਜਨਾ ਸੰਬੰਧੀ ਸੰਖੇਪ ਵਿੱਚ ਆਏ ਹੋਏ ਮਹਿਮਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ, ਕਮਿਊਨਿਟੀ ਕਾਰਕੂਨ, ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਆਏ ਹੋਏ ਮਹਿਮਾਨਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਅਤੇ ਸਿੱਖ ਸਭਿਆਚਾਰ ਦੇ ਗੋਰਵ ਮਈ ਵਿਰਸੇ ਤੋਂ ਜਾਣੂ ਕਰਾਉਣਾ ਸੀ।

ਏਐਸਏ ਦੇ ਪ੍ਰਧਾਨ ਰਿਆਨ ਡਿਆਜ਼ ਅਤੇ ਯੂ.ਸੀ.ਆਈ.ਈ. ਦੇ ਪ੍ਰੋਗਰਾਮ ਕੋਆਰਡੀਨੇਟਰ ਜੇਸੀ ਮਾਕੋਵਸਕੀ, ਨੇ ਇਸ ਸਮਾਗਮ ਦੇ ਆਯੋਜਨ 'ਤੇ ਪ੍ਰਸ਼ੰਸਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮਾਗਮ ਨੇ ਯੁਨੀਵਰਸਿਟੀ ਦੇ ਭਾਈਚਾਰੇ ਨੂੰ ਸਿੱਖ ਧਰਮ ਬਾਰੇ ਡੂੰਘੀ ਸਮਝ ਪ੍ਰਾਪਤ ਕਰਨ ਅਤੇ ਸਾਡੇ ਅਮਰੀਕਾ ਦੇ ਵੱਖ-ਵੱਖ ਭਾਈਚਾਰਿਆਂ ਦੀ ਸੱਭਿਆਚਾਰਕ ਅਮੀਰੀ ਨੂੰ ਯਾਦ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਪ੍ਰੋਗਰਾਮ ਨੂੰ ਆਯੋਜਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਵਿਦਿਆਰਥੀ ਹਰਸ਼ਦੀਪ ਸਿੰਘ ਅਤੇ ਹਰਰੂਪ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ।

ਅਮਰੀਕਾ ਦੀ ਫੌਜ ਵਿੱਚ ਭਰਤੀ ਹੋਣ ਵਾਲੇ ਯੂਨੀਵਰਸਿਟੀ ਦੇ ਵਿਦਿਆਰਥੀ ਗੁਰਵੀਰ ਸਿੰਘ ਨੇ ਕੇਸ ਅਤੇ ਦਸਤਾਰ ਸਜਾ ਕੇ ਆਪਣੇ ਧਰਮ ਅਤੇ ਦੇਸ਼ ਦੋਵਾਂ ਦੀ ਸੇਵਾ ਕਰਨ ਲਈ ਅਮਰੀਕਾ ਦਾ ਧੰਨਵਾਦ ਕੀਤਾ। ਸਿੱਖ ਸੁਸਾਇਟੀ ਆਫ ਡੇਟਨ ਸੇਵਾਦਾਰ ਕਮੇਟੀ ਦੇ ਸਕੱਤਰ ਪਿਆਰਾ ਸਿੰਘ ਸੈਂਭੀ ਨੇ ਸਿੱਖ ਵਿਦਿਆਰਥੀਆਂ ਨੂੰ ਇਸ ਸਮਾਗਮ ਦੀ ਮੇਜ਼ਬਾਨੀ ਲਈ ਵਧਾਈ ਦਿੱਤੀ ਅਤੇ ਆਏ ਹੋਏ ਮਹਿਮਾਨਾਂ ਨੂੰ ਡੇਟਨ ਗੁਰਦੁਆਰਾ ਸਾਹਿਬ ਵਿਖੇ ਆਉਣ ਦਾ ਸੱਦਾ ਦਿੱਤਾ।

# ਭਾਜਪਾ ਵੱਲੋਂ ਅਕਾਲੀ ਦਲ ਨਾਲ ਸਿਆਸੀ ਸਾਂਝ ਪਾਉਣ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਸਿਆਸਤ ਦੇ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਦੇ ਅੰਤਿਮ ਦਰਸ਼ਨਾਂ ਲਈ ਚੰਡੀਗੜ੍ਹ ਆਉਣ ਅਤੇ ਅਗਲੇ ਦਿਨ ਉਨ੍ਹਾਂ ਬਾਰੇ ਲੰਮਾ-ਚੌੜਾ ਲੇਖ ਲਿਖਣ ਮਗਰੋਂ ਪੁਰਾਣੇ ਭਾਈਵਾਲਾਂ ਭਾਜਪਾ ਤੇ ਅਕਾਲੀ ਦਲ ਦੇ ਮੁੜ ਹੱਥ ਮਿਲਾਉਣ ਬਾਰੇ ਛਿੜੀ ਚੁੰਝ ਚਰਚਾ ਨੂੰ ਭਾਜਪਾ ਨੇ ਬਰੇਕ ਲਾ ਦਿੱਤੀ ਹੈ।

ਭਾਜਪਾ ਨੇ ਸਪੱਸ਼ਟ ਕੀਤਾ ਹੈ ਕਿ ਭਵਿੱਖ ਦੀਆਂ ਕਿਸੇ ਵੀ ਚੋਣਾਂ ਦੌਰਾਨ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਰਮਿਆਨ ਸਿਆਸੀ ਗੱਠਜੋੜ ਨਹੀਂ ਹੋਵੇਗਾ। ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਪੱਸ਼ਟ ਕੀਤਾ ਹੈ ਕਿ ਪਾਰਟੀ ਆਉਣ ਵਾਲੇ ਸਮੇਂ ਦੌਰਾਨ ਸਾਰੀਆਂ ਚੋਣਾਂ ਆਪਣੇ ਤੌਰ 'ਤੇ ਲੜੇਗੀ ਪਰ ਕਿਸੇ ਵੀ ਕੀਮਤ 'ਤੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਨਹੀਂ ਕਰੇਗੀ। ਸੂਬਾ ਪ੍ਰਧਾਨ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਾਰੇ ਪ੍ਰਧਾਨ ਮੰਤਰੀ ਦਾ ਲੇਖ ਲਿਖਣਾ ਜਾਂ



ਪ੍ਰਧਾਨ ਮੰਤਰੀ ਸਣੇ ਸਮੁੱਚੀ ਲੀਡਰਸ਼ਿਪ ਦਾ ਸ਼ਰਧਾਂਜਲੀ ਦੇਣ ਲਈ ਪੰਜਾਬ ਪੁੱਜਣ ਨੂੰ ਰਾਜਨੀਤੀ ਨਾਲ ਨਾ ਜੋੜਿਆ ਜਾਵੇ। ਇਹ ਸਿਰਫ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਦੇਣ ਤੋਂ ਇਲਾਵਾ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਪਿੰਡਾਂ ਵਿਚ ਵੀ ਭਰਪੂਰ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੰਚਾਇਤੀ, ਸਥਾਨਕ ਸੰਸਥਾਵਾਂ, ਵਿਧਾਨ ਸਭਾ ਤੇ ਲੋਕਾਂ ਸਭਾ ਚੋਣਾਂ ਭਾਜਪਾ ਇਕੱਲਿਆਂ ਹੀ ਲੜੇਗੀ।

ਭਾਜਪਾ ਆਗੂਆਂ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਪਾਰਟੀ ਦੀ ਸਮੁੱਚੀ ਕੇਂਦਰੀ ਲੀਡਰਸ਼ਿਪ ਵੱਲੋਂ ਜਿਸ ਤਰ੍ਹਾਂ ਸ੍ਰੀ ਬਾਦਲ ਪ੍ਰਤੀ ਸਨੇਹ ਤੇ ਸਤਿਕਾਰ ਦਿਖਾਇਆ ਹੈ, ਉਸ ਦੇ ਗਲਤ ਅਰਥ ਕੱਢੇ ਜਾ ਰਹੇ ਹਨ। ਇਸ ਕਰ ਕੇ ਮੀਡੀਆ ਵੱਲੋਂ ਵੀ ਅਕਾਲੀ-ਭਾਜਪਾ ਗੱਠਜੋੜ ਦੇ ਸੁਰਜੀਤ ਹੋਣ ਦੇ ਕਿਆਫ਼ੇ ਲਾਏ ਜਾ ਰਹੇ ਹਨ। ਦੱਸਣਾ ਬਣਦਾ ਹੈ ਕਿ ਭਾਜਪਾ ਨੂੰ ਖ਼ਦਸ਼ਾ ਹੈ ਕਿ ਮੀਡੀਆ 'ਚ ਆ ਰਹੀਆਂ ਰਿਪੋਰਟਾਂ ਅਤੇ ਸ੍ਰੀ ਬਾਦਲ ਦੇ ਦੇਹਾਂਤ ਤੋਂ ਬਾਅਦ ਭਾਜਪਾ ਆਗੂਆਂ ਦੇ ਰੁਖ ਕਾਰਨ ਪਾਰਟੀ ਨੂੰ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਨੁਕਸਾਨ ਹੋ ਸਕਦਾ ਹੈ। ਦੱਸ ਦਈਏ ਕਿ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਮਗਰੋਂ ਸਿਆਸੀ ਪੰਡਿਤਾਂ ਨੇ ਇਸ਼ਾਰਾ ਕੀਤਾ ਸੀ ਕਿ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਮੁੜ 'ਗੱਠਜੋੜ' ਬਣਾਉਣ ਲਈ ਆਪਣੇ ਪੁਰਾਣੇ ਵਖਰੇਵਿਆਂ ਨੂੰ ਦਰਕਿਨਾਰ ਕਰ ਸਕਦੇ ਹਨ। ਉਧਰ, ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ, "ਭਾਰਤੀ ਸਿਆਸਤ ਦੇ ਕੱਦਾਵਰ ਆਗੂਆਂ 'ਚ ਸ਼ੁਮਾਰ ਸ੍ਰੀ ਬਾਦਲ ਪ੍ਰਤੀ ਸਾਡੇ ਸਤਿਕਾਰ ਨੂੰ ਕਿਸੇ ਭਵਿੱਖੀ ਗੱਠਜੋੜ ਦੀ ਸੰਭਾਵਨਾ ਨਾਲ ਜੋੜਨਾ ਗਲਤ ਹੈ। ਉਹ ਆਪਣੇ ਆਪ ਵਿਚ ਇਕ ਸੰਸਥਾ ਸਨ। ਮੇਰੀ ਉਮਰ ਉਨ੍ਹਾਂ ਤੋਂ ਅੱਧੀ ਹੈ, ਪਰ ਕੁਝ ਸਾਲ ਪਹਿਲਾਂ ਜਦੋਂ ਉਹ ਮੈਨੂੰ ਗੇਟ ਤੱਕ ਛੱਡਣ ਆਏ ਤਾਂ ਮੈਂ ਉਨ੍ਹਾਂ ਦੀ ਸਾਦਗੀ ਦੇਖ ਕੇ ਕਾਇਲ ਹੋ ਗਿਆ ਸੀ।" ਬਾਦਲ ਨੇ 1996 ਵਿਚ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਕੀਤੇ ਵਿਰੋਧ ਦੇ ਬਾਵਜੂਦ ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਦਾ ਐਲਾਨ ਕੀਤਾ ਸੀ। ਇਥੋਂ ਤੱਕ ਖੇਤੀ ਸੁਧਾਰ ਬਿੱਲਾਂ ਦੇ ਵਿਰੋਧ ਦੌਰਾਨ ਸ੍ਰੀ ਬਾਦਲ ਨੇ ਕਿਹਾ ਸੀ ਕਿ ਕੇਂਦਰ ਕਦੇ ਵੀ ਕਣਕ ਅਤੇ ਚੌਲ 'ਤੇ ਘੱਟੋ ਘੱਟ ਸਮਰਥਨ ਮੁੱਲ ਦੇਣਾ ਬੰਦ ਨਹੀਂ ਕਰੇਗਾ।

## ਯੂਕਰੇਨ 'ਚ ਡਾਕਟਰੀ ਪੜ੍ਹ ਰਹੇ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਲਾਲੜੂ:** ਇਥੋਂ ਦੇ ਰਹਿਣ ਵਾਲੇ ਪਾਰਸ ਰਾਣਾ ਦੀ ਯੂਕਰੇਨ ਵਿਚ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ, ਜਦਕਿ ਉਸ ਦਾ ਸਾਥੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਦੋ ਭੈਣਾਂ ਦਾ ਇਕਲੌਤਾ ਭਰਾ ਪਾਰਸ ਯੂਕਰੇਨ ਦੇ ਕੀਵ ਸ਼ਹਿਰ ਵਿਚ ਐਮ.ਬੀ.ਬੀ.ਐਸ. ਦੇ ਚੌਥੇ ਸਾਲ ਦਾ ਵਿਦਿਆਰਥੀ ਸੀ। ਹਾਦਸੇ ਤੋਂ ਬਾਅਦ ਚੂਲ੍ਹੇ ਦੇ ਅਪਰੇਸ਼ਨ ਦੌਰਾਨ ਜ਼ਿਆਦਾ ਖ਼ੂਨ ਵਹਿਣ ਕਾਰਨ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕ ਦੇ ਪਿਤਾ ਰਣਦੀਪ ਸਿੰਘ ਰਾਣਾ ਦੇ ਪਰਿਵਾਰ ਵਿਚ ਦੋ ਵੱਡੀਆਂ ਧੀਆਂ ਤੇ ਇਕ ਛੋਟਾ ਪੁੱਤਰ ਪਾਰਸ ਸੀ।

ਸਭ ਤੋਂ ਵੱਡੀ ਧੀ ਕੈਨੇਡਾ ਵਿਚ ਵਕੀਲ ਹੈ, ਜਦਕਿ ਪਾਰਸ ਤੇ ਨਿਕਿਤਾ ਯੂਕਰੇਨ ਵਿਚ ਐਮ.ਬੀ.ਬੀ.ਐਸ. ਕਰ ਰਹੇ ਸਨ। ਬੀਤੇ ਸਾਲ ਯੁੱਧ ਦੇ ਦੌਰਾਨ ਦੋਵੇਂ ਭਰਾ-ਭੈਣ ਵਾਪਸ ਆ ਗਏ ਸਨ। ਹਾਲਾਂਕਿ ਨਿਕਿਤਾ ਦਾ ਫਾਈਨਲ ਈਅਰ ਸੀ, ਜੋ ਉਸ ਨੇ ਆਨਲਾਈਨ ਪੂਰਾ ਕਰ ਲਿਆ, ਜਦਕਿ ਤੀਜੇ ਸਾਲ ਵਿਚ ਹੋਣ ਦੇ ਕਾਰਨ ਬੀਤੇ ਸਾਲ 22 ਜੂਨ ਨੂੰ ਪਾਰਸ ਸਾਥੀਆਂ ਨਾਲ ਯੂਕਰੇਨ ਚਲਾ ਗਿਆ ਸੀ। ਰਣਦੀਪ ਦੇ ਅਨੁਸਾਰ 15 ਅਪਰੈਲ ਦੀ ਰਾਤ ਉਹ ਆਪਣੇ ਦੋਸਤ ਅਕਾਸ਼ ਨਿਵਾਸੀ ਸੋਨੀਪਤ ਦੇ ਨਾਲ ਭਾਰਤ ਵਾਪਸ ਆਉਣ ਲਈ ਆਪਣਾ ਵੀਜ਼ਾ ਲਗਵਾਉਣ ਗਿਆ ਸੀ। ਉਨ੍ਹਾਂ ਦੇ ਕੋਲ ਬਿਨਾਂ ਛੱਤ ਵਾਲੀ ਓਪਨ ਆਡੀ ਕਾਰ ਸੀ, ਜਿਸ ਨੂੰ ਪਾਰਸ ਚਲਾ ਰਿਹਾ ਸੀ। ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਬੈਲਟ ਨਾ ਲੱਗੀ ਹੋਣ ਕਾਰਨ ਪਾਰਸ ਤੇ ਅਕਾਸ਼ ਕਾਰ ਵਿਚੋਂ ਦੂਰ ਜਾ ਡਿੱਗੇ। ਹਾਦਸੇ ਵਿਚ ਪਾਰਸ ਦੀ ਲੱਤ, ਚੂਲਾ ਤੇ ਰੀੜ ਦੀ ਹੱਡੀ ਵਿਚ ਫ੍ਰੈਕਟਰ ਆ ਗਿਆ, ਜਦਕਿ ਅਕਾਸ਼ ਦੀਆਂ ਪੰਜ ਪਸਲੀਆਂ ਟੁੱਟ ਗਈਆਂ ਤੇ ਜਿਗਰ ਲਗਭਗ ਖਤਮ ਹੋ ਗਿਆ। 18 ਅਪਰੈਲ ਨੂੰ ਪਾਰਸ ਦੀ ਰੀੜ ਦੀ ਹੱਡੀ ਦਾ ਸਫਲ ਅਪਰੇਸ਼ਨ ਹੋਇਆ ਸੀ, 27 ਅਪਰੈਲ ਨੂੰ ਚੂਲੇ ਦੀ ਸਰਜਰੀ ਸੀ। ਪਰਿਵਾਰ ਨੂੰ ਸੂਚਨਾ ਮਿਲੀ ਕਿ ਸਰਜਰੀ ਦੇ ਦੌਰਾਨ ਪਾਰਸ ਨੇ ਦਮ ਤੋੜ ਦਿੱਤਾ। ਅਕਾਸ਼ ਦੀ ਹਾਲਤ ਸਰਜਰੀ ਤੋਂ ਬਾਅਦ ਖਤਰੇ ਤੋਂ ਬਾਹਰ ਹੈ।

## ਮੁਹੰਮਦ ਅਲੀ ਨਾਲ ਭਿੜਨ ਵਾਲੇ ਮੁੱਕੇਬਾਜ਼ ਕੌਰ ਸਿੰਘ ਦਾ ਦੇਹਾਂਤ

**ਦਿੜ੍ਹਬਾ ਮੰਡੀ:** ਨੇੜਲੇ ਪਿੰਡ ਖਨਾਲਖੁਰਦ ਦੇ ਓਲੰਪੀਅਨ ਮੁੱਕੇਬਾਜ਼, ਪਦਮਸ੍ਰੀ ਅਰਜੁਨ ਐਵਾਰਡੀ ਤੇ ਏਸ਼ਿਆਈ ਸੋਨ ਤਗਮਾ ਜੇਤੂ ਸੂਬੇਦਾਰ ਕੌਰ ਸਿੰਘ (75) ਦਾ ਦੇਹਾਂਤ ਹੋ ਗਿਆ। ਕੌਰ ਸਿੰਘ ਦੀ ਸਿਹਤ ਵਿਗੜਨ ਕਾਰਨ ਉਨ੍ਹਾਂ ਨੂੰ ਕੁਰੂਕਸ਼ੇਤਰ ਦੇ ਇਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਆਖਰੀ ਸਾਹ ਲਿਆ।



ਕੌਰ ਸਿੰਘ ਦਾ ਸਸਕਾਰ ਬਾਅਦ ਦੁਪਹਿਰ ਉਨ੍ਹਾਂ ਦੇ ਜੱਦੀ ਪਿੰਡ ਖਨਾਲਖੁਰਦ ਵਿਚ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸੰਗਰੂਰ ਦੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਾਵਾਲ, ਐਸ.ਡੀ.ਐਮ. ਦਿੜ੍ਹਬਾ ਰਾਜੇਸ਼ ਸ਼ਰਮਾ ਅਤੇ ਉੱਘੇ ਸਾਬਕਾ ਖਿਡਾਰੀਆਂ ਨੇ ਸ਼ਰਧਾਂਜਲੀ ਭੇਟ ਕੀਤੀ। ਕੌਰ ਸਿੰਘ 1970 ਵਿਚ ਫੌਜ 'ਚ ਭਰਤੀ ਹੋਇਆ ਸੀ ਅਤੇ ਕਰਨਲ ਬਲਜੀਤ ਸਿੰਘ ਦੀ ਪ੍ਰੇਰਨਾ ਸਦਕਾ ਉਸ ਨੇ ਪਹਿਲੀ ਵਾਰ ਖੇਡਦਿਆਂ ਸਿਕੰਦਰਾਵਾਦ ਨੈਸ਼ਨਲ ਮੁੱਕੇਬਾਜ਼ੀ ਵਿਚ ਸੋਨ ਤਗਮਾ ਜਿੱਤਿਆ। ਉਸ ਨੇ ਦੁਨੀਆ ਦੇ ਮਹਾਨ ਮੁੱਕੇਬਾਜ਼ ਮੁਹੰਮਦ ਅਲੀ ਦਾ ਮੁਕਾਬਲਾ ਕੀਤਾ। ਕੌਰ ਸਿੰਘ ਨੂੰ 1982 ਵਿਚ ਅਰਜੁਨ ਐਵਾਰਡ ਅਤੇ 1983 ਵਿਚ ਪਦਮਸ੍ਰੀ ਨਾਲ ਸਨਮਾਨਿਆ ਗਿਆ। ਉਨ੍ਹਾਂ 1984 ਵਿਚ ਅਮਰੀਕਾ ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਭਾਗ ਲਿਆ, ਜਿੱਥੇ ਵਾਪਰੀ ਇਕ ਘਟਨਾ ਮਗਰੋਂ ਕੌਰ ਸਿੰਘ ਨੇ ਖੇਡਣਾ ਛੱਡ ਦਿੱਤਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਓਲੰਪੀਅਨ ਅਤੇ ਮਹਾਨ ਮੁੱਕੇਬਾਜ਼ ਕੌਰ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕੌਰ ਸਿੰਘ ਨੇ ਮੁੱਕੇਬਾਜ਼ੀ ਵਿਚ ਨਾਮਣਾ ਖੱਟ ਕੇ ਦੇਸ਼ ਦਾ ਨਾਮ ਰੌਸ਼ਨ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਕੌਰ ਸਿੰਘ ਨੇ ਏਸ਼ੀਅਨ ਖੇਡਾਂ ਵਿਚ ਸੋਨ ਤਗਮਾ ਜਿੱਤਿਆ। ਉਨ੍ਹਾਂ ਓਲੰਪਿਕ ਖੇਡਾਂ ਵਿਚ ਵੀ ਦੇਸ਼ ਦੀ ਨੁਮਾਇੰਦਗੀ ਕੀਤੀ ਸੀ। ਉਨ੍ਹਾਂ ਕਿਹਾ ਕਿ ਕੌਰ ਸਿੰਘ ਦਾ ਜੀਵਨ ਅਤੇ ਯੋਗਦਾਨ ਉਭਰਦੇ ਖਿਡਾਰੀਆਂ ਨੂੰ ਸਖਤ ਮਿਹਨਤ ਕਰਨ ਅਤੇ ਵਧੀਆ ਪ੍ਰਦਰਸ਼ਨ ਦਿਖਾਉਣ ਲਈ ਪ੍ਰੇਰਿਤ ਕਰੇਗਾ।

## ਪੁਲਿਸ ਵਧੀਕੀ: ਐਸ.ਸੀ. ਕਮਿਸ਼ਨ ਨੇ ਏ.ਡੀ.ਜੀ.ਪੀ. ਤੋਂ ਜਵਾਬ ਮੰਗਿਆ

**ਮੁਹਾਲੀ:** ਪੰਜਾਬ ਪੁਲਿਸ ਦੀਆਂ ਕਥਿਤ ਵਧੀਕੀਆਂ ਖ਼ਿਲਾਫ਼ ਕੌਮੀ ਐਸਸੀ ਕਮਿਸ਼ਨ ਨੇ ਪੰਜਾਬ ਪੁਲੀਸ ਦੇ ਏ.ਡੀ.ਜੀ.ਪੀ. (ਕ੍ਰਾਈਮ) ਨੂੰ ਨੋਟਿਸ ਜਾਰੀ ਕਰਕੇ 19 ਜੂਨ ਤੱਕ ਕਾਰਵਾਈ ਰਿਪੋਰਟ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਥੋਂ ਦੇ ਇਕ ਆਗੂ ਦੀ ਸ਼ਿਕਾਇਤ 'ਤੇ ਮੁਹਾਲੀ ਦੇ ਏ.ਡੀ.ਸੀ. ਅਤੇ ਐਸ.ਪੀ, ਕੌਮੀ ਐਸ.ਸੀ. ਕਮਿਸ਼ਨ ਕੋਲ ਪੇਸ਼ ਹੋਏ।

ਸ਼ਿਕਾਇਤ ਅੱਤਿਆਚਾਰ ਤੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਕੁੰਭੜਾ ਵੱਲੋਂ ਕੌਮੀ ਐਸ.ਸੀ. ਕਮਿਸ਼ਨ ਨੂੰ ਕੀਤੀ ਗਈ ਸੀ ਜਿਸ ਦੀ ਸੁਣਵਾਈ ਕਰਦਿਆਂ ਕੌਮੀ ਕਮਿਸ਼ਨ ਨੇ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਕਾਰਵਾਈ 'ਤੇ ਨਾਰਾਜ਼ਗੀ ਜਤਾਈ। ਕਮਿਸ਼ਨ ਨੇ 2014 ਵਿਚ ਦਰਜ ਐਫ.ਆਈ.ਆਰ. ਸਬੰਧੀ ਤਫਤੀਸ਼ੀ ਅਫ਼ਸਰ ਥਾਣੇਦਾਰ ਰਾਕੇਸ਼ ਕੁਮਾਰ ਖ਼ਿਲਾਫ਼ ਕਾਰਵਾਈ ਕਰਕੇ ਰਿਪੋਰਟ ਪੇਸ਼ ਕਰਨ ਦੇ ਵੀ ਹੁਕਮ ਦਿੱਤੇ।

## ਡਿਬਰੂਗੜ੍ਹ ਜੇਲ੍ਹ 'ਚ ਡੱਕੇ ਸਿੱਖ ਨੌਜਵਾਨਾਂ ਨਾਲ ਪਰਿਵਾਰਕ ਮੈਂਬਰਾਂ ਦੀ ਮੁਲਾਕਾਤ

**ਅੰਮ੍ਰਿਤਸਰ:** ਪੰਜਾਬ ਤੋਂ ਗ੍ਰਿਫਤਾਰ ਕਰ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਕੀਤੇ ਗਏ ਸਿੱਖ ਨੌਜਵਾਨਾਂ ਨਾਲ ਮੁਲਾਕਾਤ ਕਰਨ ਮਗਰੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਅੰਮ੍ਰਿਤਸਰ ਪਰਤ ਆਏ ਹਨ। ਸ਼੍ਰੋਮਣੀ ਕਮੇਟੀ ਵੱਲੋਂ 27 ਅਪਰੈਲ ਨੂੰ ਜੇਲ੍ਹ ਵਿਚ ਸਿੱਖ ਨਜ਼ਰਬੰਦਾਂ ਦੀ ਉਨ੍ਹਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕਰਵਾਈ ਗਈ ਸੀ। ਇਹ ਮੁਲਾਕਾਤ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਮਨਜ਼ੂਰੀ ਲੈਣ ਤੋਂ ਬਾਅਦ ਸੰਭਵ ਹੋਈ।

ਜਾਣਕਾਰੀ ਅਨੁਸਾਰ ਗੁਰਮੀਤ ਸਿੰਘ ਬੁੱਕਣਵਾਲਾ ਦੇ ਮਾਤਾ ਬੀਬੀ ਸਵਰਨਜੀਤ ਕੌਰ, ਭਗਵੰਤ ਸਿੰਘ ਬਾਜੇਕੇ ਦੇ ਪਿਤਾ ਹਰਜਿੰਦਰ ਸਿੰਘ, ਕੁਲਵੰਤ ਸਿੰਘ ਰਾਓਕੇ ਦੀ ਪਤਨੀ ਬੀਬੀ ਵੀਰਪਾਲ ਕੌਰ, ਬਸੰਤ ਸਿੰਘ ਦੇ ਪਿਤਾ ਸੁਰਜੀਤ



ਸਿੰਘ, ਹਰਜੀਤ ਸਿੰਘ ਜੱਲੂਪੁਰ ਖੇੜਾ ਦੇ ਭਰਾ ਅਤੇ ਅੰਮ੍ਰਿਤਪਾਲ ਸਿੰਘ ਦੇ ਚਾਚਾ ਸੁਖਚੈਨ ਸਿੰਘ, ਵਰਿੰਦਰ ਸਿੰਘ ਦੇ ਮਾਤਾ ਬੀਬੀ ਸਿਮਰਜੀਤ ਕੌਰ, ਪਪਲਪ੍ਰੀਤ ਸਿੰਘ ਦੇ ਮਾਤਾ ਬੀਬੀ ਮਨਧੀਰ ਕੌਰ ਅਤੇ ਗੁਰਇੰਦਰਪਾਲ ਸਿੰਘ ਦੇ ਭਰਾ ਸੁਰਿੰਦਰਪਾਲ ਸਿੰਘ ਵੱਲੋਂ ਮੁਲਾਕਾਤ ਕੀਤੀ ਗਈ।

ਐਡਵੋਕੇਟ ਸਿਆਲਕਾ ਨੇ ਦੱਸਿਆ ਕਿ ਇਹ ਮੁਲਾਕਾਤ ਸੁਖਾਵੇਂ ਮਾਹੌਲ ਵਿੱਚ ਹੋਈ ਤੇ ਸਿੱਖ ਨਜ਼ਰਬੰਦਾਂ ਦੇ ਪਰਿਵਾਰਕ ਮੈਂਬਰਾਂ ਨੇ ਤਸੱਲੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਮਾਮਲੇ 'ਤੇ ਸੰਜੀਦਾ ਭੂਮਿਕਾ ਨਿਭਾਈ ਗਈ। ਉਨ੍ਹਾਂ ਦੱਸਿਆ ਕਿ ਸਿੱਖ ਨਜ਼ਰਬੰਦਾਂ 'ਤੇ ਲਾਈ ਗਈ ਕੌਮੀ ਸੁਰੱਖਿਆ ਐਕਟ ਦੀ ਧਾਰਾ ਨੂੰ ਹਟਵਾਉਣ ਲਈ ਅਗਲੇਰੀ ਕਾਰਵਾਈ ਕੀਤੀ ਜਾਵੇਗੀ ਜਿਸ ਤਹਿਤ ਲੋੜ ਪੈਣ 'ਤੇ ਸਰਕਾਰ ਦੇ ਫੈਸਲੇ ਨੂੰ ਅਦਾਲਤ ਵਿਚ ਵੀ ਚੁਣੌਤੀ ਦਿੱਤੀ ਜਾਵੇਗੀ।

## ਦੋਹਰਾ ਸੰਵਿਧਾਨ ਮਾਮਲਾ: ਬਾਦਲਾਂ ਖਿਲਾਫ ਅਪਰਾਧਕ ਮਾਮਲਾ ਖਾਰਜ

**ਹੁਸ਼ਿਆਰਪੁਰ:** ਦੋਹਰੇ ਸੰਵਿਧਾਨ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ ਪਾਰਟੀ ਦੇ ਖਿਲਾਫ਼ ਹੁਸ਼ਿਆਰਪੁਰ ਦੇ ਸਮਾਜਿਕ ਕਾਰਕੁਨ ਬਲਵੰਤ ਸਿੰਘ ਖੇੜਾ ਵੱਲੋਂ ਦਾਇਰ ਅਪਰਾਧਕ ਮਾਮਲੇ ਨੂੰ ਖਾਰਜ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਖੇੜਾ ਨੇ ਹੁਸ਼ਿਆਰਪੁਰ ਦੀ ਅਦਾਲਤ ਵਿਚ ਪਾਈ ਸ਼ਿਕਾਇਤ 'ਚ ਦੋਸ਼ ਲਾਇਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਕਮਿਸ਼ਨ ਤੇ ਭਾਰਤੀ ਚੋਣ ਕਮਿਸ਼ਨ ਕੋਲ ਦੋ ਵੱਖਰੇ-ਵੱਖਰੇ ਸੰਵਿਧਾਨ ਪੇਸ਼ ਕਰਕੇ ਧੋਖਾਧੜੀ ਕੀਤੀ ਹੈ। ਬਲਵੰਤ ਸਿੰਘ ਖੇੜਾ ਨੇ ਕਿਹਾ ਕਿ ਉਨ੍ਹਾਂ ਵਲੋਂ ਇਸ ਫ਼ੈਸਲੇ ਖਿਲਾਫ਼ ਰੀਵਿਊ ਪਟੀਸ਼ਨ ਪਾਈ ਜਾਵੇਗੀ। ਹੁਸ਼ਿਆਰਪੁਰ ਦੀ ਅਦਾਲਤ ਨੇ ਪਾਰਟੀ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ (ਮਰਹੂਮ) ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ, ਦਲਜੀਤ ਸਿੰਘ ਚੀਮਾ ਨੂੰ ਸੰਮਨ ਕਰ ਲਿਆ ਸੀ। ਇਸ ਮਾਮਲੇ ਵਿਚ ਇਨ੍ਹਾਂ ਆਗੂਆਂ ਨੂੰ ਜ਼ਮਾਨਤਾਂ ਵੀ ਕਰਾਉਣੀਆਂ ਪਈਆਂ ਸਨ। ਅਕਾਲੀ ਦਲ ਨੇ ਹੇਠਲੀ ਅਦਾਲਤ ਦੇ ਹੁਕਮਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਪਰ ਹਾਈ ਕੋਰਟ ਵਲੋਂ ਅਪੀਲ ਨੂੰ ਰੱਦ ਕੀਤੇ ਜਾਣ 'ਤੇ ਪਾਰਟੀ ਸੁਪਰੀਮ ਕੋਰਟ ਚਲੀ ਗਈ ਸੀ। ਪਿਛਲੇ ਸਾਲ ਨਵੰਬਰ ਮਹੀਨੇ ਸੁਪਰੀਮ ਕੋਰਟ ਨੇ ਸੰਮਨਾਂ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਸੀ। ਅਦਾਲਤ ਨੇ ਸੰਮਨਾਂ ਦੇ ਹੁਕਮਾਂ ਸਮੇਤ ਪੂਰੇ ਕੇਸ ਨੂੰ ਖਾਰਜ ਕਰ ਦਿੱਤਾ। ਜਸਟਿਸ ਐਮ.ਆਰ ਸ਼ਾਹ ਅਤੇ ਜਸਟਿਸ ਸੀ.ਟੀ ਰਵੀ ਕੁਮਾਰ 'ਤੇ ਅਧਾਰਤ ਬੈਂਚ ਨੇ ਆਪਣੇ ਹੁਕਮਾਂ ਵਿਚ ਕਿਹਾ



ਕਿ ਪਟੀਸ਼ਨਕਰਤਾਵਾਂ ਦੇ ਖਿਲਾਫ਼ ਕੋਈ ਦੋਸ਼ ਨਹੀਂ ਬਣਦਾ। ਇਸ ਦੇ ਨਾਲ ਹੀ ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਦੋਹਰੇ ਸੰਵਿਧਾਨ ਦੇ ਮਾਮਲੇ ਨੂੰ ਲੈ ਕੇ ਦਿੱਲੀ ਹਾਈ ਕੋਰਟ ਵਿਚ ਜੋ ਕੇਸ ਚੱਲ ਰਿਹਾ ਹੈ, ਉਸ 'ਤੇ ਤਾਜ਼ਾ ਫ਼ੈਸਲੇ ਦਾ ਕੋਈ ਅਸਰ ਨਹੀਂ ਪਵੇਗਾ।

ਜ਼ਿਕਰਯੋਗ ਹੈ ਕਿ ਬਲਵੰਤ ਸਿੰਘ ਖੇੜਾ ਨੇ ਦਿੱਲੀ ਹਾਈ ਕੋਰਟ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਮਾਨਤਾ ਨੂੰ ਖਤਮ ਕਰਾਉਣ ਲਈ ਵੀ ਇਕ ਕੇਸ ਕੀਤਾ ਹੋਇਆ ਹੈ। ਅਕਾਲੀ ਦਲ ਵਲੋਂ ਪੇਸ਼ ਹੋਏ ਵਕੀਲਾਂ ਨੇ ਅਦਾਲਤ ਵਿਚ ਇਹ ਦਲੀਲ ਦਿੱਤੀ ਕਿ ਧਾਰਮਿਕ ਹੋਣ ਦਾ ਮਤਲਬ ਜਾਂ ਗੁਰਦੁਆਰਾ ਕਮੇਟੀ ਦੀਆਂ ਚੋਣਾਂ 'ਚ ਹਿੱਸਾ ਲੈਣ ਦਾ ਮਤਲਬ ਇਹ ਨਹੀਂ ਕਿ ਪਾਰਟੀ ਧਰਮ ਨਿਰਪੱਖ ਨਹੀਂ ਹੋ ਸਕਦੀ। ਪਾਰਟੀ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ ਸਵਾਗਤ ਕੀਤਾ ਹੈ ਅਤੇ ਇਸ ਨੂੰ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਪ੍ਰਕਾਸ਼ ਸਿੰਘ ਬਾਦਲ ਲਈ ਇਕ ਵੱਡੀ ਸ਼ਰਧਾਂਜਲੀ ਦੱਸਿਆ ਹੈ।

# ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਚੋਣ ਪ੍ਰਚਾਰ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਜ਼ਿਮਨੀ ਚੋਣ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਦੀ ਹਮਾਇਤ ਵਿਚ ਕੀਤੇ ਜਾ ਰਹੇ ਪ੍ਰਚਾਰ 'ਤੇ ਉਂਗਲ ਚੁੱਕੀ ਹੈ। ਮੁੱਖ ਮੰਤਰੀ ਨੇ ਟਵੀਟ ਕਰ ਕੇ ਬੇਅਦਬੀ ਦੇ ਮੁੱਦੇ ਨੂੰ ਮੁੜ ਉਭਾਰਿਆ ਅਤੇ ਪੁੱਛਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਅਜਿਹੀ ਸਿਆਸੀ ਪਾਰਟੀ ਦੇ ਹੱਕ ਵਿਚ ਪ੍ਰਚਾਰ ਕੀਤਾ ਜਾਣਾ ਕਿੰਨਾ ਕੁ ਜਾਇਜ਼ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਪਲਟ ਵਾਰ ਕੀਤਾ ਹੈ। ਮੁੱਖ ਮੰਤਰੀ ਨੇ ਟਵੀਟ ਕਰ ਕੇ ਕਿਹਾ, 'ਇਕ ਅਜਿਹੀ ਰਾਜਨੀਤਕ ਪਾਰਟੀ ਜਿਸ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਲੱਗਦੇ ਨੇ, ਉਸ ਪਾਰਟੀ ਦੇ ਹੱਕ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਵੋਟਾਂ ਦਾ ਪ੍ਰਚਾਰ ਕਰਨਾ ਕਿੰਨਾ ਕੁ ਜਾਇਜ਼ ਹੈ? ਕੀ ਇਹ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨਹੀਂ?' ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨੀਲ ਗਰਗ ਬਠਿੰਡਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਮਾਤ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਕਿਸੇ ਵਿਸ਼ੇਸ਼ ਪਾਰਟੀ ਦਾ ਪ੍ਰਚਾਰ ਕਰਨਾ ਇਖਲਾਕੀ ਤੌਰ 'ਤੇ ਠੀਕ ਨਹੀਂ ਹੈ।



ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਮੁੱਖ ਮੰਤਰੀ ਦੇ ਟਵੀਟ ਦੇ ਜਵਾਬ ਵਿਚ ਆਖਿਆ ਹੈ ਕਿ ਪਿਛਲੀਆਂ ਦੋ ਸੂਬਾਈ ਚੋਣਾਂ ਵਿਚ ਬੇਅਦਬੀ ਦੀਆਂ ਘਟਨਾਵਾਂ ਉਤੇ ਸਿਆਸਤ ਕਰਕੇ ਭਗਵੰਤ ਮਾਨ ਤੇ ਉਸ ਦੀ ਪਾਰਟੀ ਨੇ ਸਿੱਖਾਂ ਦੀ ਰੂਹ ਨੂੰ ਦਰਦ ਦਿੱਤਾ ਹੈ, ਕਿਉਂਕਿ ਭਗਵੰਤ ਮਾਨ ਦੀ ਸਰਕਾਰ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਪਹਿਲਾਂ ਨਾਲੋਂ ਤੇਜੀ ਨਾਲ ਵਾਪਰੀਆਂ ਹਨ। ਸਰਕਾਰਾਂ ਬਦਲੀਆਂ ਹਨ ਪਰ ਬੇਅਦਬੀਆਂ ਨਹੀਂ ਰੁਕੀਆਂ, ਜਿਸ ਤੋਂ ਪ੍ਰਤੱਖ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਦੀ ਨੀਅਤ ਮਹਿਜ ਰਾਜਨੀਤਕ ਰੋਟੀਆਂ ਸੇਕਣ ਤੱਕ ਸੀਮਤ ਸੀ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਮੋਰਿੰਡਾ ਵਿਚ ਵਾਪਰੀ ਬੇਅਦਬੀ ਦੀ ਘਟਨਾ ਤੋਂ ਬਾਅਦ ਮੁੱਖ ਮੰਤਰੀ ਤੇ ਉਸ ਦੀ ਸਰਕਾਰ ਦੇ ਕਿਸੇ ਇਕ ਵੀ ਮੰਤਰੀ ਵੱਲੋਂ ਕੋਈ ਵੀ ਸਖਤ ਨੋਟਿਸ ਨਾ ਲਏ ਜਾਣ ਤੋਂ ਸਪਸ਼ਟ ਹੈ ਕਿ ਆਮ ਆਦਮੀ ਪਾਰਟੀ ਸਿਰਫ ਭਾਵਨਾਵਾਂ ਉਤੇ ਸਿਆਸਤ ਕਰਨਾ ਹੀ ਜਾਣਦੀ ਹੈ।

ਉਨ੍ਹਾਂ ਸਵਾਲ ਕੀਤਾ ਕਿ ਬੇਅਦਬੀਆਂ ਦੇ ਮਾਮਲੇ ਉਤੇ ਸਿਆਸਤ ਕਰਨ ਤੋਂ ਪਹਿਲਾਂ ਭਗਵੰਤ ਮਾਨ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਆਪਣੀ ਸੋਚ ਸਪਸ਼ਟ ਕਰਨ, ਕਿਉਂਕਿ ਇਸ ਵੇਲੇ ਸਿੱਖ ਕੌਮ ਦੀਆਂ ਤੀਬਰ ਭਾਵਨਾਵਾਂ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਦੀ ਮੰਗ ਕਰ ਰਹੀਆਂ ਹਨ, ਜਦੋਂਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਸਿਰਫ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਦਸਤਖ਼ਤ ਨਾ ਕਰਨ ਕਰਕੇ ਰੁਕੀ ਹੋਈ ਹੈ, ਜੋ ਕਿ ਭਗਵੰਤ ਮਾਨ ਦੇ 'ਆਕਾ' ਹਨ।

## ਚੰਦੂਮਾਜਰਾ ਵੱਲੋਂ ਜ਼ਿੰਮੇਵਾਰੀ ਨਾਲ ਗੱਲ ਕਰਨ ਦੀ ਨਸੀਹਤ



**ਚੰਡੀਗੜ੍ਹ:** ਅਕਾਲੀ ਦਲ ਦੇ ਸੀਨੀਅਰ ਨੇਤਾ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਤਾਂ ਖੁਦ ਹੀ ਜੱਜ ਬਣ ਬੈਠੇ ਹਨ ਜਦੋਂ ਕਿ ਬੇਅਦਬੀ ਮਾਮਲਿਆਂ ਵਿਚ ਕਿਸੇ ਵੀ ਅਦਾਲਤ ਵੱਲੋਂ ਕਿਸੇ ਵਿਅਕਤੀ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਜ਼ਿੰਮੇਵਾਰੀ ਨਾਲ ਗੱਲ ਕਰਨੀ ਚਾਹੀਦੀ ਹੈ। ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਤਾਂ ਧਰਮ ਤੇ ਸਿਆਸਤ ਦੇ ਸੁਮੇਲ ਦੀ ਧਾਰਨਾ 'ਤੇ ਚੱਲ ਰਿਹਾ ਹੈ। ਅਕਾਲੀ ਦਲ ਦੀਆਂ ਕੁਰਬਾਨੀਆਂ ਸਦਕਾ ਹੀ ਸ਼੍ਰੋਮਣੀ ਕਮੇਟੀ ਹੋਂਦ ਵਿਚ ਲਿਆਂਦੀ ਗਈ ਹੈ। ਜੇ ਉਹ ਅਕਾਲੀ ਦਲ ਦੀ ਮਦਦ ਕਰ ਰਹੀ ਹੈ ਤਾਂ ਇਸ 'ਚ ਗ਼ਲਤ ਕੀ ਹੈ।

## ਭਗਵੰਤ ਮਾਨ ਨੂੰ ਬੇਅਦਬੀ ਮਾਮਲਿਆਂ 'ਤੇ ਗੱਲ ਕਰਨ ਦਾ ਕੋਈ ਹੱਕ ਨਹੀਂ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲਿਆਂ ਉਤੇ ਗੱਲ ਕਰਨ ਦਾ ਹੱਕ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਹੀਂ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਮੋਰਿੰਡਾ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਦੇ ਦੋਸ਼ ਤੋਂ ਮੁੱਖ ਮੰਤਰੀ ਕਿਵੇਂ ਮੁਕਤ ਹੋ ਸਕਦੇ ਹਨ? ਹੋਰ ਵੀ ਕਈ ਬੇਅਦਬੀ ਦੀਆਂ ਘਟਨਾਵਾਂ ਮਾਨ ਸਰਕਾਰ ਦੇ ਹੁੰਦਿਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਹ ਘਟਨਾਵਾਂ ਹਰ ਸਿੱਖ ਨੂੰ ਦੁੱਖ ਦਿੰਦੀਆਂ ਹਨ, ਇਹ ਨਹੀਂ ਵਾਪਰਨੀਆਂ ਚਾਹੀਦੀਆਂ ਪਰ ਇਸ ਉਤੇ ਰਾਜਨੀਤੀ ਕਰਨੀ ਵੀ ਗੁਨਾਹ ਹੈ।

# ਨੌਜਵਾਨ ਬੇਲਾਰੂਸ ਦੇ ਜੰਗਲਾਂ ਵਿਚ ਲਾਪਤਾ

**ਪਠਾਨਕੋਟ:** ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ ਗਿਆ ਪਠਾਨਕੋਟ ਦੇ ਪਿੰਡ ਸਿਉਂਟੀ ਦਾ ਨੌਜਵਾਨ ਕਰਨ ਸਿੰਘ (28) ਬੇਲਾਰੂਸ ਦੇ ਜੰਗਲਾਂ ਵਿਚ ਲਾਪਤਾ ਹੋ ਗਿਆ ਹੈ। ਇਸ ਨੌਜਵਾਨ ਦਾ ਆਖਰੀ ਵਾਰ 15 ਮਾਰਚ ਨੂੰ ਆਪਣੇ ਪਰਿਵਾਰ ਨਾਲ ਸੰਪਰਕ ਹੋਇਆ ਸੀ।

ਮਾਪਿਆਂ ਨੇ ਸੂਬਾ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪੁੱਤਰ ਬਾਰੇ ਪਤਾ ਲਗਵਾਉਣ ਵਿਚ ਮਦਦ ਕੀਤੀ ਜਾਵੇ। ਪਿਤਾ ਰਘੂਨਾਥ ਸਿੰਘ ਨੇ ਦੱਸਿਆ ਕਿ ਉਸ ਦਾ ਵੱਡਾ ਪੁੱਤ ਕਰਨ ਸਿੰਘ ਕੰਮ ਦੀ ਭਾਲ ਵਿਚ ਇਸ ਸਾਲ ਜਨਵਰੀ ਮਹੀਨੇ ਕਿਸੇ ਪ੍ਰਾਈਵੇਟ ਏਜੰਟ ਰਾਹੀਂ ਸਪੇਨ ਗਿਆ ਸੀ।

ਏਜੰਟ ਨੇ 14 ਲੱਖ ਰੁਪਏ ਲਏ ਸਨ ਤੇ ਵਾਅਦਾ ਕੀਤਾ ਸੀ ਕਿ ਕਰਨ ਨੂੰ ਸਿੱਧੇ ਰਸਤੇ ਸਪੇਨ ਭੇਜਿਆ ਜਾਵੇਗਾ। ਕਰਨ 10 ਜਨਵਰੀ ਨੂੰ ਸਪੇਨ ਦੀ ਫਲਾਈਟ ਲੈਣ ਲਈ ਦਿੱਲੀ ਹਵਾਈ ਅੱਡੇ ਗਿਆ, ਪਰ ਏਜੰਟ ਨੇ ਧੋਖੇ ਨਾਲ ਉਸ ਨੂੰ ਤੇ ਹੋਰ ਕਈ ਨੌਜਵਾਨਾਂ ਨੂੰ ਦੁਬਈ ਉਤਾਰ ਦਿੱਤਾ। ਕੁਝ ਦਿਨ ਦੁਬਈ ਰਹਿਣ ਮਗਰੋਂ ਉਸ ਨੂੰ ਦਿੱਲੀ ਵਾਪਸ ਲਿਆਂਦਾ ਗਿਆ, ਜਿਥੋਂ ਬੱਸ ਰਾਹੀਂ ਲਖਨਊ ਲਿਜਾਇਆ ਗਿਆ ਤੇ ਲਖਨਊ ਹਵਾਈ ਅੱਡੇ ਤੋਂ ਰੂਸ ਭੇਜ ਦਿੱਤਾ ਗਿਆ। ਰਘੂਨਾਥ ਸਿੰਘ ਨੇ ਦੱਸਿਆ ਕਿ ਰੂਸ ਤੋਂ ਸਾਰੇ ਨੌਜਵਾਨਾਂ ਨੂੰ ਇਕ ਟੈਕਸੀ ਵਿਚ ਬਿਠਾ ਕੇ ਬੇਲਾਰੂਸ ਦੇ ਜੰਗਲਾਂ ਵਿਚ ਛੱਡ ਦਿੱਤਾ ਗਿਆ, ਜਿਥੇ ਉਹ ਕਈ ਦਿਨਾਂ ਤੱਕ ਭਟਕਦੇ ਰਹੇ। ਇਸ ਮਗਰੋਂ 15 ਮਾਰਚ ਨੂੰ ਪਰਿਵਾਰ ਦੀ ਕਰਨ ਨਾਲ ਗੱਲ ਹੋਈ ਸੀ ਜਿਸ ਦੌਰਾਨ ਉਸ ਨੇ ਦੱਸਿਆ ਸੀ ਕਿ ਚਾਰ ਦਿਨਾਂ ਤੋਂ ਕੁਝ ਨਹੀਂ ਸੀ ਖਾਧਾ। ਇਸ ਮਗਰੋਂ ਪਰਿਵਾਰ ਦਾ ਕਰਨ ਨਾਲ ਕੋਈ ਸੰਪਰਕ ਨਹੀਂ ਹੋਇਆ। ਕਰਨ ਦੇ ਨਾਲ ਵਾਲਿਆਂ ਨੂੰ ਸੁਰੱਖਿਆ ਅਧਿਕਾਰੀਆਂ ਨੇ ਫੜ ਕੇ ਇਕ ਕੈਂਪ ਵਿਚ ਰੱਖਿਆ ਹੋਇਆ ਹੈ, ਪਰ ਕਰਨ ਬਾਰੇ ਕੋਈ ਖਬਰ ਨਹੀਂ ਮਿਲੀ ਹੈ।

# ਮੂਸੇਵਾਲਾ ਦੇ ਮਾਪਿਆਂ ਵੱਲੋਂ 'ਆਪ' ਉਮੀਦਵਾਰ ਨੂੰ ਵੋਟ ਨਾ ਪਾਉਣ ਦੀ ਅਪੀਲ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੇ ਗ੍ਰਹਿ ਪਿੰਡ ਮੂਸਾ ਵਿਖੇ ਸਿੱਧੂ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁੱਤਰ ਦੀ ਹੱਤਿਆ ਮਾਮਲੇ 'ਚ ਇਨਸਾਫ ਲੈਣ ਲਈ ਸਾਲ ਭਰ ਤੋਂ ਫਰਿਆਦ ਕਰ ਰਹੇ ਹਾਂ ਪਰ ਪੰਜਾਬ ਦੀ 'ਆਪ' ਸਰਕਾਰ ਨਿਆਂ ਨਹੀਂ ਦੇਣਾ ਚਾਹੁੰਦੀ।

ਉਨ੍ਹਾਂ ਦੋਸ਼ ਲਗਾਇਆ ਕਿ ਜੋ ਵੀ ਵਿਅਕਤੀ ਹੱਕ, ਸੱਚ ਦੀ ਗੱਲ ਕਰਦਾ ਹੈ, ਉਸ ਉਤੇ ਮੁਕੱਦਮੇ ਦਰਜ ਕਰਕੇ ਦਬਾਇਆ ਜਾ ਰਿਹਾ ਹੈ। ਬਲਕੌਰ ਸਿੰਘ ਨੇ ਕਿਹਾ ਕਿ ਜੇਕਰ ਸਿੱਧੂ ਮੂਸੇਵਾਲਾ ਨੂੰ ਚਾਹੁੰਦੇ ਹੋ ਤਾਂ ਜਲੰਧਰ ਉਪ ਚੋਣ ਵਿਚ 'ਆਪ' ਉਮੀਦਵਾਰ ਨੂੰ ਵੋਟ ਨਾ ਪਾਈ ਜਾਵੇ ਤਾਂ ਜੋ ਪੰਜਾਬ ਸਰਕਾਰ ਨੂੰ ਪਤਾ ਲੱਗ ਸਕੇ ਕਿ ਲੋਕ ਉਨ੍ਹਾਂ ਦੇ ਕੰਮਾਂ ਤੋਂ ਖੁਸ਼ ਨਹੀਂ ਹਨ। ਉਨ੍ਹਾਂ ਸ਼ੰਕਾ ਜ਼ਾਹਰ ਕੀਤੀ ਕਿ ਸਰਕਾਰ ਵੱਲੋਂ ਉਨ੍ਹਾਂ ਦੇ ਪੁੱਤਰ ਦੇ ਅਕਸ ਨੂੰ ਖਰਾਬ ਕਰਨ ਲਈ ਕੋਈ ਨਵਾਂ ਡਰਾਮਾ ਖੇਡਿਆ ਜਾ ਸਕਦਾ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਜਲੰਧਰ ਉਪ ਚੋਣ 'ਚ ਪ੍ਰਸ਼ੰਸਕ ਸਿੱਧੂ ਦੀ ਤਸਵੀਰ ਲਗਾ ਕੇ 'ਆਪ' ਉਮੀਦਵਾਰਾਂ ਨੂੰ ਸਵਾਲ ਕਰਨ ਅਤੇ 'ਜਸਟਿਸ ਫਾਰ ਸਿੱਧੂ ਮੂਸੇਵਾਲਾ' ਦੀਆਂ ਤਸਵੀਰਾਂ ਲਗਾਉਣ। ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਇਕ ਸਾਜ਼ਿਸ਼ ਤਹਿਤ ਹਰ ਮੁੱਦੇ ਨੂੰ ਜਾਣਬੁਝ ਕੇ ਸਿੱਧੂ ਨਾਲ ਜੋੜਿਆ ਜਾ ਰਿਹਾ ਹੈ, ਜੋ ਪ੍ਰਸ਼ੰਸਕ ਕਦੇ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਲੋਕ ਅੱਜ ਵੀ ਇਨਸਾਫ ਲੈਣ ਲਈ ਇਕਜੁੱਟ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦਾ ਕਿਸੇ ਪਾਰਟੀ ਵਿਸ਼ੇਸ਼ ਨਾਲ ਕੋਈ ਸਬੰਧ ਨਹੀਂ ਅਤੇ ਉਹ ਸਿਰਫ ਇਨਸਾਫ ਲਈ ਗੁਹਾਰ ਲਗਾ ਰਹੇ ਹਨ।



# ਕੇਜਰੀਵਾਲ ਉਤੇ ਵਰ੍ਹੇ ਪ੍ਰਤਾਪ ਬਾਜਵਾ

**ਚੰਡੀਗੜ੍ਹ:** ਪੰਜਾਬ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੇਜਰੀਵਾਲ ਨੇ ਆਪਣੀ ਸਰਕਾਰੀ ਰਿਹਾਇਸ਼ ਦੇ ਸੁੰਦਰੀਕਰਨ 'ਤੇ ਕਰੋੜਾਂ ਰੁਪਏ ਖਰਚ ਕੀਤੇ ਅਤੇ ਉਹ ਆਪਣੇ ਆਪ ਨੂੰ ਫਿਰ ਵੀ ਆਮ ਆਦਮੀ ਦੱਸ ਰਿਹਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਮੀਡੀਆ ਵਿਚ ਪ੍ਰਕਾਸ਼ਿਤ ਰਿਪੋਰਟਾਂ ਅਨੁਸਾਰ ਕੇਜਰੀਵਾਲ ਨੇ ਸਿਵਲ ਲਾਈਨਜ਼ ਵਿਚ ਫਲੈਗ ਸਟਾਫ ਰੋਡ 'ਤੇ ਸਥਿਤ ਬੰਗਲੇ ਨੰਬਰ 6 ਦੇ ਸੁੰਦਰੀਕਰਨ 'ਤੇ ਲਗਭਗ 45 ਕਰੋੜ ਰੁਪਏ ਖਰਚ ਕੀਤੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਟੈਕਸਦਾਤਾਵਾਂ ਦਾ ਪੈਸਾ ਆਪਣੇ ਅਤੇ ਪਰਿਵਾਰ ਦੀ ਆਲੀਸ਼ਾਨ ਜੀਵਨ ਸ਼ੈਲੀ 'ਤੇ ਖ਼ਰਚ ਕੀਤਾ ਜਦੋਂਕਿ ਕੇਜਰੀਵਾਲ ਕਹਿੰਦੇ ਸਨ ਕਿ ਉਹ ਅਤੇ ਉਨ੍ਹਾਂ ਦੀ ਪਾਰਟੀ ਦੇ ਆਗੂ ਕਾਰਾਂ, ਬੰਗਲੇ ਅਤੇ ਸੁਰੱਖਿਆ ਵੀ ਨਹੀਂ ਲੈਣਗੇ।

# ਜਥੇਦਾਰ 'ਤੇ ਦੋਸ਼ ਲਾਉਣ ਵਾਲੇ ਨੂੰ ਤਲਬ ਕਰਨ ਦੀ ਮੰਗ

**ਅੰਮ੍ਰਿਤਸਰ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਸਲਾਹਕਾਰ ਅਤੇ ਭਾਜਪਾ ਆਗੂ ਪ੍ਰੋ. ਸਰਚਾਂਦ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਦੀ ਪਦਵੀ ਨੂੰ ਠੇਸ ਪਹੁੰਚਾਉਣ ਵਾਲੇ ਵਿਅਕਤੀ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਤਤਕਾਲੀ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ 'ਤੇ ਗੰਭੀਰ ਦੋਸ਼ ਲਾਏ ਗਏ ਸਨ ਤੇ ਕਿਹਾ ਗਿਆ ਸੀ ਕਿ 70 ਲੱਖ ਰੁਪਏ ਵਸੂਲਣ ਦੇ ਬਾਵਜੂਦ ਤਖ਼ਤ ਪਟਨਾ ਸਾਹਿਬ ਲਈ ਭੇਟ ਕੀਤੀ ਗਈ ਸੋਨੇ ਦੀ ਕਿਰਪਾਨ ਨਕਲੀ ਨਿਕਲੀ ਹੈ।

# ਜਲੰਧਰ ਜ਼ਿਮਨੀ ਚੋਣ: ਸਿਮਰਜੀਤ ਬੈਂਸ ਵੱਲੋਂ ਭਾਜਪਾ ਨੂੰ ਹਮਾਇਤ

**ਜਲੰਧਰ:** ਜਲੰਧਰ ਜ਼ਿਮਨੀ ਚੋਣ 'ਚ ਭਾਜਪਾ ਉਮੀਦਵਾਰ ਨੂੰ ਉਦੋਂ ਹੁਲਾਰਾ ਮਿਲਿਆ ਜਦੋਂ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਭਾਜਪਾ ਨੂੰ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਇਥੇ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੁਪਾਨੀ ਦੀ ਹਾਜ਼ਰੀ ਵਿਚ ਉਨ੍ਹਾਂ ਨੇ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।



ਸਿਮਰਜੀਤ ਸਿੰਘ ਬੈਂਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਿਫਤਾਂ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਹੁੰਚ ਪੰਜਾਬ ਤੇ ਸਿੱਖ ਪੱਖੀ ਹੈ। ਬੈਂਸ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਕੇਂਦਰ ਵਿਚ 2024 ਵਿਚ ਮੁੜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੇ ਤੇ ਪੰਜਾਬ ਵਿਚ 2027 ਵਿਚ ਭਾਜਪਾ ਦੀ ਸਰਕਾਰ ਬਣੇ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿਚ ਦੇਸ਼ ਦਾ ਨਾਂ ਉੱਚਾ ਕਰਨ ਵਿਚ ਨਰਿੰਦਰ ਮੋਦੀ ਦੀ ਮੋਹਰੀ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰਾਂ ਸਮੇਂ ਭ੍ਰਿਸ਼ਟਾਚਾਰ ਦਾ ਬੋਲਬਾਲਾ ਰਿਹਾ ਹੈ। ਸਿਮਰਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ ਨੇ 2012 'ਚ ਪੰਜਾਬ ਵਿਧਾਨ ਸਭਾ ਦੀ ਚੋਣ ਆਜ਼ਾਦ ਉਮੀਦਵਾਰ ਵਜੋਂ ਲੜੀ ਤੇ ਦੋਵੇਂ ਭਰਾ ਵੱਡੇ ਫਰਕ ਨਾਲ ਜਿੱਤੇ ਸਨ। ਸਿਮਰਜੀਤ ਸਿੰਘ ਬੈਂਸ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕ ਇਨਸਾਫ ਪਾਰਟੀ ਬਣਾਈ ਤੇ 'ਆਪ' ਨਾਲ ਵੀ ਗੱਠਜੋੜ ਕੀਤਾ, ਪਰ ਉਹ ਸਿਰਫ ਦੋ ਸੀਟਾਂ ਹੀ ਬਚਾ ਸਕੇ। ਇਸ ਵਾਰ 2022 ਦੀਆਂ ਚੋਣਾਂ ਇਕੱਲਿਆਂ ਲੜੀਆਂ, ਪਰ ਭਾੜੂ ਅੱਗੇ ਉਹ ਟਿਕ ਨਾ ਸਕੇ।

ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਜਲੰਧਰ ਵਿਚ ਭਾਜਪਾ ਦਾ ਸਾਥ ਦੇਣ ਦਾ ਐਲਾਨ ਕਰਨ ਤੋਂ ਬਾਅਦ ਇੱਥੇ ਲੁਧਿਆਣਾ ਸਥਿਤ ਦਫਤਰ ਪੁੱਜੇ ਕੇ ਕਿਹਾ ਕਿ ਉਨ੍ਹਾਂ ਉਹ ਅਗਲਾ ਪੂਰਾ ਹਫਤਾ ਭਾਜਪਾ ਲਈ ਜਲੰਧਰ ਦੀ ਗਲੀ ਗਲੀ ਜਾ ਕੇ ਲੋਕਾਂ ਕੋਲੋਂ ਵੋਟਾਂ ਮੰਗਣਗੇ। ਉਨ੍ਹਾਂ ਕਿਹਾ ਕਿ ਜਲੰਧਰ ਦੇ ਆਦਮਪੁਰ ਵਿਚ ਉਨ੍ਹਾਂ ਦੇ ਨਾਨਕੇ ਹਨ, ਇਸ ਕਰ ਕੇ ਉਨ੍ਹਾਂ ਨੂੰ ਜਲੰਧਰ ਦਾ ਸਭ ਕੁਝ ਪਤਾ ਹੈ। ਲੁਧਿਆਣਾ ਪੁੱਜੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਦਾ ਉਨ੍ਹਾਂ ਦੇ ਸਮਰਥਕਾਂ ਨੇ ਭਰਵਾਂ ਸਵਾਗਤ ਕੀਤਾ। ਸ੍ਰੀ ਬੈਂਸ ਨੇ ਕਿਹਾ ਕਿ ਉਨ੍ਹਾਂ ਨੇ ਸਮਰਥਨ ਦਾ ਐਲਾਨ ਕੀਤਾ ਹੈ, ਹਾਲੇ ਉਹ ਭਾਜਪਾ ਵਿਚ ਸ਼ਾਮਲ ਨਹੀਂ ਹੋਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਵਿਚ ਸ਼ਾਮਲ ਹੋਣ ਲਈ ਉਹ ਆਪਣੀ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਬੁਲਾਉਣਗੇ। ਇਸ ਵਿਚ ਫੈਸਲਾ ਲਿਆ ਜਾਏਗਾ ਕਿ ਉਹ ਕਦੋਂ ਭਾਜਪਾ ਦੀ ਮੈਂਬਰਸ਼ਿਪ ਲੈਣਗੇ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਜਾ ਰਹੇ ਕੰਮ ਤੋਂ ਪ੍ਰਭਾਵਿਤ ਹਨ।

## ਸੀ.ਪੀ.ਐਮ. ਵੱਲੋਂ ਕਾਂਗਰਸ ਦੀ ਹਮਾਇਤ ਦਾ ਐਲਾਨ

**ਬਨੂੜ:** ਸੀ.ਪੀ.ਐਮ. ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਕਾਂਗਰਸ ਦੀ ਹਮਾਇਤ ਕਰੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਭਾਵੇਂ ਪਾਰਟੀ ਦਾ ਕਾਂਗਰਸ ਨਾਲ ਕੋਈ ਗਠਜੋੜ ਨਹੀਂ ਹੈ ਪਰ ਜਮਹੂਰੀਅਤ ਅਤੇ ਧਰਮ ਨਿਰਪੱਖਤਾ ਲਈ ਪਾਰਟੀ ਨੇ ਇਹ ਫੈਸਲਾ ਲਿਆ ਹੈ ਤੇ ਪਾਰਟੀ ਦੇ ਸਮੁੱਚੇ ਆਗੂ ਤੇ ਵਰਕਰ 2 ਤੋਂ 7 ਮਈ ਤੱਕ ਖੁਦ ਚੋਣ ਮੁਹਿੰਮ ਚਲਾਉਣਗੇ। ਉਹ ਬਨੂੜ ਵਿਚ ਕਾਮਰੇਡ ਪ੍ਰੇਮ ਸਿੰਘ ਘੜਾਮਾਂ ਦੇ ਦਫ਼ਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

# ਸਰ੍ਹੋਂ ਦੀ ਖਰੀਦ: ਕੇਂਦਰੀ ਸਹਿਕਾਰੀ ਏਜੰਸੀ ਨੇ ਪੰਜਾਬ ਨੂੰ ਕੀਤਾ ਨਜ਼ਰਅੰਦਾਜ਼

**ਚੰਡੀਗੜ੍ਹ:** ਪੰਜਾਬ ਦੇ ਕਿਸਾਨ ਹੁਣ ਸਰ੍ਹੋਂ ਦੀ ਫਸਲ ਸਰਕਾਰੀ ਭਾਅ ਤੋਂ ਹੇਠਾਂ ਵੇਚਣ ਲੱਗੇ ਹਨ। ਪੰਜਾਬ ਸਰਕਾਰ ਇਸ ਮਾਮਲੇ 'ਤੇ ਅਵੇਸਲੀ ਜਾਪ ਰਹੀ ਹੈ ਜਦੋਂਕਿ ਕਿਸਾਨਾਂ ਨੇ ਲੰਘੇ ਤਿੰਨ ਵਰ੍ਹਿਆਂ ਤੋਂ ਸਰ੍ਹੋਂ ਦੀ ਫਸਲ 'ਚ ਮੁੜ ਦਿਲਚਸਪੀ ਲੈਣੀ ਸ਼ੁਰੂ ਕੀਤੀ ਹੈ। ਕੇਂਦਰੀ ਸਹਿਕਾਰੀ ਏਜੰਸੀ ਨੈਫੇਡ ਨੇ ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਗੁਜਰਾਤ ਵਿਚ ਸਰ੍ਹੋਂ ਦੀ ਸਰਕਾਰੀ ਖਰੀਦ ਸ਼ੁਰੂ ਕੀਤੀ ਹੋਈ ਹੈ ਪਰ ਪੰਜਾਬ ਦਾ ਕਿਸਾਨ ਨਜ਼ਰਅੰਦਾਜ਼ ਹੋ ਗਿਆ ਹੈ।

ਪੰਜਾਬ ਸਰਕਾਰ ਇਸ ਵੇਲੇ ਜਲੰਧਰ ਜ਼ਿਮਨੀ ਚੋਣ ਵਿਚ ਉਲਝੀ ਹੋਈ ਹੈ ਜਿਸ ਕਰ ਕੇ ਹਾੜ੍ਹੀ ਦੇ ਇਸ ਸੀਜ਼ਨ ਵਿਚ ਕਿਸਾਨਾਂ ਦੀਆਂ ਦਿੱਕਤਾਂ ਵੱਲ ਧਿਆਨ ਦੇਣ ਦਾ ਸਮਾਂ ਨਹੀਂ ਲੱਗ ਰਿਹਾ। ਰਾਜਸਥਾਨ ਵਿਚ ਸਰਕਾਰ ਨੇ 46 ਲੱਖ ਮੀਟਰਿਕ ਟਨ ਪੈਦਾਵਾਰ ਦਾ ਟੀਚਾ ਮਿਥਿਆ ਹੋਇਆ ਹੈ। ਇਨ੍ਹਾਂ ਸੂਬਿਆਂ ਦੇ ਕਿਸਾਨਾਂ ਅਤੇ ਸਰਕਾਰਾਂ ਨੇ ਕੇਂਦਰ ਸਰਕਾਰ 'ਤੇ ਦਬਾਅ ਬਣਾਇਆ ਜਿਸ ਦੇ ਨਤੀਜੇ ਵਜੋਂ ਨੈਫੇਡ ਨੇ ਇਨ੍ਹਾਂ ਦੋਵੇਂ ਸੂਬਿਆਂ ਸਣੇ ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਸਰਕਾਰੀ ਖਰੀਦ



ਕੀਤੀ ਹੈ।

ਸਰ੍ਹੋਂ ਦਾ ਸਰਕਾਰੀ ਭਾਅ 5450 ਰੁਪਏ ਨਿਰਧਾਰਤ ਕੀਤਾ ਗਿਆ ਹੈ ਜਦੋਂਕਿ ਮੰਡੀਆਂ ਵਿਚ ਸਰ੍ਹੋਂ 4400 ਰੁਪਏ ਪ੍ਰਤੀ ਕੁਇੰਟਲ ਵਿਕ ਰਹੀ ਹੈ। ਪੰਜਾਬ ਦੇ ਜ਼ਿਲ੍ਹਾ ਮਾਨਸਾ, ਬਠਿੰਡਾ, ਫ਼ਾਜ਼ਿਲਕਾ ਅਤੇ ਮੁਕਤਸਰ ਤੋਂ ਇਲਾਵਾ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿਚ ਸਰ੍ਹੋਂ ਦੀ ਬਿਜਾਂਦ ਹੁੰਦੀ ਹੈ। ਪਿਛਲੇ ਵਰ੍ਹੇ ਸਰ੍ਹੋਂ ਦੀ ਫ਼ਸਲ ਦਾ ਭਾਅ 7500 ਰੁਪਏ ਪ੍ਰਤੀ ਕੁਇੰਟਲ ਤੱਕ ਚਲਾ ਗਿਆ ਸੀ ਜਿਸ ਕਰਕੇ ਕਿਸਾਨਾਂ ਨੇ ਐਤਕੀਂ ਸਰ੍ਹੋਂ ਹੇਠ ਰਕਬਾ ਵਧਾ ਦਿੱਤਾ ਸੀ। 15 ਫਰਵਰੀ ਤੋਂ ਹੀ ਸਰ੍ਹੋਂ ਦੀ ਖ਼ਰੀਦ ਦਾ ਸੀਜ਼ਨ ਸ਼ੁਰੂ ਹੋ ਗਿਆ ਸੀ ਅਤੇ ਇਸ ਵਾਰ ਭਾਅ ਪੰਜ ਹਜ਼ਾਰ ਰੁਪਏ ਨੂੰ ਪਾਰ ਹੀ ਨਹੀਂ ਕੀਤਾ। ਸਰ੍ਹੋਂ ਦੇ ਤੇਲ ਦਾ ਭਾਅ ਵੀ ਪਿਛਲੇ ਵਰ੍ਹੇ 150 ਰੁਪਏ ਪ੍ਰਤੀ ਲਿਟਰ ਸੀ ਜੋ ਹੁਣ 110 ਰੁਪਏ ਰਹਿ ਗਿਆ ਹੈ। ਕਿਸਾਨ ਆਸਵੰਦ ਸਨ ਕਿ ਭਾਅ ਚੰਗਾ ਮਿਲੇਗਾ ਪਰ ਕਿਸਾਨਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ। ਬਠਿੰਡਾ ਜ਼ਿਲ੍ਹੇ ਦੀ ਇਕੱਲੀ ਸੰਗਤ ਮੰਡੀ ਵਿਚ ਐਤਕੀਂ ਪੰਜਾਹ ਹਜ਼ਾਰ ਗੱਟਾ ਸਰ੍ਹੋਂ ਦੀ ਫ਼ਸਲ ਆਈ ਹੈ ਜਦੋਂਕਿ ਪਹਿਲਾਂ ਨਾਮਾਤਰ ਫ਼ਸਲ ਹੁੰਦੀ ਸੀ। ਦੱਸਣਯੋਗ ਹੈ ਕਿ ਵਰ੍ਹਾ 2019-20 ਵਿਚ ਸਰ੍ਹੋਂ ਹੇਠ ਰਕਬਾ 32 ਹਜ਼ਾਰ ਹੈਕਟੇਅਰ ਸੀ ਜੋ ਕਿ 2020-21 ਵਿਚ ਵਧ ਕੇ 44 ਹਜ਼ਾਰ ਹੈਕਟੇਅਰ ਹੋ ਗਿਆ ਸੀ। 2021-22 ਵਿੱਚ ਇਹ ਰਕਬਾ ਵੱਧ ਕੇ 54 ਹਜ਼ਾਰ ਹੈਕਟੇਅਰ ਹੋ ਗਿਆ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਜ਼ਮੀਨੀ ਪਾਣੀਆਂ 'ਤੇ ਫ਼ਿਕਰ ਜ਼ਾਹਰ ਕੀਤੇ ਜਾਂਦੇ ਹਨ ਅਤੇ ਖੇਤੀ ਵਿਭਿੰਨਤਾ ਲਈ ਖੇਤੀ ਨੀਤੀ ਵੀ ਤਿਆਰ ਕੀਤੀ ਜਾ ਰਹੀ ਹੈ। ਸਰ੍ਹੋਂ ਇਕ ਬਦਲਵੀਂ ਫਸਲ ਵਜੋਂ ਸਥਾਪਿਤ ਹੋ ਸਕਦੀ ਹੈ।

## ਕਿਸਾਨਾਂ ਦਾ ਸਰਕਾਰ ਨਾਲ ਗਿਲਾ...

**ਚੰਡੀਗੜ੍ਹ:** ਕਿਸਾਨ ਆਗੂਆਂ ਅਨੁਸਾਰ ਪੰਜਾਬ ਸਰਕਾਰ ਨੇ ਸਰ੍ਹੋਂ ਉਤਪਾਦਕਾਂ ਦੀ ਬਾਂਹ ਨਹੀਂ ਫੜੀ ਹੈ ਜਿਸ ਕਰ ਕੇ ਕਿਸਾਨਾਂ ਨੂੰ ਪ੍ਰਤੀ ਏਕੜ 10 ਤੋਂ 12 ਹਜ਼ਾਰ ਰੁਪਏ ਦਾ ਘਾਟਾ ਪੈ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਕਿਸਾਨਾਂ ਨੂੰ ਫਸਲ ਸਰਕਾਰੀ ਭਾਅ ਤੋਂ ਹੇਠਾਂ ਵੇਚਣੀ ਪਈ ਹੈ, ਉਨ੍ਹਾਂ ਦੇ ਘਾਟੇ ਦੀ ਭਰਪਾਈ ਪੰਜਾਬ ਸਰਕਾਰ ਕਰੇ। ਗੁਆਂਢੀ ਸੂਬੇ ਹਰਿਆਣਾ ਵਿਚ ਸਰ੍ਹੋਂ ਦੀ ਫਸਲ ਹੇਠ ਐਤਕੀਂ 6.50 ਲੱਖ ਹੈਕਟੇਅਰ ਰਕਬਾ ਸੀ ਜਿੱਥੇ ਕਿਸਾਨਾਂ ਨੂੰ ਸ਼ੁਰੂਆਤੀ ਦੌਰ ਵਿਚ 4600 ਰੁਪਏ ਤੋਂ ਲੈ ਕੇ 4900 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਫਸਲ ਸਰਕਾਰੀ ਭਾਅ ਤੋਂ ਹੇਠਾਂ ਵੇਚਣੀ ਪਈ। ਪ੍ਰਾਈਵੇਟ ਵਪਾਰੀਆਂ ਨੇ ਨਮੀ ਦਾ ਬਹਾਨਾ ਲਾਇਆ। ਇਸੇ ਤਰ੍ਹਾਂ ਰਾਜਸਥਾਨ ਵਿਚ ਵੀ ਸਰ੍ਹੋਂ ਦੀ ਫਸਲ ਪਹਿਲਾਂ 4500 ਰੁਪਏ ਪ੍ਰਤੀ ਕੁਇੰਟਲ ਵਿਕਦੀ ਰਹੀ ਹੈ।

# ਕੇਂਦਰ ਵੱਲੋਂ ਕਣਕ 'ਤੇ ਮਿਆਰੀ ਕਟੌਤੀ ਲਾਉਣਾ ਗਲਤ ਕਰਾਰ



**ਫਤਹਿਗੜ੍ਹ ਸਾਹਿਬ:** ਲੋਕ ਸਭਾ ਮੈਂਬਰ ਡਾ. ਅਮਰ ਸਿੰਘ ਅਤੇ ਫਤਹਿਗੜ੍ਹ ਸਾਹਿਬ ਹਲਕੇ ਦੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਸਰਹਿੰਦ ਮੰਡੀ ਦਾ ਦੌਰਾ ਕੀਤਾ ਅਤੇ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਮਸਲੇ ਵੀ ਸੁਣੇ। ਬਾਅਦ ਵਿਚ ਮਾਰਕਿਟ ਕਮੇਟੀ ਦਫਤਰ ਸਰਹਿੰਦ ਮੰਡੀ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਅਧਿਕਾਰੀਆਂ ਨੂੰ ਕਿਹਾ ਕਿ ਕਣਕ ਦੀ ਚੱਲ ਰਹੀ ਖਰੀਦ ਦੌਰਾਨ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਖਰਾਬ ਮੌਸਮ ਕਾਰਨ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਵੱਲੋਂ ਕਿਸਾਨਾਂ 'ਤੇ ਮਿਆਰੀ ਕਟੌਤੀ ਲਗਾਉਣਾ ਗਲਤ ਹੈ ਅਤੇ ਇਹ ਮੋਦੀ ਸਰਕਾਰ ਦੀ ਕਿਸਾਨ ਵਿਰੋਧੀ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਜੇ ਸਰਕਾਰ ਕਿਸਾਨਾਂ ਦੀ ਮਦਦ ਕਰਨਾ ਚਾਹੁੰਦੀ ਸੀ ਤਾਂ ਬੋਨਸ ਦਾ ਐਲਾਨ ਕਰਨਾ ਚਾਹੀਦਾ ਸੀ।

ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਕਿਸਾਨਾਂ ਵੱਲੋਂ ਪੁੱਤਾਂ ਵਾਂਗ ਪਾਲੀ ਹੋਈ ਗਈ ਕਣਕ ਦੀ ਤੇ ਸਬਜ਼ੀਆਂ ਦੀਆਂ ਫਸਲਾਂ ਬੇ-ਮੌਸਮੀ ਬਰਸਾਤ ਅਤੇ ਗੜੇਮਾਰੀ ਕਾਰਨ ਪੂਰੀ ਤਰ੍ਹਾਂ ਬਰਬਾਦ ਹੋ ਗਈਆਂ ਸਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿਛਲੇ ਸਾਲ ਦੀ ਨੁਕਸਾਨੀ ਗਈ ਫਸਲ, ਜਿਸ ਦਾ ਮੁਆਵਜ਼ਾ ਅਜੇ ਤੱਕ ਨਹੀਂ ਦਿੱਤਾ ਗਿਆ ਅਤੇ ਇਸ ਵਾਰ ਦੀ ਨੁਕਸਾਨੀ ਗਈ ਫਸਲ ਦਾ ਅਤੇ ਪੰਚਾਇਤੀ ਜ਼ਮੀਨ ਜੋ ਲੋਕਾਂ ਦੁਆਰਾ ਠੇਕੇ ਤੇ ਲੈ ਕੇ ਵਾਹੀ ਜਾਂਦੀ ਹੈ, ਉਸ ਦਾ ਮੁਆਵਜ਼ਾ ਜਿਨ੍ਹਾਂ ਕਿਸਾਨਾਂ ਨੂੰ ਨਹੀਂ ਦਿੱਤਾ ਗਿਆ, ਜਲਦ ਤੋਂ ਜਲਦ ਦਿੱਤਾ ਜਾਵੇ।

## ਸੰਯੁਕਤ ਕਿਸਾਨ ਮੋਰਚੇ ਵੱਲੋਂ 1 ਤੋਂ 15 ਅਗਸਤ ਤੱਕ ਦੇਸ਼ਵਿਆਪੀ ਪ੍ਰਦਰਸ਼ਨ ਦਾ ਐਲਾਨ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.), ਕਿਸਾਨਾਂ ਦੀ ਪੈਨਸ਼ਨ ਅਤੇ ਵਿਆਪਕ ਫਸਲ ਬੀਮਾ ਯੋਜਨਾ ਨੂੰ ਕਾਨੂੰਨੀ ਮਾਨਤਾ ਸਣੇ ਹੋਰ ਮੰਗਾਂ ਲਈ ਦਬਾਅ ਬਣਾਉਣ ਵਾਸਤੇ ਪਹਿਲੀ ਅਗਸਤ ਤੋਂ 15 ਅਗਸਤ ਦੌਰਾਨ ਦੇਸ਼ਵਿਆਪੀ ਸਮੂਹਿਕ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਵੱਖ-ਵੱਖ ਕਿਸਾਨ ਯੂਨੀਅਨਾਂ ਦੀ ਜਥੇਬੰਦੀ ਸੰਯੁਕਤ ਕਿਸਾਨ ਮੋਰਚਾ ਵੱਲੋਂ ਇਕ ਮੀਟਿੰਗ ਵਿਚ ਕੀਤਾ ਗਿਆ। ਕਿਸਾਨ ਜਥੇਬੰਦੀ ਮੁਤਾਬਕ ਮੀਟਿੰਗ ਵਿਚ ਯੂਨੀਅਨਾਂ ਦੇ 200 ਤੋਂ ਵੱਧ ਕਿਸਾਨ ਆਗੂ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਮੰਗਾਂ ਦੇ ਹੱਕ 'ਚ ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿਚ 26 ਤੋਂ 31 ਮਈ ਤੱਕ ਪ੍ਰਦਰਸ਼ਨ ਕੀਤੇ ਜਾਣਗੇ। ਫਿਰ ਵਰਕਰਜ ਯੂਨੀਅਨਾਂ ਤੇ ਹੋਰ ਜਥੇਬੰਦੀਆਂ ਨਾਲ ਮਿਲ ਕੇ ਪਹਿਲੀ ਅਗਸਤ ਤੋਂ 15 ਅਗਸਤ ਦੌਰਾਨ ਦੇਸ਼ਵਿਆਪੀ ਸਮੂਹਿਕ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

## ਚੰਦੂਮਾਜਰਾ ਵੱਲੋਂ ਸਾਹਿਬ ਸਿੰਘ ਦੇ ਪਰਿਵਾਰ ਨੂੰ ਮਦਦ ਦਾ ਭਰੋਸਾ

**ਮੋਰਿੰਡਾ:** ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਆਪਣੇ ਸਾਥੀਆਂ ਨਾਲ ਮੋਰਿੰਡੇ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੇ ਦੋਸ਼ੀ ਜਸਬੀਰ ਸਿੰਘ 'ਤੇ ਅਦਾਲਤ ਵਿਚ ਕਾਤਲਾਨਾ ਹਮਲਾ ਕਰਨ ਵਾਲੇ ਐਡਵੋਕੇਟ ਸਾਹਿਬ ਸਿੰਘ ਖੁਰਲ ਦੇ ਘਰ ਪਹੁੰਚ ਕੇ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਹੌਂਸਲਾ ਦਿੱਤਾ। ਯੂਥ ਆਗੂ ਅਮਰਿੰਦਰ ਸਿੰਘ ਹੈਲੀ ਨੇ ਦੱਸਿਆ ਕਿ ਚੰਦੂਮਾਜਰਾ ਨੇ ਐਡਵੋਕੇਟ ਸਾਹਿਬ ਸਿੰਘ ਖੁਰਲ ਦੇ ਪਿਤਾ ਦਲਜੀਤ ਸਿੰਘ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ, ਹਰ ਉਸ ਸਿੱਖ ਨੂੰ ਕਨੂੰਨੀ ਅਤੇ ਆਰਥਿਕ ਸਹਾਇਤਾ ਦੇਣ ਲਈ ਵਚਨਬੱਧ ਹੈ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਸਿੱਖ ਪੰਥ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲੇ ਦੋਸ਼ੀਆਂ ਦਾ ਵਿਰੋਧ ਕੀਤਾ ਹੈ।

# ਜੀ.ਐਸ.ਟੀ. ਵਸੂਲੀ ਨੇ ਕੀਤੇ ਪੰਜਾਬ ਸਰਕਾਰ ਦੇ ਵਾਰੇ ਨਿਆਰੇ

**ਚੰਡੀਗੜ੍ਹ:** ਪੰਜਾਬ ਸਰਕਾਰ ਲਈ ਨਵੇਂ ਵਿੱਤੀ ਵਰ੍ਹੇ ਦੇ ਪਹਿਲੇ ਮਹੀਨੇ ਦੌਰਾਨ ਵੱਡੀ ਰਾਹਤ ਦੀ ਖ਼ਬਰ ਹੈ ਕਿ ਜੀ.ਐਸ.ਟੀ. ਦੀ ਵਸੂਲੀ ਵਿਚ 25 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਪੰਜਾਬ ਸਰਕਾਰ ਨੂੰ ਆਸ ਬੱਝੀ ਹੈ ਕਿ ਜੀ.ਐਸ.ਟੀ. ਦੀ ਵਸੂਲੀ ਵਿਚ ਵਾਧੇ ਨਾਲ ਵਿਕਾਸ ਦੀ ਗਤੀ ਤੇਜ਼ ਹੋਵੇਗੀ।

ਪਿਛਲੇ ਵਰ੍ਹੇ ਦੇ ਅਪਰੈਲ ਮਹੀਨੇ ਵਿਚ ਜੀ.ਐਸ.ਟੀ. ਕੁਲੈਕਸ਼ਨ 1550 ਕਰੋੜ ਰੁਪਏ ਸੀ ਜੋ ਕਿ ਐਤਕੀਂ ਅਪਰੈਲ ਮਹੀਨੇ ਵਿਚ ਵਧ ਕੇ 2000 ਕਰੋੜ ਰੁਪਏ ਹੋ ਗਈ ਹੈ। ਪੰਜਾਬ ਸਰਕਾਰ ਨੂੰ ਇਸੇ ਤਰ੍ਹਾਂ ਏਕੀਕ੍ਰਿਤ ਜੀ.ਐਸ.ਟੀ. ਵਿਚ ਰਾਜ ਦੀ ਹਿੱਸੇਦਾਰੀ ਵਜੋਂ 1230 ਕਰੋੜ ਰੁਪਏ ਪ੍ਰਾਪਤ ਹੋਏ ਹਨ ਜਦੋਂਕਿ ਅਪਰੈਲ 2022 ਵਿਚ 753 ਕਰੋੜ ਰੁਪਏ ਪ੍ਰਾਪਤ ਹੋਏ ਸਨ। ਇਸ ਹਿੱਸੇਦਾਰੀ ਵਿੱਚ ਵੀ ਵਾਧਾ ਹੋਇਆ ਹੈ ਜਿਸ ਦਾ ਕਾਰਨ ਆਈ.ਜੀ.ਐਸ.ਟੀ. ਨਿਬੇੜੇ ਨੂੰ ਦੱਸਿਆ ਜਾ ਰਿਹਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਆਖਦੇ ਹਨ ਕਿ ਆਈ.ਜੀ.ਐਸ.ਟੀ. ਦੀ ਵਧੀ ਵਸੂਲੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਪੰਜਾਬ ਦੀ ਆਰਥਿਕਤਾ ਪੂਰੀ ਤਰ੍ਹਾਂ ਲੀਹ 'ਤੇ ਹੈ। ਲੰਘੇ ਵਰ੍ਹੇ 2022-23 ਦੌਰਾਨ ਜੀ.ਐਸ.ਟੀ. ਨੇ ਪੰਜਾਬ ਦੇ ਟੈਕਸ ਮਾਲੀਏ ਵਿਚ 19 ਹਜ਼ਾਰ ਕਰੋੜ ਦਾ ਯੋਗਦਾਨ ਪਾਇਆ ਹੈ ਜਦੋਂਕਿ ਟੀਚਾ




20550 ਕਰੋੜ ਰੁਪਏ ਦਾ ਸੀ। ਪਿਛਲੇ ਵਿੱਤੀ ਵਰ੍ਹੇ ਵਿਚ ਇਸ ਕਟੌਤੀ ਲਈ ਕਣਕ ਅਤੇ ਕਪਾਹ ਦੀ ਫਸਲ ਦੀ ਪੈਦਾਵਾਰ ਵਿਚ ਕਮੀ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ। ਦੱਸਣਯੋਗ ਹੈ ਕਿ ਪਿਛਲੇ ਵਰ੍ਹੇ ਅਚਾਨਕ ਫਰਵਰੀ ਮਾਰਚ ਵਿਚ ਵਧੇ ਤਾਪਮਾਨ ਕਰ ਕੇ ਕਣਕ ਦੀ ਫਸਲ ਪ੍ਰਭਾਵਿਤ ਹੋਈ ਸੀ। ਇਸੇ ਤਰ੍ਹਾਂ ਨਰਮੇ ਕਪਾਹ ਦੀ ਫਸਲ ਦੀ ਪੈਦਾਵਾਰ ਵੀ ਪ੍ਰਭਾਵਿਤ ਹੋਈ ਸੀ। ਹੁਣ ਪੰਜਾਬ ਸਰਕਾਰ ਨੂੰ ਆਸ ਹੈ ਕਿ ਐਤਕੀਂ ਕਣਕ ਦੀ ਪੈਦਾਵਾਰ ਚੰਗੀ ਹੋਈ ਹੈ ਜਿਸ ਨਾਲ ਖਪਤ ਪੈਟਰਨ ਵੀ ਸਿਖਰ ਵੱਲ ਜਾਵੇਗਾ।

# ਲੁਧਿਆਣਾ 'ਚ ਜ਼ਹਿਰੀਲੀ ਗੈਸ ਕਾਰਨ ਦੋ ਬੱਚਿਆਂ ਸਣੇ 11 ਹਲਾਕ

**ਲੁਧਿਆਣਾ:** ਸਨਅਤੀ ਸ਼ਹਿਰ ਦੇ ਸੰਘਣੀ ਵਸੋਂ ਵਾਲੇ ਗਿਆਸਪੁਰਾ ਇਲਾਕੇ 'ਚ ਜ਼ਹਿਰੀਲੀ ਗੈਸ ਚੜ੍ਹਨ ਨਾਲ ਦੋ ਬੱਚਿਆਂ ਸਣੇ 11 ਲੋਕਾਂ ਦੀ ਮੌਤ ਹੋ ਗਈ। ਇਸ ਦੌਰਾਨ ਕਈ ਲੋਕ ਬਿਮਾਰ ਹੋ ਗਏ, ਜੋ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਉਂਜ ਸਥਾਨਕ ਪ੍ਰਸ਼ਾਸਨ ਨੂੰ ਅਜੇ ਤੱਕ ਗੈਸ ਲੀਕ ਹੋਣ ਦੇ ਸਰੋਤ ਬਾਰੇ ਪਤਾ ਨਹੀਂ ਲੱਗਾ।

ਕੁਝ ਦਾ ਮੰਨਣਾ ਹੈ ਕਿ ਗੈਸ ਦੁਕਾਨ ਵਿਚ ਪਏ ਫਰਿੱਜ ਤੋਂ ਲੀਕ ਹੋਈ ਜਦੋਂਕਿ ਕੁਝ ਇਸ ਨੂੰ ਸੀਵਰੇਜ ਵਿਚ ਕਿਸੇ ਤਰ੍ਹਾਂ ਦਾ ਕੋਈ ਕੈਮੀਕਲ ਮਿਕਸ ਹੋਣ ਦੀ ਗੱਲ ਆਖ ਰਹੇ ਹਨ। ਜਿਨ੍ਹਾਂ 11 ਲੋਕਾਂ ਦੀ ਜਾਨ ਗਈ, ਉਹ ਤਿੰਨ ਪਰਿਵਾਰਾਂ ਨਾਲ ਸਬੰਧਤ ਹਨ। ਗੈਸ ਦਾ ਅਸਰ ਇੰਨਾ ਜ਼ਬਰਦਸਤ ਸੀ ਕਿ ਇਲਾਕੇ ਦੇ ਲੋਕ ਛੇ ਘੰਟੇ ਤੱਕ ਦਹਿਸ਼ਤ ਵਿਚ ਰਹੇ। ਹਸਪਤਾਲ ਵਿਚ ਜ਼ੇਰੇ ਇਲਾਜ ਲੋਕ ਅਜੇ ਵੀ ਬੇਹੋਸ਼ ਹਨ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੀ.ਸੀ.ਆਰ. ਸਟਾਫ ਮੌਕੇ 'ਤੇ ਪੁੱਜਿਆ ਤਾਂ ਇਨ੍ਹਾਂ ਵਿਚੋਂ ਦੋ ਮੁਲਾਜ਼ਮ ਬੇਹੋਸ਼ ਹੋ ਗਏ। ਮੁਲਾਜ਼ਮਾਂ ਨੂੰ ਕੁਝ ਸਮਝ ਆਇਆ ਤਾਂ ਉਨ੍ਹਾਂ ਆਪਣੇ ਮੂੰਹ ਢੱਕ ਲਏ ਤੇ ਫੌਰੀ ਸਾਰਿਆਂ



ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ। ਗੈਸ ਲੀਕ ਬਾਰੇ ਪਤਾ ਲੱਗਦੇ ਹੀ ਐਨ.ਡੀ.ਆਰ.ਐਫ਼, ਪੁਲਿਸ ਤੇ ਸਿਹਤ ਪ੍ਰਸ਼ਾਸਨ, ਨਗਰ ਨਿਗਮ ਦੀਆਂ ਟੀਮਾਂ ਨੇ ਸਾਂਝਾ ਆਪਰੇਸ਼ਨ ਸ਼ੁਰੂ ਕੀਤਾ। ਪੰਜਾਬ ਸਰਕਾਰ ਨੇ ਮ੍ਰਿਤਕਾਂ ਦੇ ਵਾਰਿਸਾਂ ਨੂੰ 2-2 ਲੱਖ ਰੁਪਏ ਤੇ ਜ਼ਖ਼ਮੀਆਂ ਨੂੰ 50 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਇਸ ਘਟਨਾ ਵਿਚ 'ਆਰਤੀ ਕਲੀਨਿਕ' ਦੇ ਨਾਂ ਨਾਲ ਦੁਕਾਨ ਚਲਾਉਣ ਵਾਲੇ ਡਾ.ਕਵਿਲਾਸ਼ ਨੇ ਆਪਣਾ ਪੂਰਾ ਪਰਿਵਾਰ ਗੁਆ ਦਿੱਤਾ ਹੈ। ਮ੍ਰਿਤਕਾਂ ਵਿਚ ਉਨ੍ਹਾਂ ਦੀ ਪਤਨੀ ਅਤੇ ਤਿੰਨ ਬੱਚੇ ਸ਼ਾਮਲ ਹਨ। ਦੱਸ ਦਈਏ ਕਿ ਸ਼ਹਿਰ ਦੇ ਗਿਆਸਪੁਰਾ ਸਥਿਤ 33 ਫੁੱਟਾ ਰੋਡ 'ਤੇ ਗੋਇਲ ਕੋਲ ਡਰਿੰਕ ਸਟੋਰ ਅਤੇ ਇਸ ਦੇ ਨਾਲ ਹੀ ਡਾ. ਕਵੀਲਾਸ਼ ਦਾ ਕਲੀਨਿਕ ਹੈ। ਕਲੀਨਿਕ ਦੇ ਨਾਲ ਦਾ ਘਰ ਨਵਨੀਤ ਕੁਮਾਰ ਦਾ ਹੈ।

ਗੈਸ ਚੜ੍ਹਨ ਕਾਰਨ ਲੋਕਾਂ ਦੇ ਡਿੱਗਣ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਮੁਲਾਜ਼ਮ ਉਥੇ ਪਹੁੰਚ ਗਏ। ਪੁਲਿਸ ਨੇ ਤੁਰਤ ਇਲਾਕਾ ਖਾਲੀ ਕਰਵਾ ਲਿਆ ਤੇ ਅੱਗੇ ਆਉਣ ਵਾਲਿਆਂ ਨੂੰ ਮੂੰਹ ਢੱਕਣ ਦੀ ਸਲਾਹ ਦਿੱਤੀ। ਪੁਲਿਸ ਨੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਅਤੇ ਕਿਸੇ ਨੂੰ ਵੀ ਅੱਗੇ ਨਹੀਂ ਜਾਣ ਦਿੱਤਾ ਗਿਆ। ਮਗਰੋਂ ਐਨ.ਡੀ.ਆਰ.ਐਫ. ਦੇ ਜਵਾਨ ਪੂਰੀ ਕਿੱਟ ਪਾ ਕੇ ਤੇ ਆਕਸੀਜਨ ਸਿਲੰਡਰ ਲੈ ਕੇ ਅੱਗੇ ਵਧੇ। ਜਿਥੇ ਵੀ ਖਦਸ਼ਾ ਸੀ, ਉਨ੍ਹਾਂ ਨੇ ਜਾਂਚ ਕੀਤੀ। ਟੀਮ ਨੇ ਪਹਿਲਾਂ ਗੋਇਲ ਕੋਲਡਰਿੰਕ ਸਟੋਰ ਤੇ ਮਗਰੋਂ ਕਲੀਨਿਕ ਦੀ ਜਾਂਚ ਕੀਤੀ। ਐਨ.ਡੀ.ਆਰ.ਐਫ. ਦੀ ਬਠਿੰਡਾ ਤੋਂ ਪੁੱਜੀ ਟੀਮ ਤੇ ਮਾਹਿਰਾਂ ਨੇ ਸੀਵਰੇਜ ਦਾ ਮੁਆਇਨਾ ਕੀਤਾ।

## ਰਾਸ਼ਟਰਪਤੀ ਮੁਰਮੂ ਤੇ ਸ਼ਾਹ ਵੱਲੋਂ ਦੁੱਖ ਦਾ ਇਜ਼ਹਾਰ

**ਨਵੀਂ ਦਿੱਲੀ:** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਲੁਧਿਆਣਾ ਦੇ ਗਿਆਸਪੁਰਾ ਇਲਾਕੇ ਵਿਚ ਜ਼ਹਿਰੀਲੀ ਗੈਸ ਲੀਕ ਹੋਣ ਕਰਕੇ ਗਈਆਂ ਜਾਨਾਂ 'ਤੇ ਡੂੰਘਾ ਦੁੱਖ ਜਤਾਉਂਦਿਆਂ ਪੀੜਤ ਪਰਿਵਾਰਾਂ ਨਾਲ ਸੰਵੇਦਨਾਵਾਂ ਜ਼ਾਹਿਰ ਕੀਤੀਆਂ ਹਨ। ਮੁਰਮੂ ਨੇ ਹਿੰਦੀ ਵਿਚ ਕੀਤੇ ਟਵੀਟ 'ਚ ਕਿਹਾ, 'ਲੁਧਿਆਣਾ ਵਿਚ ਬੱਚਿਆਂ ਤੇ ਔਰਤਾਂ ਸਣੇ ਗਈਆਂ ਜਾਨਾਂ ਦਾ ਡੂੰਘਾ ਦੁੱਖ ਹੈ। ਮੈਂ ਪੀੜਤ ਪਰਿਵਾਰਾਂ ਨਾਲ ਸੰਵੇਦਨਾਵਾਂ ਜ਼ਾਹਿਰ ਕਰਦੀ ਤੇ ਬੀਮਾਰ ਲੋਕਾਂ ਦੇ ਜਲਦੀ ਸਿਹਤਯਾਬ ਹੋਣ ਦੀ ਦੁਆ ਕਰਦੀ ਹਾਂ।"

ਪੰਜਾਬ ਟਾਈਮਜ਼

*ਸ਼ਨਿਚਰਵਾਰ, 29 ਅਪਰੈਲ, 2023*

# ਪਹਿਲਵਾਨਾਂ ਦਾ 'ਘੋਲ'

*ਇਹ ਭਾਰਤੀ ਢਾਂਚੇ ਦੀ ਨਾਲਾਇਕੀ ਹੀ ਗਿਣੀ ਜਾਵੇਗੀ ਕਿ ਪਹਿਲਵਾਨ ਕੁੜੀਆਂ ਨੂੰ ਦੂਜੀ ਵਾਰ ਧਰਨੇ ਉਤੇ ਬੈਠਣਾ ਪਿਆ ਹੈ। ਇਸ ਨਾਲ ਭਾਰਤ ਦਾ ਮਜ਼ਬੂਤ ਜਮਹੂਰੀਅਤ ਅਤੇ ਨਿਆਂਪਸੰਦ ਮੁਲਕ ਵਾਲਾ ਪਰਦਾ ਵੀ ਤਾਰ-ਤਾਰ ਹੋ ਗਿਆ ਹੈ। ਉਂਝ ਵੀ ਪਹਿਲਵਾਨ ਕੁੜੀਆਂ ਦਾ ਇਹ ਰੋਸ ਵਿਖਾਵਾ ਭਾਰਤੀ ਸਮਾਜ ਅਤੇ ਸਿਆਸਤ ਦੀਆਂ ਹਕੀਕਤਾਂ ਦੇ ਹੋਰ ਵੀ ਕਈ ਪੱਖ ਉਜਾਗਰ ਕਰ ਰਿਹਾ ਹੈ। ਕੁੜੀਆਂ ਨੇ ਜਿਹੜੇ ਦੋਸ਼ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਉਤੇ ਲਾਏ ਹਨ, ਉਹ ਸਾਧਾਰਨ ਨਹੀਂ। ਉਸ ਉਤੇ ਜਿਨਸੀ ਸ਼ੋਸ਼ਣ ਦੇ ਦੋਸ਼ ਹਨ ਅਤੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਜੋ ਭਾਰਤੀਆਂ ਨੂੰ ਸੰਸਕਾਰੀ ਹੋਣ ਦੀਆਂ ਟਾਹਰਾਂ ਹਰ ਵਕਤ ਮਾਰਦੀਆਂ ਹਨ, ਦੇ ਸਾਰੇ ਦੇ ਸਾਰੇ ਲੀਡਰ ਖਾਮੋਸ਼ ਹਨ। ਇਨ੍ਹਾਂ ਜਥੇਬੰਦੀਆਂ ਦੇ ਕਿਸੇ ਇਕ ਵੀ ਆਗੂ ਨੇ ਕੁੜੀਆਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਤੱਕ ਨਹੀਂ ਮਾਰਿਆ।ਦਿੱਲੀ ਪੁਲਿਸ ਦਾ ਰਵੱਈਆ ਤਾਂ 'ਤੇਲ ਦੇਖੋ, ਤੇਲ ਦੀ ਧਾਰ' ਵਾਲਾ ਹੈ। ਇਸ ਉਤੇ ਕੇਂਦਰ ਸਰਕਾਰ ਦਾ ਦਬਾਅ ਇੰਨਾ ਜ਼ਿਆਦਾ ਹੈ ਕਿ ਕਿ ਇਸ ਨੇ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਹੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਕੇਸ ਦਰਜ ਕੀਤਾ ਹੈ। ਸੁਪਰੀਮਕੋਰਟ ਦੇ ਦਖ਼ਲ ਤੋਂ ਬਾਅਦ ਕੇਸ ਦਰਜ ਹੋਣਾ ਹੀ ਇਹ ਦਰਸਾਉਂਦਾ ਹੈ ਕਿ ਕੁੜੀਆਂ ਦਾ ਮੁਕਾਬਲਾ ਕਿੰਨੀਆਂ ਸ਼ਕਤੀਸ਼ਾਲੀ ਤਾਕਤਾਂ ਨਾਲ ਹੈ। ਉਂਝ, ਕੇਸ ਦਰਜ ਕਰਨ ਤੋਂ ਬਾਅਦ ਉਸ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਜਦਕਿ ਦਿੱਲੀ ਪੁਲਿਸ ਦਾ ਇਹ ਰਿਕਾਰਡ ਹੈ ਕਿ ਇਹ ਘੱਟਗਿਣਤੀ ਤਬਕਿਆਂ ਜਾਂ ਦਲਿਤਾਂ ਜਾਂ ਮਨੁੱਖੀ ਹੱਕਾਂ ਲਈ ਜੂਝਣ ਵਾਲਿਆਂ ਖਿਲਾਫ ਕਾਰਵਾਈ ਕਰਨ ਲਈ ਫੌਰਾ ਵੀ ਨਹੀਂ ਲਾਉਂਦੀ। ਹੁਣ ਪੁਲਿਸ ਦੇ ਅਫਸਰ ਬਹੁਤ ਬੇਸ਼ਰਮੀ ਨਾਲ ਕਹਿ ਰਹੇ ਹਨ ਕਿ ਪਹਿਲਾਂ ਮਾਮਲੇ ਦੀ ਜਾਂਚ ਕੀਤੀ ਜਾਵੇਗੀ, ਉਸ ਤੋਂ ਬਾਅਦ ਹੀ ਗ੍ਰਿਫਤਾਰੀ ਸੰਭਵ ਹੈ ਹਾਲਾਂਕਿ ਸੁਪਰੀਮ ਕੋਰਟ ਨੇ ਨਵੰਬਰ 2013 ਨੂੰ ਆਪਣੇ ਇਕ ਹੁਕਮ ਵਿਚ ਨਿਰਦੇਸ਼ ਦਿੱਤੇ ਸਨ ਕਿ ਜੇ ਸ਼ਿਕਾਇਤ ਵਿਚ ਗੰਭੀਰਅਪਰਾਧ ਦੇ ਅੰਸ਼ ਹੋਣ ਤਾਂ ਕੇਸ ਤੁਰੰਤ ਦਰਜ ਕੀਤਾ ਜਾਣਾ ਚਾਹੀਦਾ ਹੈ, ਉਸ ਲਈ ਮੁੱਢਲੀ ਤਫਤੀਸ਼ ਦੀ ਲੋੜ ਨਹੀਂ। ਯਾਦ ਰਹੇ ਕਿ ਇਨ੍ਹਾਂ ਪਹਿਲਵਾਨਾਂ ਕੁੜੀਆਂ ਨੇ ਜਨਵਰੀ ਵਿਚ ਵੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਦਿੱਲੀ ਵਿਚ ਹੀ ਹੁਣ ਵਾਲੀ ਥਾਂ ਜੰਤਰ-ਮੰਤਰ ਵਿਖੇ ਧਰਨਾ ਦਿੱਤਾ ਸੀ। ਪਿਛਲੀ ਵਾਰ ਬਬੀਤਾ ਫੋਗਾਟ ਨੇ ਕੇਂਦਰ ਸਰਕਾਰ ਅਤੇ ਧਰਨਾਕਾਰੀਆਂ ਵਿਚਕਾਰ ਸਾਲਸ ਦੀ ਭੂਮਿਕਾ ਨਿਭਾਈ ਸੀ। ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਲਈ ਖੇਡ ਮੰਤਰਾਲੇ ਨੇ ਜਨਵਰੀ ਮਹੀਨੇ ਉਂਘੀ ਖਿਡਾਰਨ ਮੈਰੀ ਕੌਮ ਦੀ ਅਗਵਾਈ ਹੇਠ ਕਮੇਟੀ ਬਣਾਈ ਸੀ ਜਿਸ ਨੇ ਆਪਣੀ ਰਿਪੋਰਟ ਅਪਰੈਲ ਦੇ ਪਹਿਲੇ ਹਫਤੇ ਪੇਸ਼ ਕਰ ਦਿੱਤੀ ਸੀ।*

*ਵਿਵਾਦਾਂ ਵਿਚ ਘਿਰਿਆ ਹੋਇਆ ਕੁਸ਼ਤੀ ਫੈਡਰੇਸ਼ਨ ਦਾ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਅਜੇ ਤੱਕ ਖੁਦ ਨੂੰ ਬੇਕਸੂਰ ਦੱਸ ਰਿਹਾ ਹੈ ਅਤੇ ਕੁੜੀਆਂ ਦੇ ਸੰਘਰਸ਼ ਨੂੰ ਸਿਆਸਤ ਨਾਲਜੋੜਨ ਦਾ ਯਤਨ ਕਰ ਰਿਹਾ ਹੈ।ਅਸਲ ਗੱਲ ਇਹ ਵੀ ਹੈ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਉਸ ਨੂੰ ਹੱਥ ਵੀ ਨਹੀਂ ਪਾਉਣਾ ਚਾਹੁੰਦੀ। ਮਸਲਾ ਇਹ ਹੈ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਆਪਣੇ ਇਲਾਕੇ ਵਿਚ ਆਪਣੇ ਬਾਹੂਬਲ ਅਤੇ ਪੈਸੇ ਦੇ ਜ਼ੋਰ 'ਤੇ ਸਿਆਸਤ ਚਲਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਨੇ ਜਿਸ ਤਰ੍ਹਾਂ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਕਾਰਨ ਅਜੇ ਤੱਕ ਕਿਸਾਨਾਂ ਨੂੰ ਦਰੜਨ ਵਾਲੇ ਅਸ਼ੀਸ਼ ਮਿਸ਼ਰਾ ਅਤੇ ਉਸ ਦੇ ਪਿਤਾ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ, ਐਨ ਉਨ੍ਹਾਂ ਹੀ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਾਲੇ ਇਸ ਮਾਮਲੇ 'ਤੇ ਚੁੱਪ ਧਾਰੀ ਹੋਈ ਹੈ।ਜ਼ਾਹਿਰ ਹੈ ਕਿ ਕੁੜੀਆਂ ਨੂੰ ਆਪਣੀ ਲੜਾਈ ਲਈ ਪਲ-ਪਲ ਜੂਝਣਾ ਪੈ ਰਿਹਾ ਹੈ ਪਰ ਜਿਸ ਤਰ੍ਹਾਂ ਦੀ ਲੜਾਈ ਉਹ ਜੰਤਰ-ਮੰਤਰ ਵਿਚ ਬੈਠ ਕੇ ਲੜ ਰਹੀਆਂ ਹਨ, ਉਸ ਤੋਂ ਆਸ ਬੱਝਦੀ ਹੈ ਕਿ ਉਹ ਇਸ ਮਸਲੇ ਨੂੰ ਕਿਸੇ ਤਣ-ਪੱਤਣ ਲਾ ਕੇ ਹੀ ਸਾਹ ਲੈਣਗੀਆਂ।*

*ਇਹ ਵੱਡੀ ਗੱਲ ਹੈ ਕਿ ਪਹਿਲਵਾਨ ਕੁੜੀਆਂ ਨੇ ਆਪਣੇ ਖਿਲਾਫ ਹੋਏ ਅਨਿਆਂ ਅਤੇ ਵਧੀਕੀਆਂ ਵਿਰੁੱਧ ਡਟਣ ਅਤੇ ਲੜਨ ਦਾ ਜੇਰਾਕੀਤਾ ਹੈ। ਭਾਰਤੀ ਸਮਾਜ ਵਿਚ ਔਰਤਾਂ ਤਾਂ ਬਹੁਤਾ ਕਰ ਕੇ ਆਪਣੇ ਹੱਕਾਂ ਲਈ ਲੜਾਈ ਕਰਨ ਤੋਂ ਗੁਰੇਜ਼ ਹੀ ਕਰਦੀਆਂ ਹਨ। ਜਿਹੜੀ ਔਰਤ ਆਪਣੇ ਹੱਕਾਂ ਲਈ ਲੜਨ ਲਈ ਉਠਦੀ ਹੈ, ਉਸ ਨੂੰ ਸਮਝਾਉਣ ਲਈ ਸਮਾਜ ਪਹਿਲਾਂ ਹੀ ਆ ਜਾਂਦਾ ਹੈ ਕਿ ਇਉਂ ਲੜਨ ਦਾ ਕੋਈ ਫ਼ਾਇਦਾ ਨਹੀਂ, ਇਸ ਤਰ੍ਹਾਂ ਕਰਨ ਨਾਲ ਬਦਨਾਮੀ ਹੋਵੇਗੀ, ਇਹ ਸਮਾਜਿਕ ਮਰਿਆਦਾ ਦੇ ਉਲਟ ਹੈ,ਇਉਂ ਕਰਨਾ ਚੰਗੀਆਂ ਧੀਆਂ ਨੂੰ ਸੋਭਾ ਨਹੀਂ ਦਿੰਦਾ। ਹੁਣ ਜੇ ਪਹਿਲਵਾਨ ਕੁੜੀਆਂ ਲੜਾਈ ਨੂੰ ਇਥੇ ਤੱਕ ਲੈ ਆਈਆਂ ਹਨ ਤਾਂ ਹਰ ਤਬਕੇ ਦਾ ਹੁਣ ਇਹ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਕੁੜੀਆਂ ਨੂੰ ਇਨਸਾਫ ਮਿਲਣ ਤੱਕ ਇਨ੍ਹਾਂ ਦਾ ਹਰ ਹੀਲੇ-ਵਸੀਲੇ ਸਾਥ ਦੇਣ। ਕੁੜੀਆਂ ਨੇ ਫੈਡਰੇਸ਼ਨ ਦੇ ਕੰਮ-ਕਾਜ ਵਿਚ ਬਦਇੰਤਜ਼ਾਮੀ ਦਾ ਦੋਸ਼ ਲਾਉਂਦਿਆਂ ਇਸ ਦੇ ਮੁਕੰਮਲ ਕਾਇਆ-ਕਲਪ ਦੀ ਮੰਗ ਵੀ ਕੀਤੀ ਹੈ। ਇਹ ਇਸ ਮਸਲੇ ਦਾ ਇਕ ਹੋਰ ਅਹਿਮ ਪਹਿਲੂ ਹੈ। ਭਾਰਤੀ ਖੇਡਾਂ ਦੇ ਖੇਤਰ ਵਿਚ ਸਿਆਸਤਦਾਨਾਂ ਅਤੇ ਅਫਸਰਸ਼ਾਹਾਂ ਦਾ ਸਿੱਕਾ ਚੱਲਦਾ ਹੈ ਅਤੇ ਖਿਡਾਰੀਆਂ ਨੂੰ ਇਨ੍ਹਾਂ ਦੇ ਰਹਿਮੋ-ਕਰਮ 'ਤੇ ਰਹਿਣਾ ਪੈਂਦਾ ਹੈ। ਅਜਿਹੇ ਬਥੇਰੇ ਮਾਮਲੇ ਗਿਣਾਏ ਜਾ ਸਕਦੇ ਹਨ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਸਿਆਸਤਦਾਨਾਂ ਅਤੇ ਅਫਸਰਸ਼ਾਹਾਂ ਨੇ ਬਹੁਤ ਸਾਰੇ ਖਿਡਾਰੀਆਂ ਦਾ ਕਰੀਅਰ ਹੀ ਤਬਾਹ ਕਰ ਕੇ ਰੱਖ ਦਿੱਤਾ। ਇਸ ਲਈ ਇਸ ਪੱਖ ਨੂੰ ਹੀ ਹੁਣੇ ਉਭਾਰਨਾ ਚਾਹੀਦਾ ਹੈ ਅਤੇ ਵੱਖ-ਵੱਖ ਖਿਡਾਰੀਆਂ ਨੂੰ ਇਸ ਮਾਮਲੇ ਵਿਚ ਅੱਗੇ ਆਉਣਾ ਚਾਹੀਦਾ ਹੈ। ਇਹ ਲੜਾਈ ਇਕੱਲੀਆਂ ਪਹਿਲਵਾਨ ਕੁੜੀਆਂ ਦੀ ਨਹੀਂ, ਇਹ ਮੁੱਦਾ ਭਾਰਤ ਦੇ ਗਲ-ਸੜ ਚੁੱਕੇ ਢਾਂਚੇ ਦਾ ਹੈ। ਇਹ ਅਜਿਹੀ ਲੜਾਈ ਹੈ ਜਿਹੜੀ ਹਰ ਇਕ ਭਾਰਤੀ ਨੂੰ ਆਖਰਕਾਰ ਲੜਨੀ ਹੀ ਪੈਣੀ ਹੈ। ਬਿਹਤਰ ਇਹੀ ਹੈ ਕਿ ਹੁਣੇ ਹੀ ਲੰਗੋਟ ਕੱਸ ਕੇ ਪਿੜ ਵਿਚ ਨਿੱਤਰਿਆ ਜਾਵੇ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜੱਸ ਬਨਾਮ ਅਪਜੱਸ

ਆਦਿ ਕਾਲ ਤੋਂ ਇਹ ਚੱਲਦਾ ਆ ਰਿਹਾ ਏ, ਜੰਮਣ ਮਰਨ ਦਾ ਸਿਲਸਿਲਾ ਜੱਗ ਅੰਦਰ।
ਕਾਇਆਂ ਸੋਨੇ ਜਿਹੀ ਮਿੱਟੀ 'ਚ ਖਾਕ ਹੋਵੇ, ਕੋਈ 'ਦੱਬੇ' ਕੋਈ 'ਸਾੜਦਾ' ਅੱਗ ਅੰਦਰ।
ਲੋਕੀਂ 'ਚੂਰਚੂਰਾ' ਕਰਨ ਬਹਿਰੂਪੀਆਂ ਦੀ, ਬਾਹਰੋਂ ਬੀਬਾ ਪਰ ਬੈਠਾ ਸੀ ਠੱਗ ਅੰਦਰ।
ਭਾਵੇਂ ਸਾਧ ਨੂੰ ਜਾਗਣ ਲਈ ਆਖਦਾ ਸੀ, ਇਹ ਵੀ ਕਹਿੰਦਾ ਸੀ ਚੋਰ ਨੂੰ ਲੱਗ ਅੰਦਰ।
ਜਿਉਂਦੇ-ਜੀਅ ਕੀ ਕਰ ਗਿਆ ਜੱਗ ਉਤੇ, 'ਲੋਕ-ਭਾਖਿਆ' ਰਾਹੀਂ ਹੀ ਦੱਸ ਹੋਵੇ।
ਨਿਰਨਾਂ ਹੁੰਦਾ ਏ ਬੰਦੇ ਦਾ ਆਮ ਕਰਕੇ, ਮਗਰੋਂ ਮਰਨ ਦੇ ਜੱਸ ਜਾਂ ਅਪਜੱਸ ਹੋਵੇ !

# ਸ਼੍ਰੋਮਣੀ ਅਕਾਲੀ ਦਲ ਅਤੇ ਬਾਦਲਾਂ ਦਾ ਪਰਿਵਾਰਵਾਦ

***1997 ਤੋਂ ਅੱਜ ਤੱਕ 15 ਸਾਲ ਦੇ ਕਰੀਬ ਪੰਜਾਬ ਦੀ ਸੱਤਾ ਸਿੱਧੇ ਰੂਪ ਅਤੇ ਬਾਕੀ ਸਮਾਂ ਅਸਿੱਧੀ ਦਖਲਅੰਦਾਜ਼ੀ ਦੇ ਰੂਪ ਵਿਚ ਪ੍ਰਕਾਸ਼ ਸਿੰਘ ਬਾਦਲ ਦੁਆਲੇ ਘੁੰਮੀ ਹੈ। ਇਸ ਦੌਰ ਦੌਰਾਨ ਜਿਸ ਖੇਤਰ ਵਿਚ ਵੀ ਮੁਨਾਫਾ ਨਜ਼ਰ ਆਇਆ, ਬਾਦਲ ਪਰਿਵਾਰ ਨੇ ਉਸੇ ਖੇਤਰ ਵਿਚ ਹੱਥ ਅਜ਼ਮਾਇਆ। ਬਾਦਲ ਪਰਿਵਾਰ ਨੇ ਸਰਕਾਰੀ ਟਰਾਂਸਪੋਰਟ ਨੂੰ ਪਛਾੜਦਿਆਂ ਆਪਣੀ ਟਰਾਂਸਪੋਰਟ ਕੰਪਨੀ ਖੜ੍ਹੀ ਕੀਤੀ। ਸਰਕਾਰੀ ਬੱਸਾਂ ਦੇ ਟਾਈਮ-ਟੇਬਲਾਂ ਨਾਲ ਛੇੜਛਾੜ ਕਰ ਕੇ ਨਿੱਜੀ ਬੱਸ ਕੰਪਨੀਆਂ ਨੂੰ ਫਾਇਦੇ ਪਹੁੰਚਾਏ।***

ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਤੋਂ ਬਾਅਦ ਮੀਡੀਆ ਦਾ ਵੱਡਾ ਹਿੱਸਾ ਅਤੇ ਮੁੱਖ ਧਾਰਾ ਦੀਆਂ ਸਾਰੀਆਂ ਪਾਰਟੀਆਂ ਉਸ ਦੇ ਸੋਹਲੇ ਗਾ ਰਹੀਆਂ ਹਨ। ਲੋਕਾਂ ਵਿਚ ਸਿਰੇ ਦੀ ਪਿਛਾਂਹਖਿੱਚੂ ਧਾਰਨਾ ਕਿ 'ਕਿਸੇ ਵਿਅਕਤੀ ਦੀ ਮੌਤ ਤੋਂ ਬਾਅਦ ਸਿਰਫ ਉਸ ਦੇ ਚੰਗੇ ਕੰਮਾਂ ਨੂੰ ਹੀ ਚੇਤੇ ਕੀਤਾ ਜਾਵੇ' ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਜਾ ਰਿਹਾ ਹੈ ਪਰ ਜਿਸ ਵਿਅਕਤੀ ਦੇ ਫੈਸਲਿਆਂ/ਨੀਤੀਆਂ ਨਾਲ ਲੱਖਾਂ ਲੋਕਾਂ ਦੀ ਜ਼ਿੰਦਗੀ 'ਤੇ ਅਸਰ ਪਿਆ ਹੋਵੇ, ਉਸ ਦੇ ਸਾਰੇ ਪੱਖਾਂ ਦੀ ਚਰਚਾ ਕਰਨੀ ਲਾਜ਼ਮੀ ਹੈ।

ਇਹ ਤੱਥ ਹੈ ਕਿ ਪ੍ਰਕਾਸ਼ ਸਿੰਘ ਬਾਦਲ ਸਭ ਤੋਂ ਵੱਧ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਿਆ, ਇਸ ਲਈ ਸੁਭਾਵਿਕ ਹੈ ਕਿ ਉਸ ਨੇ ਕਈ ਮੈਡੀਕਲ ਕਾਲਜਾਂ ਦੇ ਨੀਂਹ ਪੱਥਰ ਰੱਖੇ ਹੋਣਗੇ, ਕਿੰਨੇ ਹੀ ਡਾਕਟਰਾਂ ਨੂੰ ਡਿਗਰੀਆਂ ਵੰਡੀਆਂ ਹੋਣਗੀਆਂ, ਕਿੰਨੇ ਹੀ ਡਾਕਟਰਾਂ ਨੂੰ ਸਰਕਾਰੀ ਨੌਕਰੀ ਦੇ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਨਿਯੁਕਤੀ ਪੱਤਰ ਵੰਡੇ ਹੋਣਗੇ ਪਰ ਅਫਸੋਸ! ਉਸ ਦੀ ਮੌਤ ਸਰਕਾਰੀ ਹਸਪਤਾਲ ਦੀ ਬਜਾਇ ਪੰਜਾਬ ਦੇ ਸਭ ਤੋਂ ਮਹਿੰਗੇ ਹਸਪਤਾਲਾਂ ਵਿਚੋਂ ਇੱਕ-ਫੋਰਟਿਸ ਹਸਪਤਾਲ ਮੁਹਾਲੀ ਵਿਚ ਹੋਈ। ਉਸ ਹਸਪਤਾਲ ਵਿਚ ਆਮ ਆਦਮੀ ਇਲਾਜ ਲਈ ਦਾਖਲ ਹੋਣ ਬਾਰੇ ਸੋਚ ਵੀ ਨਹੀਂ ਸਕਦਾ।

1947 ਵਿਚ ਦੇਸ਼ ਦੀ ਸੱਤਾ ਤਬਦੀਲੀ ਸਮੇਂ ਪਿੰਡ ਦੀ ਸਰਪੰਚੀ ਤੋਂ ਸਿਆਸੀ ਪਾਰੀ ਦੀ ਸ਼ੁਰੂਆਤ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਜਦ ਅਕਾਲੀ ਦਲ ਵਿਚ ਸਰਗਰਮ ਹੋਏ ਤਦ ਅਕਾਲੀ ਦਲ ਕਾਂਗਰਸ ਪਾਰਟੀ ਨਾਲ ਇੱਕਜੁਟ ਸੀ। ਇਸੇ ਕਰ ਕੇ ਬਾਦਲ ਵੀ ਬਾਕੀ ਅਕਾਲੀ ਆਗੂਆਂ ਵਾਂਗ 1957 ਦੀ ਚੋਣ ਕਾਂਗਰਸ ਦੀ ਟਿਕਟ ਉੱਤੇ ਹੀ ਲੜਦਿਆਂ ਪਹਿਲੀ ਵਾਰ ਵਿਧਾਇਕ ਬਣੇ ਸਨ ਹਾਲਾਂਕਿ ਉਸੇ ਸਮੇਂ ਮਾਸਟਰ ਤਾਰਾ ਸਿੰਘ ਸਮੇਤ ਕੁਝ ਅਕਾਲੀ ਆਗੂ ਪੰਜਾਬੀ ਸੂਬੇ ਦੀ ਮੰਗ ਲਈ ਲਾਮਬੰਦੀ ਵੀ ਕਰ ਰਹੇ ਸਨ।

1960 ਤੱਕ ਮਾਸਟਰ ਤਾਰਾ ਸਿੰਘ ਹੀ ਮੁੱਖ ਅਕਾਲੀ ਆਗੂ ਵਜੋਂ ਵਿਚਰਦੇ ਰਹੇ ਪਰ ਸੰਤ ਫਤਹਿ ਸਿੰਘ ਦੇ ਉਭਾਰ ਨਾਲ ਅਕਾਲੀ ਦਲ ਦੋ ਗਰੁੱਪਾਂ ਵਿਚ ਵੰਡਿਆ ਗਿਆ ਜੋ ਬਾਅਦ ਵਿਚ ਇੱਕ ਹੋਇਆ ਤੇ ਫਿਰ ਤਿੰਨ ਗਰੁੱਪ ਵੀ ਬਣੇ। ਪਾਰਟੀ ਦੀ ਇਸੇ ਅੰਦਰੂਨੀ ਗੁੱਟਬਾਜ਼ੀ ਅਤੇ ਸੰਤ ਫਤਹਿ ਸਿੰਘ ਦੀ ਮਿਹਰਬਾਨੀ ਨਾਲ ਪ੍ਰਕਾਸ਼ ਸਿੰਘ ਬਾਦਲ ਮਾਰਚ 1970 ਵਿਚ ਜਸਟਿਸ ਗੁਰਨਾਮ ਸਿੰਘ ਦੀ ਥਾਂ ਮਹਿਜ਼ 43 ਸਾਲ ਦੀ ਉਮਰ ਵਿਚ ਪਹਿਲੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਦੀ ਇਹ ਪਹਿਲੀ ਪਾਰੀ ਜੂਨ 1971 ਤੱਕ ਚੱਲੀ ਤੇ ਇਸ ਸਮੇਂ ਦੌਰਾਨ ਪੰਜਾਬ ਵਿਚ ਬਹੁਤ ਸਾਰੇ ਨਕਸਲੀ ਆਗੂਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਗਿਆ। ਇਹ ਕਹਿਣਾ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿ ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਦਾ ਮੁੱਢ ਬਾਦਲ ਦੇ ਕਾਰਜਕਾਲ ਦੌਰਾਨ ਬੰਨ੍ਹਿਆ ਗਿਆ ਅਤੇ ਬਾਦਲ ਨੇ ਪੁਲਿਸ ਨੂੰ ਝੂਠੇ ਪੁਲਿਸ ਮੁਕਾਬਲੇ ਬਣਾਉਣ ਦੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। ਜਦ 27 ਜੁਲਾਈ 1970 ਨੂੰ ਨਕਸਲਵਾੜੀ ਲਹਿਰ ਦੇ ਆਗੂ ਬਾਬਾ ਬੂਝਾ ਸਿੰਘ (82 ਸਾਲ), ਬਾਬਾ ਮਰਗਿੰਦ ਅਤੇ ਨਿਰੰਜਣ ਸਿੰਘ ਅਕਾਲੀ ਕਾਲਸਾਂ ਵਰਗੇ ਉੱਘੇ ਬਜ਼ੁਰਗ ਦੇਸ਼ਭਗਤਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ ਤਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੀ ਸਨ। ਬਾਬਾ ਬੂਝਾ ਸਿੰਘ ਵਰਗੀ ਮਹਾਨ ਸ਼ਖਸੀਅਤ ਜਿਸ ਨੇ ਗਦਰ ਲਹਿਰ, ਆਜ਼ਾਦੀ ਦੀ ਲਹਿਰ ਸਮੇਤ ਹਰ ਅਗਾਂਹਵਧੂ ਲਹਿਰ ਵਿਚ ਯੋਗਦਾਨ ਪਾਇਆ ਹੋਵੇ, ਵਰਗੇ ਆਗੂ ਨੂੰ ਕਤਲ ਕਰ ਕੇ 'ਰਾਸ਼ਟਰਵਾਦੀ' ਬਣਨ ਦਾ ਬਿਰਤਾਂਤ ਵੀ ਬਾਦਲ ਨੇ ਸ਼ੁਰੂ ਕੀਤਾ ਸੀ। ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਸਮੇਂ ਦਾ ਸਭ ਤੋਂ ਕੱਦਾਵਰ ਆਗੂ ਐਲਾਨ ਰਹੇ ਕੁਝ ਆਪੂੰ ਬਣੇ ਪੱਤਰਕਾਰਾਂ ਨੂੰ ਬਾਬਾ ਬੂਝਾ ਸਿੰਘ ਦਾ ਇਤਿਹਾਸ ਪੜ੍ਹ ਲੈਣਾ ਚਾਹੀਦਾ ਹੈ।

ਜਦ ਇੰਦਰਾ ਗਾਂਧੀ ਵੱਲੋਂ ਦੇਸ਼ ਵਿਚ



ਐਮਰਜੈਂਸੀ ਥੋਪੀ ਗਈ ਤਾਂ ਦੇਸ਼ ਦੀਆਂ ਵਿਰੋਧੀ ਪਾਰਟੀਆਂ, ਜਮਹੂਰੀ ਧਿਰਾਂ ਦੇ ਨਾਲ-ਨਾਲ ਅਕਾਲੀ ਦਲ ਨੇ ਵੀ ਐਮਰਜੈਂਸੀ ਦਾ ਵਿਰੋਧ ਕੀਤਾ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਵੀ ਉਸ ਸਮੇਂ ਅਕਾਲੀ ਜਥੇ ਸਮੇਤ ਗ੍ਰਿਫਤਾਰੀ ਦਿੰਦਿਆਂ ਡੇਢ ਸਾਲ ਦੇ ਕਰੀਬ ਜੇਲ੍ਹ ਕੱਟੀ ਸੀ। ਐਮਰਜੈਂਸੀ ਉਪਰੰਤ 1977 ਵਿਚ ਅਕਾਲੀ ਦਲ ਨੇ ਜਨਤਾ ਪਾਰਟੀ ਨਾਲ ਮਿਲ ਕੇ ਚੋਣ ਲੜੀ ਅਤੇ ਪ੍ਰਕਾਸ਼ ਸਿੰਘ ਬਾਦਲ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਬਾਦਲ ਦੀ ਇਸ ਦੂਜੀ ਪਾਰੀ ਦੌਰਾਨ ਜਿੱਥੇ ਜਨਤਾ ਪਾਰਟੀ ਨਾਲ ਸਾਂਝ ਗੂੜ੍ਹੀ ਹੋਈ, ਉੱਥੇ ਹਰਕ੍ਰਿਸ਼ਨ ਸੁਰਜੀਤ ਵਾਲੀਆਂ ਖੱਬੀਆਂ ਪਾਰਟੀਆਂ ਨੇ ਵੀ ਸਰਕਾਰ ਨੂੰ ਬਾਹਰੋਂ ਸਮਰਥਨ ਦਿੱਤਾ।

1979-80 ਦੌਰਾਨ ਚੌਧਰੀ ਚਰਨ ਸਿੰਘ ਦੀ ਕੇਂਦਰੀ ਸਰਕਾਰ ਵਿਚ ਪ੍ਰਕਾਸ਼ ਸਿੰਘ ਬਾਦਲ ਕੁਝ ਸਮੇਂ ਲਈ ਖੇਤੀ ਮੰਤਰੀ ਵੀ ਬਣੇ ਪਰ ਖੁਦ ਕਿਸਾਨ ਹੋਣ ਦੇ ਬਾਵਜੂਦ ਇਸ ਕਾਰਜਕਾਲ ਦੌਰਾਨ ਉਹ ਕੇਂਦਰ ਤੋਂ ਇੱਕ ਵੀ ਕਿਸਾਨ ਪੱਖੀ ਫੈਸਲਾ ਨਾ ਕਰਵਾ ਸਕੇ। 1985 ਵਿਚ ਹੋਈ ਚੋਣ ਉਪਰੰਤ ਬਾਦਲ ਨੂੰ ਪਛਾੜ ਕੇ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣੇ ਪਰ ਅਪਰੇਸ਼ਨ ਬਲੈਕ ਥੰਡਰ ਦੇ ਨਾਂ ਉੱਤੇ ਬਰਨਾਲਾ ਸਰਕਾਰ ਵੱਲੋਂ ਦਰਬਾਰ ਸਾਹਿਬ ਪੁਲਿਸ ਭੇਜਣ ਦੇ ਵਿਰੋਧ ਵਿਚ ਅਸਤੀਫੇ ਦੇਣ ਵਾਲਿਆਂ ਵਿਚ ਪ੍ਰਕਾਸ਼ ਸਿੰਘ ਬਾਦਲ ਵੀ ਸਨ। ਹਕੀਕਤ ਇਹ ਹੈ ਕਿ ਪੰਜਾਬ ਦੇ ਵੱਧ ਅਧਿਕਾਰਾਂ ਦੇ ਮੁਦਈ ਬਾਦਲ ਨੇ ਸੱਤਾ ਲਈ ਪੰਜਾਬ ਦੇ ਹਿਤਾਂ ਨਾਲ ਸਭ ਤੋਂ ਵੱਧ ਵਿਸ਼ਵਾਸਘਾਤ ਕੀਤਾ ਅਤੇ ਕੇਂਦਰੀ ਹੁਕਮਰਾਨਾਂ ਨਾਲ ਮਿਲ ਕੇ ਪੁਲਿਸ ਮੁਕਾਬਲਿਆਂ ਅਤੇ ਜੇਲ੍ਹਬੰਦੀ ਰਾਹੀਂ ਪੰਜਾਬ ਦੀ ਜਵਾਨੀ ਦਾ ਘਾਣ ਕਰਵਾਉਣ 'ਚ ਵੱਡੀ ਭੂਮਿਕਾ ਨਿਭਾਈ।

1995-96 ਵਿਚ ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਅਜਿਹੇ ਪ੍ਰਧਾਨ ਬਣੇ ਕਿ ਉਸ ਤੋਂ ਬਾਅਦ ਉਹਨਾਂ ਪੰਥਕ ਪਾਰਟੀ ਕਹਾਉਂਦੇ ਅਕਾਲੀ ਦਲ ਦਾ ਖਾਸਾ ਹੀ ਬਦਲ ਕੇ ਰੱਖ ਦਿੱਤਾ। ਇਤਫਾਕ ਨਾਲ ਇਸੇ ਸਮੇਂ ਹੀ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦਾ ਵੱਡੀ ਜਿੱਤ ਨਾਲ ਪਹਿਲੀ ਵਾਰ ਉਭਾਰ ਹੋਇਆ। ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ 'ਤੇ ਪ੍ਰਧਾਨ ਮੰਤਰੀ ਸਮੇਤ ਤਮਾਮ ਭਾਜਪਾ ਲੀਡਰਸ਼ਿਪ ਦੇ ਪਹੁੰਚਣ ਦਾ ਵੱਡਾ ਕਾਰਨ ਇਹ ਹੈ ਕਿ ਉਸ ਸਮੇਂ ਪੂਰੇ ਦੇਸ਼ ਵਿਚੋਂ ਸ਼੍ਰੋਮਣੀ ਅਕਾਲੀ ਦਲ ਪਹਿਲੀ ਅਜਿਹੀ ਪਾਰਟੀ ਸੀ ਜਿਸ ਨੇ ਭਾਜਪਾ ਨੂੰ ਬਿਨਾ ਸ਼ਰਤ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਹੋਏ ਇਸ ਫੈਸਲੇ ਨੇ ਅਕਾਲੀ ਦਲ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ ਸੀ ਕਿ ਦੇਸ਼ ਦੀ ਇੱਕ ਅਹਿਮ ਧਾਰਮਿਕ ਘੱਟ ਗਿਣਤੀ ਦੀ ਨੁਮਾਇੰਦਾ ਵੱਡੀ ਖੇਤਰੀ ਪਾਰਟੀ ਘੱਟਗਿਣਤੀਆਂ ਦੀ ਘੋਰ ਦੁਸ਼ਮਣ ਤਾਕਤ ਆਰ.ਐੱਸ.ਐੱਸ.-ਭਾਜਪਾ ਦਾ ਸਿੱਖ ਵਿੰਗ ਬਣ ਕੇ ਰਹਿ ਗਈ।

ਫਰਵਰੀ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਅਕਾਲੀ-ਭਾਜਪਾ ਨੇ ਸਾਂਝੀਆਂ ਲੜੀਆਂ ਤੇ ਸਰਕਾਰ ਬਣਾਈ। ਇਸੇ ਦੌਰਾਨ ਇੱਕ ਦੌਰ ਉਹ ਵੀ ਆਇਆ ਜਦ ਬਾਦਲ ਨੇ ਸ਼੍ਰੋਮਣੀ ਕਮੇਟੀ ਵਿਚ ਬਹੁਗਿਣਤੀ ਦੇ ਸਹਾਰੇ 1973 ਤੋਂ ਪ੍ਰਧਾਨ ਚਲੇ ਆ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪ੍ਰਧਾਨਗੀ ਅਤੇ ਭਾਈ ਰਣਜੀਤ ਸਿੰਘ ਨੂੰ ਅਕਾਲ ਤਖਤ ਦੀ ਜਥੇਦਾਰੀ ਤੋਂ ਬਰਖਾਸਤ ਕਰ ਦਿੱਤਾ, ਭਾਵੇਂ ਅਕਾਲੀ ਦਲ ਵਿਚ ਵਾਪਸ ਆਉਣ 'ਤੇ ਟੌਹੜਾ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤਾਂ ਬਣਾ ਦਿੱਤੇ ਪਰ ਤਦ ਤੱਕ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੇ ਜਥੇਦਾਰ ਪੂਰੀ ਤਰ੍ਹਾਂ ਬਾਦਲ ਦੇ 'ਕਬਜ਼ੇ' ਵਿਚ ਆ ਚੁੱਕੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਫਤਹਿ ਸਿੰਘ ਵਰਗੇ ਪਰਿਵਾਰਵਾਦ ਦੀ ਰਾਜਨੀਤੀ ਦੇ ਖਿਲਾਫ ਰਹੇ ਪਰ ਬਾਦਲ ਨੇ ਪ੍ਰਧਾਨ ਬਣਨ ਉਪਰੰਤ ਅਕਾਲੀ ਦਲ ਦੀ ਪੰਥਕ ਸਿਆਸਤ ਨੂੰ ਪਰਿਵਾਰਵਾਦ ਦੀ ਭੇਂਟ ਚਾੜ੍ਹ ਦਿੱਤਾ। ਬਾਦਲ ਨੇ ਸਭ ਤੋਂ ਵੱਡੀ ਚੁਸਤੀ ਇਹ ਵਰਤੀ ਕਿ ਜਿੱਥੇ ਆਪਣਾ ਮੁੰਡਾ, ਨੂੰਹ ਰਾਜਨੀਤੀ ਵਿਚ ਫਿੱਟ ਕੀਤੇ, ਉੱਥੇ ਹੀ ਢੀਂਡਸਾ, ਬ੍ਰਹਮਪੁਰਾ, ਚੰਦੂਮਾਜਰਾ, ਮਲੂਕਾ ਵਰਗੇ ਅਕਾਲੀ ਲੀਡਰਾਂ ਦੇ ਮੂੰਹ ਬੰਦ ਕਰਨ ਲਈ ਉਹਨਾਂ ਦੇ ਬੱਚੇ ਵੀ 'ਐਡਜਸਟ' ਕੀਤੇ।

1997 ਤੋਂ ਅੱਜ ਤੱਕ 15 ਸਾਲ ਦੇ ਕਰੀਬ ਪੰਜਾਬ ਦੀ ਸੱਤਾ ਸਿੱਧੇ ਰੂਪ ਅਤੇ ਬਾਕੀ ਸਮਾਂ ਅਸਿੱਧੀ ਦਖਲਅੰਦਾਜ਼ੀ ਦੇ ਰੂਪ ਵਿਚ ਬਾਦਲ ਦੁਆਲੇ ਘੁੰਮੀ ਹੈ। ਇਸ ਦੌਰ ਦੌਰਾਨ ਜਿਸ ਖੇਤਰ ਵਿਚ ਵੀ ਮੁਨਾਫਾ ਨਜ਼ਰ ਆਇਆ, ਬਾਦਲ ਪਰਿਵਾਰ ਨੇ ਉਸੇ ਖੇਤਰ ਵਿਚ ਹੱਥ ਅਜ਼ਮਾਇਆ। ਬਾਦਲ ਪਰਿਵਾਰ ਨੇ ਸਰਕਾਰੀ ਟਰਾਂਸਪੋਰਟ ਨੂੰ ਪਛਾੜਦਿਆਂ ਆਪਣੀ ਟਰਾਂਸਪੋਰਟ ਕੰਪਨੀ ਖੜ੍ਹੀ ਕੀਤੀ। ਸਰਕਾਰੀ ਬੱਸਾਂ ਦੇ ਟਾਈਮ-ਟੇਬਲਾਂ ਨਾਲ ਛੇੜਛਾੜ ਕਰ ਕੇ ਨਿੱਜੀ ਬੱਸ ਕੰਪਨੀਆਂ ਨੂੰ ਫਾਇਦੇ ਪਹੁੰਚਾਏ। ਪਹਿਲਾਂ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਨੂੰ ਸਿਰਫ ਸਰਕਾਰੀ ਬੱਸਾਂ ਹੀ ਜਾਂਦੀਆਂ ਸਨ ਪਰ ਅਕਾਲੀ-ਭਾਜਪਾ ਸਰਕਾਰ ਦੌਰਾਨ ਨਾ ਸਿਰਫ ਚੰਡੀਗੜ੍ਹ ਬਲਕਿ ਦੇਸ਼ ਦੀ ਰਾਜਧਾਨੀ ਦਿੱਲੀ ਹਵਾਈ ਅੱਡੇ ਤੱਕ ਆਪਣੀ ਨਿੱਜੀ ਮਲਕੀਅਤ ਵਾਲੀਆਂ ਬੱਸਾਂ ਦੀ ਇਜਾਰੇਦਾਰੀ ਸਥਾਪਤ ਕੀਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਦਲ ਦੀ ਸਰਕਾਰ ਦੌਰਾਨ ਪੰਜਾਬ ਵਿਚ ਰੇਤ ਮਾਫੀਆ, ਡਰੱਗਜ਼ ਮਾਫੀਆ, ਟਰਾਂਸਪੋਰਟ ਮਾਫੀਆ, ਭ੍ਰਿਸ਼ਟਾਚਾਰ, ਗੈਂਗਸਟਰਾਂ ਦਾ ਬੋਲ-ਬਾਲਾ ਵਧਿਆ। 1997 ਤੋਂ ਬਾਅਦ ਦਾ ਹੀ ਇਹ ਦੌਰ ਹੈ ਜਦ ਪੰਜਾਬ ਵਰਗੇ ਉਪਜਾਊ ਤੇ ਹਰ ਪੱਖੋਂ ਦੁਨੀਆ ਦਾ ਸਭ ਤੋਂ ਮਹੱਤਵਪੂਰਨ ਖਿੱਤੇ ਵਿਚੋਂ ਵੱਡੀ ਪੱਧਰ 'ਤੇ ਪਰਵਾਸ ਸ਼ੁਰੂ ਹੋਇਆ। ਵੈਸੇ ਪਰਵਾਸ ਤਾਂ ਮੁੱਢ ਕਦੀਮ ਤੋਂ ਚੱਲ ਰਿਹਾ ਹੈ ਲੇਕਿਨ ਪੰਜਾਬ ਨੇ ਪਰਵਾਸ ਦਾ ਜੋ ਦੁਖਾਂਤ ਪਿਛਲੇ ਲੱਗਭੱਗ 15 ਸਾਲਾਂ ਤੋਂ ਹੰਢਾਇਆ, ਉਹ ਪਰਵਾਸ ਘੱਟ, ਉਜਾੜਾ ਵੱਧ ਹੈ ਤੇ ਉਸ ਦਾ ਕਾਰਨ ਸਰਕਾਰਾਂ ਵੱਲੋਂ ਥੋਪੇ ਬੇਰੁਜ਼ਗਾਰੀ, ਨਸ਼ੇ, ਅਨਿਸ਼ਚਤ ਭਵਿੱਖ, ਲੁੱਟਾਂ-ਖੋਹਾਂ ਆਦਿ ਹੈ।

ਇਹ ਪ੍ਰਕਾਸ਼ ਸਿੰਘ ਬਾਦਲ ਹੀ ਸੀ ਜਿਸ ਨੇ ਸੁਮੇਧ ਸੈਣੀ ਵਰਗੇ ਬਦਨਾਮ ਪੁਲਿਸ ਅਫਸਰ ਨੂੰ ਪੰਜਾਬ ਦਾ ਡੀ.ਜੀ.ਪੀ. ਬਣਾਇਆ। ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਹੋਏ ਕੋਟਕਪੂਰਾ ਗੋਲੀਕਾਂਡ ਦੇ ਜ਼ਖਮ ਅਜੇ ਵੀ ਅੱਲ੍ਹੇ ਹਨ।

ਕਿਸੇ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ

**(ਬਾਕੀ ਅਗਲੇ ਸਫੇ 'ਤੇ)**

# ਡਿਲੀਟ: ਡਾਰਵਿਨ ਦੇ ਸਿਧਾਂਤ ਵਿਚ ਇਹ ਸ਼ਬਦ ਨਹੀਂ ਹੈ!

***ਭਾਰਤ ਵਿਚ ਸੀ.ਬੀ.ਐੱਸ.ਈ. ਦੇ ਸਿਲੇਬਸ ਵਿਚ ਵੱਡੀ ਰੱਦੋ-ਬਦਲ ਚਰਚਾ ਦਾ ਵਿਸ਼ਾ ਬਣੀ ਹੈ। ਸਰੋਕਾਰ ਦਾ ਮੁੱਖ ਨੁਕਤਾ ਡਾਰਵਿਨ ਦੇ ਵਿਕਾਸਵਾਦ ਦੇ ਸਿਧਾਂਤ ਨੂੰ ਸਿਲੇਬਸ ਵਿਚੋਂ ਹਟਾਉਣਾ ਹੈ ਜਿਸ ਦਾ ਬਹਾਨਾ ਹੋਰ ਬਣਾਇਆ ਗਿਆ ਹੈ ਅਤੇ ਅਸਲ ਨਿਸ਼ਾਨਾ ਹੋਰ ਹੈ। ਦਰਅਸਲ ਵਿਦਿਆਰਥੀ ਦੇ ਦਿਮਾਗਾਂ ਨੂੰ ਵਿਗਿਆਨਕ ਪਾਣ ਚਾੜ੍ਹਨ ਵਾਲੀ ਹਰ ਚੀਜ਼ ਆਰ.ਐੱਸ.ਐੱਸ.-ਭਾਜਪਾ ਦੇ ਨਿਸ਼ਾਨੇ 'ਤੇ ਹੈ। ਮੁਲਕ ਦੇ 1800 ਵਿਗਿਆਨੀਆਂ ਅਤੇ ਖੋਜੀਆਂ ਨੇ ਇਸ ਰੱਦੋ-ਬਦਲ ਦਾ ਗੰਭੀਰ ਨੋਟਿਸ ਲੈਂਦਿਆਂ ਖੁੱਲ੍ਹੀ ਚਿੱਠੀ ਲਿਖ ਕੇ ਡਾਰਵਿਨ ਦੇ ਵਿਕਾਸਵਾਦ ਦੇ ਸਿਧਾਂਤ ਨੂੰ ਸਿਲੇਬਸ ਵਿਚ ਬਹਾਲ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ। ਇਸ ਟਿੱਪਣੀ ਵਿਚ ਖੱਬੇ ਪੱਖੀ ਚਿੰਤਕ ਅੰਜਨੀ ਕੁਮਾਰ ਨੇ ਡਾਰਵਿਨ ਦੇ ਸਿਧਾਂਤ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਇਸ ਟਿੱਪਣੀ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਡਾਰਵਿਨ ਦੇ ਸਿਧਾਂਤ ਵਿਚ ਡਿਲੀਟ ਸ਼ਬਦ ਨਹੀਂ ਹੈ। ਉਹ ਵਿਕਾਸਵਾਦ ਦੀ ਧਾਰਨਾ ਲੈ ਕੇ ਆਇਆ ਸੀ। ਇਸ ਸਿਧਾਂਤ ਨੇ ਵਿਗਿਆਨ, ਵਾਤਾਵਰਨ ਅਤੇ ਇੱਥੋਂ ਤੱਕ ਕਿ ਮਾਨਵ-ਵਿਗਿਆਨ ਦੇ ਅਧਿਐਨ ਨੂੰ ਨਵੀਂ ਦਿਸ਼ਾ ਦਿੱਤੀ। ਇਸ ਨੇ ਵਿਕਾਸ, ਚੋਣ, ਅਨੁਕੂਲਨ ਅਤੇ ਵਿਕਾਸ ਦੀ ਅਜਿਹੀ ਪੱਧਤੀ ਪੇਸ਼ ਕੀਤੀ ਜਿਸ ਵਿਚ ਪੌਦੇ ਸਮੇਤ ਹਰ ਜੀਵ ਆਪਣੇ ਪਿੱਛੇ ਆਪਣੇ ਨਿਸ਼ਾਨ ਛੱਡਦਾ ਹੋਇਆ ਚੱਲਦਾ ਹੈ ਅਤੇ ਅਗਲੇਰੇ ਪੜਾਅ 'ਤੇ ਪਹੁੰਚਦਾ ਹੈ।

ਇਸ ਨੇ ਇਤਿਹਾਸ ਦੇ ਅਧਿਐਨ, ਖ਼ਾਸ ਕਰ ਕੇ ਪੂਰਵ-ਇਤਿਹਾਸ ਦੇ ਅਧਿਐਨ ਵਿਚ ਸਹਾਇਕ ਦੀ ਭੂਮਿਕਾ ਨਿਭਾਈ ਅਤੇ ਇਤਿਹਾਸ ਦਾ ਇਸ ਦੇ ਵਾਤਾਵਰਨ ਨਾਲ ਜੋੜ ਕੇ ਅਧਿਐਨ ਕਰਨਾ ਸੰਭਵ ਬਣਾਇਆ। ਡਾਰਵਿਨ ਦੇ ਸਿਧਾਂਤ ਦੇ ਨਾਲ-ਨਾਲ ਵਿਕਾਸਵਾਦ ਦੀ ਸੰਭਾਵਨਾ ਬਾਰੇ ਕੁਝ ਹੋਰ ਸਿਧਾਂਤ ਵੀ ਆਏ। ਇਸ ਵਿਚ ਮਿਊਟੇਸ਼ਨ ਦੀ ਧਾਰਨਾ ਵੀ ਘੱਟ ਦਿਲਚਸਪ ਨਹੀਂ ਹੈ ਪਰ ਇਨ੍ਹਾਂ ਵਿਚੋਂ ਕਿਸੇ ਵੀ ਧਾਰਨਾ ਵਿਚ ਕਿਸੇ ਵੀ ਪੜਾਅ 'ਤੇ ਡਿਲੀਟ ਦੀ ਮੌਜੂਦਗੀ ਨਹੀਂ ਹੈ।

ਬਾਅਦ ਵਿਚ ਵਿਗਿਆਨੀਆਂ ਨੇ ਡਾਰਵਿਨ ਦੀ ਥਿਊਰੀ ਵਿਚ ਅਗਲੀ ਕੜੀ ਜੋੜਨੀ ਸ਼ੁਰੂ ਕੀਤੀ; ਖ਼ਾਸ ਕਰ ਕੇ ਮਨੁੱਖਾਂ ਵਿਚ ਜੋ ਵਿਹਾਰ ਦਾ ਵਿਕਾਸ ਹੋਇਆ ਹੈ, ਉਸ ਦੇ ਵਿਕਾਸ ਦੀਆਂ ਕੜੀਆਂ ਕੀ

**ਅੰਜਨੀ ਕੁਮਾਰ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਹਨ? ਖ਼ਾਸ ਕਰ ਕੇ, ਭੋਜਨ ਅਤੇ ਪ੍ਰਜਨਨ ਸਬੰਧੀ ਆਦਤਾਂ ਅਤੇ ਉਨ੍ਹਾਂ ਦੇ ਵਿਕਾਸ ਉੱਪਰ ਬਹੁਤ ਕੰਮ ਕੀਤਾ ਗਿਆ ਹੈ। ਇਸੇ ਤਰ੍ਹਾਂ ਮਨੋਭਾਵ, ਸਰੀਰ ਅਤੇ ਵਾਤਾਵਰਨ ਦਾ ਰਿਸ਼ਤਾ ਅੱਜ ਦੇ ਸਮੇਂ 'ਚ ਖੋਜ ਦਾ ਅਹਿਮ ਹਿੱਸਾ ਬਣਿਆ ਹੋਇਆ ਹੈ।

ਅਸੀਂ ਅਕਸਰ ਕੁਝ ਦਿਲਚਸਪ ਖ਼ਬਰਾਂ ਵਿਦੇਸ਼ੀ ਨਿਊਜ਼ ਏਜੰਸੀਆਂ ਦੇ ਹਵਾਲੇ ਨਾਲ ਪੜ੍ਹਦੇ ਹਾਂ ਕਿ ਸੰਗੀਤ ਪੌਦਿਆਂ ਉੱਪਰ ਕਿਵੇਂ ਪ੍ਰਭਾਵ ਪਾਉਂਦਾ ਹੈ, ਕੀ ਪੌਦੇ ਵੀ ਰੋਂਦੇ ਹਨ, ਕੀ ਉਹ ਤੁਹਾਨੂੰ ਬੁਲਾਉਂਦੇ ਹਨ, ਵਗੈਰਾ-ਵਗੈਰਾ। ਅਸੀਂ ਅਕਸਰ ਅਜਿਹੀਆਂ ਖ਼ਬਰਾਂ ਬੜੀ ਦਿਲਚਸਪੀ ਅਤੇ ਹੈਰਾਨੀ ਨਾਲ ਪੜ੍ਹਦੇ ਹਾਂ।

ਜ਼ਿਆਦਾ ਸਮਝਦਾਰ ਲੋਕ ਅਕਸਰ ਕਹਿ ਦਿੰਦੇ ਹਨ; ਠੀਕ ਹੀ ਤਾਂ ਹੈ ਜਦੋਂ ਪਰਮਾਤਮਾ ਨੇ ਸਾਰਿਆਂ ਨੂੰ ਬਣਾਇਆ ਹੈ, ਉਨ੍ਹਾਂ ਵਿਚ ਜਾਨ ਪਾਈ ਹੈ ਤਾਂ ਭਾਵਨਾਵਾਂ ਵੀ ਉਸ ਨੇ ਸਾਰਿਆਂ 'ਚ ਪਾਈਆਂ ਹੋਣਗੀਆਂ। ਅਜਿਹੇ ਪਾਠਕਾਂ ਦੀ ਉਤਸ਼ਾਹ ਭਰੀ ਆਹ ਨਾਲ ਡਾਰਵਿਨ ਦਾ ਵਿਕਾਸਵਾਦ ਡਿਲੀਟ ਨਹੀਂ ਹੁੰਦਾ। ਖੋਜਾਂ ਹੁੰਦੀਆਂ ਰਹਿੰਦੀਆਂ ਹਨ ਅਤੇ ਅਗਲੇ ਦਿਨ ਅਜਿਹੀਆਂ ਕੁਝ ਹੋਰ ਦਿਲਚਸਪ ਖ਼ਬਰਾਂ ਆ ਜਾਂਦੀਆਂ ਹਨ।

ਮੈਂ ਤੁਹਾਡਾ ਧਿਆਨ ਅਜਿਹੀ ਹੀ ਖ਼ਬਰ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਖੇਤਾਂ ਵਿਚ ਅਕਸਰ ਮਿਲਦੇ ਗੰਡੋਇਆਂ ਉੱਪਰ ਵਿਗਿਆਨੀਆਂ ਨੇ 40 ਸਾਲ ਅਧਿਐਨ ਕੀਤਾ ਅਤੇ ਕੁਝ ਸਿੱਟੇ ਕੱਢੇ। ਇਹ ਪੱਤੇ ਅਤੇ ਮਿੱਟੀ ਖਾਣ ਵਾਲਾ ਜੀਵ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਂਦਾ ਹੈ। ਡਾਰਵਿਨ ਨੇ ਆਪਣੇ ਅਧਿਐਨ ਵਿਚ ਇਸ ਬਾਰੇ ਲਿਖਿਆ ਹੈ ਕਿ ਇਸ ਨੇ ਮਨੁੱਖੀ ਇਤਿਹਾਸ ਵਿਚ ਕਿਸੇ ਵੀ ਹੋਰ ਜੀਵ ਨਾਲੋਂ ਵਧੇਰੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਉਸ ਨੇ ਦੱਸਿਆ ਕਿ ਮਨੁੱਖੀ ਪ੍ਰਸੰਗ ਵਿਚ ਗੱਲ ਕਰਨੀ ਹੋਵੇ, ਇਹ ਨਾ ਤਾਂ ਦੇਖ ਸਕਦਾ ਹੈ ਅਤੇ ਨਾ ਹੀ ਸੁਣ ਸਕਦਾ ਹੈ ਪਰ ਆਪਣੇ ਸਰੀਰ ਦੀ ਛੋਹ ਨਾਲ ਕਿਸੇ ਵਸਤੂ ਦੀ ਜਾਣਕਾਰੀ ਜ਼ਰੂਰ ਪ੍ਰਾਪਤ ਕਰ ਲੈਂਦਾ ਹੈ। ਇਸ ਤੋਂ ਬਾਅਦ ਹਾਲ ਹੀ 'ਚ ਵਿਗਿਆਨੀਆਂ ਨੇ ਇਸ ਜੀਵ ਉੱਪਰ 'ਖ਼ੁਸ਼ੀ' ਦੇ ਪ੍ਰਭਾਵਾਂ ਦਾ ਅਧਿਐਨ ਕੀਤਾ। ਉਨ੍ਹਾਂ ਨੇ ਦੇਖਿਆ ਕਿ ਜਦੋਂ ਵੀ ਗੰਡੋਆ ਭੰਗ ਦੇ ਪੱਤੇ ਖਾਂਦਾ ਹੈ ਤਾਂ ਉਸ ਵਿਚ ਜ਼ਿਆਦਾ ਕੈਲੋਰੀ ਲੈਣ ਦੀ ਪ੍ਰਵਿਰਤੀ ਵਧ ਜਾਂਦੀ ਹੈ। ਐਨ ਉਸੇ ਤਰ੍ਹਾਂ ਜਿਵੇਂ ਭੰਗ ਦੀ ਵਰਤੋਂ ਨਾਲ ਮਨੁੱਖ ਵਿਚ ਭੋਜਨ ਖਾਣ ਦੀ ਸਮਰੱਥਾ ਵਧ ਜਾਂਦੀ ਹੈ।

ਇੱਥੇ ਵਿਗਿਆਨੀ ਇਕ ਹੋਰ ਤੱਥ ਉੱਪਰ ਜ਼ੋਰ ਦੇ ਰਹੇ ਹਨ ਅਤੇ ਉਹ ਹੈ ਭੰਗ ਦੇ ਪੌਦੇ ਦਾ ਅਸਰ ਜੋ ਖੇਤਾਂ ਵਿਚ ਉਂਵ ਹੀ ਉੱਗ ਪੈਂਦਾ ਹੈ, ਉਸ ਦਾ ਸਾਡੇ ਖੇਤਾਂ, ਜਾਨਵਰਾਂ ਅਤੇ ਵਾਤਾਵਰਨ 'ਤੇ ਕੀ ਅਸਰ ਪੈ ਰਿਹਾ ਹੈ।

ਜੇ ਅਸੀਂ ਜੀਵਾਂ ਦੀ ਵਿਕਾਸ ਯਾਤਰਾ ਦੇ ਕਰੋੜਾਂ ਸਾਲ ਪਿੱਛੇ ਵੱਲ ਜਾਈਏ ਤਾਂ ਜੀਵਾਂ ਦੀਆਂ ਵੱਖੋ-ਵੱਖਰੀਆਂ ਵਿਕਾਸ ਯਾਤਰਾਵਾਂ ਪਿੱਛੇ ਵੱਲ ਮੁੜਦੀਆਂ ਹੋਈਆਂ ਆਪਸ ਵਿਚ ਮਿਲਦੀਆਂ ਹੋਈਆਂ ਦਿਖਾਈ ਦਿੰਦੀਆਂ ਹਨ। ਬਹੁਤ ਸਾਰੀਆਂ ਸਹਿਜ ਜਾਂ ਅਸਹਿਜ ਜਾਪਦੀਆਂ ਪ੍ਰਵਿਰਤੀਆਂ ਵਿਕਾਸਵਾਦ ਦੇ ਸਿਧਾਂਤ ਨਾਲ ਸਮਝਣ 'ਤੇ ਸਾਨੂੰ ਸਾਡੇ ਸਮਾਜ, ਜੀਵਨ ਅਤੇ ਵਾਤਾਵਰਨ ਦੇ ਜ਼ਿਆਦਾ ਨੇੜੇ ਲੈ ਜਾਂਦੀਆਂ ਹਨ, ਤੇ ਇਨਸਾਨ ਨੂੰ ਭਾਵਨਾ ਦੇ ਪੱਧਰ 'ਤੇ ਹੋਰ ਉੱਤਮ ਬਣਾਉਂਦੀਆਂ ਹਨ।

ਤੇਜ਼ੀ ਨਾਲ ਵਧ ਰਹੇ ਸ਼ਹਿਰੀਕਰਨ ਦਾ ਪੰਛੀਆਂ ਉੱਪਰ ਕੀ ਅਸਰ ਪੈ ਰਿਹਾ ਹੈ, ਇਸ ਪ੍ਰਸੰਗ 'ਚ 137 ਸ਼ਹਿਰਾਂ ਦੇ 3768 ਪੰਛੀਆਂ ਉੱਪਰ ਮੁੱਢਲਾ ਅਧਿਐਨ ਕੀਤਾ ਗਿਆ ਹੈ। ਸ਼ਹਿਰ ਦੇ ਵਾਤਾਵਰਨ ਨੂੰ ਝੱਲਣ ਦੇ ਸਮਰੱਥ ਹੋਣ ਲਈ ਯਕੀਨਨ ਹੀ ਇਨ੍ਹਾਂ ਪੰਛੀਆਂ ਦੇ ਸਰੀਰ 'ਚ ਰਾਤੋ-ਰਾਤ ਤਬਦੀਲੀ ਨਹੀਂ ਹੋਣ ਲੱਗੀ। ਇਹ ਤਬਦੀਲੀ ਬਹੁਤ ਹੌਲੀ-ਹੌਲੀ ਹੁੰਦੀ ਹੈ ਅਤੇ ਅਜਿਹੀ ਤਬਦੀਲੀ ਲਈ ਸਿਰਫ਼ ਜ਼ਰੂਰਤ ਹੀ ਨਹੀਂ ਹੁੰਦੀ ਸਗੋਂ ਸਮੁੱਚੇ ਵਾਤਾਵਰਨ ਵਿਚ ਬਦਲ ਰਹੇ ਹਾਲਾਤ ਵੀ ਹੁੰਦੇ ਹਨ ਪਰ ਸ਼ਹਿਰੀਕਰਨ ਇਨ੍ਹਾਂ ਦੇ ਸਾਹਮਣੇ ਚੁਣੌਤੀ ਜ਼ਰੂਰ ਪੇਸ਼ ਕਰ ਰਿਹਾ ਹੁੰਦਾ ਹੈ।

ਸ਼ਹਿਰੀਕਰਨ ਨੂੰ ਬਰਦਾਸ਼ਤ ਕਰ ਸਕਣ ਦੀ ਸਮਰੱਥਾ ਉਨ੍ਹਾਂ ਪੰਛੀਆਂ 'ਚ ਜ਼ਿਆਦਾ ਮਿਲਦੀ ਹੈ ਜੋ ਛੋਟੇ ਹੋਣ, ਸਮੂਹਾਂ ਵਿਚ ਰਹਿਣ ਦੀ ਬਜਾਇ ਥੋੜ੍ਹਾ ਖਿੰਡ ਕੇ ਰਹਿੰਦੇ ਹੋਣ, ਉਨ੍ਹਾਂ ਵਿਚ ਭੋਜਨ ਦੀ ਵੰਨ-ਸਵੰਨਤਾ ਹੋਵੇ, ਪੰਜੇ ਮਜ਼ਬੂਤ ਹੋਣ ਅਤੇ ਘੱਟ ਉਚਾਈ 'ਤੇ ਉੱਡਣ ਦੀ ਸਮਰੱਥਾ ਹੋਵੇ। ਹਾਲਾਂਕਿ, ਵੱਖਰੇ-ਵੱਖਰੇ ਸ਼ਹਿਰਾਂ 'ਚ ਸਥਿਤੀਆਂ ਅਤੇ ਜ਼ਰੂਰਤਾਂ ਬਦਲ ਜਾਂਦੀਆਂ ਹਨ, ਇਸ ਕਰ ਕੇ ਪੰਛੀਆਂ ਦੇ ਵਿਹਾਰ ਅਤੇ ਉਨ੍ਹਾਂ ਦੇ ਸਲਾਮਤ ਰਹਿਣ ਦੀਆਂ ਸੰਭਾਵਨਾਵਾਂ ਵੀ ਵੱਖ-ਵੱਖ ਹੋ ਜਾਂਦੀਆਂ ਹਨ।

ਜੇਕਰ ਕੋਈ ਸਰਕਾਰ, ਸੰਸਥਾ ਜਾਂ ਵਿਅਕਤੀ ਸ਼ਹਿਰ 'ਚ ਜੀਵ ਵੰਨ-ਸਵੰਨਤਾ ਅਤੇ ਜੀਵ ਵਿਗਿਆਨਕ ਸੰਭਾਲ ਪ੍ਰਤੀ ਬਹੁਤ ਹੀ ਫ਼ਿਕਰਮੰਦ ਹੈ ਤਾਂ ਉਸ ਨੂੰ ਸਿਰਫ਼ ਆਪਣੀਆਂ ਭਾਵਨਾਵਾਂ, ਦਾਅਵਿਆਂ ਆਦਿ ਉੱਪਰ ਨਿਰਭਰ ਹੋਣ ਦੀ ਬਜਾਇ ਜੀਵਾਂ ਦੇ ਵਿਹਾਰ ਅਤੇ ਹਾਸਲ ਹਾਲਾਤ ਦਾ ਅਧਿਐਨ ਕਰਨਾ ਬੇਹੱਦ ਜ਼ਰੂਰੀ ਹੋਵੇਗਾ। ਇਹ ਮੰਨ ਕੇ ਚੱਲਣਾ ਕਿ ਬਦਲਾਉ ਤਾਂ ਜ਼ਰੂਰੀ ਹੈ ਅਤੇ ਇਸ ਦੇ ਨਾਲ ਜੋ ਪ੍ਰਸਥਿਤਕੀ (ਇਕਾਲੋਜੀ, ਜੀਵ ਵਿਗਿਆਨ ਅਤੇ ਭੂਗੋਲ ਦੀ ਇਕ ਸ਼ਾਖ਼ਾ ਜੋ ਜੀਵ ਸਮੂਹ ਦੇ ਉਨ੍ਹਾਂ ਦੇ ਵਾਤਾਵਰਨ ਨਾਲ ਦੁਵੱਲੇ ਸੰਬੰਧਾਂ ਦਾ ਅਧਿਐਨ ਕਰਦੀ ਹੈ) ਬਣੇਗੀ, ਸਾਰੇ ਉਸ ਦੇ ਅਨੁਕੂਲ ਢਲ ਜਾਣਗੇ, ਬੇਹੱਦ ਖ਼ਤਰਨਾਕ ਧਾਰਨਾ ਹੈ। ਇੱਥੇ ਅਸੀਂ ਭੁੱਲ ਜਾਂਦੇ ਹਾਂ ਕਿ ਪਰਿਵਰਤਨ ਦਾ ਮੁੱਖ ਕਾਰਕ ਮਨੁੱਖ ਦੀਆਂ ਹਰਕਤਾਂ ਹਨ ਜੋ ਬਹੁਤ ਹੀ ਸੁਚੇਤ ਅਤੇ ਤੈਅਸ਼ੁਦਾ ਦਖ਼ਲਅੰਦਾਜ਼ੀ ਕਰ ਰਿਹਾ ਹੁੰਦਾ ਹੈ, ਇਸ ਦਾ ਪ੍ਰਸਥਿਤਕੀ ਉੱਪਰ ਪ੍ਰਭਾਵ ਇਕਪਾਸੜ ਹੁੰਦਾ ਹੈ ਅਤੇ ਇਸ ਦਾ ਨਤੀਜਾ ਬਹੁਤ ਘਾਤਕ ਹੁੰਦਾ ਹੈ। ਇਹ ਅਨੁਕੂਲਣ ਦੀ ਸਥਿਤੀ ਦੀ ਬਜਾਇ ਵਿਨਾਸ਼ ਦੀ ਸਥਿਤੀ ਪੈਦਾ ਕਰਦਾ ਹੈ।

ਅਜਿਹਾ ਹੀ ਇਕ ਖ਼ਤਰਨਾਕ ਨਤੀਜਾ ਗ਼ੌਰਤਲਬ ਹੈ, ਕੋਲਕਾਤਾ ਵਿਚ ਇਕ ਆਦਮੀ ਦੇ ਪੌਦਿਆਂ ਦੀ ਉੱਲੀ ਤੋਂ ਪੀੜਤ ਹੋਣ ਦਾ ਕੇਸ ਸਾਹਮਣੇ ਆਇਆ ਹੈ। ਇਹ ਅਜੀਬੋ-ਗਰੀਬ ਲੱਗਦੀ ਖ਼ਬਰ ਬਹੁਤ ਚਿੰਤਾਜਨਕ ਹੈ। ਇਹ ਪਹਿਲੀ ਪੌਦਿਆਂ ਦੀ ਉੱਲੀ (ਪਲਾਂਟ ਫੰਗਸ) ਬਿਮਾਰੀ ਹੈ ਜੋ ਮਨੁੱਖ ਨੂੰ ਚਿੰਬੜੀ ਹੈ। ਬਿਮਾਰੀ ਤੋਂ ਪੀੜਤ ਵਿਅਕਤੀ ਦੀ ਆਵਾਜ਼ ਭਾਰੀ ਹੋ ਗਈ, ਉਹ ਥੱਕਿਆ ਥੱਕਿਆ ਰਹਿਣ ਲੱਗਾ ਅਤੇ ਉਸ ਨੂੰ ਭੋਜਨ ਨਿਗਲਣ ਵਿਚ ਮੁਸ਼ਕਿਲ ਆਉਣ ਲੱਗੀ। ਉਸ ਨੂੰ ਲਗਾਤਾਰ ਬੁਖ਼ਾਰ ਰਹਿ ਰਿਹਾ ਸੀ। ਉਸ ਨੂੰ ਇਹ ਸਮੱਸਿਆ ਤਿੰਨ ਮਹੀਨੇ ਤੱਕ ਰਹੀ। ਇਹ ਵਿਅਕਤੀ ਪੌਦਿਆਂ ਨੂੰ ਹੋਣ ਵਾਲੀ ਬਿਮਾਰੀ ਸਿਲਵਰ ਲੀਫ ਡਿਸੀਜ਼ ਨੂੰ ਪੈਦਾ ਕਰਨ ਵਾਲੀ ਕੋਂਡਰੋਸਟੇਰੀਅਮ ਪਰਪਿਊਰੀਅਮ ਨਾਂ ਦੀ ਪੌਦੇ ਦੀ ਉੱਲੀ ਦੀ ਲਪੇਟ 'ਚ ਆ ਗਿਆ ਸੀ।

ਜੇ ਅਸੀਂ ਹੋਣੀਵਾਦ ਨੂੰ ਮੰਨੀਏ ਤਾਂ ਇਹੀ ਕਹਾਂਗੇ ਕਿ ਬਿਮਾਰੀ ਤਾਂ ਬਿਮਾਰੀ ਹੈ, ਪੌਦਾ ਹੋਵੇ ਜਾਂ ਮਨੁੱਖ, ਸਾਰੇ ਇਸ ਦੀ ਲਪੇਟ 'ਚ ਆਉਂਦੇ ਹੀ ਹਨ ਪਰ ਜੇਕਰ ਅਸੀਂ ਵਿਗਿਆਨ ਤੋਂ ਥੋੜ੍ਹੇ ਜਿਹੇ ਵੀ ਜਾਣੂ ਹਾਂ ਤਾਂ ਇਹ ਖ਼ਬਰ ਪ੍ਰੇਸ਼ਾਨ ਕਰ ਦੇਵੇਗੀ। ਆਮ ਤੌਰ 'ਤੇ ਉੱਲੀ 12 ਡਿਗਰੀ ਸੈਂਟੀਗਰੇਡ ਤੋਂ 30 ਡਿਗਰੀ ਸੈਂਟੀਗਰੇਡ ਤੱਕ ਸਰਗਰਮ ਰਹਿੰਦੀ ਹੈ ਪਰ ਇਹ ਦੇਖਿਆ ਗਿਆ ਹੈ ਕਿ ਕੁਝ ਉੱਲੀ 37 ਡਿਗਰੀ ਸੈਂਟੀਗਰੇਡ ਵਿਚ ਵੀ ਜਿਊਂਦੀ ਰਹਿ ਸਕੀ ਹੈ।


ਮਨੁੱਖ ਦੇ ਸਰੀਰ ਦਾ ਤਾਪਮਾਨ ਆਮ ਤੌਰ 'ਤੇ 33 ਡਿਗਰੀ ਤੋਂ ਉੱਪਰ ਰਹਿੰਦਾ ਹੈ। ਅਜਿਹੀ ਸਥਿਤੀ ਵਿਚ ਸਰੀਰ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਉੱਲੀ ਦੀ ਲਪੇਟ 'ਚ ਆਉਣ ਦੀ ਸੰਭਾਵਨਾ ਘੱਟ ਹੁੰਦੀ ਹੈ। ਸਰੀਰ ਦੇ ਅੰਦਰਲੇ ਹਿੱਸੇ ਵਿਚ ਇਸ ਦੀ ਸੰਭਾਵਨਾ ਹੋਰ ਵੀ ਘਟ ਜਾਂਦੀ ਹੈ। ਵਿਗਿਆਨੀਆਂ ਨੇ ਕੋਲਕਾਤਾ 'ਚ ਮਨੁੱਖ ਨੂੰ ਫੰਗਸ ਦੀ ਪਹਿਲੀ ਲਾਗ ਉੱਪਰ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਇਸ ਦੇ ਲਈ ਆਲਮੀ ਤਪਸ਼ ਨਾਲ ਪੈਣ ਵਾਲੇ ਪ੍ਰਭਾਵ ਦੀ ਇਕ ਕਾਰਨ ਦੇ ਰੂਪ 'ਚ ਨਿਸ਼ਾਨਦੇਹੀ ਕੀਤੀ ਹੈ। ਆਲਮੀ ਤਪਸ਼ ਯਾਨੀ ਧਰਤੀ ਦੇ ਕੁਲ ਤਾਪਮਾਨ ਵਿਚ ਹੋਏ ਵਾਧੇ 'ਚ ਪੌਦਿਆਂ ਅਤੇ ਉਨ੍ਹਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਹੁਣ ਉੱਚ ਤਾਪਮਾਨ ਵਿਚ ਬਣੇ ਰਹਿਣ ਦੀ ਅਨੁਕੂਲਣ ਸਮਰੱਥਾ ਹਾਸਲ ਕਰ ਰਹੀਆਂ ਹਨ। ਇਹ ਖ਼ਤਰਨਾਕ ਸਥਿਤੀ ਹੈ। ਚਾਹੇ ਅਸੀਂ ਡਾਰਵਿਨ ਨੂੰ ਪੜ੍ਹੀਏ ਜਾਂ ਨਾ ਪੜ੍ਹੀਏ ਪਰ ਪ੍ਰਸਥਿਤਕੀ 'ਚ ਹੋ ਰਹੀਆਂ ਤਬਦੀਲੀਆਂ ਨੂੰ ਸਮਝਣ ਦੀ ਖਿੜਕੀ ਡਾਰਵਿਨ ਦੇ ਸਿਧਾਂਤ ਨਾਲ ਹੀ ਖੁੱਲ੍ਹਦੀ ਹੈ।

ਜੇਕਰ ਤੁਸੀਂ 'ਘਾਸੀਰਾਮ ਕੋਤਵਾਲ' ਨਾਟਕ ਪੜ੍ਹਿਆ ਜਾਂ ਦੇਖਿਆ ਹੈ ਤਾਂ ਤੁਸੀਂ ਉਸ ਦ੍ਰਿਸ਼ ਵਿਚੋਂ ਜ਼ਰੂਰ ਗੁਜ਼ਰੋਗੇ ਜਿਸ ਵਿਚ ਈਸ਼ਵਰ ਬਾਰੇ ਰਚੀ ਗਈ ਸ਼ਿੰਗਾਰ-ਰਸ ਕਵਿਤਾ ਦਾ ਪਾਠ ਰਾਜੇ ਦੇ ਅੰਦਰ ਕਾਮੁਕਤਾ ਪੈਦਾ ਕਰਦਾ ਹੈ। ਸ਼੍ਰੇਸਟਤਾ ਦੇ ਪ੍ਰਸੰਗ 'ਚ ਇਹ ਦ੍ਰਿਸ਼ ਰਾਜੇ ਦੇ ਵਿਭਚਾਰ ਅਤੇ ਸਤਹੀਪਣ ਨੂੰ ਉਜਾਗਰ ਕਰ ਦਿੰਦਾ ਹੈ। ਜਿਨਸੀ ਪਵਿੱਤਰਤਾ ਅਤੇ ਵਿਹਾਰ ਸਬੰਧੀ ਪੂਰੀ ਦੁਨੀਆ ਵਿਚ ਵੱਖੋ-ਵੱਖਰੀ ਨੈਤਿਕਤਾ ਮਿਲਦੀ ਹੈ ਅਤੇ ਉਨ੍ਹਾਂ ਨਾਲ ਸਬੰਧਤ ਕਾਨੂੰਨ ਵੀ ਵੱਖੋ-ਵੱਖਰੇ ਹਨ ਜਿਸ ਦੀ ਉਲੰਘਣਾ ਕੀਤੇ ਜਾਣ 'ਤੇ ਸਜ਼ਾ ਤੈਅ ਕੀਤੀ ਜਾਂਦੀ ਹੈ।

ਅਨੈਤਿਕਤਾ ਨੂੰ ਆਮ ਤੌਰ 'ਤੇ ਜਾਨਵਰਾਂ ਦੇ ਜਿਨਸੀ ਵਿਹਾਰ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਪ੍ਰਸੰਗ 'ਚ ਮਨੁੱਖਾਂ ਤੋਂ ਸ਼੍ਰੇਸ਼ਟ ਵਿਹਾਰ ਦੀ ਉਮੀਦ ਕੀਤੀ ਜਾਂਦੀ ਹੈ। ਸ਼੍ਰੇਸ਼ਟਤਾ ਦੀ ਸਿਖ਼ਰ ਆਮ ਤੌਰ 'ਤੇ ਈਸ਼ਵਰੀ ਵਿਹਾਰਾਂ ਨਾਲ ਜੋੜ ਦਿੱਤੀ ਜਾਂਦੀ ਹੈ। ਹਾਲਾਂਕਿ ਅਸੀਂ ਜਾਣਦੇ ਹੁੰਦੇ ਹਾਂ ਕਿ ਜਿਨਸੀ ਵਿਹਾਰ ਕਿਸੇ ਤੈਅਸ਼ੁਦਾ ਨਿਯਮਾਂ ਤੋਂ ਬਾਦ ਵਿਕਸਤ ਨਹੀਂ ਹੋਏ ਸਗੋਂ ਇਹ ਸਮਾਜ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿਚੋਂ ਲੰਘਦੇ ਹੋਏ ਬਣੇ ਹਨ ਤੇ ਸਮਾਜ ਬਣਨ ਤੋਂ ਪਹਿਲਾਂ ਇਨਸਾਨ ਬਣਨ ਦੀ ਪ੍ਰਕਿਰਿਆ ਵਿਚ ਉਹ ਉਨ੍ਹਾਂ ਹੀ ਜਿਨਸੀ ਵਿਹਾਰਾਂ ਨਾਲ ਸਾਹਮਣੇ ਆਏ ਜੋ ਉਸ ਨੂੰ ਆਪਣੇ ਪੁਰਖਿਆਂ ਤੋਂ ਵਿਰਾਸਤ ਵਿਚ ਮਿਲੇ ਸਨ।


ਇੱਥੋਂ ਤੱਕ ਕਿ ਸ਼ਹਿਦ ਦੀਆਂ ਮੱਖੀਆਂ ਦਾ ਜਿਨਸੀ ਵਿਹਾਰ, ਖ਼ਾਸ ਕਰ ਕੇ ਸੰਗੀ ਚੁਣਨ ਦੀ ਪ੍ਰਕਿਰਿਆ ਦੇ ਚਿੰਨ੍ਹ ਮਨੁੱਖਾਂ ਤੱਕ ਆ ਪਹੁੰਚਦੇ ਹਨ। ਥਣਧਾਰੀ ਜੀਵਾਂ ਦਾ ਬਹੁਤ ਸਾਰਾ ਜਿਨਸੀ ਵਿਹਾਰ, ਇੱਥੋਂ ਤੱਕ ਕਿ ਕਥਿਤ ਅਲਫਾ ਦਾ ਦਾਅਵਾ, ਮਨੁੱਖਾਂ ਦੇ ਵਿਹਾਰ ਵਿਚ ਨਜ਼ਰ ਆਉਂਦਾ ਹੈ। ਅਸੀਂ ਭਾਵੇਂ ਕੁੱਤਿਆਂ, ਬਿੱਲੀਆਂ ਜਾਂ ਬਾਂਦਰਾਂ ਨੂੰ ਆਪਣੀ ਨੈਤਿਕਤਾ ਉੱਪਰ ਪਰਖਣ ਦੀ ਆਦਤ ਪਾ ਰੱਖੀ ਹੋਵੇ ਪਰ ਅਕਸਰ ਹੀ ਅਸੀਂ ਉਸ ਤੋਂ ਬਦਤਰ ਹਾਲਾਤ ਦਾ ਸਾਹਮਣਾ ਉਦੋਂ ਤੱਕ ਕਰਦੇ ਹਾਂ ਜਦੋਂ ਤੱਕ ਸਾਡੇ ਆਪਣੇ ਪਰਿਵਾਰ, ਸਮਾਜ, ਮੁਲਕ ਦੇ ਲੋਕ ਉਸੇ ਨੈਤਿਕਤਾ ਦੇ ਆਧਾਰ 'ਤੇ ਜਾਨ ਲੈਣ 'ਤੇ ਉਤਰ ਆਉਂਦੇ ਹਨ।

ਜਿਨਸੀ ਪਵਿੱਤਰਤਾ ਅਤੇ ਵਿਹਾਰ ਉੱਪਰ ਜਬਰੀ ਕੰਟਰੋਲ ਇਕ ਉਦੇਸ਼ ਦੇ ਤਹਿਤ ਹੀ ਕੀਤਾ ਜਾਂਦਾ ਹੈ। ਇਸ ਦਾ ਸਭ ਤੋਂ ਵਧੇਰੇ ਸਪਸ਼ਟ ਟੀਚਾ ਕਿਰਤ ਅਤੇ ਕਿਰਤੀ ਨੂੰ ਆਪਣੇ ਕੰਟਰੋਲ 'ਚ ਕਰਨਾ ਹੈ। ਭਾਰਤ ਵਰਗੇ ਸਮਾਜ ਵਿਚ ਜਿਨਸੀ ਸ਼ੁੱਧਤਾ ਅਤੇ ਵਿਹਾਰ ਨੂੰ ਜਾਤ ਦੇ ਆਧਾਰ 'ਤੇ ਵੱਖ-ਵੱਖ ਤੈਅ ਕੀਤਾ ਗਿਆ ਅਤੇ ਇਸ ਦੀ ਉਲੰਘਣਾ ਕਰਨ 'ਤੇ ਜਾਤ ਦੇ ਅਨੁਸਾਰ ਹੀ ਸਜ਼ਾ ਤੈਅ ਕੀਤੀ ਗਈ। ਇਨ੍ਹਾਂ ਤਮਾਮ ਵੰਡੀਆਂ ਅਤੇ ਸਜ਼ਾਵਾਂ ਲਈ ਈਸ਼ਵਰੀ ਮਾਨਤਾਵਾਂ ਸਥਾਪਿਤ ਕੀਤੀਆਂ ਗਈਆਂ ਅਤੇ ਇਸ ਨੂੰ ਹੋਣੀ ਵਾਂਗ ਸਥਾਪਿਤ ਕੀਤਾ ਗਿਆ। ਖ਼ਾਨਿਆਂ ਵਿਚ ਵੰਡਿਆ ਸਮਾਜ ਆਪਣੀ ਹੋਣੀ ਨਾਲ ਵਿਕਸਿਤ ਹੋਇਆ ਅਤੇ ਹੋਣੀਵਾਦ ਨਾਲ ਗ੍ਰਸਤ ਰਿਹਾ। ਜਦੋਂ ਕਿ ਹਾਕਮ ਜਮਾਤ ਸ਼੍ਰੇਸ਼ਟਤਾ ਦੀਆਂ ਗੱਲਾਂ ਕਰਦਿਆਂ ਪੂਰੀ ਤਰ੍ਹਾਂ ਵਿਭਚਾਰੀ, ਅਰਥਹੀਣ, ਵਿਨਾਸ਼ਕਾਰੀ ਵਿਭਚਾਰੀ ਜ਼ਿੰਦਗੀ ਜੀ ਰਹੀ ਹੈ। ਅੱਜ ਵੀ ਇਸ ਵਿਚ ਕੋਈ ਕਮੀ ਨਹੀਂ ਆਈ ਹੈ। ਇਸ ਦੇ ਲਈ ਵਿਕਾਸਵਾਦ ਦਾ ਸਿਧਾਂਤ ਇਸ ਦੇ ਹੋਣੀਵਾਦ ਦੇ ਅਨੁਕੂਲ ਨਹੀਂ ਹੈ। ਇਸ ਹਾਕਮ ਜਮਾਤ 'ਚ ਹਾਲਾਤ ਅਨੁਸਾਰ ਢਲਣ ਦੀ ਸਮਰੱਥਾ ਵੀ ਨਹੀਂ ਹੈ। ਅਜਿਹੀ ਸਥਿਤੀ ਵਿਚ ਇਸ ਨੇ ਤੈਅ ਕੀਤਾ ਕਿ ਡਾਰਵਿਨ ਨੂੰ ਹੀ ਹਟਾ ਦਿੱਤਾ ਜਾਵੇ ਪਰ ਡਾਰਵਿਨ ਨੂੰ ਡਿਲੀਟ ਨਹੀਂ ਕੀਤਾ ਜਾ ਸਕਦਾ, ਵਿਕਾਸਵਾਦ ਦਾ ਸਿਧਾਂਤ ਕਾਇਮ ਰਹੇਗਾ।



ਡਾਰਵਿਨ

***ਜੇ ਅਸੀਂ ਜੀਵਾਂ ਦੀ ਵਿਕਾਸ ਯਾਤਰਾ ਦੇ ਕਰੋੜਾਂ ਸਾਲ ਪਿੱਛੇ ਵੱਲ ਜਾਈਏ ਤਾਂ ਜੀਵਾਂ ਦੀਆਂ ਵੱਖੋ-ਵੱਖਰੀਆਂ ਵਿਕਾਸ ਯਾਤਰਾਵਾਂ ਪਿੱਛੇ ਵੱਲ ਮੁੜਦੀਆਂ ਹੋਈਆਂ ਆਪਸ ਵਿਚ ਮਿਲਦੀਆਂ ਹੋਈਆਂ ਦਿਖਾਈ ਦਿੰਦੀਆਂ ਹਨ। ਬਹੁਤ ਸਾਰੀਆਂ ਸਹਿਜ ਜਾਂ ਅਸਹਿਜ ਜਾਪਦੀਆਂ ਪ੍ਰਵਿਰਤੀਆਂ ਵਿਕਾਸਵਾਦ ਦੇ ਸਿਧਾਂਤ ਨਾਲ ਸਮਝਣ 'ਤੇ ਸਾਨੂੰ ਸਾਡੇ ਸਮਾਜ, ਜੀਵਨ ਅਤੇ ਵਾਤਾਵਰਨ ਦੇ ਜ਼ਿਆਦਾ ਨੇੜੇ ਲੈ ਜਾਂਦੀਆਂ ਹਨ, ਤੇ ਇਨਸਾਨ ਨੂੰ ਭਾਵਨਾ ਦੇ ਪੱਧਰ 'ਤੇ ਹੋਰ ਉੱਤਮ ਬਣਾਉਂਦੀਆਂ ਹਨ।***




ਡਾਰਵਿਨ ਦੀ ਕਿਤਾਬ ਦਾ ਮੁਖੜਾ।

## ਸ਼੍ਰੋਮਣੀ ਅਕਾਲੀ ਦਲ ਅਤੇ ਬਾਦਲਾਂ ਦਾ ਪਰਿਵਾਰਵਾਦ

*(ਪਿਛਲੇ ਸਫੇ ਦੀ ਬਾਕੀ)*

ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦਾ ਮਸਲਾ ਉਭਾਰਿਆ ਸੀ ਪਰ ਜਦ ਜੰਮੂ ਕਸ਼ਮੀਰ ਦੇ ਵੱਧ ਅਧਿਕਾਰ ਖਤਮ ਕਰਨ ਲਈ ਧਾਰਾ 370 ਤੇ 35ਏ ਨੂੰ ਮਨਸੂਖ ਕੀਤਾ ਗਿਆ ਤਾਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਭਾਜਪਾ ਦੇ ਪੱਖ ਵਿਚ ਦੜ ਵੱਟ ਲਿਆ। ਕਿਸੇ ਸਮੇਂ ਆਨੰਦਪੁਰ ਸਾਹਿਬ ਦੇ ਮਤੇ ਦੇ ਪੱਖ ਵਿਚ ਖੜ੍ਹਨ ਵਾਲੇ ਬਾਦਲ ਸੱਤਾ ਭੋਗਦਿਆਂ-ਭੋਗਦਿਆਂ ਅਜਿਹੇ 'ਬਦਲੇ' ਕਿ ਕਿਸੇ ਸੂਬੇ ਦੇ ਵੱਧ ਅਧਿਕਾਰ ਖਤਮ ਕਰ ਕੇ ਸੰਘੀ ਢਾਂਚੇ ਦੀ ਥਾਂ ਤਾਕਤਾਂ ਦੇ ਕੇਂਦਰੀਕਰਨ ਦੇ ਪੱਖ ਵਿਚ ਖੜ੍ਹ ਗਏ।

ਪੰਜਾਬ ਨਾਲ ਸਬੰਧਤ ਬੰਦੀ ਸਿੰਘਾਂ ਨੇ ਆਪਣੀਆਂ ਸਜ਼ਾਵਾਂ ਭੁਗਤੀਆਂ ਹੋਈਆਂ ਹਨ ਪਰ ਸਰਕਾਰਾਂ ਨੇ ਉਹਨਾਂ ਦੇ ਵਿਰੋਧੀ ਵਿਚਾਰਾਂ ਕਾਰਨ ਉਹਨਾਂ ਨੂੰ ਰਿਹਾਅ ਨਹੀਂ ਕੀਤਾ। ਹੁਣ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਬੰਦੀ ਸਿੰਘਾਂ ਦੀ ਰਿਹਾਈ ਦੇ ਪੱਖ ਵਿਚ ਬੋਲ ਰਿਹਾ ਹੈ ਪਰ ਜਦ ਬਾਦਲ ਕੇਂਦਰ ਵਿਚ ਭਾਜਪਾ ਨੂੰ ਬਿਨਾ ਸ਼ਰਤ ਹਮਾਇਤ ਦਿੰਦੇ ਸਨ, ਉਸ ਸਮੇਂ ਉਹ ਚਾਹੁੰਦੇ ਤਾਂ ਭਾਜਪਾ ਸਰਕਾਰ ਨੂੰ ਕਹਿ ਕੇ ਸੌਖਿਆਂ ਹੀ ਬੰਦੀ ਸਿੰਘਾਂ ਨੂੰ ਰਿਹਾਅ ਕਰਵਾ ਸਕਦੇ ਸਨ ਲੇਕਿਨ ਉਸ ਸਮੇਂ ਉਹਨਾਂ ਸਿਰਫ ਆਪਣੇ ਇੱਕ ਪਰਿਵਾਰਕ ਮੈਂਬਰ ਨੂੰ ਕੇਂਦਰੀ ਮੰਤਰੀ ਬਣਾਉਣ ਤੋਂ ਅੱਗੇ ਭਾਜਪਾ ਤੋਂ ਕੁਝ ਮੰਗਿਆ ਹੀ ਨਹੀਂ।

2015 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੇ.ਪੀ. ਨਰਾਇਣ ਦੀ ਬਰਸੀ ਮੌਕੇ ਬਾਦਲ ਨੂੰ ਭਾਰਤ ਦਾ ਨੈਲਸਨ ਮੰਡੇਲਾ ਕਿਹਾ ਸੀ; ਹਕੀਕਤ ਇਹ ਹੈ ਕਿ ਮੁੱਖ ਧਾਰਾ ਸਿਆਸਤ ਦੇ ਪੰਜਾਬ ਵਿਚ ਦੋ ਸਮਕਾਲੀ ਲੀਡਰ ਹੋਏ ਹਨ- ਇੱਕ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਤੇ ਦੂਜੇ ਪ੍ਰਕਾਸ਼ ਸਿੰਘ ਬਾਦਲ; ਦੋਵੇ 19-21 ਦੇ ਫਰਕ ਨਾਲ ਲੱਗਭੱਗ ਇੱਕੋ ਕੱਦ ਦੇ ਸਨ। ਇੱਕ ਨੇ ਸੰਸਦੀ ਮਾਰਗ ਵਾਲੀਆਂ ਕਮਿਊਨਿਸਟ ਪਾਰਟੀਆਂ ਨੂੰ ਕਾਂਗਰਸ ਦੀ ਝੋਲੀ ਪਾ ਕੇ ਹਾਸ਼ੀਏ 'ਤੇ ਧੱਕ ਦਿੱਤਾ ਤੇ ਦੂਜੇ ਨੇ ਅਕਾਲੀ ਦਲ ਨੂੰ ਭਾਜਪਾ ਦੀ ਝੋਲੀ ਪਾ ਕੇ ਹਾਸ਼ੀਏ 'ਤੇ ਧੱਕ ਦਿੱਤਾ। ਸਥਿਤੀ ਇਹ ਬਣੀ ਕਿ ਬਾਦਲ ਨੇ ਖੁਦ ਦੀ ਚੋਣ ਵੀ ਹਾਰੀ ਅਤੇ ਅਕਾਲੀ ਦਲ ਦੀ 3-4 ਸੀਟਾਂ ਤੱਕ ਸਿਮਟ ਜਾਣ ਦੀ ਸਥਿਤੀ ਵੀ ਦੇਖੀ।

ਖੇਤੀ ਕਾਨੂੰਨਾਂ ਖਿਲਾਫ ਚੱਲੇ ਸੰਘਰਸ਼ ਦੌਰਾਨ ਵੱਡੇ ਬਾਦਲ ਦੇ ਸਟੈਂਡ ਹਵਾ ਦਾ ਰੁਖ ਦੇਖ ਕੇ ਬਦਲੇ; ਪਹਿਲਾਂ ਮੋਦੀ ਦਾ ਪੱਖ ਪੂਰਿਆ ਤੇ ਬਾਅਦ ਵਿਚ ਲੋਕ ਰੌਅ ਦੇਖ ਕੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਦਾ ਨਾਟਕ ਕੀਤਾ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਐਸ.ਜੀ.ਪੀ.ਸੀ. ਵਿਚ ਚਲਾਏ ਲਿਫਾਫਾ ਕਲਚਰ ਨੂੰ ਉਹਨਾਂ ਦੀ ਪਾਰਟੀ ਦੀ ਕੱਦਾਵਰ ਆਗੂ ਰਹੀ ਜਗੀਰ ਕੌਰ ਵੱਲੋਂ ਬਾਦਲ ਦੇ ਜਿਊਂਦੇ ਜੀਅ ਉਜਾਗਰ ਕੀਤਾ ਜਾ ਚੁੱਕਾ ਹੈ।

# ਸਿਆਸੀ ਸਫਰ ਵਿਚ ਕਈ ਰਿਕਾਰਡ ਆਪਣੇ ਨਾਮ ਕਰ ਗਏ ਬਾਦਲ

**ਚੰਡੀਗੜ੍ਹ:** ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਦੂਜੇ ਸਭ ਤੋਂ ਸ਼ਕਤੀਸ਼ਾਲੀ ਸਿਆਸਤਦਾਨ ਦੇ ਰੂਪ ਵਿਚ ਦੁਨੀਆਂ ਭਰ ਵਿਚ ਜਾਣੇ ਜਾਂਦੇ ਸਨ। ਉਨ੍ਹਾਂ ਦੇ ਨਾਂ ਸਾਲ 1952 ਵਿਚ ਪਿੰਡ ਬਾਦਲ ਦਾ ਛੋਟੀ ਉਮਰ ਦਾ ਸਰਪੰਚ ਬਣਨ ਅਤੇ ਸਾਲ 1970 'ਚ ਸਭ ਤੋਂ ਘੱਟ ਉਮਰ ਅਤੇ ਸਾਲ 2012 'ਚ ਵਡੇਰੀ ਉਮਰ ਦੇ ਮੁੱਖ ਮੰਤਰੀ ਬਣਨ ਦਾ ਰਿਕਾਰਡ ਹੈ।



ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਭਾਵੇਂ ਉਹ ਹਾਰ ਗਏ ਪਰ ਉਹ ਸਭ ਤੋਂ ਵੱਧ ਉਮਰ ਦੇ ਉਮੀਦਵਾਰ ਸਨ। ਉਨ੍ਹਾਂ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਸਾਲ 1947 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਜੋਂ ਕੀਤੀ ਸੀ। ਉਹ ਅਕਾਲੀ ਦਲ ਦੇ ਪ੍ਰਧਾਨ ਤੇ ਅੰਤਿਮ ਸਮੇਂ ਤੱਕ ਸਰਪ੍ਰਸਤ ਰਹੇ। ਪ੍ਰਕਾਸ਼ ਸਿੰਘ ਬਾਦਲ ਸਾਲ 2001 ਵਿਚ ਕਿਸਾਨਾਂ ਲਈ ਮੁਫ਼ਤ ਕੀਤੀ ਖੇਤੀ ਬਿਜਲੀ ਤੇ ਨਹਿਰੀ ਪਾਣੀ ਲਈ ਸਦਾ ਯਾਦ ਰਹਿਣਗੇ। 1978 ਦੀ ਫੋਕਲ ਪੁਆਇੰਟ ਯੋਜਨਾ ਉਨ੍ਹਾਂ ਦਾ ਸੁਫਨਮਈ ਪ੍ਰੋਜੈਕਟ ਸੀ। ਸਾਲ 1996 'ਚ ਮੋਗਾ ਵਿਚ ਅਕਾਲੀ ਦਲ ਦੀ 75ਵੀਂ ਵਰ੍ਹੇਗੰਢ ਤੋਂ ਬਾਅਦ ਪਾਰਟੀ ਦੀ ਨੀਂਹ ਪੱਕੀ ਹੋਣ ਅਤੇ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਮਿਲਦੀ ਰਹੀ ਸਫਲਤਾ ਕਾਰਨ ਉਹ ਮੋਗਾ ਨੂੰ ਦੇਸ਼ ਭਗਤਾਂ ਅਤੇ ਗਦਰੀ ਬਾਬਿਆਂ ਦੀ ਪਵਿੱਤਰ ਧਰਤੀ ਦੱਸਦੇ ਪਿੰਡ ਕਿਲ੍ਹੀ ਚਾਹਲਾਂ ਤੋਂ ਚੋਣਾਂ ਦਾ ਆਗਾਜ਼ ਕਰਦੇ ਸਨ। ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਉਨ੍ਹਾਂ ਸਾਲ 1977 ਵਿਚ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਦੀ ਸਰਕਾਰ ਵਿਚ ਕੇਂਦਰੀ ਖੇਤੀਬਾੜੀ ਅਤੇ ਸਿੰਜਾਈ ਮੰਤਰੀ ਦੀ ਜ਼ਿੰਮੇਵਾਰੀ ਸੰਭਾਲੀ।

ਬਿਜਲੀ ਉਤਪਾਦਨ 'ਚ ਪੰਜਾਬ ਨੂੰ ਮੋਹਰੀ ਬਣਾਉਣ ਅਤੇ ਸੰਗਤ ਦਰਸ਼ਨਾਂ ਰਾਹੀਂ ਜਨਤਾ ਨਾਲ ਜੁੜਾਅ ਪ੍ਰਕਾਸ਼ ਸਿੰਘ ਬਾਦਲ ਦੀ ਰਾਜਨੀਤੀ ਦਾ ਅਹਿਮ ਪੱਖ ਰਿਹਾ। ਉਨ੍ਹਾਂ ਸੂਬੇ ਵਿੱਚ ਕਈ ਥਰਮਲ ਪਲਾਂਟ ਲਗਾ ਕੇ ਪੰਜਾਬ ਨੂੰ ਬਿਜਲੀ ਪੱਖੋਂ ਆਤਮਨਿਰਭਰ ਕੀਤਾ ਅਤੇ ਸੜਕੀ ਜਾਲ ਨੂੰ ਮਜ਼ਬੂਤ ਕਰਨ ਲਈ ਵੱਡੇ ਉਪਰਾਲੇ ਕੀਤੇ। ਪੁਰਾਣੇ ਜਾਣਕਾਰਾਂ ਦਾ ਕਹਿਣਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਮ ਲੋਕਾਂ ਦੇ ਨਾਲ-ਨਾਲ ਵੋਟਰਾਂ ਦੀ ਹਮੇਸ਼ਾ ਕਦਰ ਕੀਤੀ। ਸਾਲ 1977 ਵਿਚ ਮੋਗਾ ਖੇਤਰ ਦੇ ਪਿੰਡ ਚੰਨੂਵਾਲਾ ਦੇ ਵੋਟਰਾਂ ਨੇ ਅਕਾਲੀ ਦਲ ਨੂੰ ਪੰਜਾਬ 'ਚ ਸਭ ਤੋਂ ਵੱਧ ਵੋਟਾਂ ਪਾਈਆਂ ਸਨ। ਇਸ ਕਰਕੇ ਉਨ੍ਹਾਂ ਉੱਥੇ ਖੁੱਲ੍ਹਾ ਦਰਬਾਰ ਲਗਾਇਆ ਅਤੇ ਪਿੰਡ ਦੇ ਵਿਕਾਸ ਭਰੀਆਂ ਸੌਗਾਤਾਂ ਦਿੱਤੀਆਂ।

ਸਾਲ 1997 ਵਿਚ ਸੱਤਾ 'ਚ ਆਉਣ ਮਗਰੋਂ ਉਨ੍ਹਾਂ ਬੱਲੂਆਣਾ ਹਲਕੇ ਦੇ ਪਿੰਡ ਸੀਤ ਗੁਣੋਂ 'ਚ ਪਹਿਲਾ ਸੰਗਤ ਦਰਸ਼ਨ ਕੀਤਾ ਸੀ। ਸੂਬੇ ਵਿਚ ਆਦਰਸ਼ ਸਕੂਲ ਅਤੇ ਮੈਰੀਟੋਰੀਅਸ ਸਕੂਲ ਵੀ ਬਾਬਾ ਬੋਹੜ ਦੀ ਦੇਣ ਹਨ। ਮੀਡੀਆ ਨਾਲ ਹਲੀਮੀ ਭਰਿਆ ਜੁੜਾਅ ਅਤੇ ਖ਼ਬਰਾਂ 'ਤੇ ਤਿੱਖੀ ਨਜ਼ਰ ਪ੍ਰਕਾਸ਼ ਸਿੰਘ ਬਾਦਲ ਦੇ ਲੰਮੇ ਸਿਆਸੀ ਜੀਵਨ ਦਾ ਸਫਲਤਾ ਭਰਿਆ ਰਾਜ ਹੈ। ਉਹ ਨਿੱਤ ਸੱਜਰੇ ਉੱਠਣ ਦੇ ਸੁਭਾਅ ਕਾਰਨ ਅਖ਼ਬਾਰਾਂ ਦੀਆਂ ਖ਼ਬਰਾਂ 'ਤੇ ਪੂਰੀ ਨਜ਼ਰਸਾਨੀ ਕਰਦੇ ਅਤੇ ਤੁਰਤ ਸੂਬੇ ਦੇ ਅਧਿਕਾਰੀਆਂ ਤੋਂ ਰਿਪੋਰਟ ਲੈਂਦੇ ਸਨ।

## ਬਾਦਲ ਨੇ ਵਿਧਾਨ ਸਭਾ ਚੋਣ 'ਚ ਹਾਰ ਮਗਰੋਂ ਸੀਮਤ ਕਰ ਲਈਆਂ ਸਨ ਗਤੀਵਿਧੀਆਂ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਆਪਣਾ ਦਾਇਰਾ ਬੇਹੱਦ ਸੀਮਤ ਕਰ ਲਿਆ ਸੀ। ਪਰਿਵਾਰਕ ਸੂਤਰਾਂ ਦਾ ਦੱਸਣਾ ਹੈ ਕਿ ਸ੍ਰੀ ਬਾਦਲ ਨੇ ਵਿਧਾਨ ਸਭਾ ਹਲਕਾ ਲੰਬੀ 'ਚ ਹੀ ਗਤੀਵਿਧੀਆਂ ਇਕ ਤਰ੍ਹਾਂ ਨਾਲ ਠੱਪ ਹੀ ਨਹੀਂ ਸਨ ਕੀਤੀਆਂ, ਸਗੋਂ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਮਿਲਣਾ ਲਗਭਗ ਬੰਦ ਕਰ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਨੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਿਰਫ ਧੰਨਵਾਦੀ ਦੌਰਾ ਹੀ ਕੀਤਾ ਸੀ।

## ਸੁਰੱਖਿਆ ਮਾਮਲਾ: ਹਾਈ ਕੋਰਟ ਵੱਲੋਂ ਨਵਜੋਤ ਦੀ ਪਟੀਸ਼ਨ 'ਤੇ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਸੁਰੱਖਿਆ ਵਿਚ ਕਟੌਤੀ ਦੇ ਮਾਮਲੇ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਸਿੱਧੂ ਦੀ ਸੁਰੱਖਿਆ ਵਾਪਸੀ ਸਬੰਧੀ ਜਵਾਬ ਤਲਬ ਕੀਤਾ ਹੈ।



ਜ਼ਿਕਰਯੋਗ ਹੈ ਕਿ ਸਿੱਧੂ ਨੇ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਆਪਣੀ ਜਾਨ ਨੂੰ ਖ਼ਤਰਾ ਦੱਸਿਆ ਹੈ ਤੇ ਜ਼ੈੱਡ ਪਲੱਸ ਸੁਰੱਖਿਆ ਦੀ ਮੰਗ ਕੀਤੀ ਹੈ। ਜਸਟਿਸ ਰਾਜ ਮੋਹਨ ਸਿੰਘ ਦੀ ਅਦਾਲਤ ਨੇ ਸਰਕਾਰ ਨੂੰ ਸੁਆਲ ਕੀਤਾ ਹੈ ਕਿ ਸੁਰੱਖਿਆ ਵਿਚ ਕਟੌਤੀ ਕਿਉਂ ਕੀਤੀ ਗਈ ਹੈ। ਨਵਜੋਤ ਸਿੱਧੂ ਨੇ ਤਰਕ ਦਿੱਤਾ ਹੈ ਕਿ ਉਸ ਦੀ ਜਾਨ ਨੂੰ ਖ਼ਤਰਾ ਹੈ ਅਤੇ 16 ਅਪਰੈਲ ਨੂੰ ਉਨ੍ਹਾਂ ਦੀ ਪਟਿਆਲਾ ਰਿਹਾਇਸ਼ 'ਤੇ ਸ਼ੱਕੀ ਵਿਅਕਤੀ ਵੀ ਦੇਖਿਆ ਗਿਆ ਹੈ। ਪਟਿਆਲਾ ਪੁਲਿਸ ਨੇ ਇਕ ਅਣਪਛਾਤੇ ਵਿਅਕਤੀ 'ਤੇ ਕੇਸ ਵੀ ਦਰਜ ਕੀਤਾ ਹੈ। ਨਵਜੋਤ ਸਿੱਧੂ ਦੀ ਉਸ ਵੇਲੇ ਸੁਰੱਖਿਆ ਵਿਚ ਕਟੌਤੀ ਕੀਤੀ ਗਈ ਸੀ ਜਦੋਂ ਉਹ ਜੇਲ੍ਹ ਚਲੇ ਗਏ ਸਨ। ਜਾਣਕਾਰੀ ਅਨੁਸਾਰ ਨਵਜੋਤ ਸਿੱਧੂ ਕੋਲ ਪਹਿਲਾਂ 25 ਸੁਰੱਖਿਆ ਮੁਲਾਜ਼ਮ ਸਨ ਜਿਨ੍ਹਾਂ ਵਿਚ ਹੁਣ ਕਮੀ ਕਰਕੇ 11 ਮੁਲਾਜ਼ਮ ਕਰ ਦਿੱਤੇ ਹਨ। ਸਿੱਧੂ ਦਾ ਕਹਿਣਾ ਹੈ ਕਿ ਜਦੋਂ ਉਹ ਜੇਲ੍ਹ ਗਏ ਸਨ ਤਾਂ ਉਸ ਵਕਤ ਸਰਕਾਰ ਨੇ ਜੇਲ੍ਹ ਵਾਪਸੀ ਮਗਰੋਂ ਸੁਰੱਖਿਆ ਵਧਾਏ ਜਾਣ ਦੀ ਗੱਲ ਆਖੀ ਸੀ। ਪਟਿਆਲਾ ਜੇਲ੍ਹ 'ਚੋਂ ਰਿਹਾਈ ਮਗਰੋਂ ਨਵਜੋਤ ਸਿੱਧੂ ਹੁਣ ਪੰਜਾਬ ਦੀ ਸਿਆਸਤ ਵਿਚ ਮੁੜ ਸਰਗਰਮ ਹੋ ਗਏ ਹਨ। ਪਹਿਲਾਂ ਚਰਚੇ ਸਨ ਕਿ ਨਵਜੋਤ ਸਿੱਧੂ ਨੂੰ ਕਰਨਾਟਕ ਚੋਣਾਂ 'ਚ ਸਟਾਰ ਪ੍ਰਚਾਰਕ ਬਣਾਏਗੀ ਪਰ ਹੁਣ ਸਿੱਧੂ ਜਲੰਧਰ ਦੀ ਜ਼ਿਮਨੀ ਚੋਣ 'ਚ ਕੁੱਦੇ ਹੋਏ ਹਨ।

## ਐਸ.ਡੀ.ਐਮ. ਦੀ ਸ਼ਿਕਾਇਤ 'ਤੇ ਖਹਿਰਾ ਤੇ ਸਮਰਥਕਾਂ ਖ਼ਿਲਾਫ਼ ਕੇਸ ਦਰਜ

**ਭੁਲੱਥ:** ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਉੱਤੇ ਆਪਣੇ ਸਮਰਥਕਾਂ ਸਮੇਤ ਫੇਸਬੁੱਕ 'ਤੇ ਲਾਈਵ ਹੋ ਕੇ ਐਸ.ਡੀ.ਐਮ. ਨੂੰ ਪਰੇਸ਼ਾਨ ਕਰਨ, ਅਪਮਾਨਜਨਕ ਟਿੱਪਣੀ ਤੇ ਸਰਕਾਰ ਦੇ ਕੰਮ 'ਚ ਵਿਘਨ ਪਾਉਣ ਦੇ ਦੋਸ਼ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।



ਇਸ ਸਬੰਧੀ ਐਸ.ਡੀ.ਐਮ. ਭੁਲੱਥ ਸੰਜੀਵ ਸ਼ਰਮਾ ਵੱਲੋਂ ਮੁੱਖ ਮੰਤਰੀ ਤੇ ਮੁੱਖ ਸਕੱਤਰ ਨੂੰ ਈ-ਮੇਲ ਰਾਹੀਂ ਸ਼ਿਕਾਇਤ ਕੀਤੀ ਗਈ ਸੀ ਕਿ 29 ਮਾਰਚ ਨੂੰ ਵਿਧਾਇਕ ਸੁਖਪਾਲ ਸਿੰਘ ਖਹਿਰਾ ਸਮਰਥਕਾਂ ਸਮੇਤ ਉਨ੍ਹਾਂ ਦੇ ਦਫਤਰ ਆਏ ਤੇ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਗਿਆ। ਉਨ੍ਹਾਂ ਵਿਧਾਇਕ 'ਤੇ ਅਪਮਾਨਜਨਕ ਟਿੱਪਣੀਆਂ ਕਰਨ ਤੇ ਮਾਨਸਿਕ ਤਸ਼ੱਦਦ ਕਰਨ ਦੇ ਦੋਸ਼ ਲਾਏ। ਉਨ੍ਹਾਂ ਦੱਸਿਆ ਕਿ ਖਹਿਰਾ ਨੇ ਮੈਜਿਸਟਰੇਟ ਕੰਪਲੈਕਸ ਦਫਤਰ ਦਾ ਘਿਰਾਓ ਕਰਦਿਆਂ ਫੇਸਬੁੱਕ 'ਤੇ ਲਾਈਵ ਹੋ ਕੇ ਬੇਲੋੜੇ ਸਵਾਲ ਪੁੱਛੇ। ਇਸ ਸ਼ਿਕਾਇਤ 'ਤੇ ਪੁਲਿਸ ਨੇ ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਉਸ ਦੇ ਸਮਰਥਕਾਂ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪਰਚੇ 'ਤੇ ਪ੍ਰਤੀਕਿਰਿਆ ਦਿੰਦਿਆਂ ਸ੍ਰੀ ਖਹਿਰਾ ਨੇ ਮਾਨ ਸਰਕਾਰ 'ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਸਰਕਾਰ ਖ਼ਿਲਾਫ਼ ਮੁੱਦਿਆਂ ਨੂੰ ਉਠਾਉਣ ਕਰਕੇ ਬਦਲਾ-ਲਊ ਭਾਵਨਾ ਨਾਲ ਕੇਸ ਦਰਜ ਕੀਤਾ ਗਿਆ ਹੈ ਪਰ ਉਹ (ਖਹਿਰਾ) ਲੋਕ ਹਿੱਤਾਂ ਲਈ ਹੋਰ ਉਤਸ਼ਾਹ ਨਾਲ ਲੜਨਗੇ। ਸ੍ਰੀ ਖਹਿਰਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕਦੇ ਵੀ ਐਸ.ਡੀ.ਐਮ. ਭੁਲੱਥ ਨੂੰ ਧਮਕੀ ਨਹੀਂ ਦਿੱਤੀ ਗਈ ਤੇ ਨਾ ਹੀ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਬਦਲਾਲਊ ਭਾਵਨਾ ਨਾਲ ਉਨ੍ਹਾਂ 'ਤੇ ਝੂਠਾ ਪਰਚਾ ਦਰਜ ਕਰਵਾਇਆ ਹੈ।

## ਐੱਚ-1ਬੀ ਵੀਜ਼ਾ ਪ੍ਰਣਾਲੀ 'ਚ ਧੋਖਾਧੜੀ ਵਧੀ




**ਵਾਸ਼ਿੰਗਟਨ:** ਅਮਰੀਕਾ ਵਿਚ ਹਰ ਸਾਲ ਐੱਚ-1ਬੀ ਬਿਨੈਕਾਰਾਂ ਦੀ ਸਫਲਤਾਪੂਰਵਕ ਚੋਣ ਕਰਨ ਲਈ ਤਿਆਰ ਕੀਤੀ ਗਈ ਕੰਪਿਊਟਰਾਈਜ਼ਡ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਗਈ ਹੈ ਅਤੇ ਧੋਖਾਧੜੀ ਦੀਆਂ ਕੋਸ਼ਿਸ਼ਾਂ ਵਿਚ ਵਾਧਾ ਦਰਜ ਕੀਤਾ ਗਿਆ ਹੈ। ਸੰਘੀ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਐੱਚ-1ਬੀ ਵੀਜ਼ਾ ਅਮਰੀਕੀ ਮਾਲਕਾਂ ਨੂੰ ਕੁਝ ਕਿੱਤਿਆਂ ਵਿਚ ਵਿਦੇਸ਼ੀ ਕਾਮਿਆਂ ਨੂੰ ਨੌਕਰੀ ਉਤੇ ਰੱਖਣ ਦੀ ਇਜਾਜ਼ਤ ਦਿੰਦਾ ਹੈ। ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਨੇ ਬਿਆਨ ਵਿਚ ਕਿਹਾ ਕਿ ਉਸ ਨੇ ਵਿੱਤੀ ਸਾਲ 2023 ਅਤੇ ਵਿੱਤੀ ਸਾਲ 2024 ਵਿਚ ਮਿਲੇ ਸਬੂਤਾਂ ਦੇ ਅਧਾਰ ਉਤੇ ਵਿਆਪਕ ਧੋਖਾਧੜੀ ਦੀ ਜਾਂਚ ਕੀਤੀ। ਉਹ ਅਪਰਾਧਿਕ ਮੁਕੱਦਮੇ ਦੀ ਕਾਰਵਾਈ ਸ਼ੁਰੂ ਕਰਨ ਦੀ ਤਿਆਰੀ ਵਿਚ ਹੈ।

## ਗੈਂਗਸਟਰਾਂ ਲਈ ਫਰਜ਼ੀ ਪਾਸਪੋਰਟ ਬਣਵਾਉਣ ਵਾਲੇ ਤਿੰਨ ਕਾਬੂ

**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਪੰਜਾਬ ਅਤੇ ਹੋਰਨਾਂ ਸੂਬਿਆਂ ਦੇ ਗੈਂਗਸਟਰਾਂ/ਅਪਰਾਧੀਆਂ ਨੂੰ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਪਾਸਪੋਰਟ ਮੁਹੱਈਆ ਕਰਵਾ ਕੇ ਫਰਾਰ ਹੋਣ ਵਿਚ ਮਦਦ ਕਰਨ ਵਾਲੇ ਗਰੋਹ ਦੇ ਤਿੰਨ ਮੈਂਬਰਾਂ ਨੂੰ ਕਾਬੂ ਕੀਤਾ ਹੈ।

ਮੁਹਾਲੀ ਸਥਿਤ ਪੰਜਾਬ ਪੁਲਿਸ ਸਟੇਸ਼ਨ ਸਟੇਟ ਕਰਾਈਮ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਆਖਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਓਂਕਾਰ ਸਿੰਘ ਵਾਸੀ ਪਿੰਡ ਕਾਕੀ, ਜ਼ਿਲ੍ਹਾ ਜਲੰਧਰ, ਸੁਖਜਿੰਦਰ ਸਿੰਘ ਉਰਫ਼ ਸ਼ਾਰਪੀ ਘੁੰਮਣ ਵਾਸੀ ਪਿੰਡ ਕਰਹਾਲੀ, ਜ਼ਿਲ੍ਹਾ ਪਟਿਆਲਾ ਤੇ ਪ੍ਰਭਜੋਤ ਸਿੰਘ ਬਹੇੜੀ, ਜ਼ਿਲ੍ਹਾ ਬਰੇਲੀ, ਉੱਤਰ ਪ੍ਰਦੇਸ਼ ਵਜੋਂ ਹੋਈ ਹੈ। ਮੁਲਜ਼ਮ ਸੁਖਜਿੰਦਰ ਸਿੰਘ ਉਰਫ਼ ਸ਼ਾਰਪੀ ਘੁੰਮਣ ਗਾਇਕ ਕਰਨ ਔਜਲਾ ਦਾ ਕਥਿਤ ਮੈਨੇਜਰ ਦੱਸਿਆ ਜਾ ਰਿਹਾ ਹੈ।

ਡੀ.ਜੀ.ਪੀ. ਯਾਦਵ ਨੇ ਦੱਸਿਆ ਕਿ ਪੁਲੀਸ ਟੀਮਾਂ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਕੋਲੋਂ ਗੈਂਗਸਟਰਾਂ ਦੇ ਜਾਅਲੀ ਪਾਸਪੋਰਟਾਂ ਦੀਆਂ ਕਈ ਫੋਟੋ ਕਾਪੀਆਂ ਸਣੇ 9 ਪਾਸਪੋਰਟ ਜ਼ਬਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਗੈਂਗਸਟਰਾਂ/ਅਪਰਾਧੀਆਂ ਨੂੰ ਦੇਸ਼ ਤੋਂ ਭੱਜਣ ਵਿਚ ਮਦਦ ਕਰਨ ਲਈ ਜਾਅਲੀ ਵੇਰਵਿਆਂ ਦੀ ਵਰਤੋਂ ਕਰਕੇ ਪਾਸਪੋਰਟ ਤਿਆਰ ਕਰਨ ਵਿਚ ਅੰਤਰਰਾਜੀ ਟਰੈਵਲ ਏਜੰਟਾਂ ਦੀ ਸ਼ਮੂਲੀਅਤ ਸਬੰਧੀ ਮਿਲੀ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਅਗਵਾਈ ਵਾਲੀ ਅਤੇ ਏ.ਆਈ.ਜੀ. ਸੰਦੀਪ ਗੋਇਲ ਅਧੀਨ ਏ.ਜੀ.ਟੀ.ਐਫ. ਟੀਮਾਂ ਨੇ ਰਾਤ ਭਰ ਚੱਲੇ ਅਪਰੇਸ਼ਨ ਦੌਰਾਨ ਇਸ ਗਰੋਹ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਸ ਗਰੋਹ ਦੇ ਦਿੱਲੀ, ਯੂਪੀ, ਕੋਲਕਾਤਾ, ਗੁਜਰਾਤ ਅਤੇ ਮਹਾਰਾਸ਼ਟਰ ਸਮੇਤ ਵੱਖ-ਵੱਖ ਸੂਬਿਆਂ ਵਿਚ ਸਬੰਧ ਸਨ। ਡੀ.ਜੀ.ਪੀ. ਨੇ ਕਿਹਾ ਕਿ ਪੁਲਿਸ ਟੀਮਾਂ ਨੇ ਇਸ ਗਰੋਹ ਨਾਲ ਜੁੜੇ ਪੰਜ ਹੋਰ ਵਿਅਕਤੀਆਂ ਨੂੰ ਪੁੱਛ-ਪੜਤਾਲ ਲਈ ਬੁਲਾਇਆ ਹੈ। ਪੁੱਛ-ਪੜਤਾਲ ਦੌਰਾਨ ਮੁਲਜ਼ਮ ਓਂਕਾਰ ਨੇ ਖੁਲਾਸਾ ਕੀਤਾ ਕਿ ਉਸ ਨੇ ਗੈਂਗਸਟਰ ਵਰਿੰਦਰਪਾਲ ਸਿੰਘ ਉਰਫ਼ ਵੀਨਾ ਬੁੱਟਰ (ਬੰਬੀਹਾ ਗੈਂਗ) ਤੇ ਜਸਵਿੰਦਰ ਸਿੰਘ ਉਰਫ਼ ਖੱਟੂ (ਧਰਮਿੰਦਰ ਗੁਗਨੀ ਗੈਂਗ) ਲਈ ਫ਼ਰਜ਼ੀ ਪਾਸਪੋਰਟ ਬਣਾਏ ਸਨ ਤਾਂ ਜੋ ਦੇਸ਼ ਛੱਡ ਕੇ ਭੱਜਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ।

## ਰਹਿੰਦ-ਖੂੰਹਦ ਦੀ ਸਮੱਸਿਆ ਦੇ ਹੱਲ ਲਈ ਬਰਤਾਨੀਆ ਦੀ ਫਰਮ ਨਾਲ ਵਿਚਾਰਾਂ

**ਚੰਡੀਗੜ੍ਹ:** ਸੂਬੇ ਵਿਚ ਖੇਤੀ ਰਹਿੰਦ-ਖੂੰਹਦ ਅਤੇ ਮਿਊਂਸੀਪਲ ਠੋਸ ਰਹਿੰਦ-ਖੂੰਹਦ ਦੀ ਸਮੱਸਿਆ ਦੇ ਸਥਾਈ ਅਤੇ ਵਿਗਿਆਨਕ ਹੱਲ ਤਲਾਸ਼ਣ ਲਈ ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਯੂਕੇ ਦੀ ਕੰਪਨੀ ਮੈਸਰਜ਼ ਕਾਰਬਨ ਮਾਸਟਰਜ਼ ਅਤੇ ਮੈਸਰਜ਼ ਹਾਸਿਰੂ ਡਾਲਾ ਇਨੋਵੇਸ਼ਨਜ਼ ਨਾਲ ਮਿਊਂਸੀਪਲ ਠੋਸ ਰਹਿੰਦ-ਖੂੰਹਦ ਅਤੇ ਖੇਤੀ ਰਹਿੰਦ-ਖੂੰਹਦ ਦੀ ਵਰਤੋਂ ਕਰਕੇ ਕੰਪਰੈੱਸਡ ਬਾਇਓਗੈਸ (ਸੀ.ਬੀ.ਜੀ.) ਤਿਆਰ ਕਰਨ ਲਈ ਬੁਨਿਆਦੀ ਢਾਂਚੇ ਸਬੰਧੀ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।



ਜ਼ਿਕਰਯੋਗ ਹੈ ਕਿ ਸ੍ਰੀ ਅਰੋੜਾ ਨੇ ਮਿਊਂਸੀਪਲ ਠੋਸ ਅਤੇ ਖੇਤੀ ਰਹਿੰਦ-ਖੂੰਹਦ ਤੋਂ ਕੰਪਰੈੱਸਡ ਨੈਚੁਰਲ ਗੈਸ (ਸੀ.ਐਨ.ਜੀ.) ਅਤੇ ਕੰਪਰੈੱਸਡ ਬਾਇਓਗੈਸ (ਸੀ.ਬੀ.ਜੀ.) ਦੇ ਉਤਪਾਦਨ ਦਾ ਅਧਿਐਨ ਕਰਨ ਲਈ ਪਿਛਲੇ ਮਹੀਨੇ ਬੰਗਲੌਰ ਦਾ ਦੌਰਾ ਕੀਤਾ ਸੀ। ਉਨ੍ਹਾਂ ਨੇ ਇਨ੍ਹਾਂ ਫਰਮਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਇਨ੍ਹਾਂ ਫਰਮਾਂ ਨੂੰ ਸੂਬੇ ਦਾ ਦੌਰਾ ਕਰਨ ਅਤੇ ਪੰਜਾਬ ਵਿਚ ਪਲਾਂਟ ਸਥਾਪਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਦਾ ਸੱਦਾ ਦਿੱਤਾ ਸੀ। ਮੰਤਰੀ ਨੇ ਪੇਡਾ ਦੇ ਚੇਅਰਮੈਨ ਐਚ.ਐਸ. ਹੰਸਪਾਲ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਰਵੀ ਭਗਤ ਨਾਲ ਮੈਸਰਜ਼ ਕਾਰਬਨ ਮਾਸਟਰਜ਼ ਦੇ ਸਹਿ-ਸੰਸਥਾਪਕ ਸੋਮ ਨਰਾਇਣ ਅਤੇ ਡਾਇਰੈਕਟਰ ਕੇਵਿਨ ਹਿਊਸਟਨ ਅਤੇ ਮੈਸਰਜ਼ ਹਾਸਿਰੂ ਡਾਲਾ ਇਨੋਵੇਸ਼ਨਜ਼ ਦੇ ਨੁਮਾਇੰਦਿਆਂ ਦਾ ਸਵਾਗਤ ਕੀਤਾ।

ਇਨ੍ਹਾਂ ਫਰਮਾਂ ਨੂੰ 'ਇਨਵੈਸਟ ਇਨ ਦਿ ਬੈਸਟ' ਦਾ ਸੱਦਾ ਦਿੰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਗਰੀਨ ਅਤੇ ਕੁਦਰਤੀ ਊਰਜਾ ਦੇ ਉਤਪਾਦਨ ਦੇ ਮਾਮਲੇ 'ਚ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਦਾ ਸੰਕਲਪ ਰੱਖਦੀ ਹੈ ਅਤੇ ਇਸ ਟੀਚੇ ਨੂੰ ਹਾਸਲ ਕਰਨ ਲਈ ਸੂਬਾ ਸਰਕਾਰ ਵੱਲੋਂ ਸਟੈਂਪ ਡਿਊਟੀ, ਬਿਜਲੀ ਡਿਊਟੀ, ਸੀ.ਐਲ.ਯੂ. ਅਤੇ ਈ.ਡੀ.ਸੀ. ਚਾਰਜਿਜ਼ ਤੋਂ ਛੋਟ ਦੇਣ ਤੋਂ ਇਲਾਵਾ ਹੋਰ ਵੀ ਵਿੱਤੀ ਰਿਆਇਤਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ 'ਇਨਵੈਸਟ ਪੰਜਾਬ' ਰਾਹੀਂ ਸਿੰਗਲ ਵਿੰਡੋ ਕਲੀਅਰੈਂਸ ਵੀ ਪ੍ਰਦਾਨ ਕੀਤੀ ਜਾ ਰਹੀ ਹੈ।

ਮੈਸਰਜ਼ ਕਾਰਬਨ ਮਾਸਟਰਜ਼ ਅਤੇ ਮੈਸਰਜ਼ ਹਾਸਿਰੂ ਡਾਲਾ ਇਨੋਵੇਸ਼ਨਜ਼ ਦੇ ਨੁਮਾਇੰਦਿਆਂ ਨੇ ਪੰਜਾਬ ਵਿਚ ਨਿਵੇਸ਼ ਕਰਨ ਵਿਚ ਡੂੰਘੀ ਦਿਲਚਸਪੀ ਦਿਖਾਈ। ਸ੍ਰੀ ਅਰੋੜਾ ਨੇ ਇਨ੍ਹਾਂ ਫਰਮਾਂ ਨੂੰ ਝੋਨੇ ਦੀ ਪਰਾਲੀ ਉਤੇ ਆਧਾਰਿਤ ਸੀ.ਬੀ.ਜੀ. ਪ੍ਰੋਜੈਕਟਾਂ ਦੀ ਐਲੋਕੇਸ਼ਨ ਲਈ ਸੂਬਾ ਸਰਕਾਰ ਦੀਆਂ ਨੀਤੀਆਂ/ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਕੋਲ ਪ੍ਰਸਤਾਵ ਪੇਸ਼ ਕਰਨ ਲਈ ਕਿਹਾ। ਉਨ੍ਹਾਂ ਨੇ ਪੇਡਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪਲਾਂਟ ਲਗਾਉਣ ਲਈ ਸਥਾਨ ਚੁਣਨ ਵਾਸਤੇ ਉਨ੍ਹਾਂ ਨੂੰ ਤਹਿਸੀਲਾਂ ਦੀ ਸੂਚੀ ਮੁਹੱਈਆ ਕਰਵਾਉਣ। ਉਨ੍ਹਾਂ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਅਧਿਕਾਰੀਆਂ ਨੂੰ ਮਿਊਂਸੀਪਲ ਰਹਿੰਦ-ਖੂੰਹਦ ਉਤੇ ਆਧਾਰਿਤ ਸੀ.ਬੀ.ਜੀ. ਪ੍ਰੋਜੈਕਟਾਂ ਦੀ ਐਲੋਕੇਸ਼ਨ ਵਾਸਤੇ ਰੂਪ-ਰੇਖਾ ਤਿਆਰ ਕਰਨ ਲਈ ਵੀ ਕਿਹਾ।

# ਪੰਜਾਬੀ ਸ਼ਾਇਰ ਈਸ਼ਰ ਸਿੰਘ ਮੋਮਨ ਦਾ ਵਿਪਸਾਅ ਵਲੋਂ ਸਨਮਾਨ

ਸੈਨਹੋਜ਼ੇ, ਕੈਲੀਫ਼ੋਰਨੀਆ: ਪਿਛਲੇ ਦਿਨੀਂ ਵਿਸ਼ਵ ਪੰਜਾਬੀ ਅਕਾਡਮੀ, ਕੈਲੀਫ਼ੋਰਨੀਆ (ਵਿਪਸਾਅ) ਵਲੋਂ ਬਜ਼ੁਰਗ ਪੰਜਾਬੀ ਸ਼ਾਇਰ ਸ. ਈਸ਼ਰ ਸਿੰਘ ਮੋਮਨ ਨੂੰ ਉਨ੍ਹਾਂ ਦੇ ਗ੍ਰਹਿ ਵਿੱਖੇ ਪਹੁੰਚ ਕੇ ਇਕ ਵਿਸ਼ੇਸ਼ ਸਮਾਗਮ ਵਿੱਚ ਸਨਮਾਨਤ ਕੀਤਾ ਗਿਆ। ਸ. ਈਸ਼ਰ ਸਿੰਘ ਮੋਮਨ ਉਮਰ ਦੇ 97ਵੇਂ ਸਾਲ ਵਿੱਚ ਹਨ ਅਤੇ ਸਿਹਤ ਠੀਕ ਨਾ ਹੋਣ ਕਰਕੇ ਘਰੋਂ ਬਾਹਰ ਜਾਣ ਦੇ ਸਮਰਥ ਨਹੀਂ ਹਨ। ਵਿਪਸਾਅ ਪ੍ਰਧਾਨ ਕੁਲਵਿੰਦਰ ਦੀ ਅਗਵਾਈ ਹੇਠ ਇਹ ਸਮਾਗਮ ਉਨ੍ਹਾਂ ਦੇ ਘਰ ਵਿੱਚ ਹੀ ਕਰ ਲਿਆ ਜਾਣ ਦਾ ਫੈਸਲਾ ਕੀਤਾ ਗਿਆ ਜੋ ਉਨ੍ਹਾਂ ਦੇ ਪਰਿਵਾਰ ਦੀ ਸਹਿਮਤੀ ਨਾਲ ਖੁਸ਼ਗਵਾਰ ਰਿਹਾ। ਸ. ਮੋਮਨ ਨੂੰ ਵਿਪਸਾਅ ਵਲੋਂ ਸਨਮਾਨ ਪੱਤਰ ਅਤੇ ਸਰੋਪੇ ਵਜੋਂ ਲੋਈ ਦੇ ਕੇ ਉਨ੍ਹਾਂ ਦੀਆਂ ਪੰਜਾਬੀ ਬੋਲੀ ਅਤੇ ਸ਼ਾਇਰੀ ਦੇ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ।

ਹਾਜ਼ਰ ਮੈਂਬਰਾਂ ਨੇ ਸਰਦਾਰ ਮੋਮਨ ਦੀ ਸ਼ਾਇਰੀ ਅਤੇ ਸਖ਼ਸ਼ੀਅਤ ਦੀ ਪ੍ਰਸ਼ੰਸਾ ਕੀਤੀ। ਸ਼ਾਇਰਾ ਸੁਰਜੀਤ ਸਖੀ, ਕੁਲਵਿੰਦਰ, ਲਾਜ ਨੀਲਮ ਸੈਣੀ, ਤਾਰਾ ਸਿੰਘ ਸਾਗਰ, ਗੁਲਸ਼ਨ ਦਿਆਲ, ਸੁਖਦੇਵ ਸਾਹਿਲ, ਸੁਰਿੰਦਰ ਸੀਰਤ ਅਤੇ ਜਗਜੀਤ ਨੌਸ਼ਿਹਰਵੀ ਨੇ ਇਸ ਸਮਾਗਮ 'ਚ ਹਾਜ਼ਰੀ ਲਵਾਈ। ਮੋਮਨ ਜੀ ਦੀ ਨੂੰਹ ਮਨਜੀਤ ਕੌਰ ਅਤੇ ਸਪੁੱਤਰ ਪਰਦੀਪ ਸਿੰਘ ਪਾਬਲਾ ਨੇ ਸੁਯੋਗ ਸਾਥ ਦਿੱਤਾ। ਲਾਜ ਨੀਲਮ ਸੈਣੀ ਨੇ ਸ. ਮੋਮਨ ਦੀਆਂ ਕੁਝ ਪੁਰਾਣੀਆਂ ਰਚਨਾਵਾਂ ਪੜ੍ਹ ਕੇ ਸੁਣਾਈਆਂ। ਹੋਰ ਮੈਂਬਰਾਂ ਨੇ ਵੀ ਮੋਮਨ ਜੀ ਦੇ ਕੁਝ ਮਨ ਭਾਉਂਦੇ ਸ਼ੇਅਰ ਸਾਂਝੇ ਕੀਤੇ। ਸੁਰਜੀਤ ਸਖੀ ਨੇ ਸ. ਮੋਮਨ ਦੀ ਨਿੱਘੀ ਸਖਸ਼ੀਅਤ ਦਾ ਜ਼ਿਕਰ ਕੀਤਾ। ਲਾਜ ਨੀਲਮ ਸੈਣੀ ਨੇ ਕਿਹਾ ਕਿ ਮੋਮਨ ਸਾਹਿਬ ਮੈਨੂੰ ਹਮੇਸ਼ਾਂ ਆਪਣੇ ਪਰਿਵਾਰ ਦਾ ਜੀਅ ਸਮਝਦੇ ਹਨ ਅਤੇ ਮੈਂ ਉਨ੍ਹਾਂ ਵਲੋਂ ਦਿੱਤੇ ਅਥਾਹ ਪਿਆਰ ਲਈ ਸ਼ੁਕਰਗੁਜ਼ਾਰ ਹਾਂ। ਲਾਜ ਨੀਲਮ ਸੈਣੀ, ਕੁਲਵਿੰਦਰ ਅਤੇ ਸਮਾਗਮ ਤੋਂ ਬਾਅਦ ਪਹੁੰਚੇ ਸੁਰਿੰਦਰ ਸੀਰਤ ਨੇ ਅਪਣੀਆਂ ਅਤੇ ਵਿਪਸਾਅ ਵਲੋਂ ਨਵੀਆਂ ਛਪੀਆ ਕੁੱਝ ਕਿਤਾਬਾਂ ਈਸ਼ਰ ਸਿੰਘ ਮੋਮਨ ਨੂੰ ਭੇਟ ਕੀਤੀਆਂ।



ਸ. ਈਸ਼ਰ ਸਿੰਘ ਮੋਮਨ ਦਾ ਜਨਮ ਅਣਵੰਡੇ ਪੰਜਾਬ ਦੇ ਪਿੰਡ ਲੰਗੜੋਆ (ਹੁਣ ਜ਼ਿਲ੍ਹਾ ਨਵਾਂ ਸ਼ਹਿਰ) ਵਿੱਚ ਹੋਇਆ ਸੀ। ਮੁੱਛ-ਫੁੱਟ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ ਅਤੇ ਦੂਜੀ ਸੰਸਾਰ ਜੰਗ ਵਿੱਚ ਬਰਮਾ ਖੇਤਰ ਵਿੱਚ ਤਾਇਨਾਤ ਰਹੇ। ਜੰਗ ਮੁੱਕਣ ਤੋਂ ਬਾਅਦ ਉਹ ਵਾਪਸ ਪਿੰਡ ਆ ਗਏ ਅਤੇ ਕੋਈ ਕਿੱਤਾ ਅਪਨਾਉਣ ਦੀ ਖਾਹਿਸ਼ ਨਾਲ ਅੰਮ੍ਰਿਤਸਰ ਤੋਂ ਟੈਕਸਟਾਈਲ ਅਤੇ ਹੈਂਡਲੂਮ ਦੀ ਟਰੇਨਿੰਗ ਅਤੇ ਤਜਰਬਾ ਹਾਸਲ ਕੀਤਾ ਅਤੇ ਦਿੱਲੀ ਵਿੱਚ ਨੌਕਰੀ ਲਈ ਚਲੇ ਗਏ, ਜਿੱਥੇ ਉਨ੍ਹਾਂ ਤਕਨੀਕੀ ਸਹਾਇਕ ਅਤੇ ਮੈਨੇਜ਼ਰ ਦੇ ਤੌਰ 'ਤੇ 1984 ਤੱਕ ਕੰਮ ਕੀਤਾ ਅਤੇ ਇਕ ਚੰਗੇ ਮੈਨੇਜ਼ਰ ਵਜੋਂ ਬਹੁਤ ਸਤਿਕਾਰ ਪਾਇਆ। ਦਿੱਲੀ ਵਿੱਚ ਰਹਿੰਦਿਆਂ ਉਹ ਪੰਜਾਬੀ ਸਾਹਿਤ ਸਭਾਵਾਂ ਨਾਲ ਵਾਬਸਤਾ ਰਹੇ ਅਤੇ ਧਾਰਮਿਕ ਕਵਿਤਾ ਲਿਖਦੇ। ਦੂਰ ਦੁਰਾਡੇ ਸ਼ਹਿਰਾਂ ਵਿੱਚ ਵੱਸਦੀ ਸਿੱਖ ਸੰਗਤ ਦੇ ਸੱਦੇ ਤੇ ਉਹ ਕਵੀ ਦਰਬਾਰਾਂ ਵਿੱਚ ਹਿੱਸਾ ਲੈਣ ਜਾਂਦੇ। 1984 ਦੇ ਨਵੰਬਰ ਮਹੀਨੇ ਵਿੱਚ ਉਹ ਅਮਰੀਕਾ ਦੇ ਕੈਲੀਫ਼ੋਰਨੀਆ ਸੂਬੇ ਵਿੱਚ ਆਣ ਵੱਸੇ। ਕੁਝ ਚਿਰ ਸਾਹਿਤਕ ਮਾਹੌਲ ਤੋਂ ਟੁੱਟੇ ਰਹੇ ਪਰ ਜਦ ਕੈਲੀਫ਼ੋਰਨੀਆ ਸਾਹਿਤ ਸਭਾ ਦਾ ਗਠਨ ਹੋਇਆ ਤਾਂ ਉਹ ਬਹੁਤ ਬਕਾਇਦਗੀ ਨਾਲ ਲਿਖਣ ਲੱਗੇ। ਦਿੱਲੀ ਰਹਿੰਦਿਆਂ ਉਨ੍ਹਾਂ ਦੀਆਂ ਕੁਝ ਕਿਤਾਬਾਂ ਛਪੀਆਂ ਸਨ। । ਉਹ ਬਹੁਤ ਹੀ ਤਨਜ਼ ਭਰਪੂਰ ਸ਼ੇਅਰ ਕਹਿੰਦੇ ਅਤੇ ਸਰੋਤਿਆਂ ਦੀ ਪ੍ਰਸ਼ੰਸਾ ਹਾਸਲ ਕਰਦੇ। ਉਨ੍ਹਾਂ ਨੇ ਏਥੇ ਰਹਿੰਦਿਆਂ ਦੋ ਗ਼ਜ਼ਲ ਸੰਗ੍ਰਿਹ 'ਗ਼ਜ਼ਲ ਗੁਲਜ਼ਾਰ' ਅਤੇ 'ਕਲਮਾਂ ਦੀ ਕਸਤੂਰੀ' ਪੰਜਾਬੀ ਮਾਂ ਬੋਲੀ ਦੀ ਝੋਲੀ ਪਾਏ ਹਨ। ਜਗਜੀਤ ਨੌਸ਼ਿਹਰਵੀ ਨੇ ਦੱਸਿਆ ਕਿ ਸਰੋਤੇ ਅਕਸਰ ਮੋਮਨ ਜੀ ਤੋਂ ਉਨ੍ਹਾਂ ਦੇ ਕੁਝ ਖ਼ਾਸ ਸ਼ੇਅਰ ਸੁਣਣ ਦੀ ਫਰਮਾਇਸ਼ ਕਰਦੇ। ਅਜਕਲ੍ਹ ਸਰਦਾਰ ਮੋਮਨ ਸਾਹਿਤਕ ਸਮਾਗਮਾਂ ਵਿੱਚ ਹਿੱਸਾ ਨਹੀਂ ਲੈਂਦੇ ਪਰ ਉਨ੍ਹਾਂ ਦਾ ਜ਼ਿਕਰ ਅਕਸਰ ਚਲਦਾ ਰਹਿੰਦਾ ਹੈ। ਉਹ ਆਪਣੇ ਸ਼ੇਅਰਾਂ ਵਿੱਚ ਤਨਜ਼ ਅਤੇ ਮਜ਼ਾਹ ਵਰਤਦਿਆਂ ਮਾਡਰਨ ਅਮਰੀਕੀ ਜ਼ਿੰਦਗੀ ਵਿੱਚਲੀ ਬੋਰੀਅਤ ਅਤੇ ਪੇਤਲੇਪਣ ਦਾ ਪਰਦਾਫਾਸ਼ ਕਰਦੇ ਤਾਂ ਸਰੋਤੇ ਖੁਦ ਉੱਪਰ ਹੱਸਣ ਲਈ ਮਜ਼ਬੂਰ ਹੋ ਜਾਂਦੇ। ਵਿਪਸਾ ਦੇ ਮੈਂਬਰਾਂ ਨੇ ਸ. ਮੋਮਨ ਦੇ ਸਿਹਤਯਾਬ ਹੋਣ ਅਤੇ ਫਿਰ ਕਵੀ ਦਰਬਾਰਾਂ ਵਿੱਚ ਹਿੱਸਾ ਲੈਣ ਦੀ ਆਸ ਪ੍ਰਗਟਾਈ। ਸ. ਮੋਮਨ ਨੇ ਵਿਪਸਾਅ ਮੈਂਬਰਾਂ ਦਾ ਇਸ ਤਰ੍ਹਾਂ ਆ ਕੇ ਪਿਆਰ ਅਤੇ ਮਾਣ ਦੇਣ ਲਈ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਤੁਹਾਡੇ ਇਸ ਪਿਆਰ ਸਤਿਕਾਰ ਸਦਕਾ ਮੇਰੀ ਉਮਰ ਹੋਰ ਲੰਮੇਰੀ ਹੋ ਗਈ ਹੈ।

ਜਗਜੀਤ ਨੌਸ਼ਿਹਰਵੀ
510-676-1565
ਜਰਨਲ ਸਕੱਤਰ
ਵਿਸ਼ਵ ਪੰਜਾਬੀ ਸਾਹਿਤ ਅਕਾਡਮੀ




Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel


Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
**Ph: (408) 737-7100**
www.homeopathicvibes.com

*We sell and ship homeopathic remedies through out North America.*

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

***ਦਿੱਲੀ ਵਿਚ ਜੰਤਰ-ਮੰਤਰ ਵਿਚ ਮਹਿਲਾ ਪਹਿਲਵਾਨ ਰੋਸ ਵਿਖਾਵਾ ਕਰ ਰਹੀਆਂ ਹਨ। ਇਹ ਰੋਸ ਵਿਖਾਵਾ ਭਾਰਤੀ ਕੁਸ਼ਤੀ ਮਹਾਸੰਘ ਦੇ ਮੁਖੀ ਬ੍ਰਿਜਭੂਸ਼ਣ ਸ਼ਰਨ ਸਿੰਘ ਜੋ ਭਾਜਪਾ ਦਾ ਲੀਡਰ ਅਤੇ ਲੋਕ ਸਭਾ ਮੈਂਬਰ ਹੈ, ਵਿਰੁੱਧ ਕੀਤਾ ਜਾ ਰਿਹਾ ਹੈ। ਕੁੜੀਆਂ ਨੇ ਉਸ ਉਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਹਨ। ਧੀਆਂ ਦੇ ਹੱਕ ਵਿਚ ਅਕਸਰ ਜੁਮਲੇ ਛੱਡਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਸਲੇ 'ਤੇ ਐਨ ਖਾਮੋਸ਼ ਹਨ। ਬ੍ਰਿਜਭੂਸ਼ਣ ਸ਼ਰਨ ਸਿੰਘ ਖਿਲਾਫ ਕੇਸ ਵੀ ਹੁਣ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਦਰਜ ਹੋਇਆ ਹੈ ਪਰ ਅਜੇ ਤੱਕ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਉਘੀ ਵਿਦਵਾਨ ਅਤੇ ਕਾਰਕੁਨ ਨਵਸ਼ਰਨ ਕੌਰ ਨੇ ਇਸ ਲੇਖ ਵਿਚ ਸਮੁੱਚੇ ਹਾਲਾਤ ਬਾਰੇ ਚਰਚਾ ਕੀਤੀ ਹੈ।***

# ਪਹਿਲਵਾਨ ਕੁੜੀਆਂ ਦਾ ਸੰਘਰਸ਼ ਅਤੇ ਸੱਤਾ ਦਾ ਜਾਲ





*ਨਵੀਂ ਦਿੱਲੀ ਵਿਚ ਜੰਤਰ ਮੰਤਰ ਵਿਖੇ ਚੱਲ ਰਹੇ ਧਰਨੇ ਦੌਰਾਨ ਮੋਮਬੱਤੀ ਮਾਰਚ ਕਰ ਰਹੇ ਪਹਿਲਵਾਨ ਅਤੇ (ਸੱਜੇ) ਧਰਨੇ ਵਾਲੀ ਥਾਂ 'ਤੇ ਟ੍ਰੇਨਿੰਗ ਕਰ ਰਹੇ ਪਹਿਲਵਾਨ।*

ਪਿਛਲੇ ਤਿੰਨ ਮਹੀਨਿਆਂ ਵਿਚ ਇਹ ਦੂਜੀ ਵਾਰ ਹੈ ਕਿ ਭਾਰਤ ਦੀਆਂ ਚੋਟੀ ਦੀਆਂ ਤਗਮਾ ਜੇਤੂ ਓਲੰਪਿਕ ਖਿਡਾਰਨਾਂ ਦਿੱਲੀ ਦੇ ਜੰਤਰ-ਮੰਤਰ ਵਿਚ ਧਰਨੇ 'ਤੇ ਬੈਠੀਆਂ ਹਨ। ਇਹ ਖਿਡਾਰਨਾਂ ਭਾਰਤੀ ਕੁਸ਼ਤੀ ਮਹਾਸੰਘ ਦੇ ਮੁਖੀ ਬ੍ਰਿਜਭੂਸ਼ਣ ਸ਼ਰਨ ਸਿੰਘ ਜੋ ਸੱਤਾਧਾਰੀ ਭਾਜਪਾ ਤੋਂ ਭਾਰਤੀ



ਸੰਸਦ ਦਾ ਮੈਂਬਰ ਹੈ, ਵਿਰੁੱਧ ਧਰਨਾ ਦੇ ਰਹੀਆਂ ਹਨ। ਮਹਿਲਾ ਪਹਿਲਵਾਨਾਂ ਅਨੁਸਾਰ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਹੋਇਆ ਹੈ ਅਤੇ ਸਰਕਾਰ ਨੇ ਉਨ੍ਹਾਂ ਦੀ ਸ਼ਿਕਾਇਤ ਦੀ

**ਨਵਸ਼ਰਨ ਕੌਰ**
**ਫੋਨ: +91-99101-71808**

ਅਣਦੇਖੀ ਕੀਤੀ ਹੈ। ਧਰਨੇ 'ਤੇ ਬੈਠੀਆਂ ਪਹਿਲਵਾਨਾਂ ਨੇ ਆਪ ਬੀਤੀ ਤੇ ਹੰਝੂਆਂ ਦੇ ਹੜ੍ਹਾਂ ਦਰਮਿਆਨ ਆਪਣੇ ਖੇਡ ਕਰੀਅਰ ਦੌਰਾਨ ਝੱਲੀ ਤ੍ਰਾਸਦੀ ਬਿਆਨ ਕੀਤੀ ਹੈ। ਇਹ ਕਹਾਣੀ ਅੰਨ੍ਹੀ ਤਾਕਤ ਤੋਂ ਉਪਜੀ ਜਿਨਸੀ ਸ਼ੋਸ਼ਣ ਅਤੇ ਹਿੰਸਾ ਦੇ ਭਿਆਨਕ ਪ੍ਰਦਰਸ਼ਨ ਦੀ ਘਿਨਾਉਣੀ ਕਹਾਣੀ ਹੈ।

ਖਿਡਾਰਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਲਗਾਤਾਰ ਸਰੀਰਕ ਸ਼ੋਸ਼ਣ, ਧਮਕਾਉਣਾ, ਦਬਾਉਣਾ, ਭੱਦੇ ਨਾਮ ਨੱਲ ਬੁਲਾਉਣਾ, ਸਭ ਦੇ ਸਾਹਮਣੇ ਜ਼ਲੀਲ ਕਰਨਾ, ਦਹਾੜਨਾ, ਧਮਕੀਆਂ ਦੇਣਾ ਅਤੇ ਆਪਣੀ ਬੇਰੋਕ ਤਾਕਤ ਦਾ ਨੰਗਾ ਪ੍ਰਦਰਸ਼ਨ ਕਰਨਾ, ਖੇਡ ਜਗਤ ਦੇ ਕੋਝ ਨੂੰ ਸਾਹਮਣੇ ਲਿਆਉਂਦਾ ਹੈ। ਇਹ ਝਾਤ ਪਾਉਂਦਾ ਹੈ ਇਕ ਘਾਤਕ ਗੱਠਜੋੜ 'ਤੇ - ਸਿਆਸਤਦਾਨਾਂ ਅਤੇ ਖੇਡਾਂ ਦੇ ਪ੍ਰਬੰਧਨ ਵਿਚ ਮਰਦਾਂ ਦੇ ਦਬਦਬੇ ਦਾ ਗੱਠਜੋੜ ਜਿਸ ਦਾ ਸ਼ਿਕਾਰ ਹੁੰਦੀਆਂ ਹਨ ਖਿਡਾਰਨਾਂ।

ਇਹ ਨੌਜਵਾਨ ਪਹਿਲਵਾਨ ਖਿਡਾਰਨਾਂ, ਜਨਵਰੀ ਵਿਚ ਦਿੱਲੀ ਜੰਤਰ-ਮੰਤਰ 'ਤੇ ਬ੍ਰਿਜ ਭੂਸ਼ਣ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰਨ ਦੀ ਮੰਗ ਨੂੰ ਲੈ ਕੇ ਬੈਠੀਆਂ ਸਨ। ਉਸ ਵੇਲੇ ਉਨ੍ਹਾਂ ਨੂੰ ਇਹ ਭਰੋਸਾ ਦਿੱਤਾ ਗਿਆ ਕਿ ਦੋਸ਼ਾਂ ਦੀ ਜਾਂਚ ਲਈ ਅਧਿਕਾਰਤ 'ਓਵਰਸਾਈਟ ਕਮੇਟੀ' ਬਣਾਈ ਜਾਵੇਗੀ। ਇਸ ਕਮੇਟੀ ਦਾ ਗਠਨ 23 ਜਨਵਰੀ, 2023 ਨੂੰ ਮੁੱਕੇਬਾਜ਼ੀ ਦੀ ਮਸ਼ਹੂਰ ਖਿਡਾਰਨ ਮੈਰੀ ਕੌਮ ਦੀ ਸਰਪ੍ਰਸਤੀ ਹੇਠ ਹੋਇਆ। ਕਮੇਟੀ ਦੇ ਪੰਜ ਹੋਰ ਮੈਂਬਰ ਸਨ: ਓਲੰਪਿਕ ਤਮਗਾ ਜੇਤੂ ਯੋਗੇਸ਼ਵਰ ਦੱਤ, ਧਿਆਨਚੰਦ ਪੁਰਸਕਾਰ ਜੇਤੂ ਤ੍ਰਿਪਤੀ ਮੁਰਗੁੰਡੇ ਅਤੇ ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਦੀ ਮੈਂਬਰ ਰਾਧਿਕਾ ਸ਼੍ਰੀਮਾਨ। ਕਮੇਟੀ ਨੇ 5 ਅਪਰੈਲ ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਪਰ ਖੇਡ ਮੰਤਰਾਲੇ ਨੇ ਇਸ ਨੂੰ ਜਨਤਕ ਨਾ ਕੀਤਾ। ਇਸ ਦੇ ਕੁਝ ਹਿੱਸੇ ਪ੍ਰੈੱਸ ਨੂੰ 'ਲੀਕ' ਹੋਏ ਤੇ ਪਤਾ ਲੱਗਾ ਕਿ ਰਿਪੋਰਟ ਨੇ ਮਹਿਲਾ ਪਹਿਲਵਾਨਾਂ ਦੀ ਸ਼ਿਕਾਇਤ ਦੇ ਵਿਸ਼ੇਸ਼ ਮੁੱਦੇ ਨੂੰ ਰੱਦ ਕਰ ਦਿੱਤਾ ਹੈ ਅਤੇ ਛੋਟੀਆਂ ਮੋਟੀਆ ਸਿਫ਼ਾਰਸ਼ਾਂ ਹੀ ਦਿੱਤੀਆਂ ਹਨ ਜਿਵੇਂ ਖਿਡਾਰੀਆਂ ਅਤੇ ਪ੍ਰਸ਼ਾਸਨ ਵਿਚਾਲੇ ਨਜ਼ਦੀਕੀ ਗੱਲਬਾਤ ਹੋਣੀ ਚਾਹੀਦੀ ਹੈ ਤੇ ਇਹੋ ਜਿਹਾ ਕੁਝ ਹੋਰ।

ਇਸ ਨੇ ਪੀੜਤ ਮਹਿਲਾ ਪਹਿਲਵਾਨਾਂ ਨੂੰ ਬੇਹੱਦ ਨਿਰਾਸ਼ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਮੈਰੀ ਕੌਮ ਕਮੇਟੀ ਸਾਹਮਣੇ ਗਵਾਹੀ ਦਿੱਤੀ ਸੀ ਤਾਂ ਮੈਰੀ ਕੌਮ ਵੀ ਰੋ ਪਈ ਤੇ ਉਸ ਨੇ ਕਿਹਾ ਕਿ ਇਹ ਦਾਸਤਾਨ ਉਸ ਦੀ ਵੀ ਸੀ। ਕਮੇਟੀ ਦੀਆਂ ਦੂਜੀਆਂ ਮੈਂਬਰ ਵੀ ਰੋ ਪਈਆਂ, ਇਹ ਪੀੜ ਮਹਿਲਾ ਖਿਡਾਰਨਾਂ ਦੀ ਸਾਂਝੀ ਸੀ ਪਰ ਜਦੋਂ ਰਿਪੋਰਟ ਆਈ ਤਾਂ ਇਸ ਹੰਢਾਈ ਪੀੜ ਨੂੰ ਪੂਰੀ ਤਰ੍ਹਾਂ ਅਣਡਿੱਠਾ ਕਰ ਦਿੱਤਾ ਗਿਆ। ਮਹਿਲਾ ਪਹਿਲਵਾਨ ਹੁਣ ਨਿਆਂ ਦੀ ਮੰਗ ਕਰਦਿਆਂ ਜੰਤਰ-ਮੰਤਰ ਵਿਚ ਵਾਪਸ ਆ ਗਈਆਂ। ਉਨ੍ਹਾਂ ਨੂੰ ਧਰਨੇ ਵਾਲੀ ਥਾਂ 'ਤੇ ਜਾਣੇ-ਪਛਾਣੇ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ- ਬਿਜਲੀ ਕੱਟ ਦਿੱਤੀ ਗਈ ਹੈ, ਪਾਣੀ ਦੀ ਸਪਲਾਈ ਰੋਕ ਦਿੱਤੀ ਗਈ ਹੈ, ਰੋਟੀ ਅਤੇ ਹੋਰ ਰੋਜ਼ਾਨਾ ਲੋੜਾਂ ਦਾ ਸਟਾਕ ਲਿਆਉਣ ਵਾਲੀਆਂ ਗੱਡੀਆਂ ਨੂੰ ਉਨ੍ਹਾਂ ਤੱਕ ਪਹੁੰਚਣ ਤੋਂ ਰੋਕਿਆ ਜਾ ਰਿਹਾ ਹੈ। ਧਰਨੇ ਵਾਲੀ ਥਾਂ 'ਤੇ ਹੁਣ ਪੁਲਿਸ ਨੇ ਭਾਰੀ ਬੈਰੀਕੇਡ ਲਗਾ ਦਿੱਤੇ ਹਨ ਜਿਸ ਨਾਲ ਆਮ ਨਾਗਰਿਕਾਂ ਦਾ ਧਰਨੇ ਵਿਚ ਸ਼ਾਮਿਲ ਹੋਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੋ ਗਿਆ ਹੈ।

ਦਿੱਲੀ ਪੁਲਿਸ ਨੇ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੱਕ ਕੇਸ (ਐੱਫ.ਆਈ.ਆਰ.) ਦਰਜ ਕਰਨ ਦਾ ਵਿਰੋਧ ਕੀਤਾ ਅਤੇ ਜਦੋਂ ਪਹਿਲਵਾਨ ਕੁੜੀਆਂ ਸੁਪਰੀਮ ਕੋਰਟ ਗਈਆਂ ਤਾਂ ਕੋਰਟ ਦੀ ਹਦਾਇਤ 'ਤੇ ਪੁਲਿਸ ਨੂੰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਕੇਸ ਦਰਜ ਕਰਨ ਲਈ ਮਜਬੂਰ ਹੋਣਾ ਪਿਆ।

ਧਰਨੇ 'ਤੇ ਬੈਠੀਆਂ ਇਹ ਨੌਜਵਾਨ ਖਿਡਾਰਨਾਂ ਉਹ ਹਨ ਜਿਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਨੂੰ ਦਾਅ 'ਤੇ ਲਾਅ ਦਿੱਤਾ ਹੈ। ਉਨ੍ਹਾਂ ਸਾਲਾਂਬੱਧੀ ਆਪਣਾ ਪਸੀਨਾ ਵਹਾ ਕੇ ਅਤਿ ਦਾ ਅਨੁਸ਼ਾਸਨ ਮੰਗਦੀ, ਔਖੀ ਟ੍ਰੇਨਿੰਗ ਕੀਤੀ। ਬਹੁਤੀਆਂ ਖਿਡਾਰਨਾਂ ਬਹੁਤ ਸਾਧਾਰਨ ਪੇਂਡੂ ਪਰਿਵਾਰਾਂ ਵਿਚੋਂ ਹਨ ਜਿਨ੍ਹਾਂ ਨਿਗੂਣੇ ਵਸੀਲਿਆਂ ਦੇ ਬਾਵਜੂਦ ਆਪਣੀ ਪੂੰਜੀ ਬੱਚੀਆਂ ਦੀ ਸਿਖਲਾਈ 'ਤੇ ਲਾ ਦਿੱਤੀ। ਖੇਡਾਂ ਦੇ ਕਰੀਅਰ ਤੋਂ ਇਲਾਵਾ ਇਨ੍ਹਾਂ ਕੋਲ ਕੋਈ ਦੂਜਾ ਪੇਸ਼ੇਵਰ ਬਦਲ ਨਹੀਂ ਹੈ।

ਖੇਡ ਜਗਤ ਵਿਚ ਖਿਡਾਰਨਾਂ ਦੀ ਸ਼ਿਕਾਇਤ ਸੁਣਨ ਲਈ ਕੋਈ ਇਮਾਨਦਾਰ ਤੰਤਰ ਨਹੀਂ ਹੈ ਅਤੇ ਹੱਲ ਲਈ ਕੋਈ ਪੁਖ਼ਤਾ ਤਰੀਕੇ ਨਹੀਂ ਹਨ। ਖਿਡਾਰਨਾਂ ਨੂੰ ਚੁੱਪ-ਚਾਪ ਦੁਰਵਿਹਾਰ ਸਹਿਣ ਲਈ ਛੱਡ ਦਿੱਤਾ ਗਿਆ ਹੈ। ਇਨ੍ਹਾਂ ਮਹੀਨਿਆਂ ਵਿਚ ਹੀ ਇਕ ਮੰਤਰੀ 'ਤੇ ਵੀ ਇਕ ਮਹਿਲਾ ਕੋਚ ਵੱਲੋਂ ਜਿਨਸੀ ਸ਼ੋਸ਼ਣ ਦੇ ਅਜਿਹੇ ਹੀ ਦੋਸ਼ ਲਗਾਏ ਗਏ ਅਤੇ ਅਸੀਂ ਦੇਖਿਆ ਕਿ ਕਿਵੇਂ ਹਕੂਮਤੀ ਸਿਆਸੀ ਜਮਾਤ ਉਸ ਮੰਤਰੀ ਦੇ ਬਚਾਅ ਲਈ ਆ ਖਲੋਤੀ ਹੈ।

ਅਸੀਂ ਜਾਣਦੇ ਹਾਂ ਕਿ ਸਾਡੇ ਮੁਲਕ ਵਿਚ ਔਰਤਾਂ ਵਲੋਂ ਵੱਡੇ ਰੁਤਬੇ ਵਾਲੇ ਵਿਅਕਤੀਆਂ ਵਿਰੁੱਧ ਬੋਲਣਾ ਜਾਂ ਦੋਸ਼ ਲਗਾਉਣਾ ਸੌਖਾ ਨਹੀਂ ਹੈ। ਇਨ੍ਹਾਂ ਖਿਡਾਰਨਾਂ ਲਈ ਵੀ ਇਸ ਵਿਰੋਧ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਪਿਛਲੇ ਮਾਮਲਿਆਂ ਵਿਚ ਅਜਿਹੀਆਂ ਕਈ ਉਦਾਹਰਨਾਂ ਹਨ ਜਿੱਥੇ ਮਹਿਲਾ ਅਥਲੀਟਾਂ ਨੂੰ ਸ਼ਿਕਾਇਤ ਕਰਨ ਤੋਂ ਬਾਅਦ ਆਪਣਾ ਕਰੀਅਰ ਛੱਡਣ ਲਈ ਮਜਬੂਰ ਹੋਣਾ ਪਿਆ। ਅਤਿ ਦੀ ਮਿਹਨਤ ਤੋਂ ਬਾਅਦ ਇਨ੍ਹਾਂ ਖਿਡਾਰਨਾਂ ਨੇ ਕੁਸ਼ਤੀ ਦੇ ਖੇਤਰ ਵਿਚ ਆਪਣੀ ਥਾਂ ਬਣਾਈ ਹੈ, ਤਗਮੇ ਜਿੱਤੇ ਹਨ, ਰੁਤਬਾ ਹਾਸਿਲ ਕੀਤਾ ਹੈ। ਖੇਡ ਖੇਤਰ ਵਿਚ ਅੱਗੇ ਵਧਣ, ਟ੍ਰੇਨਿੰਗ ਜਾਰੀ ਰੱਖਣ, ਰੁਜ਼ਗਾਰ ਲਈ ਇਨ੍ਹਾਂ ਨੂੰ ਆਪਣੇ ਦੇਸ਼ ਦੀ ਸਰਕਾਰ ਦੀ ਮਦਦ ਦੀ ਲੋੜ ਹੈ। ਅੰਨ੍ਹੀ ਤਾਕਤ ਅਤੇ ਸਿਆਸੀ ਦਬਦਬੇ ਵਾਲੇ ਮੰਤਰੀਆਂ ਅਤੇ ਅਧਿਕਾਰੀਆਂ ਦਾ ਸਾਹਮਣਾ ਕਰਨਾ ਨਾ ਸਿਰਫ਼ ਦਲੇਰੀ ਦਾ ਕੰਮ ਹੈ ਸਗੋਂ ਇਸ ਨਾਲ ਸਰਕਾਰ ਦੇ ਸਮਰਥਨ ਤੋਂ ਵਾਂਝੇ ਰਹਿ ਜਾਣ ਦਾ ਬਹੁਤ ਵੱਡਾ ਖ਼ਤਰਾ ਵੀ ਹੈ। ਇਨ੍ਹਾਂ ਖਿਡਾਰਨਾਂ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣਦਿਆਂ ਇਹ ਜੋਖ਼ਮ ਉਠਾਇਆ। ਜਦੋਂ ਮੈਂ ਧਰਨੇ 'ਤੇ ਉਨ੍ਹਾਂ ਨੂੰ ਮਿਲੀ ਤਾਂ ਮੈਨੂੰ ਇਹ ਫ਼ਿਕਰ ਉਨ੍ਹਾਂ ਅਤੇ ਉਨ੍ਹਾਂ ਦੇ ਹਮਦਰਦਾਂ ਦੇ ਚਿਹਰਿਆਂ 'ਤੇ ਦਿਸਿਆ।

ਅੱਜ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਉਹ ਲੜਾਈ ਇੱਕਲੀਆਂ ਹੀ ਲੜ ਰਹੀਆਂ ਹਨ। ਉਨ੍ਹਾਂ ਨੂੰ ਆਪਣੇ ਕੁਸ਼ਤੀ ਦੇ ਪਰਿਵਾਰ ਦੇ ਅੰਦਰੂਨੀ ਮਾਮਲੇ ਬਾਹਰ ਬੇਗਾਨਿਆਂ ਵਿਚ ਲਿਆ ਕੇ ਖੇਡ ਲਈ ਨਮੋਸ਼ੀ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਭਾਰਤੀ ਓਲੰਪਿਕ ਸੰਘ ਦੀ ਮੁਖੀ ਪੀਟੀ ਊਸ਼ਾ ਨੇ ਕਿਹਾ ਕਿ ਪਹਿਲਵਾਨਾਂ ਦਾ ਵਿਰੋਧ ਪ੍ਰਦਰਸ਼ਨ "ਅਨੁਸ਼ਾਸਨਹੀਣਤਾ ਦੇ ਬਰਾਬਰ" ਹੈ; "ਖਿਡਾਰੀਆਂ ਨੂੰ ਸੜਕਾਂ 'ਤੇ ਵਿਰੋਧ ਪ੍ਰਦਰਸ਼ਨ ਨਹੀਂ ਕਰਨਾ ਚਾਹੀਦਾ ਸੀ, ਉਨ੍ਹਾਂ ਨੇ ਜੋ ਕੀਤਾ, ਉਹ ਖੇਡ ਅਤੇ ਦੇਸ਼ ਲਈ ਚੰਗਾ ਨਹੀਂ ਹੈ।" ਇਨ੍ਹਾਂ ਪਹਿਲਵਾਨਾਂ ਨੂੰ ਕਈ ਹੋਰ ਲੋਕਾਂ ਤੋਂ ਵੀ ਅਜਿਹਾ ਹੀ ਉਪਦੇਸ਼ ਮਿਲਿਆ ਕਿ ਉਹ ਦੇਸ਼ ਦਾ ਨਾਮ ਬਦਨਾਮ ਕਰ ਰਹੀਆਂ ਹਨ।

ਜੇ ਔਰਤਾਂ ਚੁੱਪ ਰਹਿਣ, ਕੀ ਤਾਂ ਹੀ ਦੇਸ਼ ਦਾ ਮਾਣ ਸਨਮਾਨ ਉੱਚਾ ਹੁੰਦਾ ਹੈ? ਜੇ ਔਰਤਾਂ ਨਿਆਂ ਮੰਗਦੀਆਂ ਹਨ ਤਾਂ ਕੀ ਦੇਸ਼ ਦਾ ਨਾਂ ਬਦਨਾਮ ਹੋ ਜਾਂਦਾ ਹੈ? ਕੀ ਉਹ ਮੁਲਕ ਦੀਆਂ ਨਾਗਰਿਕ ਨਹੀਂ ਜਿਨ੍ਹਾਂ ਨੂੰ ਨਿਆਂ ਮੰਗਣ ਦਾ ਹੱਕ ਹਾਸਿਲ ਹੈ? ਔਰਤਾਂ ਨੂੰ ਰਾਸ਼ਟਰ ਦੀ ਲਾਜ ਦਾ ਵਾਹਕ ਬਣਾ ਦਿੱਤਾ ਗਿਆ ਹੈ, ਠੀਕ ਉਸੇ ਤਰ੍ਹਾਂ ਜਿਵੇਂ ਉਨ੍ਹਾਂ ਨੂੰ ਪਰਿਵਾਰ ਦੀ ਲਾਜ ਦੀਆਂ ਵਾਹਕ ਮੰਨਿਆ ਜਾਂਦਾ ਹੈ ਅਤੇ ਘਰੇਲੂ ਹਿੰਸਾ ਦੇ ਸਾਹਮਣੇ ਚੁੱਪ ਰਹਿਣ ਦੀ ਤਾਕੀਦ ਕੀਤੀ ਜਾਂਦੀ ਹੈ।

ਇਹ ਕਿਹੋ ਜਿਹੀ ਕੌਮ ਹੈ ਜੋ ਆਪਣੀਆਂ ਧੀਆਂ ਤੋਂ ਰਾਸ਼ਟਰੀ ਗੌਰਵ ਦੇ ਨਾਂ 'ਤੇ ਹਿੰਸਾ, ਅਨਿਆਂ ਅਤੇ ਦੁਰਵਿਹਾਰ ਨੂੰ ਚੁੱਪ ਰਹਿ ਕੇ ਸਹਿਣ ਦੀ ਮੰਗ ਕਰਦੀ ਹੈ? ਇਹ ਕਿਹਾ ਰਾਸ਼ਟਰ ਹੈ ਜਿਸ ਦਾ ਗੌਰਵ ਔਰਤਾਂ ਦੇ ਚੁੱਪ ਰਹਿਣ 'ਤੇ ਟਿਕਿਆ ਹੈ? ਕਈ ਥਾਵਾਂ 'ਤੇ ਔਰਤਾਂ ਸਮੂਹਿਕ ਜਬਰ ਜਨਾਹ ਦਾ ਸ਼ਿਕਾਰ ਹੋਈਆਂ। ਕਈ ਥਾਵਾਂ 'ਤੇ ਇਨ੍ਹਾਂ ਘਟਨਾਵਾਂ ਵਿਚ ਤਾਕਤਵਰ ਸ਼ਖ਼ਸਾਂ ਦੇ ਨਾਂ ਸਾਹਮਣੇ ਆਏ ਅਤੇ ਕਈ ਥਾਵਾਂ 'ਤੇ ਫ਼ੌਜ, ਸੁਰੱਖਿਆ ਬਲਾਂ ਅਤੇ ਪੁਲਿਸ ਦੇ ਕਰਮਚਾਰੀਆਂ ਦੇ ਵੀ। ਮਨੀਪੁਰ ਵਿਚ 2004 ਵਿਚ 12 ਔਰਤਾਂ ਨੇ ਨਿਰਵਸਤਰ ਹੋ ਕੇ ਮੁਜ਼ਾਹਰਾ ਕੀਤਾ।

ਜਿਨਸੀ ਸ਼ੋਸ਼ਣ ਦਾ ਇਹ ਇਤਿਹਾਸ ਸਾਡੇ ਮਨਾਂ 'ਤੇ ਉਕਰਿਆ ਹੈ। ਇਹ ਸਵਾਲ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਇਸ ਕੇਸ ਵਿਚ ਪਾਰਦਰਸ਼ਤਾ ਕਿਉਂ ਨਹੀਂ ਵਰਤੀ ਜਾ ਰਹੀ ਅਤੇ ਇਕ ਸ਼ਖ਼ਸ ਦਾ ਬਚਾਓ ਕਿਉਂ ਕੀਤਾ ਜਾ ਰਿਹਾ ਹੈ? ਜਦੋਂ ਉਸ ਸ਼ਖ਼ਸ ਦੇ ਖ਼ਿਲਾਫ਼ ਕਈ ਦਰਜਨ ਅਪਰਾਧਿਕ ਮਾਮਲੇ ਹਨ ਤਾਂ ਕਿਉਂ ਵੱਡੇ ਪੱਧਰ 'ਤੇ ਕੋਈ ਜਾਂਚ ਸ਼ੁਰੂ ਨਹੀਂ ਕੀਤੀ ਜਾਂਦੀ? ਅਸੀਂ ਇਹ ਪੁਲਿਸ ਅਤੇ ਸਰਕਾਰ 'ਤੇ ਛੱਡ ਦਿੰਦੇ ਹਾਂ। ਇਨ੍ਹਾਂ ਸੱਤ ਪਹਿਲਵਾਨਾਂ ਜਿਨ੍ਹਾਂ ਵਿਚੋਂ ਇਕ ਨਾਬਾਲਗ ਬੱਚੀ ਹੈ, ਦੀ ਸ਼ਿਕਾਇਤ 'ਤੇ ਕਾਰਵਾਈ ਨਾ ਕਰਨ ਲਈ ਜਵਾਬ ਜ਼ਰੂਰ ਮੰਗਦੇ ਹਾਂ। ਕੀ ਸਮਾਜ ਤੇ ਸਰਕਾਰ ਇਹ ਚਾਹੁੰਦੇ ਹਨ ਕਿ ਔਰਤਾਂ ਚੁੱਪ ਰਹਿਣ ਅਤੇ ਆਪਣੀ ਜਿਨਸੀ ਸੁਰੱਖਿਆ ਤੇ ਸਰੀਰਕ ਖ਼ੁਦਮੁਖਤਾਰੀ ਉੱਤੇ ਹੁੰਦੇ ਹਮਲਿਆਂ ਬਾਰੇ ਸਵਾਲ ਨਾ ਪੁੱਛਣ? ਇਹ ਇਸ ਲਈ ਹੈ ਕਿਉਂਕਿ ਇਹ ਸਵਾਲ ਨਾ ਪੁੱਛਿਆ ਜਾਵੇ ਕਿ ਗੁਜਰਾਤ ਵਿਚ ਬਿਲਕੀਸ ਬਾਨੋ ਦੇ ਪਰਿਵਾਰ ਦੇ 14 ਮੈਂਬਰਾਂ ਦੇ ਕਤਲ ਅਤੇ ਸਮੂਹਿਕ ਜਬਰ ਜਨਾਹ ਦੇ ਕੇਸ ਵਿਚ ਦੋਸ਼ੀ ਪਾਏ ਗਏ ਅਪਰਾਧੀਆਂ ਨੂੰ ਜੇਲ੍ਹ ਵਿਚ ਸਮੇਂ ਤੋਂ ਪਹਿਲਾਂ ਰਿਹਾਅ ਕਿਉਂ ਕਰ ਦਿੱਤਾ ਗਿਆ? ਇਸ ਰਿਹਾਈ ਨੇ ਨਿਸ਼ਚਤ ਤੌਰ 'ਤੇ ਬਹੁਤ ਲੋਕਾਂ ਦੇ ਮਨੋਬਲ ਨੂੰ ਉੱਚਾ ਕੀਤਾ ਹੋਵੇਗਾ ਜੋ ਅਜਿਹੀਆਂ ਹਿੰਸਕ ਕਾਰਗੁਜ਼ਾਰੀਆਂ ਵਿਚ ਸ਼ਾਮਿਲ ਹਨ।

ਦੇਸ਼ ਦਾ ਮਾਣ, ਸਾਡੀਆਂ ਨੌਜਵਾਨ ਪਹਿਲਵਾਨ ਔਰਤਾਂ ਤੇ ਬੱਚੀਆਂ, ਦੇਸ਼ ਦੇ ਹਰ ਆਮ ਨਾਗਰਿਕ ਦੇ ਸਮਰਥਨ ਦੀਆਂ ਹੱਕਦਾਰ ਹਨ। ਅਸੀਂ ਜਾਣਦੇ ਹਾਂ ਕਿ ਦੇਸ਼ ਦੇ ਵਧੇਰੇ ਲੋਕਾਂ ਦਾ ਦਿਲ ਇਨ੍ਹਾਂ ਬੱਚੀਆਂ ਲਈ ਉਦਾਸ ਹੈ। ਅਸੀਂ ਇਨ੍ਹਾਂ ਨੂੰ ਇਨਸਾਫ਼ ਮਿਲਦਾ ਦੇਖਣਾ ਚਾਹੁੰਦੇ ਹਾਂ। ਇਸ ਲਈ ਜ਼ਰੂਰੀ ਹੈ ਕਿ ਅਸੀਂ ਹੌਸਲਾ ਦਿਖਾਈਏ, ਠੀਕ ਉਸੇ ਹੀ ਤਰ੍ਹਾਂ ਜਿਵੇਂ ਇਨ੍ਹਾਂ ਬੱਚੀਆਂ ਨੇ ਦਿਖਾਇਆ ਹੈ। ਅੱਜ ਲੋੜ ਹੈ ਸੰਗਠਿਤ ਹੋ ਕੇ ਸਰਕਾਰ ਤੋਂ ਇਹ ਮੰਗ ਕਰਨ ਦੀ ਕਿ ਦੋਸ਼ਾਂ ਦੀ ਨਿਰਪੱਖ ਜਾਂਚ ਕਰਾਈ ਜਾਏ, ਖਿਡਾਰਨਾਂ ਦੀ ਸ਼ਿਕਾਇਤ ਸੁਣੀ ਜਾਏ ਅਤੇ ਦੋਸ਼ੀ ਪਾਏ ਗਏ ਵਿਅਕਤੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਏ। ਔਰਤਾਂ ਦਾ ਜਿਨਸੀ ਸ਼ੋਸ਼ਣ ਸਮਾਜਿਕ ਨਾਸੂਰ ਹੈ। ਇਸ ਦੀ ਪੀੜ ਨੂੰ ਔਰਤਾਂ ਦੇ ਸਰੀਰਾਂ ਵਿਚ ਦਫ਼ਨ ਨਹੀਂ ਕੀਤਾ ਜਾ ਸਕਦਾ।

***ਦੇਸ਼ ਦਾ ਮਾਣ, ਸਾਡੀਆਂ ਨੌਜਵਾਨ ਪਹਿਲਵਾਨ ਔਰਤਾਂ ਤੇ ਬੱਚੀਆਂ, ਦੇਸ਼ ਦੇ ਹਰ ਆਮ ਨਾਗਰਿਕ ਦੇ ਸਮਰਥਨ ਦੀਆਂ ਹੱਕਦਾਰ ਹਨ। ਅਸੀਂ ਜਾਣਦੇ ਹਾਂ ਕਿ ਦੇਸ਼ ਦੇ ਵਧੇਰੇ ਲੋਕਾਂ ਦਾ ਦਿਲ ਇਨ੍ਹਾਂ ਬੱਚੀਆਂ ਲਈ ਉਦਾਸ ਹੈ। ਅਸੀਂ ਇਨ੍ਹਾਂ ਨੂੰ ਇਨਸਾਫ਼ ਮਿਲਦਾ ਦੇਖਣਾ ਚਾਹੁੰਦੇ ਹਾਂ। ਇਸ ਲਈ ਜ਼ਰੂਰੀ ਹੈ ਕਿ ਅਸੀਂ ਹੌਸਲਾ ਦਿਖਾਈਏ, ਠੀਕ ਉਸੇ ਹੀ ਤਰ੍ਹਾਂ ਜਿਵੇਂ ਇਨ੍ਹਾਂ ਬੱਚੀਆਂ ਨੇ ਦਿਖਾਇਆ ਹੈ। ਅੱਜ ਲੋੜ ਹੈ ਸੰਗਠਿਤ ਹੋ ਕੇ ਸਰਕਾਰ ਤੋਂ ਇਹ ਮੰਗ ਕਰਨ ਦੀ ਕਿ ਦੋਸ਼ਾਂ ਦੀ ਨਿਰਪੱਖ ਜਾਂਚ ਕਰਾਈ ਜਾਏ, ਖਿਡਾਰਨਾਂ ਦੀ ਸ਼ਿਕਾਇਤ ਸੁਣੀ ਜਾਏ ਅਤੇ ਦੋਸ਼ੀ ਪਾਏ ਗਏ ਵਿਅਕਤੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਏ। ਔਰਤਾਂ ਦਾ ਜਿਨਸੀ ਸ਼ੋਸ਼ਣ ਸਮਾਜਿਕ ਨਾਸੂਰ ਹੈ। ਇਸ ਦੀ ਪੀੜ ਨੂੰ ਔਰਤਾਂ ਦੇ ਸਰੀਰਾਂ ਵਿਚ ਦਫ਼ਨ ਨਹੀਂ ਕੀਤਾ ਜਾ ਸਕਦਾ।***



*ਭਾਰਤੀ ਜਨਤਾ ਪਾਰਟੀ ਦਾ ਆਗੂ ਬ੍ਰਿਜਭੂਸ਼ਣ ਸ਼ਰਨ ਸਿੰਘ।*

# ਪਾਠਕਾਂ ਦਾ ਪੰਨਾ

## ਰੂਹ ਵਿੱਚ ਭਿੱਜ ਕੇ ਲਿਖਿਆ ਖ਼ਤ

22 ਅਪ੍ਰੈਲ ਦੇ 'ਪੰਜਾਬ ਟਾਈਮਜ਼' ਵਿਚ 'ਇਕ ਖ਼ਤ ਅਮੋਲਕ ਦੇ ਨਾਂ' ਪੜ੍ਹ ਕੇ ਅੱਖਾਂ ਸਿੱਲ੍ਹੀਆਂ ਹੋ ਗਈਆਂ। ਜ਼ਰਾ ਸੋਚੋ ਕਿ ਜਸਪ੍ਰੀਤ ਨੇ ਜਦੋਂ ਆਪਣੇ ਵਿਛੜੇ ਸਾਥੀ ਬਾਰੇ ਇਹ ਸਤਰਾਂ ਲਿਖੀਆਂ ਹੋਣਗੀਆਂ ਤਾਂ ਉਸ ਦੀ ਹਾਲਤ ਕੀ ਹੋਵੇਗੀ। ਜਿਸ ਕਾਗਜ਼ ਉਪਰ ਇਹ ਅਤਿ-ਭਾਵੁਕ ਲਫ਼ਜ਼ ਲਿਖੇ ਹੋਣਗੇ, ਉਹ ਵੀ ਜ਼ਰੂਰ ਹੰਝੂਆਂ ਨਾਲ ਭਿੱਜ ਗਿਆ ਹੋਵੇਗਾ। ਕਲਮ ਵੀ ਰੋਂਦੀ ਹੋਵੇਗੀ। ਐਵੇਂ ਤਾਂ ਨਹੀਂ ਅਜਿਹੀ ਨਿੱਕੀ ਪਰ ਵੱਡੇ ਅਰਥਾਂ ਵਾਲੀ ਇਬਾਰਤ ਲਿਖੀ ਜਾਂਦੀ। ਮੁਹੱਬਤ ਦੀ ਪੂੰਜੀ ਨੂੰ ਸੰਭਾਲ ਕੇ ਰੱਖਣ ਕਾਰਨ ਹੀ 'ਪੰਜਾਬ ਟਾਈਮਜ਼' ਦੀ ਲਗਾਤਾਰਤਾ ਬਣੀ ਹੋਈ ਹੈ।

ਰਵਿੰਦਰ ਸਹਿਰਾਅ (ਇੰਡੀਆਨਾ)

ਇਉਂ ਜਾਪਦੈ 22 ਅਪ੍ਰੈਲ ਦੇ 'ਪੰਜਾਬ ਟਾਈਮਜ਼' ਵਿਚ ਜਸਪ੍ਰੀਤ ਕੌਰ ਹੋਰਾਂ ਦਾ ਲਿਖਿਆ 'ਇਕ ਖ਼ਤ ਅਮੋਲਕ ਦੇ ਨਾਂ' ਏਨਾ ਸੂਖਮ ਖ਼ਤ ਕਿ ਇਸ ਦੀ ਇਬਾਰਤ ਵਿਚ ਜਿਵੇਂ 'ਪੰਜਾਬ ਟਾਈਮਜ਼' ਦੇ ਹਰ ਪਾਠਕ ਦੀ ਭਾਵਨਾ ਸਮੋਈ ਹੋਈ ਹੋਵੇ।

ਸੱਜਰੀ ਮੁਹੱਬਤ ਦੀ ਪਹਿਲੀ ਮਿਲਣੀ ਦੇ ਅੰਮ੍ਰਿਤ ਤੋਂ ਲੈ ਕੇ ਅਮੋਲਕ ਦੇ ਸਥੂਲ ਰੂਪ ਵਿਚ ਵਿਛੜਨ ਤਕ ਦਾ ਦਰਦ ਇਸ ਖ਼ਤ ਵਿਚ ਦਰਿਆ ਵਾਂਗ ਵਹਿੰਦਾ ਮਹਿਸੂਸ ਹੁੰਦੈ। ਅਹਿਸਾਸਾਂ ਨਾਲ ਲਬਰੇਜ਼ ਇਨਸਾਨ ਹੀ ਇਹੋ ਜਿਹੀ ਸੰਵੇਦਨਾ ਨਾਲ ਭਰਪੂਰ ਪਲਾਂ ਨੂੰ ਸਾਕਾਰ ਕਰ ਸਕਦੈ। ਅਮੋਲਕ ਸਿੰਘ ਜੰਮੂ ਨੇ ਪਰਵਾਸੀ ਪੰਜਾਬੀ ਪੱਤਰਕਾਰੀ ਵਿਚ ਜੋ ਨਵੇਂ ਆਯਾਮ ਸਿਰਜੇ, ਉਹ ਪੰਜਾਬੀ ਪਾਠਕਾਂ ਦੇ ਦਿਲਾਂ 'ਚ ਸ਼ਿਲਾਲੇਖਾਂ ਵਾਂਗ ਦਹਾਕਿਆਂ ਤਕ ਉਕਰੇ ਰਹਿਣਗੇ।

ਜਸਪ੍ਰੀਤ ਦੀ ਦ੍ਰਿੜਤਾ ਤੇ ਸਿਰੜ ਨੂੰ ਸਲਾਮ ਜਿਸ ਨੇ ਆਪਣਾ ਜੀਵਨ 'ਪੰਜਾਬ ਟਾਈਮਜ਼' ਨੂੰ ਸਮਰਪਿਤ ਕੀਤਾ ਹੋਇਆ। ਇਸ ਤਰ੍ਹਾਂ ਦੀ ਪ੍ਰਤੀਬੱਧਤਾ ਤੇ ਸਿਦਕ ਰੱਖਣਾ ਹਾਰੀ-ਸਾਰੀ ਦਾ ਕੰਮ ਨਹੀਂ। ਰੱਬ ਉਸ ਨੂੰ ਬਲ ਬਖ਼ਸ਼ੇ।

ਸੁਰਿੰਦਰ ਸੋਹਲ (ਨਿਊਯਾਰਕ)

## ਅਮੋਲਕ ਸਿੰਘ ਜੰਮੂ ਦੇ ਆਸ ਪਾਸ

22 ਅਪਰੈਲ ਦੇ 'ਪੰਜਾਬ ਟਾਈਮਜ਼' ਦੇ ਅੰਕ ਵਿਚ ਅਮੋਲਕ ਸਿੰਘ ਦੀ ਦੂਜੀ ਬਰਸੀ ਦੀ ਯਾਦ ਵਿਚ ਰਵਿੰਦਰ ਸਹਿਰਾਅ, ਪ੍ਰਭਸ਼ਰਨਦੀਪ ਸਿੰਘ ਦੇ ਲੇਖ ਬਹੁਤ ਯਾਦਗਾਰੀ ਹਨ। ਇਵੇਂ ਹੀ ਜਸਪ੍ਰੀਤ ਦੇ ਲਿਖੇ ਯਾਦਗਾਰੀ ਲੇਖ ਅਤੇ ਕਵਿਤਾ ਨੂੰ ਪੜ੍ਹਦਿਆਂ ਇਹ ਬਾਖ਼ੂਬੀ ਅੰਦਾਜ਼ਾ ਲਗਾਇਆ ਅਤੇ ਕਿਹਾ ਜਾ ਸਕਦਾ ਹੈ ਕਿ ਜਿਵੇਂ ਅਮੋਲਕ ਦੀ ਸਾਰੀ ਲੇਖਕੀ ਰੂਹ ਅਤੇ ਸਿਰਜਣ ਸ਼ਕਤੀ ਪੂਰੇ ਸਮਗੱਰ ਰੂਪ ਵਿਚ ਜਸਪ੍ਰੀਤ ਵਿਚ ਸ਼ਾਮਿਲ ਹੋ ਗਈ ਹੋਵੇ। ਅਮੋਲਕ ਸਿੰਘ ਜੰਮੂ ਨੂੰ ਸਾਥੋਂ ਵਿਛੜਿਆਂ ਦੋ ਸਾਲ ਬੀਤ ਗਏ ਹਨ। ਪਰ ਸ਼ਾਇਦ ਅਸੀਂ, ਉਸ ਦੇ ਚਹੇਤੇ ਪਾਠਕ, ਪ੍ਰਸ਼ੰਸਕ, ਹਮਦਰਦ ਕਲਮਘਸੀਟ ਉਸ ਨੂੰ ਕਦੇ ਵੀ ਆਪਣੀਆਂ ਯਾਦਾਂ ਤੋਂ ਰੱਤੀ ਭਰ ਵੀ ਦੂਰ ਨਹੀਂ ਕਰ ਸਕੇ। ਅਸਲ ਵਿਚ 'ਪੰਜਾਬ ਟਾਈਮਜ਼' ਉਸ ਦੇ ਸੁਪਨੇ ਦਾ ਉਹ ਬੂਟਾ ਹੈ, ਜਿਸ ਨੂੰ ਉਸ ਨੇ ਆਪਣੀ ਸਿਹਤ, ਧੰਨ ਅਤੇ ਹਿੰਮਤ ਨਾਲ ਉਸ ਬੁਲੰਦੀ 'ਤੇ ਪਹੁੰਚਾ ਦਿੱਤਾ ਹੈ, ਜਿਸ ਮੀਲ ਪੱਥਰ ਦੀ ਉਸ ਆਪ ਉਮੀਦ ਵੀ ਨਹੀਂ ਕੀਤੀ ਹੋਣੀ। ਅਕਸਰ ਅਜਿਹੀਆਂ ਸਿਰੜੀ ਮੁਹਿੰਮਾਂ ਨਾਲ ਇਵੇਂ ਹੁੰਦਾ ਹੈ। ਉਸ ਦੀ ਸਹਿ-ਯਾਤਰੀ ਜਸਪ੍ਰੀਤ ਵੀ ਸਿਰ ਸੁੱਟ ਕੇ ਉਸ ਨਾਲ ਡਟੀ ਰਹੀ।

ਮੈਂ ਅਮੋਲਕ ਨੂੰ ਕਈ ਵਾਰ 'ਪੰਜਾਬੀ ਟ੍ਰਿਬਿਊਨ' ਦੇ ਦਫਤਰ ਵਿਚ ਮਿਲ ਚੁੱਕਿਆਂ ਸਾਂ। ਮੇਰੀ ਹਰਭਜਨ ਹਲਵਾਰਵੀ ਨਾਲ ਦੋਸਤੀ ਬਰਜਿੰਦਰ ਹਮਦਰਦ ਦੇ ਵੇਲਿਆਂ ਤੋਂ ਪੈ ਗਈ ਸੀ ਅਤੇ ਮੈਂ 1981 ਵਿਚ ਸਹਾਇਕ ਸੰਪਾਦਕ ਲਈ ਇੰਟਰਵਿਊ ਵਿਚ ਵੀ ਭਾਗ ਲੈ ਚੁੱਕਾ ਸਾਂ ਜਿਸ ਵਿਚ ਸ਼ਿੰਗਾਰਾ ਸਿੰਘ ਭੁੱਲਰ ਨੂੰ ਰੱਖ ਲਿਆ ਗਿਆ ਸੀ। ਫਿਰ ਨਰਿੰਦਰ ਭੁੱਲਰ ਨੇ ਵੀ ਇਕ ਵਾਰ 'ਪੰਜਾਬ ਟਾਈਮਜ਼' ਵਿਚ ਚਲੇ ਜਾਣ ਦੀ ਤਾਂਘ ਦੋਸਤਾਂ ਮਿੱਤਰਾਂ ਵਿਚ ਜਤਾਈ ਸੀ ਅਤੇ ਅਮੋਲਕ ਨਾਲ ਆਪਣੀ ਵਿਚਾਰਧਾਰਕ ਸਾਂਝ ਵੀ, ਪਰ ਉਸ ਦਾ ਇਹ ਸੁਪਨਾ ਉਸ ਨੂੰ ਬਹੁਤ ਛੇਤੀ ਧੋਖਾ ਦੇ ਗਿਆ।

ਇਹ ਤਾਂ ਬਹੁਤ ਵਰ੍ਹੇ ਬਾਅਦ ਦੀ ਗੱਲ ਹੈ ਕਿ ਗੁਰਦਿਆਲ ਬੱਲ ਨੇ ਮੈਨੂੰ ਇਹ ਅਖ਼ਬਾਰ ਪੜ੍ਹਣ ਅਤੇ ਇਸ ਵਾਸਤੇ ਲਿਖਣ ਲਈ ਪ੍ਰੇਰਿਆ। ਭਾਵੇਂ ਮੈਂ ਆਪ ਬਹੁਤ ਘੱਟ ਹੀ ਲਿਖ ਸਕਿਆਂ



ਹਾਂ, ਕਿਉਂਕਿ ਮੈਂ ਆਪ ਵੀ ਅਮੋਲਕ ਵਾਂਗ ਕੈਨੇਡਾ ਤੋਂ ਅੰਗਰੇਜ਼ੀ ਸਾਹਿਤਕ ਤਿਮਾਸਕ ਕੱਢਣ ਦਾ ਪੰਗਾ ਲੈ ਚੁੱਕਾਂ ਸਾਂ, ਪਰ ਫਿਰ ਵੀ 'ਪੰਜਾਬ ਟਾਈਮਜ਼' ਲਈ ਗੁਰਦਿਆਲ ਬੱਲ ਮੇਰੇ ਕੋਲੋਂ ਕੁਝ ਨਾ ਕੁਝ ਲਿਖਵਾ ਲੈਂਦਾ, ਜਿਹੜਾ ਮੈਨੂੰ ਬੱਲ ਦੇ ਉਦਮੀ ਕਦਮ ਤੋਂ ਇਲਾਵਾ ਅਮੋਲਕ ਨਾਲ ਹੋਰ ਵੀ ਪੀਡੀ ਸਾਂਝ ਪੁਆ ਜਾਂਦਾ। ਉਨ੍ਹਾਂ ਦੀ ਸਿਹਤ ਬਾਰੇ ਜਾਣੂ ਹੋਣ ਕਾਰਨ ਮੈਂ ਦੂਹਰੀ ਪ੍ਰਰੇਨਾ ਦੇ ਆਲਮ ਵਿਚ ਪਹੁੰਚ ਜਾਂਦਾ।

ਸਾਲ ਗੁਜ਼ਰਦੇ ਰਹੇ। 'ਪੰਜਾਬ ਟਾਈਮਜ਼' ਦੇ ਵਰਕੇ ਵੱਧਦੇ ਰਹੇ ਅਤੇ ਲੇਖ ਲੜੀਆਂ ਦੀ ਗੰਭੀਰਤਾ ਵੀ। ਹੁਣ ਇਹ ਅਖ਼ਬਾਰ ਸਾਰੇ ਪੰਜਾਬੀ ਸਾਹਿਤ ਸਭਿਆਚਾਰ ਦਾ ਬਹੁ-ਮਿਕਦਾਰੀ ਅਖ਼ਬਾਰੀ ਭਾਰ ਸੰਭਾਲ ਰਿਹਾ ਜਾਪਦਾ। ਛੇਤੀ ਹੀ ਇਹ ਪੰਜਾਬੀ ਦੇ ਸੁਬੁੱਧ ਪਾਠਕਾਂ ਦੀ ਚੋਣ ਅਤੇ ਲੋੜ ਬਣ ਗਿਆ ਸੀ। ਇਸ ਦਾ ਬੋਲਬਾਲ ਦੂਰ ਦੁਰਾਡੇ ਦੇਸ਼ਾਂ ਤੀਕ ਪਹੁੰਚ ਗਿਆ। ਅਮਰੀਕਾ ਦੇ ਵੱਡੇ ਸ਼ਹਿਰਾਂ ਵਿਚ ਇਸ ਦੇ ਪ੍ਰਿੰਟ ਅਡੀਸ਼ਨ ਦੀ ਪਹੁੰਚ ਸੰਭਾਵੀ ਹੋ ਗਈ ਸੀ। ਸਮਾਂ ਪਾ ਕੇ ਜਿੱਥੇ ਹੋਰ ਅਖ਼ਬਾਰ ਲਿਖਤਾਂ ਦੀ ਕਮਜ਼ੋਰੀ ਅਤੇ ਘੱਟ ਪ੍ਰਾਪਤੀ ਦੇ ਸ਼ਿਕਾਰ ਹੋ ਗਏ ਉੱਥੇ 'ਪੰਜਾਬ ਟਾਈਮਜ਼' ਲਗਾਤਾਰ ਆਪਣੀਆਂ ਸੰਪਾਦਕੀ ਅਤੇ ਸਾਹਿਤ-ਸਮੱਗਰੀ ਮੱਲਾਂ ਮਾਰਦਾ ਰਿਹਾ। ਅਮੋਲਕ ਦੇ ਟੈਲੀਫੋਨ ਖੜਕਦੇ ਰਹਿੰਦੇ। ਲੇਖਕ ਇਸ ਵਿਚ ਛਪਣਾ ਮਾਣ ਸਮਝਦੇ। 'ਕਮਲਿਆਂ ਦਾ ਟੱਬਰ' ਕਾਲਮ ਅੰਤਾਂ ਦਾ ਨਾਮਣਾ ਖੱਟ ਗਿਆ। ਅਮੋਲਕ ਦਾ ਸਿਰਜਣ ਸੰਸਾਰ ਹੁਣ ਪੂਰਾ ਆਪੇ ਵਿਚ ਸੀ ਅਤੇ ਉਸ ਦੇ ਅਖ਼ਬਾਰੀ ਬੋਲੀਆਂ ਦਾ ਵੀ।

ਆਖਰ ਅਮੋਲਕ ਕਦੋਂ ਤੀਕ ਆਪਣੀ ਖੁਸ ਰਹੀ ਸਿਹਤ ਨੂੰ ਹੋਰ ਹੋਰ ਦੇਰ ਤੀਕ ਬਚਾ ਅਤੇ ਨਿਭਾ ਸਕੇਗਾ। ਉਸ ਦਾ ਜ਼ੇਰਾ ਹੁਣ ਤੀਕ ਉਸ ਦਾ ਸਾਥ ਦੇ ਰਿਹਾ ਸੀ। ਪਰ ਫਿਰ 2021 ਦੇ ਐਪਰਲ ਦੇ ਇਕ ਦਿਨ ਉਸ ਦੀ ਹਿੰਮਤ ਨੇ ਬਸ ਆਖ ਦਿੱਤੀ। ਅਜ ਦੋ ਸਾਲ ਤੋਂ ਬਾਅਦ ਵੀ ਅਮੋਲਕ ਦਾ ਲਾਇਆ ਬੂਟਾ ਵੱਧ ਫੁਲ ਰਿਹਾ ਹੈ, ਅੱਛੇ ਫਲ ਦੇ ਰਿਹਾ ਹੈ। ਮਾਣ ਉਵੇਂ ਕਾਇਮ ਰਖ ਸਕਿਆ ਹੈ। ਇਸ ਦਾ ਸਾਰਾ ਸਿਹਰਾ ਅਮੋਲਕ ਦੀ ਸਾਥਣ ਜਸਪ੍ਰੀਤ ਨੂੰ ਜਾਂਦਾ ਹੈ। ਅਮੋਲਕ ਦੀ ਜਿਵੇਂ ਸਾਰੀ ਊਰਜਾ ਅਤੇ ਹਿੰਮਤ ਹੁਣ ਉਸ ਪਾਸ ਇਕੱਠੀ ਹੋ ਗਈ ਹੋਵੇ, ਹੋਰ ਵੀ ਸੁੱਘੜਤਾ ਅਤੇ ਨਿਸ਼ਚੇ ਨਾਲ। 'ਪੰਜਾਬ ਟਾਈਮਜ਼ ਦੀ ਚੜ੍ਹਤ ਦੀ ਲੰਮੀ ਉਮਰ ਅਤੇ ਡੂੰਘੀ-ਪੱਤਰਕਾਰੀ ਦੀ ਕਾਮਨਾ ਵਿਚ ਹੁਣ ਬਹੁਤੇ ਪੰਜਾਬੀਆਂ ਦੀ ਅਵਾਜ਼ ਸ਼ਾਮਿਲ ਹੈ।

ਗੁਰਦੇਵ ਚੌਹਾਨ, ਕੈਨੇਡਾ
1-647-866-2630

ਸੰਪਾਦਕ ਜੀ,

"ਪੰਜਾਬ ਟਾਈਮਜ਼" ਦੇ ਸੰਪਾਦਕ ਅਮੋਲਕ ਸਿੰਘ ਦੀ ਯਾਦ "ਪੰਜਾਬ ਟਾਈਮਜ਼" ਦੇ ਪਾਠਕਾਂ ਦੇ ਮਨਾਂ ਵਿਚ ਜਿਉਂ ਦੀ ਤਿਉਂ ਬਣੀ ਹੋਈ ਹੈ ਅਤੇ ਬਣੀ ਰਹੇਗੀ ਭਾਵੇਂ ਉਨ੍ਹਾਂ ਨੂੰ ਵਿਛੜਿਆਂ ਪੂਰੇ ਦੋ ਵਰ੍ਹੇ ਹੋ ਗਏ ਹਨ। 22 ਅਪ੍ਰੈਲ ਦੇ "ਪੰਜਾਬ ਟਾਈਮਜ਼" ਅੰਕ ਵਿਚ ਅਮੋਲਕ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਜੀਵਨ ਸਾਥਣ ਜਸਪ੍ਰੀਤ ਕੌਰ, ਰਵਿੰਦਰ ਸਹਿਰਾਅ ਅਤੇ ਪ੍ਰਭਸ਼ਰਨਦੀਪ ਸਿੰਘ ਦੇ ਲਿਖੇ ਲੇਖਾਂ ਨੇ ਬਹੁਤ ਕੁੱਝ ਮੁੜ ਤਾਜ਼ਾ ਕਰ ਦਿੱਤਾ ਹੈ। ਰਵਿੰਦਰ ਸਹਿਰਾਅ ਨੇ "ਸਿਰੜ ਤੇ ਸਿਦਕ ਦਾ ਮੁਜੱਸਮਾ ਸੀ:ਅਮੋਲਕ ਸਿੰਘ ਜੰਮੂ" ਸਿਰਲੇਖ ਹੇਠ ਅਮੋਲਕ ਸਿੰਘ ਦਾ ਜ਼ਿਕਰ ਛੇੜਦਿਆਂ ਰੂਸੀ ਨਾਵਲਕਾਰ ਬੋਰਿਸ ਪੋਲੇਵੋਈ ਦੇ ਪੰਜਾਬੀ ਵਿਚ "ਅਸਲੀ ਇਨਸਾਨ ਦੀ ਕਹਾਣੀ" ਦੇ ਨਾਮ ਥੱਲੇ ਅਨੁਵਾਦ ਹੋਏ ਨਾਵਲ ਦੇ ਨਾਇਕ ਅਲੈਕਸੇਈ ਮਰੇਸੇਯੇਵ ਦਾ ਹਵਾਲਾ ਦਿੱਤਾ ਹੈ।

ਮੈਂ ਲੁਧਿਆਣੇ ਕੁੜੀਆਂ ਦੇ ਗੌਰਮਿੰਟ ਕਾਲਜ ਵਿਚ ਪੜ੍ਹਦਿਆਂ (1963-1967) ਵਿਚ ਇਹ ਨਾਵਲ ਪੜ੍ਹਿਆ ਸੀ ਅਤੇ ਉਦੋਂ ਇਸ ਦਾ ਪੰਜਾਬੀ ਅਨੁਵਾਦ "ਅਸਲੀ ਮਨੁੱਖ ਦੀ ਵਾਰਤਾ" ਸਿਰਲੇਖ ਹੇਠ ਸੀ। ਇਸ ਨੂੰ ਪੜ੍ਹਦਿਆਂ ਇਸ ਦੇ ਨਾਇਕ ਦੀ ਬਹਾਦਰੀ ਅਤੇ ਜਦੋਜਹਿਦ ਨੇ ਮੇਰੇ ਮਨ 'ਤੇ ਏਨਾ ਡੂੰਘਾ ਅਸਰ ਕੀਤਾ ਸੀ ਕਿ ਅੱਜ ਵੀ ਉਹ ਹੈਰਾਨੀ ਮਨ ਵਿਚ ਉਸੇ ਤਰ੍ਹਾਂ ਬਣੀ ਹੋਈ ਹੈ ਕਿ ਕਿਸ ਤਰ੍ਹਾਂ ਲੰਬੀ ਜਦੋਜਹਿਦ ਤੋਂ ਬਾਅਦ ਉਹ ਦੁਬਾਰਾ ਜਹਾਜ਼ ਉਡਾਉਣ ਜੋਗਾ ਹੋਇਆ ਅਤੇ ਦੁਸ਼ਮਣ ਨੂੰ ਮਾਤ ਦੇਣ ਵਿਚ ਕਾਮਯਾਬੀ ਹਾਸਿਲ ਕੀਤੀ। ਰਵਿੰਦਰ ਸਹਿਰਾਅ ਨੇ ਦਲਜੀਤ ਸਰਾਂ, ਕਰਮਜੀਤ ਸਿੰਘ 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਹੋਰ ਸ਼ਖ਼ਸੀਅਤਾਂ ਅਤੇ ਕਮਲਜੀਤ ਸਿੰਘ ਵਿਰਕ ਦਾ ਜ਼ਿਕਰ ਵੀ ਸਰਦਾਰ ਦਰਸ਼ਨ ਸਿੰਘ ਧਾਲੀਵਾਲ ਵੱਲੋਂ ਕਰਾਈ "ਵਿਸ਼ਵ ਪੰਜਾਬੀ ਕਾਨਫਰੰਸ" ਦੇ ਸਬੰਧ ਵਿਚ ਕੀਤਾ ਹੈ। ਅਸਲ ਵਿਚ ਦਲਜੀਤ ਸਰਾਂ, ਕਰਮਜੀਤ ਸਿੰਘ, ਅਮੋਲਕ ਸਿੰਘ, ਗੁਰਦਿਆਲ ਸਿੰਘ ਬੱਲ (ਮੇਰੇ ਪਤੀ) ਇਹ ਸਾਰੇ ਇੱਕ ਪਰਿਵਾਰ ਦੇ ਜੀਆਂ ਵਾਂਗ ਹੀ ਇੱਕ ਦੂਸਰੇ ਨਾਲ ਜੁੜੇ ਹੋਏ ਸੀ, ਇਸ ਦਾ ਮੈਨੂੰ ਬਹੁਤ ਨੇੜਿਓਂ ਅਨੁਭਵ ਹੈ। ਕੈਨੇਡਾ ਦੀ ਪੱਕੀ ਰਿਹਾਇਸ਼ ਹੋ ਜਾਣ ਤੋਂ ਬਾਅਦ ਜਦੋਂ ਮੈਂ ਪਹਿਲੀ ਵਾਰ ਅਮੋਲਕ ਨੂੰ ਮਿਲੀ, ਮੰਜੇ ਨਾਲ ਮੰਜਾ ਹੋਇਆ ਦੇਖਿਆ ਅਤੇ ਮੈਂ ਧੁਰ ਅੰਦਰੋਂ ਕੰਬ ਗਈ ਸੀ ਉਦੋਂ ਮੈਂ ਕਮਲਜੀਤ ਸਿੰਘ ਵਿਰਕ ਦੇ ਲੜਕੇ ਨੀਲ ਦੀ ਗਰੈਜੂਏਸ਼ਨ ਪਾਰਟੀ 'ਤੇ ਹੀ ਆਈ ਸੀ। ਜਿਸ ਤਰ੍ਹਾਂ ਉਹ ਆਪਣੇ ਖਾਸ ਬੈੱਡ ਦੀ ਢੋਹ ਦੇ ਆਸਰੇ ਬੈਠਾ, ਉਸ ਹਾਲਤ ਵਿਚ ਜਦੋਂ ਉਹ ਆਪਣੀ ਇੱਕ ਉਂਗਲ ਤੱਕ ਵੀ ਆਪ ਨਹੀਂ ਸੀ ਹਿਲਾ ਸਕਦਾ, ਵੱਡੀ ਸਕਰੀਨ 'ਤੇ ਅਖ਼ਬਾਰ ਦਾ ਇੱਕ ਇੱਕ ਅੱਖਰ ਨਿਗਾਹ ਵਿਚੋਂ ਕੱਢ ਰਿਹਾ ਸੀ ਉਸ ਦੀ ਜਦੋਜਹਿਦ "ਅਸਲੀ ਇਨਸਾਨ ਦੀ ਕਹਾਣੀ" ਦੇ ਨਾਇਕ ਅਲੈਕਸੇਈ ਮਾਰੇਸੇਯੇਵ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ ਜਾਪਦੀ। ਹਰ ਵੀਰਵਾਰ ਅਮੋਲਕ ਆਪ ਖੁਦ ਮੈਨੂੰ ਫੋਨ 'ਤੇ ਦੱਸਦਾ ਹੁੰਦਾ ਸੀ ਕਿ ਸੱਚੀ ਅਤੇ ਨਿਧੜਕ ਪੱਤਰਕਾਰੀ ਲਈ ਉਸ ਨੂੰ ਕਿੰਨੀਆਂ ਦੁਸ਼ਮਣੀਆਂ ਅਤੇ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ।

ਪ੍ਰਭਸ਼ਰਨਦੀਪ ਸਿੰਘ ਨੇ ਬਿਲਕੁਲ ਸਹੀ ਫੁਰਮਾਇਆ ਹੈ ਕਿ ਪੰਜਾਬੀ ਪੱਤਰਕਾਰੀ ਨੂੰ ਅਮੋਲਕ ਸਿੰਘ ਦੀ ਦੇਣ ਬਹੁਪੱਖੀ ਹੈ ਅਤੇ ਅਮੋਲਕ ਸਿੰਘ ਨੂੰ "ਬੋਲੀ ਦੀ ਮੁਹਾਰਤ, ਸਾਹਿਤ ਅਤੇ ਅਲੋਚਨਾ 'ਤੇ ਸੂਖਮ ਪਕੜ, ਇਤਿਹਾਸ ਦੀ ਜਾਣਕਾਰੀ ਅਤੇ ਪੰਜਾਬ ਦੇ ਸਿਆਸੀ ਵਰਤਾਰਿਆਂ ਦਾ ਗਿਆਨ ਆਦਿਕ ਵੱਡੇ ਗੁਣ ਸਨ ਜਿਨ੍ਹਾਂ ਕਰਕੇ ਸ.ਅਮੋਲਕ ਸਿੰਘ ਪੰਜਾਬੀ ਦੇ ਵਧੀਆ ਸੰਪਾਦਕ ਬਣ ਕੇ ਸਾਹਮਣੇ ਆਏ।" ਕੈਨੇਡਾ ਵਿਚ ਪੱਕੀ ਰਿਹਾਇਸ਼ ਤੋਂ ਵੀ ਬਹੁਤ ਵਰ੍ਹੇ ਪਹਿਲਾਂ ਤਕਰੀਬਨ 1990 ਤੋਂ ਮੈਂ ਅਮਰੀਕਾ, ਕੈਨੇਡਾ ਵਿਚ ਕਾਨਫ੍ਰੰਸਾਂ/ਸੈਮੀਨਾਰਾਂ 'ਤੇ ਆਉਂਦੀ ਰਹੀ ਹਾਂ ਅਤੇ ਪੰਜਾਬੀ ਵਿਚ ਨਿਕਲਦੀਆਂ ਅਖ਼ਬਾਰਾਂ 'ਤੇ ਝਾਤੀ ਮਾਰਦੀ ਰਹੀ ਹਾਂ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਜੋ ਮੁਕਾਮ ਅਮੋਲਕ ਸਿੰਘ ਦੀ ਮਿਹਨਤ ਅਤੇ ਬਹੁਪੱਖੀ ਗਿਆਨ ਸਦਕਾ "ਪੰਜਾਬ ਟਾਈਮਜ਼" ਨੇ ਹਾਸਲ ਕੀਤਾ ਹੈ ਉਹ ਕਿਸੇ ਹੋਰ ਅਖ਼ਬਾਰ ਦੇ ਹਿੱਸੇ ਨਹੀਂ ਆਇਆ। ਆਪਣੇ ਸਮੇਂ ਦੇ "ਪੰਜਾਬੀ ਟ੍ਰਿਬਿਊਨ" ਦੇ ਸਾਰੇ ਸਟਾਫ ਮੈਂਬਰਾਂ ਵਿਚੋਂ ਅਮੋਲਕ ਸਿੰਘ ਸਭ ਤੋਂ ਜ਼ਿਆਦਾ ਕੁਆਲੀਫਾਈਡ ਸੀ, ਇਸ ਦੀ ਮੈਨੂੰ ਨਿਜੀ ਜਾਣਕਾਰੀ ਹੈ; ਪ੍ਰਭਸ਼ਰਨਦੀਪ ਸਿੰਘ ਦੀਆਂ ਦੱਸੀਆਂ ਡਿਗਰੀਆਂ ਤੋਂ ਇਲਾਵਾ ਅਮੋਲਕ ਸਿੰਘ ਕੋਲ "ਪੱਤਰਕਾਰੀ" ਅਤੇ ਟਰਾਂਸਲੇਸ਼ਨ ਦੀ ਟੈਕਨੀਕਲ ਯੋਗਤਾ ਵੀ ਸੀ। ਫਿਰ ਵੀ ਜਿਸ ਤਰ੍ਹਾਂ ਦੀ ਅੰਦਰੂਨੀ ਰਾਜਨੀਤੀ ਦੇ ਸਾਡੇ ਬਹੁਤੇ ਅਦਾਰੇ ਸ਼ਿਕਾਰ ਹੋ ਜਾਂਦੇ ਹਨ ਅਤੇ ਪ੍ਰਬੰਧਕਾਂ ਦੀ ਅਣਦੇਖੀ ਕਰਕੇ ਅਮੋਲਕ ਸਿੰਘ ਨੂੰ ਉਸ ਦਾ ਬਣਦਾ ਮੁਕਾਮ "ਪੰਜਾਬੀ ਟ੍ਰਿਬਿਊਨ" ਵਿਚ ਨਹੀਂ ਮਿਲਿਆ। ਮੇਰਾ ਮੰਨਣਾ ਹੈ ਕਿ "ਪੰਜਾਬ ਟਾਈਮਜ਼" ਨੂੰ ਜੋ ਮੁਕਾਮ ਹਾਸਲ ਹੋਇਆ, ਉਸ ਕਰਕੇ ਅਮੋਲਕ ਸਿੰਘ ਨੂੰ ਅਮਰੀਕਾ ਦੀ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਬੀਬੀ ਜਸਪ੍ਰੀਤ ਕੌਰ ਨੇ ਆਪਣੇ ਜੀਵਨ ਸਾਥੀ ਦੀਆਂ ਯਾਦਾਂ ਨੂੰ ਕਵਿਤਾ ਦੇ ਰੂਪ ਵਿਚ ਜਿਵੇਂ ਪਰਗਟ ਕੀਤਾ ਹੈ, ਉਸ ਨੇ ਆਪਣੇ ਰਿਸ਼ਤੇ ਦਾ ਪੂਰਾ ਇਤਿਹਾਸ ਸਿਰਜ ਦਿੱਤਾ ਹੈ। ਅਜਿਹੇ ਰਿਸ਼ਤੇ ਚੰਗੀ ਕਿਸਮਤ ਨਾਲ ਬਣਦੇ ਹਨ। ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਜਿਸ ਤਰ੍ਹਾਂ ਉਹ "ਪੰਜਾਬ ਟਾਈਮਜ਼" ਅਤੇ ਇਸ ਦੇ ਮਿਆਰ ਨੂੰ ਕਾਇਮ ਰੱਖ ਰਹੀ ਹੈ ਇਹ ਉਸ ਦੇ ਜੀਵਨ ਸਾਥੀ ਨੂੰ ਅਤੇ ਉਸ ਦੇ ਹੁਸੀਨ ਰਿਸ਼ਤੇ ਨੂੰ ਉਸ ਦੀ ਸੱਚੀ ਸ਼ਰਧਾਂਜਲੀ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਜਸਪ੍ਰੀਤ ਕੌਰ ਅਤੇ ਪੰਜਾਬ ਟਾਈਮਜ਼ ਸਦਾ ਚੜ੍ਹਦੀ ਕਲਾ ਵਿਚ ਰਹਿਣ। ਆਮੀਨ!

ਡਾ. ਗੁਰਨਾਮ ਕੌਰ

## ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ ਪੰਜਾਬੀ ਫ਼ਿਲਮ 'ਨਿਡਰ'

ਪੰਜਾਬੀ ਸਿਨਮਾ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਫਿਲਮਾਂ ਸਦਕਾ ਲਗਾਤਾਰ ਸਫਲਤਾ ਵੱਲ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ। ਸਫਲਤਾ ਦੀ ਇਸੇ ਲੜੀ ਨੂੰ ਅੱਗੇ ਤੋਰਨ ਲਈ ਇਕ ਹੋਰ ਫ਼ਿਲਮ 'ਨਿਡਰ' ਤਿਆਰ ਹੈ। ਪੰਜਾਬੀ ਸਿਨੇਮੇ ਦੇ ਇਤਿਹਾਸ ਦੀ ਇਹ ਆਪਣੇ ਕਿਸਮ ਦੀ ਪਹਿਲੀ ਫ਼ਿਲਮ ਹੋਵੇਗੀ ਜੋ ਇੱਕੋ ਸਮੇਂ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ ਅਤੇ ਤੇਲਗੂ ਵਿੱਚ ਰਿਲੀਜ਼ ਹੋਵੇਗੀ। 12 ਮਈ ਨੂੰ ਦੁਨੀਆ ਭਰ ਵਿੱਚ ਰਿਲੀਜ਼ ਹੋ ਰਹੀ ਇਸ ਫ਼ਿਲਮ ਜ਼ਰੀਏ ਹਿੰਦੀ ਸਿਨਮਾ ਦੇ ਨਾਮਵਰ ਅਦਾਕਾਰ ਮੁਕੇਸ਼ ਰਿਸ਼ੀ ਦੇ ਬੇਟੇ ਰਾਘਵ ਰਿਸ਼ੀ ਸਿਲਵਰ ਸਕਰੀਨ 'ਤੇ ਆਗਮਨ ਕਰਨ ਜਾ ਰਹੇ ਹਨ। ਇਸ ਫ਼ਿਲਮ ਵਿੱਚ ਪਹਿਲੀ ਵਾਰ ਮੁਕੇਸ਼ ਰਿਸ਼ੀ ਤੇ ਰਾਘਵ ਰਿਸ਼ੀ ਪਿਓ-ਪੁੱਤ ਦੀ ਜੋੜੀ ਨਜ਼ਰ ਆਵੇਗੀ। ਇਸ ਫ਼ਿਲਮ ਨੂੰ ਹਰ ਪੱਖੋਂ ਬੇਹਤਰੀਨ ਬਣਾਉਣ ਲਈ ਨਿਰਦੇਸ਼ਕ ਮਨਦੀਪ ਸਿੰਘ ਚਾਹਲ ਨੇ ਬੇਹੱਦ ਮਿਹਨਤ ਕੀਤੀ ਹੈ। 'ਗੇੜੀ ਰੂਟ ਪ੍ਰੋਡੋਕਸ਼ਨ' ਦੇ ਬੈਨਰ ਹੇਠ ਬਣਾਈ ਗਈ ਇਸ ਫ਼ਿਲਮ ਦੀ ਸ਼ੂਟਿੰਗ ਚੰਡੀਗੜ੍ਹ, ਮੁਹਾਲੀ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ



ਦੀਆਂ ਵੱਖ ਵੱਖ ਲੋਕੇਸ਼ਨਾਂ ਤੇ ਕੀਤੀ ਗਈ ਹੈ। ਇਸ ਫ਼ਿਲਮ ਵਿੱਚ ਰਾਘਵ ਰਿਸ਼ੀ ਦੇ ਨਾਲ ਅਦਾਕਾਰ ਕੁਲਨੂਰ ਬਰਾੜ ਬਤੌਰ ਹੀਰੋਇਨ ਨਜ਼ਰ ਆਵੇਗੀ।

ਫ਼ਿਲਮ ਵਿੱਚ ਵਿੰਦੂ ਦਾਰਾ ਸਿੰਘ, ਦੀਪ ਮਨਦੀਪ, ਵਿਕਰਮਜੀਤ ਵਿਰਕ, ਰੋਜ਼ ਕੌਰ, ਸਤਵੰਤ ਕੌਰ, ਸਰਦਾਰ ਸੋਹੀ, ਮਲਕੀਤ ਰੌਣੀ, ਮਿੰਟੂ ਕਾਪਾ, ਸ਼ਵਿੰਦਰ ਮਾਹਲ, ਮਨਿੰਦਰ ਕੈਲੀ, ਯੁਵਰਾਜ ਔਲਖ, ਪਾਲੀ ਮਾਂਗਟ ਸਮੇਤ ਕਈ ਹੋਰ ਕਲਾਕਾਰ ਵੀ ਮਹੱਤਵਪੂਰਨ ਭੂਮਿਕਾਵਾਂ 'ਚ ਨਜ਼ਰ ਆਉਣਗੇ। ਫ਼ਿਲਮ ਦਾ ਸਟੋਰੀ-ਸਕਰੀਨ ਪਲੇ ਮਾਰੂਖ ਮਿਰਜ਼ਾ ਬੇਗ ਨੇ ਖਿਆ ਹੈ, ਜਦਕਿ ਸੰਵਾਦ ਲੇਖਕ ਸੁਰਮੀਤ ਮਾਵੀ ਨੇ ਲਿਖੇ ਹਨ।ਬਾਲੀਵੁੱਡ ਵਿਚ ਪ੍ਰਭਾਵਸ਼ਾਲੀ ਦਿੱਖ ਰੱਖਦੇ ਐਕਟਰ ਵਜੋਂ ਮਾਣਮੱਤੀ ਪਹਿਚਾਣ ਬਣਾ ਚੁੱਕੇ ਅਦਾਕਾਰ ਮੁਕੇਸ਼ ਰਿਸ਼ੀ ਦੱਸਦੇ ਹਨ ਕਿ ਪੰਜਾਬ ਪ੍ਰਤੀ ਉਨ੍ਹਾਂ ਦੀਆਂ ਭਾਵਨਾਵਾਂ ਹਮੇਸ਼ਾ ਕੋਮਲ ਰਹੀਆਂ ਹਨ, ਇਸੇ ਮੱਦੇਨਜ਼ਰ ਉਨ੍ਹਾਂ ਦੀ ਖ਼ਵਾਹਿਸ਼ ਸੀ ਕਿ ਉਨ੍ਹਾਂ ਦਾ ਬੇਟਾ ਇਸੇ ਸਿਨੇਮਾ ਨਾਲ ਜੁੜੀ ਫ਼ਿਲਮ ਦੁਆਰਾ ਆਪਣੇ ਫ਼ਿਲਮ ਕਰੀਅਰ ਦਾ ਆਗਾਜ਼ ਕਰੇ।

ਉਨ੍ਹਾਂ ਦੱਸਿਆ ਕਿ ਬਾਪ ਅਤੇ ਬੇਟੇ ਦੀ ਭਾਵਨਾਤਮਕ ਸਾਂਝ ਆਧਾਰਿਤ ਇਹ ਫ਼ਿਲਮ ਰਿਸ਼ਤਿਆਂ ਦੀ ਕਦਰ ਕਰਨਾ ਵੀ ਸਿਖਾਵੇਗੀ। ਉਕਤ ਫ਼ਿਲਮ ਵਿਚ ਰਾਘਵ ਰਿਸ਼ੀ ਇਕ ਅਜਿਹੇ ਸਧਾਰਨ ਪਰ ਨਿਡਰ ਨੌਜਵਾਨ ਦਾ ਕਿਰਦਾਰ ਪਲੇਅ ਕਰ ਰਹੇ ਹਨ, ਜਿਸ ਨੂੰ ਇਕ ਅਜਿਹੇ ਮਿਸ਼ਨ ਲਈ ਸਮਰਪਿਤ ਹੋਣਾ ਪੈਂਦਾ ਹੈ, ਜੋ ਉਸ ਲਈ ਬਹੁਤ ਸਾਰੀਆਂ ਚੁਣੌਤੀਆਂ ਭਰਿਆ ਸਾਬਿਤ ਹੁੰਦਾ ਹੈ। ਪਰ ਇਸ ਦੌਰਾਨ ਸਾਹਮਣੇ ਆਉਣ ਵਾਲੇ



ਹਰ ਖ਼ਤਰਨਾਕ ਪੜ੍ਹਾਅ ਦਾ ਇਹ ਨੌਜਵਾਨ ਬਹੁਤ ਹੀ ਸੂਝ-ਬੂਝ ਅਤੇ ਦਲੇਰੀ ਨਾਲ ਆਪਣੇ ਜਜ਼ਬਿਆਂ ਨੂੰ ਅੰਜਾਮ ਦਿੰਦਾ ਹੈ। ਨਿਰਦੇਸ਼ਕ ਮਨਦੀਪ ਸਿੰਘ ਚਾਹਲ ਮੁਤਾਬਕ ਇਹ ਫ਼ਿਲਮ ਪੰਜਾਬੀ ਦੀਆਂ ਉਨ੍ਹਾਂ ਫ਼ਿਲਮਾਂ ਵਿੱਚੋਂ ਹੋਵੇਗੀ ਜਿੰਨਾ ਰੁਝਾਨ ਤੋਂ ਵੱਖ ਹੋ ਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਹੈ।

ਇਸ ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਦਰਸ਼ਕਾਂ ਨੂੰ ਇਸਦਾ ਸੰਗੀਤ ਵੀ ਬੇਹੱਦ ਪਸੰਦ ਆਵੇਗਾ। ਇਸ ਦਾ ਸੰਗੀਤ ਗੁਰਮੀਤ ਸਿੰਘ ਤੇ ਸਨੀ ਇੰਦਰ ਨੇ ਤਿਆਰ ਕੀਤਾ ਹੈ। ਦਲੇਰ ਮਹਿੰਦੀ , ਫਿਰੋਜ ਖਾਨ, ਨਵਰਾਜ ਹੰਸ, ਅਸੀਸ ਕੌਰ ਸਮੇਤ ਕਈ ਨਾਮੀਂ ਗਾਇਕਾਂ ਨੇ ਫ਼ਿਲਮ ਲਈ ਗੀਤ ਗਾਏ ਹਨ। 12 ਮਈ ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ ਤੋਂ ਫ਼ਿਲਮ ਦੀ ਟੀਮ ਦੇ ਨਾਲ ਨਾਲ ਪੰਜਾਬੀ ਇੰਡਸਟਰੀ ਨੂੰ ਵੱਡੀਆਂ ਆਸਾਂ ਹਨ।


ਹਰਜਿੰਦਰ ਸਿੰਘ ਜਵੰਦਾ
ਫੋਨ: 96438 28000

# ਨਕਸਲਵਾੜੀ ਲਹਿਰ ਅਤੇ ਪੰਜਾਬੀ ਪੱਤਰਕਾਰੀ

**ਨਕਸਲਵਾੜੀ ਲਹਿਰ ਨੇ 1970ਵਿਆਂ ਵਿਚ ਬੰਗਾਲ ਤੋਂ ਬਾਅਦ ਪੰਜਾਬ ਵਿਚ ਲੋਕ-ਸੋਚ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਡਾਕਟਰ ਮੇਘਾ ਸਿੰਘ ਨੇ ਇਸ ਲਹਿਰ ਦੇ ਪ੍ਰਸੰਗ ਵਿਚ ਪੰਜਾਬ ਦੀ ਖੱਬੇ ਪੱਖੀ ਪੱਤਰਕਾਰੀ ਬਾਰੇ ਕੀਤੀ ਖੋਜ ਆਪਣੀ ਨਵੀਂ ਕਿਤਾਬ ਵਿਚ ਨਸ਼ਰ ਕੀਤੀ ਹੈ। ਇਸ ਕਿਤਾਬ ਦੀ ਖਾਸੀਅਤ ਕਿਤਾਬ ਵਿਚ ਵੱਖ-ਵੱਖ ਦੁਰਲੱਭ ਪਰਚਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਹੈ।**

ਕਲਾ ਪਰਿਕਰਮਾ

ਨਕਸਲਵਾੜੀ (ਜਾਂ ਨਕਸਲਬਾੜੀ) ਲਹਿਰ ਨੇ 1970ਵਿਆਂ ਵਿਚ ਬੰਗਾਲ ਤੋਂ ਬਾਅਦ ਪੰਜਾਬ ਵਿਚ ਲੋਕ ਸੋਚ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਇਹ ਲਹਿਰ ਬਾਅਦ ਵਿਚ ਪਹੁੰਚੀ। ਫ਼ਰਕ ਇਹ ਰਿਹਾ ਕਿ ਬੰਗਾਲ ਜਾਂ ਪੰਜਾਬ ਵਿਚ ਇਹ ਲਹਿਰ ਜਿੱਥੇ ਆਪਣੀ ਹਿੰਸਕ ਧਾਰ ਬਹੁਤ ਛੇਤੀ ਗੁਆ ਬੈਠੀ, ਉੱਥੇ ਆਦਿਵਾਸੀ ਵਸੋਂ ਵਾਲੇ ਸੂਬਿਆਂ ਵਿਚ ਇਸ ਦੀ ਪ੍ਰਚੰਡਤਾ ਵਧਦੀ ਗਈ। ਆਪਣੇ ਮੁੱਢ ਤੋਂ ਲੈ ਕੇ ਹੁਣ ਤੱਕ ਦੇ ਪੰਜ ਦਹਾਕਿਆਂ ਦੌਰਾਨ ਇਹ ਲਹਿਰ ਆਦਿਵਾਸੀ



ਵਸੋਂ ਵਾਲੇ ਘੱਟੋ-ਘੱਟ ਚਾਰ ਸੂਬਿਆਂ-ਛੱਤੀਸਗੜ੍ਹ, ਮਹਾਰਾਸ਼ਟਰ, ਤਿਲੰਗਾਨਾ ਤੇ ਝਾਰਖੰਡ ਵਿਚ ਹੁਣ ਵੀ ਸ਼ਦੀਦ ਰੂਪ ਵਿਚ ਮੌਜੂਦ ਹੈ। ਇਸੇ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਮੌਜੂਦਗੀ ਦਾ ਅਸਰ ਉਨ੍ਹਾਂ ਦੇ ਗੁਆਂਢੀ ਸੂਬਿਆਂ, ਖ਼ਾਸ ਕਰ ਕੇ ਆਂਧਰਾ ਪ੍ਰਦੇਸ਼, ਉੜੀਸਾ, ਕਰਨਾਟਕ ਤੇ ਬਿਹਾਰ ਵਿਚ ਵੀ ਦੇਖਿਆ ਜਾ ਸਕਦਾ ਹੈ।

ਹਿੰਸਕ ਰੂਪ ਦੇ ਛੇਤੀ ਦਮ ਤੋੜਨ ਜਾਂ 1980ਵਿਆਂ ਦੌਰਾਨ ਖਾੜਕੂ ਲਹਿਰ ਵਿਚ ਜਜ਼ਬ ਹੋਣ ਦੇ ਬਾਵਜੂਦ ਨਕਸਲਵਾਦ-ਪੱਖੀ ਵਿਚਾਰਧਾਰਾ ਦੇ ਕਣ ਪੰਜਾਬੀ ਮਾਨਸਿਕਤਾ ਦਾ ਹਿੱਸਾ ਬਣੇ ਰਹੇ ਹਨ। ਲੋਕ ਰੋਹ ਨਾਲ ਜੁੜੀ ਕੋਈ ਵੀ ਲਹਿਰ ਜਦੋਂ ਪੰਜਾਬ ਵਿਚ ਸਿਰ ਚੁੱਕਦੀ ਹੈ ਤਾਂ ਨਕਸਲਵਾਦੀ ਵਿਚਾਰਧਾਰਕ ਕਣ ਪ੍ਰਚੰਡ ਰੂਪ ਵਿਚ ਸਾਹਮਣੇ ਆਉਣੇ ਸ਼ੁਰੂ ਹੋ ਜਾਂਦੇ ਹਨ। ਪੰਜਾਬੀ ਸਾਹਿਤ ਅਤੇ ਹੋਰ ਸਭਿਆਚਾਰਕ ਮੁਹਾਜ਼ਾਂ 'ਤੇ ਵੀ ਇਹ ਤੱਤ ਹਮੇਸ਼ਾ ਸ਼ਿੱਦਤੀ ਰੂਪ ਵਿਚ ਮੌਜੂਦ ਰਹਿੰਦੇ ਆਏ ਹਨ। ਇਨ੍ਹਾਂ ਦੀ ਅਜਿਹੀ ਛਾਪ ਕਰ ਕੇ ਹੀ ਨਕਸਲਵਾਦੀ ਲਹਿਰ ਤੇ ਵਿਚਾਰਧਾਰਾ ਦਾ ਇਤਿਹਾਸ ਸਾਂਭਣ ਦੇ ਯਤਨ ਵੀ ਸੰਜੀਦਗੀ ਨਾਲ ਹੋਏ; ਪੰਜਾਬੀ ਵਿਚ ਵੀ ਅਤੇ ਅੰਗਰੇਜ਼ੀ ਵਿਚ ਵੀ। ਇਸੇ ਸਿਲਸਿਲੇ ਦੀ ਨਵੀਂ ਕੜੀ ਹੈ ਸੀਨੀਅਰ ਪੱਤਰਕਾਰ, ਲੇਖਕ ਤੇ ਅਦੀਬ ਡਾ. ਮੇਘਾ ਸਿੰਘ ਦੀ ਕਿਤਾਬ 'ਨਕਸਲਵਾੜੀ ਲਹਿਰ ਅਤੇ ਖੱਬੇ-ਪੱਖੀ ਪੰਜਾਬੀ ਪੱਤਰਕਾਰੀ'।

ਫ਼ਰਕ ਇਹ ਹੈ ਕਿ ਇਸ ਕਿਤਾਬ ਵਿਚ ਉਸ ਵਿਸ਼ਾ-ਵਸਤੂ ਉਪਰ ਫੋਕਸ ਕੀਤਾ ਗਿਆ ਹੈ ਜੋ ਅਣਛੋਹਿਆ ਤੇ ਅਣਡਿੱਠ ਰਿਹਾ ਹੈ। ਇਸੇ ਪ੍ਰਸੰਗ ਵਿਚ ਡਾ. ਮੇਘਾ ਸਿੰਘ ਲਿਖਦੇ ਹਨ: "ਪਿਛਲੇ ਪੱਚੀ ਸਾਲਾਂ ਤੋਂ ਪੰਜਾਬੀ ਸਾਹਿਤ, ਪੱਤਰਕਾਰੀ ਅਤੇ ਇਤਿਹਾਸ ਦਾ ਅਧਿਐਨ ਕਰਦਿਆਂ ਮੈਂ ਇਸ ਵਰਤਾਰੇ ਨੂੰ ਬਹੁਤ ਸੂਖ਼ਮਤਾਈ ਨਾਲ ਨੋਟ ਕਰਦਿਆਂ ਮਹਿਸੂਸ ਕੀਤਾ ਹੈ ਕਿ ਪੰਜਾਬੀ ਸਾਹਿਤ, ਪੱਤਰਕਾਰੀ ਦੇ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਦੀਆਂ ਪੁਸਤਕਾਂ ਵਿਚ ਪਿਛਲੇ 10-12 ਦਹਾਕਿਆਂ ਦੇ ਸਮੇਂ ਵਿਚ ਪ੍ਰਕਾਸ਼ਿਤ ਹੋਏ 200 ਦੇ ਕਰੀਬ ਲੋਕ/ਖੱਬੇ ਪੱਖੀ ਪੱਤਰਾਂ ਦਾ ਜ਼ਿਕਰ ਤੱਕ ਨਹੀਂ।... ਪੰਜਾਬੀ ਸਹਿਤ, ਪੱਤਰਕਾਰੀ ਅਤੇ ਇਤਿਹਾਸ ਦੇ ਵਿਦਵਾਨਾਂ ਵੱਲੋਂ ਇਨ੍ਹਾਂ ਹੱਕ-ਸੱਚ ਦੇ ਢੰਡੋਰਚੀ ਪੱਤਰਾਂ ਦੀ ਦੇਣ ਨੂੰ ਵਿਸਾਰਿਆ ਅਤੇ ਨਕਾਰਿਆ ਜਾਣਾ ਦਰੁਸਤ ਨਹੀਂ ਕਿਹਾ ਜਾ ਸਕਦਾ।" ਇਸ ਖਲਾਅ ਦੀ ਪੂਰਤੀ ਹਿੱਤ ਡਾ. ਮੇਘਾ ਸਿੰਘ ਨੇ ਜੋ ਮਿਹਨਤ-ਮੁਸ਼ੱਕਤ






*ਡਾ. ਮੇਘਾ ਸਿੰਘ ਦੀ ਕਿਤਾਬ 'ਨਕਸਲਵਾੜੀ ਲਹਿਰ ਅਤੇ ਖੱਬੇ-ਪੱਖੀ ਪੰਜਾਬੀ ਪੱਤਰਕਾਰੀ' (ਉਪਰ) ਦਾ ਮੁਖੜਾ।*

ਕੀਤੀ, ਉਸ ਦਾ ਨਤੀਜਾ ਹੈ ਇਹ ਕਿਤਾਬ।

ਇਸ ਕਿਤਾਬ ਦੇ ਚਾਰ ਅਧਿਆਇ ਹਨ। ਪਹਿਲਾ ਪੱਤਰਕਾਰੀ, ਪੰਜਾਬੀ ਪੱਤਰਕਾਰੀ ਅਤੇ ਖੱਬੇ-ਪੱਖੀ ਸੁਰ ਵਾਲੀ ਪੰਜਾਬੀ ਪੱਤਰਕਾਰੀ ਬਾਰੇ; ਦੂਜਾ ਤੇ ਤੀਜਾ ਨਕਸਲਵਾੜੀ ਲਹਿਰ ਅਤੇ ਖੱਬੇ-ਪੱਖੀ ਪੱਤਰਕਾਰੀ ਦੀ ਵਿਰਾਸਤ ਬਾਰੇ; ਤੇ ਚੌਥਾ ਨਕਸਲਵਾੜੀ ਲਹਿਰ ਤੋਂ ਪ੍ਰਭਾਵਿਤ ਪੱਤਰਕਾਰੀ ਬਾਰੇ। 140 ਪੰਨਿਆਂ ਵਾਲਾ ਚੌਥਾ ਤੇ ਆਖ਼ਰੀ ਅਧਿਆਇ ਅਹਿਮ ਜਾਣਕਾਰੀ ਦਾ ਵਡਮੁੱਲਾ ਖ਼ਜ਼ਾਨਾ ਹੈ। ਇਹ 186 ਦੇ ਕਰੀਬ ਰਸਾਲਿਆਂ ਤੇ ਅਖ਼ਬਾਰਾਂ ਦੀ ਚਰਚਾ ਰਾਹੀਂ ਹਵਾਲਾ ਪੁਸਤਕ ਵਾਲਾ ਕਾਰਜ ਵੀ ਕਰਦਾ ਹੈ ਅਤੇ ਹੋਰ ਖੋਜ-ਸ਼ੋਧ ਦੇ ਦਰ ਵੀ ਖੋਲ੍ਹਦਾ ਹੈ। ਕਿਤਾਬ ਸਲਾਮ ਦੀ ਹੱਕਦਾਰ ਹੈ।

**ਜਸਬੀਰ ਭੁੱਲਰ ਦੇ ਗਿਆਰਾਂ ਜਣੇ:** ਸ਼ਬਦਾਂ ਤੇ ਸੰਵੇਦਨਾਵਾਂ ਦੀ ਖ਼ੂਬਸੂਰਤ ਜੜਤ ਹੈ ਜਸਬੀਰ ਭੁੱਲਰ ਦੀ ਨਵੀਂ ਕਿਤਾਬ 'ਗਿਆਰਾਂ ਜਣੇ'। ਸ਼ਬਦਾਂ ਨਾਲ ਨੱਕਾਸ਼ੀ ਕਰਨ ਦਾ ਜੋ ਹੁਨਰ ਜਸਬੀਰ ਭੁੱਲਰ ਕੋਲ ਹੈ, ਉਹ ਬਹੁਤ ਘੱਟ ਕਲਮਕਾਰਾਂ ਦੇ ਹਿੱਸੇ ਆਇਆ ਹੈ। 'ਗਿਆਰਾਂ ਜਣੇ' ਵਿਚ ਇਹ ਹੁਨਰ ਪੂਰੀ ਵਜਦ ਵਿਚ ਹੈ। ਜਿਵੇਂ ਨਾਮ ਤੋਂ ਹੀ ਜ਼ਾਹਿਰ ਹੈ, ਗਿਆਰਾਂ ਸ਼ਖ਼ਸੀਅਤਾਂ ਦੀਆਂ ਬਾਤਾਂ ਪਾਉਂਦੀ ਹੈ ਇਹ ਕਿਤਾਬ। ਉਹ ਵੀ ਮਿੱਠੜੇ ਬੋਲਾਂ ਰਾਹੀਂ। ਇਨ੍ਹਾਂ ਸ਼ਖ਼ਸੀਅਤਾਂ ਵਿਚ ਵੇਲੇ ਤੋਂ ਪਹਿਲਾਂ ਵਿਛੜ ਗਏ ਸ਼ਾਇਰ ਪ੍ਰਮਿੰਦਰਜੀਤ ਤੇ ਮਦਨ ਜਸਪਾਲ ਵੀ ਹਨ ਅਤੇ ਕਥਾਕਾਰੀ ਰਾਹੀਂ ਜਜ਼ਬਾਤ ਦਾ ਜ਼ਹੀਨਤਰੀਨ ਜਾਲ ਬੁਣਨ ਵਾਲੀਆਂ ਡਾ. ਦਲੀਪ ਕੌਰ ਟਿਵਾਣਾ ਤੇ ਸੁਖਵੰਤ ਕੌਰ ਮਾਨ ਵੀ। ਨਿਰਾਲਾ ਪੱਤਰਕਾਰ ਦਲਬੀਰ ਵੀ ਹਾਜ਼ਰ ਹੈ ਅਤੇ ਡਾ. ਗੁਰਮਿੰਦਰ ਸਿੱਧੂ ਤੇ ਡਾ. ਬਲਦੇਵ ਸਿੰਘ ਖਹਿਰਾ ਦਾ ਮੁਹੱਬਤੀ ਜੋੜਾ ਵੀ। ਪੰਜਾਬੀ ਟੈਲੀਵਿਜ਼ਨ ਤੇ ਫਿਲਮਸਾਜ਼ੀ ਨੂੰ ਅਦਬੀ ਮੁਹਾਵਰਾ ਤੇ ਮੁਹਾਂਦਰਾ ਦੇਣ ਵਾਲਾ ਹਰਜੀਤ ਅਤੇ ਨਾਟ ਸਮਰਾਟ ਸਤੀਸ਼ ਵਰਮਾ ਵੀ ਮੌਜੂਦ ਹਨ। ਹਰ ਸ਼ਬਦ-ਚਿੱਤਰ ਨਿਵੇਕਲਾ ਹੈ, ਬਹੁ-ਆਯਾਮੀ ਹੈ।

ਕਈ ਵਾਰ ਸੋਚਦਾ ਹਾਂ ਕਿ ਜਸਬੀਰ ਭੁੱਲਰ ਨੂੰ ਤਸਵੀਰਾਂ ਵਰਗੇ ਫਿਕਰੇ ਅਹੁੜਦੇ ਕਿਵੇਂ ਹਨ। ਮਿਸਾਲ ਵਜੋਂ: '... ਪ੍ਰਮਿੰਦਰਜੀਤ ਦੇ ਸਿਰ ਉੱਤੇ ਰਿਜ਼ਕ ਦਾ ਰਿਣ ਸੀ। ਇਹ ਰਿਣ ਉਤਰ ਨਹੀਂ ਸੀ ਰਿਹਾ। ਰਿਣ ਦੀ ਕਿਸ਼ਤ ਤਾਰਨ ਵੇਲੇ ਉਹ ਟੁੱਟਦਾ ਵੀ ਸੀ ਤੇ ਤਿੜਕਦਾ ਵੀ ਸੀ।' ਜਾਂ ਸ਼ਾਇਰ ਕ੍ਰਿਸ਼ਨ ਸੋਜ਼ ਬਾਰੇ: 'ਉਮਰ ਦੇ ਨਾਲ ਉਸ ਦੀ ਆਵਾਜ਼ ਵੀ ਬੁੱਢੀ ਹੋ ਗਈ ਸੀ।... ਕਵਿਤਾ ਉਹਦੇ ਨਾਲ ਬਹੁਤ ਵਰ੍ਹੇ ਰੁੱਸੀ ਰਹੀ ਤੇ ਫਿਰ ਬਹੁਤ ਉਦਾਸ ਸੁਰ ਲੈ ਕੇ ਪਰਤੀ ਸੀ।' ਹਰਜੀਤ ਬਾਰੇ: 'ਉਹ ਅਕਸਰ ਚੁੱਪ ਰਹਿੰਦਾ ਸੀ ਤੇ ਕਦੀ ਕਦਾਈਂ ਚੁੱਪ ਦੀ ਚਾਦਰ ਹੇਠੋਂ ਇਕ-ਇਕ ਕਰ ਕੇ ਆਪਣੇ ਸੁਫਨੇ ਫਰੋਲਦਾ ਸੀ।' ਡਾ. ਟਿਵਾਣਾ ਬਾਰੇ: 'ਸ਼ੈਲੀ ਡਾਕਟਰ ਦਲੀਪ ਕੌਰ ਟਿਵਾਣਾ ਦੀ ਗਲਪ ਦੀ ਸ਼ਕਤੀ ਸੀ ਪਰ ਉਹ ਸ਼ਬਦ ਨਮ ਕਿਉਂ ਸਨ?... ਉਨ੍ਹਾਂ ਸ਼ਬਦਾਂ ਦੀ ਨਮੀ ਕਿਸੇ ਵੇਲੇ ਵੀ ਝਰਨੇ ਦਾ ਰੂਪ ਧਾਰ ਲੈਂਦੀ ਹੈ।'

ਕਿਤਾਬ ਦੇ ਮੁੱਖ ਬੰਦ ਦੀ ਥਾਂ ਜਸਬੀਰ ਭੁੱਲਰ ਨੇ ਇਹ ਦੁਆ ਦਰਜ ਕੀਤੀ ਹੈ:

ਹੇ ਮੁਸੱਵਰ!
ਆਪਣੇ ਪਿਆਰ ਦੀ ਤਸਵੀਰ ਵਾਹੁਣ ਲੱਗਾ ਏਂ
ਤਾਂ ਬੁਰਸ਼ ਨੂੰ
ਪਹਿਲਾਂ ਮੁਹੱਬਤ ਦੇ ਰੰਗ ਵਿਚ ਡੋਬ...।

ਇਸ ਸਾਰੀ ਹੀ ਕਿਤਾਬ ਵਿਚ ਇਹੋ ਰੰਗ ਨੁਮਾਇਆਂ ਹੈ।

**ਦੀਪ ਦੇਵਿੰਦਰ ਸਿੰਘ ਅਤੇ ਤ੍ਰਿਕਾਲ ਸੰਧਿਆ:** ਚੰਗੇ ਕਹਾਣੀ ਲੇਖਕਾਂ ਦੀ ਤਾਦਾਦ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਘਟ ਰਹੀ ਹੈ। ਪੰਜਾਬੀ ਵੀ ਇਸ ਰੁਝਾਨ ਤੋਂ ਮੁਕਤ ਨਹੀਂ। ਸਾਡੀ ਜ਼ਬਾਨ ਨੇ ਆਲਮੀ ਪੱਧਰ ਦੇ ਕਹਾਣੀਕਾਰ ਪੈਦਾ ਕੀਤੇ ਪਰ ਹੁਣ ਉਨ੍ਹਾਂ ਵਰਗੀ ਅਦਬੀ ਹੁਨਰਮੰਦੀ ਲੁਪਤ ਹੁੰਦੀ ਜਾਪਦੀ ਹੈ। ਅਜਿਹੀ ਸੂਰਤੇਹਾਲ ਵਿਚ ਜਿਹੜੇ ਗਿਣੇ-ਚੁਣੇ ਸ਼ਿਲਪਕਾਰ, ਕਹਾਣੀ ਦੀ ਵਿਧਾ ਨੂੰ ਬਚਾਉਣ ਦਾ ਕੰਮ ਕਰ ਰਹੇ ਹਨ, ਉਨ੍ਹਾਂ ਵਿਚ ਦੀਪ ਦੇਵਿੰਦਰ ਸਿੰਘ ਸ਼ਾਮਲ ਹਨ। ਉਨ੍ਹਾਂ ਦਾ ਨਵਾਂ ਕਹਾਣੀ ਸੰਗ੍ਰਹਿ 'ਤ੍ਰਿਕਾਲ ਸੰਧਿਆ' ਕਹਾਣੀ ਕਲਾ ਉੱਪਰ ਉਨ੍ਹਾਂ ਦੀ ਪਕੜ ਦਾ ਪ੍ਰਮਾਣ ਹੈ।

ਛੇ ਕਹਾਣੀਆਂ ਹਨ ਇਸ ਸੰਗ੍ਰਹਿ ਵਿਚ: ਗੰਢਾਂ, ਪਰਿਕਰਮਾ, ਰੁੱਤ ਫਿਰੀ ਵਣ ਕੰਬਿਆ, ਤ੍ਰਿਕਾਲ-ਸੰਧਿਆ, ਵੇਲਾ ਕੁਵੇਲਾ ਅਤੇ ਓੜਕ ਸਚਿ ਰਹੀ। ਸ਼ਿਲਪ ਤੇ ਨਿਭਾਅ ਪੱਖੋਂ ਸਾਰੀਆਂ ਇਕੋ ਜਿੰਨੀਆਂ ਰੋਚਕ, ਯਥਾਰਥਕ ਅਤੇ ਸਿਰਜਣਾਤਮਕ। ਮਝੈਲੀ ਮੁਹਾਵਰਾ ਇਨ੍ਹਾਂ ਕਹਾਣੀਆਂ ਦੀ ਸ਼ੌਕਤ ਹੈ। ਇਸ ਕਾਰਨ ਵੀ ਇਹ ਸੰਗ੍ਰਹਿ ਜ਼ਿਕਰਯੋਗ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਮਈ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-585



**ਹੱਥ ਜੋੜ ਕੇ ਕਰੇ ਅਰਦਾਸਾਂ, ਕਾਮੇ ਦਾ ਪੁੱਤ 'ਗਿੰਦਰ' ਜੀ**
**ਦਾਣਾ-ਫੱਕਾ ਸਾਂਭਣ ਲਈ ਦੇਹ, ਚਾਰ ਕੁ ਦਿਨ ਤਾਂ ਇੰਦਰ ਜੀ!**

### ਕੈਪਸ਼ਨ ਮੁਕਾਬਲਾ-583



ਬਚਪਨ ਉਮਰ ਘੋਰ ਅਵੱਲੀ
ਨਾ ਸੋਚਾਂ, ਨਾ ਸ਼ਿਕਵੇ, ਨਾ ਹੀ ਉਮੰਗਾਂ
ਨਾ ਜਰੂਰਤ ਕਪੜਾ-ਲੀੜਾ
ਨੰਗੇ ਮੂੰਹ ਉਵੇਂ ਤਨ ਨੰਗਾ
ਕੌਣ ਆਪਣਾ, ਕੌਣ ਪਰਾਇਆ
ਜਿਸ ਹਸਾਇਆ, ਜਿਸ ਵਰਾਇਆ
ਉਸੇ ਵਲ ਦੇਖ ਮੁਸਕਰਾਇਆ

**ਦਰਸ਼ਨ ਪਾਲ ਦੋਸਾਂਝ**

ਆ ਬੈਠੇ ਹਾਂ ਤਖ਼ਤ ਦੇ ਉੱਪਰ
ਮਰਜ਼ੀ ਅਸੀਂ ਪੁਗਾਵਾਂਗੇ।
ਦੇ ਕੇ ਬਾਂਹ ਸਿਰਾਹਣੇ ਥੱਲੇ
ਸੋਚਾਂ ਕਈ ਦੁੜਾਵਾਂਗੇ।
ਸਭ ਨੇ ਸਾਡੀ ਨਿਗਾਹ ਦੇ ਹੇਠਾਂ
ਪੂਰਾ ਹਿਸਾਬ ਕਰਾਵਾਂਗੇ।

**ਜਗਮੀਤ ਸਿੰਘ ਪੰਧੇਰ**
**ਸੰਪਰਕ : 98783-37222**

ਗਹਿਰੀਆਂ ਅੱਖਾਂ ਵਡੇ ਸੁਪਨੇ
ਦੇਖੇ ਫੁਲਾਂ ਵਰਗੀ ਜਾਨ
ਉਮਰਾਂ 'ਚ ਬਚਪਨ ਹੰਢਾਏ,
ਮਹਾਰਾਜੇ ਵਰਗੀ ਸ਼ਾਨ।
ਕਪੜਿਆਂ ਦੀ ਪ੍ਰਵਾਹ ਨਾ ਕੋਈ,
ਮੌਜਾਂ ਜਾਵੇ ਮਾਣੀ।
ਇਕ ਸੱਜਰੀ ਜ਼ਿੰਦਗੀ ਦੀ ਸ਼ੁਰੂ ਹੋਈ ਕਹਾਣੀ।

**ਹਰਜੋਤ ਕੌਰ**
**ਫੋਨ: 734-883-6704**

## ਗ਼ਜ਼ਲ - ਅਜੇ ਤਨਵੀਰ

ਸ਼ਹਿਰ ਤੇਰੇ ਦੇ ਲੋਕਾਂ ਇਹ ਇਲਜ਼ਾਮ ਲਗਾਏ ਨੇ।
ਮੈਂ ਰੰਗਾਂ ਬਿਨ ਪਾਣੀ ਉੱਤੇ ਨਕਸ਼ ਬਣਾਏ ਨੇ।

ਖ਼ਬਰਾਂ ਦੇ ਵਿਚ ਸੁਣਿਆ ਸਾਰਾ ਸ਼ਹਿਰ ਸਲਾਮਤ ਹੈ,
ਸੋਚ ਰਿਹਾਂ ਫਿਰ ਏਨੇ ਖ਼ਤ ਕਿਉਂ ਵਾਪਸ ਆਏ ਨੇ।

ਹਰ ਪੰਛੀ ਦੇ ਹੱਕ 'ਚ ਗਾਏ ਗੀਤ ਜਦੋਂ ਮੈਂ, ਤਾਂ,
ਇਸ ਦਾ ਕਰਨ ਵਿਰੋਧ ਸ਼ਿਕਾਰੀ ਰਲ ਕੇ ਆਏ ਨੇ।

ਮੇਰਾ ਸਾਰਾ ਜੀਵਨ ਹਾਦਿਸਆਂ ਵਿਚ ਲੰਘ ਗਿਆ,
ਫੁੱਲਾਂ ਦੇ ਗੁਲਦਸਤੇ ਘਰ ਵਿਚ ਕੌਣ ਲਿਆਏ ਨੇ।

ਮੇਰੀ ਧੀ ਨੇ ਬਚਪਨ ਦੇ ਵਿਚ ਦੇਖੇ ਸਨ ਜੁਗਨੂੰ,
ਤਾਂ ਹੀ ਉਸ ਨੇ ਕਾਗਜ਼ ਉੱਤੇ ਦੀਪ ਬਣਾਏ ਨੇ।

ਮੈ ਇਸ ਰੁੱਤ 'ਚ ਆਪਣੇ ਆਪ ਦਾ ਸਾਥ ਨਹੀਂ ਦਿੱਤਾ,
ਪਰ ਜੋ ਮੇਰੇ ਨਾਲ ਤੁਰੇ ਇਹ ਕਿਸ ਦੇ ਸਾਏ ਨੇ।

ਆਪਣਾ ਲਗਦਾ ਕੋਈ ਉੱਠ ਕੇ ਵੇਖ ਜ਼ਰਾ ਤਨਵੀਰ,
ਜ਼ਖਮੀ ਦੌਰ 'ਚ ਜਿਸ ਨੇ ਆ ਕੇ ਦਰ ਖੜਕਾਏ ਨੇ।

# ਗੁਰੂ ਨਾਨਕ ਤੇ ਮਾਰਕਸਵਾਦ

ਸਿੱਖਿਜ਼ਮ ਤੇ ਮਾਰਕਸਿਜ਼ਮ ਬਾਰੇ ਇਕੋ ਥਾਂ ਗੱਲ ਕੀਤੀ ਜਾ ਸਕਦੀ ਹੈ ਪਰ ਇਹ ਯਤਨ ਕਦੇ ਖੁਲ੍ਹ ਕੇ ਕੀਤਾ ਨਹੀਂ ਗਿਆ। ਗੱਲ ਨਾ ਕਰਨ ਦਾ ਮੁੱਖ ਕਾਰਣ ਇਹ ਹੈ ਕਿ ਸਿੱਖ ਮੱਤ ਨੂੰ ਇਸ ਦੇ ਅਨੁਆਈ ਇਕ ਧਰਮ ਮੰਨਦੇ ਹਨ। ਧਰਮ ਦਾ ਨਾਂ ਦੇਣ ਨਾਲ ਹੀ ਇਹ ਵਿਗਿਆਨਿਕ ਵਿਚਾਰਧਾਰਾ ਕੱਚ ਦੇ ਉਸ ਤਿੜਕਣਸ਼ੀਲ ਚੌਖਟੇ ਵਿਚ ਬੰਦ ਹੋ ਜਾਂਦੀ ਹੈ ਜਿਸ ਵਲ ਉਂਗਲ ਸੇਧਣ ਨਾਲ ਹੀ ਠੇਸ ਲਗ ਜਾਣ ਦਾ ਖਦਸ਼ਾ


**ਡਾ: ਗੋਬਿੰਦਰ ਸਿੰਘ ਸਮਰਾਓ**
**ਫੋਨ- 209-565-1080**

ਰਹਿੰਦਾ ਹੈ। ਸਿੱਖ ਵਿਦਵਾਨਾਂ ਤੇ ਸ਼ਰਧਾਲੂਆਂ ਅਨੁਸਾਰ ਉਨ੍ਹਾਂ ਦੇ ਅਧਿਆਤਮਿਕਤਾ ਪ੍ਰਧਾਨ ਧਰਮ ਦਾ ਨਿਰੋਲ ਪਦਾਰਥਵਾਦੀ ਵਿਚਾਰਧਾਰਾ ਮਾਰਕਸਵਾਦ ਨਾਲ, ਜੋ ਧਰਮ ਨੂੰ ਅਫੀਮ ਸਮਝਦਾ ਹੈ, ਕੋਈ ਸਬੰਧ ਨਹੀਂ ਹੋ ਸਕਦਾ। ਦੂਜੇ ਪਾਸੇ ਮਾਰਕਸਵਾਦੀ ਵਿਦਵਾਨ ਵੀ ਸਿੱਖੀ ਨੂੰ ਇਕ ਧਰਮ ਸਮਝਦੇ ਹੋਏ ਇਸ ਦੇ ਵਿਚਾਰਾਂ ਨੂੰ ਅਧਿਆਤਮਵਾਦੀ ਰੁਝਾਨ ਵਾਲੇ ਮੰਨਦੇ ਹਨ। ਉਹ ਇਸ ਨੂੰ ਆਪਣੇ ਵਿਗਿਆਨਕ ਪਦਾਰਥਵਾਦ ਦੇ ਘੇਰੇ ਤੋਂ ਬਾਹਰ ਦੀ ਚੀਜ਼ ਮੰਨ ਕੇ ਇਸ ਤੋਂ ਦੂਰ ਰਹਿੰਦੇ ਹਨ। ਇਕ ਪਾਸੇ ਸਿੱਖੀ ਨੂੰ ਇਕ ਸੰਵੇਦਨਸ਼ੀਲ ਵਿਸ਼ਾ ਮੰਨਿਆ ਜਾਂਦਾ ਹੈ ਤੇ ਦੂਜੇ ਪਾਸੇ ਮਾਰਕਸਵਾਦ ਨੂੰ ਪਦਾਰਥਵਾਦ ਆਧਾਰਿਤ ਬੌਧਿਕ ਕੱਟੜਤਾ ਦਾ। ਦੋਵੇਂ ਧਿਰਾਂ ਆਪੂੰ ਸਿਰਜੀਆਂ ਚਾਰ-ਦਿਵਾਰੀਆਂ ਨੂੰ ਘੱਟ ਵੱਧ ਹੀ ਉਲਾਂਘਦੀਆਂ ਹਨ। ਪਰ ਉਨ੍ਹਾਂ ਦੇ ਇਸ ਗੁਰੇਜ਼ ਵਿਚ ਬਹੁਤ ਕੁਝ ਅਜਿਹਾ ਹੈ ਜੋ ਕਿਸੇ ਸੀਤ ਚਿੰਤਨ ਦੀ ਥੁੜ ਕਾਰਨ ਅਣਕਿਹਾ ਰਹਿਆ ਹੋਇਆ ਜਾਪਦਾ ਹੈ। ਨਾ ਸਿੱਖ ਮਤ ਧਰਮ ਹੈ ਜੋ ਬਹੁਤੇ ਸਿੱਖ ਤੇ ਸਾਰੇ ਮਾਰਕਸਵਾਦੀ ਵਿਚਾਰਕ ਸਮਝਦੇ ਹਨ ਤੇ ਨਾ ਮਾਰਕਸਵਾਦ ਰੁੱਖਾ ਪਦਾਰਥਵਾਦ ਹੈ ਜੋ ਸਾਰੇ ਸਿੱਖ ਵਿਦਵਾਨ ਤੇ ਬਹੁਤੇ ਮਾਰਕਸਵਾਦੀ ਵਿਦਵਾਨ ਸਮਝਦੇ ਹਨ। ਲਗਦਾ ਇੰਜ ਹੈ ਜਿਵੇਂ ਇਕ ਪੰਦਰਹਵੀਂ ਸਦੀ ਦੀ ਬੰਦ ਕਲੀ ਹੋਵੇ ਤੇ ਦੂਜਾ ਉਸੇ ਪੌਦੇ ਦਾ ਉਨ੍ਹੀਵੀਂ ਸਦਾ ਦਾ ਖਿੜਿਆ ਹੋਇਆ ਫੁੱਲ। ਇਸ ਲੇਖ ਦਾ ਮੰਤਵ ਇਨ੍ਹਾਂ ਖਾਮੋਸ਼ ਵਿਚਾਰਾਂ ਨੂੰ ਤਹਿ 'ਚੋਂ ਖੋਜ ਕੇ ਜ਼ੁਬਾਨ ਦੇਣਾ ਹੈ।

ਅਜਿਹਾ ਕਾਰਜ ਕਰਨ ਲਈ ਚਾਰ ਮੁੱਖ ਪੂਰਵ-ਧਾਰਣਾਵਾਂ ਨੂੰ (ਫਰਇਮਸਿਇਸ) ਨੂੰ ਨਾਲ ਲੈਣਾ ਪਵੇਗਾ। ਪਹਿਲੀ ਇਹ ਕਿ ਸਭ ਪ੍ਰਾਕ੍ਰਿਤਿਕ ਤੇ ਸਮਾਜਕ ਵਰਤਾਰੇ ਇਤਿਹਾਸਕ ਲੜੀ ਵਿਚ ਪਰੋਏ ਹੁੰਦੇ ਹਨ ਭਾਵ ਅੰਦਰੋਂ ਵਿਕਾਸ ਦੀਆਂ ਤੰਦਾਂ ਨਾਲ ਜੁੜੇ ਹੁੰਦੇ ਹਨ। ਇਤਿਹਾਸਕ ਪ੍ਰੀਕ੍ਰਿਆਵਾਂ ਵਿਚ ਸਮਾਂ ਤੇ ਸਥਾਨ ਦੋ ਮਹੱਤਵਪੂਰਣ ਤੱਤ ਹਨ ਜੋ ਇਨ੍ਹਾਂ ਨੂੰ ਅੰਦਰੋਂ ਜੋੜਦੇ ਹਨ। ਕੁਦਰਤ ਤੇ ਸਮਾਜ ਦਾ ਜੋ ਵੀ ਵਰਤਾਰਾ ਘਟਦਾ ਹੈ ਉਹ ਯਥਾਰਥਿਕ ਤੌਰ ਤੇ ਵਾਪਰਿਆ ਹੁੰਦਾ ਹੈ ਤੇ ਉਸ ਉਤੇ ਸਮੇਂ ਤੇ ਸਥਾਨ ਦਾ ਠੱਪਾ ਲੱਗਿਆ ਹੁੰਦਾ ਹੈ। ਇਨ੍ਹਾਂ ਦਾ ਵਿਸਲੇਸ਼ਣ ਤੇ ਮੁਲਾਂਕਣ ਕਰਨ ਵੇਲੇ ਇਸ ਠੱਪੇ ਦੀ ਪਹਿਚਾਣ ਕਰਨੀ ਬੜੀ ਜਰੂਰੀ ਹੈ। ਭਿੰਨ ਭਿੰਨ ਘਟਨਾਵਾਂ, ਮੁਹਿੰਮਾਂ, ਵਿਚਾਰਧਾਰਾਵਾਂ ਤੇ ਵਿਅਕਤੀਗਤ ਵਿਚਾਰ ਇਕ ਥਾਲ ਵਿਚ ਖਿਲਰੇ ਬੇਰਾਂ ਵਾਂਗ ਨਹੀਂ ਹੁੰਦੇ ਕਿ ਜਿਹੜਾ ਵਧੇਰੇ ਲਾਲ ਦਿਖੇ ਉਸ ਨੂੰ ਚੁੱਕ ਕੇ ਖਾ ਲਓ ਤੇ ਬਾਕੀ ਦੇ ਰਹਿਣ ਦਿਓ। ਇਹ ਵਿਕਾਸ ਦੀ ਮਾਲਾ ਵਿਚ ਪ੍ਰੋਏ ਮਣਕਿਆਂ ਵਾਂਗ ਹੁੰਦੇ ਹਨ ਜੋ ਜਿੱਥੇ ਹਨ ਉੱਥੇ ਹੀ ਵਿਚਾਰੇ ਜਾ ਸਕਦੇ ਹਨ, ਭਾਵ ਨਾ ਪੁੱਟੇ ਜਾ ਸਕਦੇ ਹਨ ਜਾਂ ਪੁੱਟ ਕੇ ਦੂਜੀ ਥਾਂ ਲਿਜਾਏ ਜਾ ਸਕਦੇ ਹਨ। ਦੂਜੀ, ਹਰ ਇਕ ਵਰਤਾਰੇ ਦੇ ਪਿੱਛੇ ਆਪਣਾ ਇਤਿਹਾਸ ਹੈ, ਆਪਣਾ ਪਿਛੋਕੜ ਹੈ, ਆਪਣਾ ਸੰਧਰਵ ਹੈ, ਆਪਣਾ ਵਿਕਾਸ ਹੈ ਤੇ ਆਪਣਾ ਦੇਸ-ਕਾਲ ਹੈ। ਇਨ੍ਹਾਂ ਪ੍ਰਗਟਾਵੀ ਅੰਸ਼ਾਂ ਨੂੰ ਅਣਗੌਲਿਆਂ ਕਰਕੇ ਇਨ੍ਹਾਂ ਵਰਤਾਰਿਆਂ ਦਾ ਮੁਲਾਂਕਣ ਕਰਨਾ ਸੰਭਵ ਨਹੀਂ। ਇਨ੍ਹਾਂ ਨੂੰ ਗੱਣਿਤ ਦੀ ਕਿਸੇ ਸੰਖਿਆ ਰੇਖਾ ਤੇ ਟਿਕਾ ਕੇ ਵੀ ਨਹੀਂ ਦੇਖਿਆ ਜਾ ਸਕਦਾ। ਸਾਧਾਰਣ ਰੇਖਾ-ਗੱਣਿਤ ਤੇ ਸਥੂਲ ਜਮੈਟਰੀ ਰਾਹੀਂ ਵੀ ਇਨ੍ਹਾਂ ਦੀ ਸਮਝ ਨਹੀਂ ਪੈ ਸਕਦੀ। ਇਨ੍ਹਾਂ ਦੇ ਪ੍ਰਭਾਵੀ ਤੱਤਾਂ ਦੀ ਬਹੁਲਤਾ ਤੇ ਜਟਲਤਾ ਨੂੰ ਦੇਖਦਿਆਂ ਕੋ-ਆਰਡੀਨੇਟ ਜਮੈਟਰੀ ਤੇ ਕੈਲਕੂਲਸ ਦੇ ਫੰਕਸਨ ਗਰਾਫ ਹੀ ਕੁਝ ਕੰਮ ਕਰ ਸਕਦੇ ਹਨ। ਇਹ ਵੀ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਇਨ੍ਹਾਂ ਦਾ ਬਾਹਰੀ ਰੂਪ ਵੱਖ ਕਰਕੇ ਕੇਵਲ ਤੱਤ-ਸਾਰ ਦੇ ਵਿਕਾਸ ਦਾ ਹੀ ਨਿਰਣਾ ਕੀਤਾ ਜਾਵੇ। ਨਾਲੇ ਇਨ੍ਹਾਂ ਦੇ ਆਪਣੇ ਵਿਕਾਸ ਤੋਂ ਉੱਤੇ ਵੀ ਮੱਨੁਖੀ ਬੌਧਿਕਤਾ ਤੇ ਵਿਗਿਆਨ ਦੇ ਵਿਕਾਸ ਦਾ ਇਕ ਹੋਰ ਇਤਿਹਾਸਿਕ ਵਰਤਾਰਾ ਚਲ ਰਿਹਾ ਹੁੰਦਾ ਹੈ ਜਿਸ ਵਲ ਵੀ ਧਿਆਨ ਦੇਣਾ ਜਰੂਰੀ ਹੈ।

ਸੌਖੇ ਸ਼ਬਦਾਂ ਵਿਚ ਕਹੀਏ ਤਾਂ ਗੁਰੂ ਨਾਨਕ ਤੇ ਮਾਰਕਸ ਦਾ ਮੁਲਾਂਕਣ ਇਸ ਗੱਲ ਤੇ ਨਹੀਂ ਕੀਤਾ ਜਾ ਸਕਦਾ ਕਿ ਉਨ੍ਹਾਂ ਨੇ ਕਿਹੜੀ ਭਾਸ਼ਾ ਵਰਤੀ, ਕਵਿਤਾ ਜਾ ਵਾਰਤਿਕ ਵਿਚੋਂ ਭਾਸ਼ਾ ਦਾ ਕਿਹੜਾ ਰੂਪ ਵਰਤਿਆ ਜਾਂ ਉਹ ਕਿੱਥੇ ਗਏ, ਕੀਹਨੂੰ ਮਿਲੇ, ਕੀ ਕਿਹਾ, ਕੀ ਮੁੱਦੇ ਉਠਾਏ, ਕੀ ਪ੍ਰਤੀਕਰਮ ਦਿੱਤੇ ਤੇ ਕੀ ਹੱਲ ਦੱਸੇ। ਇਹ ਉਨ੍ਹਾਂ ਦੇ ਸੋਚ ਵਿਚਾਰ ਦਾ ਬਾਹਰਲਾ ਪੱਖ ਹੈ, ਜੋ ਇਕੋ ਕਾਲ ਵਿਚ ਤੇ ਇਕੋ ਸਥਾਨ ਤੇ ਵੀ ਵੱਖ ਵੱਖ ਹੁੰਦਾ ਹੈ। ਪਰ ਉਨ੍ਹਾਂ ਦੀ ਸੋਚ ਲੜੀ ਵਿਚ ਸਮੇਂ ਸਥਾਨ ਨੂੰ ਲਾਂਘ ਕੇ ਸਚਾਈ ਦੀ ਇਕ ਲਾਲ ਡੋਰ ਹਰ ਸਮੇਂ ਚਲਦੀ ਰਹਿੰਦੀ ਹੈ ਜੋ ਵਿਚਾਰਨਯੋਗ ਹੁੰਦੀ ਹੈ। ਉਦਾਹਰਣ ਲਈ ਭਾਵੇਂ ਗੁਰੂ ਸਾਹਿਬ ਨੇ ਕਾਵਿ ਦਾ ਮਾਧਿਅਮ ਵਰਤਿਆ ਹੋਵੇ ਤੇ ਮਾਰਕਸ ਨੇ ਵਾਰਤਕ ਦਾ ਸਹਾਰਾ ਲਿਆ ਹੋਵੇ, ਗੁਰੂ ਸਾਹਿਬ ਨੇ ਹਿੰਦੂਆਂ, ਮੁਸਲਮਾਨਾਂ, ਤੇ ਸੁਲਤਾਨਾਂ ਦੇ ਹਵਾਲੇ ਦਿੱਤੇ ਹੋਣ ਤੇ ਕਾਰਲ ਮਾਰਕਸ ਨੇ ਹੀਗਲ, ਪ੍ਰੋਧਾਂ, ਰਾਬਰਟ ਓਵਿਨ ਤੇ ਫਾਰਬਾਖ਼ ਦੇ ਹਵਾਲੇ ਨਾਲ ਲਿਖਿਆ ਹੋਵੇ ਜਾਂ ਗੁਰੂ ਨਾਨਕ ਨੇ ਮੱਧ-ਕਾਲੀਨ ਸ਼ਬਦਾਵਲੀ ਵਰਤੀ ਹੋਵੇ ਤੇ ਮਾਰਕਸ ਨੇ 19ਵੀਂ ਸਦੀ ਵਿਚ ਉਪਜੇ ਆਰਥਿਕ-ਰਾਜਨੀਤਕ ਸ਼ਬਦਾਂ ਦਾ ਇਸਤੇਮਾਲ ਕੀਤਾ ਹੋਵੇ, ਇਹ ਸਭ ਗੱਲਾਂ ਨਿਰਮੂਲ ਹਨ ਭਾਵ ਕਿਸੇ ਗੂੜ ਗੋਸਟੀ ਦਾ ਵਿਸ਼ਾ ਨਹੀਂ ਬਣਦੀਆਂ। ਪਰ ਦੋਹਾਂ ਦੇ ਵਿਚਾਰਾਂ ਦੀ ਸਾਂਝੀ ਗੱਲ ਇਹ ਹੈ ਕਿ ਦੋਵੇਂ ਸੱਚ ਦੇ ਰਾਹੀ ਸਨ ਤੇ ਇਸ ਦੀ ਪ੍ਰਾਪਤੀ ਵਿਚ ਖੋਜ਼ ਤੇ ਪੜਤਾਲ ਦੇ ਹਾਮੀ ਸਨ। ਮੁੱਖ ਟਾਕਰਾ ਉਨ੍ਹਾਂ ਦੇ ਚਿੰਤਨ ਦੇ ਮੂਲ ਮੁੱਦਿਆਂ ਦਾ ਹੈ ਨਾ ਕਿ ਮੁੱਦਿਆਂ ਦੇ ਪ੍ਰਗਟਾਵਿਆਂ ਤੇ ਰੂਪਾਂਤਰਾਂ ਦਾ।

ਤੀਜੀ, ਇਹ ਕਿ ਇਹ ਮੁੱਖ ਮੁੱਦੇ ਚਿੰਤਕਾਂ ਦੀਆਂ ਵਿਸੇਸ਼ ਲਿਖਤਾਂ ਵਿਚੋਂ ਲਏ ਜਾਣ। ਗੁਰੂ ਨਾਨਕ ਤੇ ਮਾਰਕਸ ਦੇ ਸਬੰਧ ਵਿਚ ਵਿਚਾਰੀਏ ਤਾਂ ਦੋਹਾਂ ਵਿਚਾਰਕਾਂ ਨੇ ਅਣਥੱਕ



ਲਿਖਿਆ ਹੈ ਤੇ ਵੱਖ ਵੱਖ ਵਿਸ਼ਿਆਂ ਤੇ ਲਿਖਿਆ ਹੈ। ਗੁਰੂ ਸਾਹਿਬ ਨੇ ਬਾਰਾਮਾਹ ਲਿਖਿਆ ਹੈ, ਕਾਰਲ ਮਾਰਕਸ ਨੇ ਸਰਮਾਇਆ ਲਿਖੀ ਹੈ। ਜੇ ਕੋਈ ਇਨ੍ਹਾਂ ਪੁਸਤਕਾਂ ਨੂੰ ਲੈ ਕੇ ਇਨ੍ਹਾਂ ਦੇ ਚਿੰਤਨ ਦਾ ਟਾਕਰਾ ਕਰੇ ਤਾਂ ਉਸ ਨੂੰ ਨਿਰਾਸ਼ਾ ਹੋਵੇਗੀ ਕਿਉਂਕਿ ਇਨ੍ਹਾਂ ਵਿਚ ਟਾਕਰਾ ਕਰਨ ਯੋਗ ਬਹੁਤਾ ਕੁਝ ਨਹੀਂ ਹੈ। ਇਸੇ ਤਰ੍ਹਾਂ ਸਿਧ ਗੋਸਟ ਤੇ ਲੂਈ ਬੋਨਾਪਾਰਟੇ ਦਾ ਅਠਾਹਰਵਾਂ ਅਵਤਾਰ ਦਾ ਸਾਂਝਾ ਅਧਿਐਨ ਵੀ ਬਹਿਸ ਪਖੋਂ ਨਿਰਮੂਲ ਸਾਬਤ ਹੋਵੇਗਾ।

ਇਸ ਦਾ ਪਹਿਲਾ ਹੱਲ ਇਹ ਹੈ ਕਿ ਦੋਹਾਂ ਚਿੰਤਕਾਂ ਦੇ ਵਿਚਾਰਾਂ ਦਾ ਮੁਲਾਂਕਣ ਉਨ੍ਹਾਂ ਦੀ ਫਿਲਾਸਫੀ ਦੇ ਪ੍ਰਮੁੱਖ ਸੋਮਿਆਂ ਦੇ ਸੰਧਰਵ ਵਿਚ ਕੀਤਾ ਜਾਵੇ। ਦੂਜਾ ਹੱਲ ਇਹ ਕਿ ਇਹ ਸੋਮੇ ਉਨ੍ਹਾਂ ਦੀ ਉਤਪਾਦਨ ਕ੍ਰਿਆ ਦੇ ਪ੍ਰੌਢ ਕਾਲ ਦੇ ਹੋਣ ਜਦੋਂ ਉਨ੍ਹਾਂ ਦੇ ਵਿਚਾਰ ਪਰਪੱਕਤਾ ਧਾਰਨ ਕਰ ਗਏ ਹੋਣ। ਗੁਰੂ ਨਾਨਕ ਦੀ ਅਜਿਹੀ ਲਿਖਤ ਜਪੁਜੀ ਸਾਹਿਬ ਹੈ ਜੋ ਉਨ੍ਹਾਂ ਨੇ ਆਪਣੇ ਜੀਵਨ ਦੇ ਅਖਿਰੀ ਸਾਲਾਂ ਵਿਚ ਸ੍ਰੀ ਕਰਤਾਰਪੁਰ ਵਿਖੇ ਆਪਣੀਆਂ ਲਿਖਤਾਂ ਵਿਚੋਂ ਆਪਣੀ ਹੀ ਦੇਖ ਰੇਖ ਵਿਚ ਭਾਈ ਲਹਿਣਾ ਤੋਂ ਸੰਕਲਣ ਕਰਵਾਈ। ਦੂਜੇ ਪਾਸੇ ਮਾਰਕਸ ਤੇ ਏਂਗਲਜ਼ ਦਾ ਮੈਨੀਫੈਸਟੋ ਤੇ ਐਂਟੀ ਡੂਹਰਿੰਗ ਅਤੇ ਏਂਗਲਜ਼ ਦਾ ਡਾਇਲੈਕਟਿਕਸ ਆਫ ਨੇਚਰ ਮਾਰਕਸਿਜ਼ਮ ਦੇ ਮੂਲ ਵਿਚਾਰਧਾਰਾਤਮਿਕ ਸੋਮੇ ਸਮਝੇ ਜਾ ਸਕਦੇ ਹਨ। ਉਂਜ "ਜਰਮਨ ਆਇਡੀਆਲੋਜੀ" ਤੋਂ ਬਾਦ ਦੀਆਂ ਉਨ੍ਹਾਂ ਦੀਆਂ ਸਭ ਪੁਸਤਕਾਂ ਉਨ੍ਹਾਂ ਦੇ ਵਿਚਾਰਾਂ ਦੇ ਮੂਲ ਵਿਚਾਰਧਾਰਾਤਮਿਕ ਸੋਮੇ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਵਿਗਿਆਨਕ ਸਮਾਜਵਾਦ ਦਾ ਸਿਧਾਂਤ ਦੱਸਦੇ ਹੋਏ ਉਨ੍ਹਾਂ ਨੂੰ ਕਦੇ ਸੋਧਿਆ ਨਹੀਂ। ਜਰਮਨ ਆਇਡੀਆਲੋਜੀ ਦੇ ਖਰੜੇ ਜੋ ਮਰਕਸ ਤੇ ਏਂਗਲਜ਼ ਨੇ 1844 ਵਿਚ ਮਿਲ ਕੇ ਲਿਖੇ ਪਰ ਕਦੇ ਛਪਵਾਏ ਨਹੀਂ, ਅਤੇ ਇਸ ਤੋਂ ਪਹਿਲਾਂ ਦੀਆਂ ਸਭ ਲਿਖਤਾਂ ਨੂੰ ਇਨ੍ਹਾਂ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਵੇਲੇ ਮਾਰਕਸ ਦਾ ਮਾਰਕਸਵਾਦ ਹਾਲੇ ਪਨਪ ਰਿਹਾ ਸੀ। ਇਸ ਬਾਰੇ ਫ੍ਰੈਡ੍ਰਿਕ ਏਂਗਲਜ਼ ਨੇ ਸਾਫ ਲਿਖਿਆ ਹੈ, "ਜਰਮਨ ਆਇਡੀਆਲੋਜੀ ਤਾਂ ਸਾਡੀ ਅਭਿਆਸ ਪੁਸਤਿਕਾ ਸੀ ਜਿਸ ਨੂੰ ਲਿਖ ਕੇ ਅਸੀਂ ਆਪਣੇ ਵਿਚਾਰ ਪਰਖਣ ਦੀ ਮਸ਼ਕ ਕਰ ਰਹੇ ਸਾਂ। ਇਸੇ ਲਈ ਅਸੀਂ ਉਸ ਨੂੰ ਛਪਵਾ ਕੇ ਅਲੋਚਕਾਂ ਅੱਗੇ ਸੁੱਟਣ ਦੀ ਬਜਾਏ ਖਰੜਾ ਰੂਪ ਵਿਚ ਹੀ ਚੂਹਿਆਂ ਦੀ ਚੀਰ-ਫਾੜਵੀਂ ਅਲੋਚਨਾ ਲਈ ਛੱਡ ਦਿੱਤਾ।" ਉਂਜ ਮਾਰਕਸ ਦੀ ਪ੍ਰੌਢ ਤੇ ਅੰਤਮ ਲਿਖਤ ਏ ਕ੍ਰੀਟੀਕ ਆਫ ਦਾ ਗੋਥਾ ਪ੍ਰੋਗਰਾਮ (1875) ਹੈ ਜਿਸ ਨੂੰ ਵਿਚਾਰੇ ਬਿਨਾਂ ਉਸ ਦੀ ਰਾਜਨੀਤਕ ਤੇ ਆਰਥਿਕ ਫਿਲਾਸਫੀ ਦਾ ਕੋਈ ਖੋਜੀ ਪਰਪੱਕਤਾ ਹਾਸਲ ਨਹੀਂ ਕਰ ਸਕਦਾ।

ਚੌਥੀ ਪੂਰਵ-ਮਾਨਤਾ ਇਹ ਹੈ ਕਿ ਗੁਰੂ ਨਾਨਕ ਤੇ ਕਾਰਲ ਮਾਰਕਸ ਦੇ ਮੂਲ ਵਿਚਾਰਾਂ ਦਾ ਸਿੱਧਾ ਟਾਕਰਾ ਕਰਨ ਨਾਲੋਂ ਉਨ੍ਹਾਂ ਨੂੰ ਇਕ ਸਾਂਝੇ ਨਿਰਪੱਖ ਪੈਮਾਨੇ ਦੇ ਮਾਧਿਅਮ ਰਾਹੀਂ ਮਾਪਿਆ ਜਾਵੇ। ਅੱਜ ਦੇ ਯੁਗ ਵਿਚ ਇਹ ਨਿਰਪੱਖ ਪੈਮਾਨਾ ਵਿਗਿਆਨਕ ਪ੍ਰਮਾਣੀਕਤਾ ਤੇ ਵਿਗਿਆਨਕ ਢੰਗਾਵਲੀ ਦੀ ਵਰਤੋਂ ਦਾ ਹੈ।

ਗੁਰੂ ਨਾਨਕ ਦੇਵ ਪੰਦਰ੍ਹਵੀਂ ਸੋਲ੍ਹਵੀਂ ਸਦੀ ਦੇ ਮੌਲਿਕ ਵਿਦਵਾਨ ਸਨ ਜਿਨ੍ਹਾਂ ਦੀਆਂ ਬੌਧਿਕ ਸਿੱਖਿਆਵਾਂ ਨੂੰ ਸਿੱਖੀ ਜਾਂ ਸਿੱਖਿਜ਼ਮ ਕਿਹਾ ਜਾਂਦਾ ਹੈ। ਉਨ੍ਹਾਂ ਦਾ ਜਨਮ 1469 ਈ: ਵਿਚ ਪੰਜਾਬ ਵਿਚ ਹੋਇਆ। ਸਮੇਂ ਦੀਆਂ ਪ੍ਰਥਾਵਾਂ ਅਨੁਸਾਰ ਉਨ੍ਹਾਂ ਨੂੰ ਧਾਰਮਿਕ ਸੰਸਕਾਰਾਂ ਵਿਚ ਢਾਲਣ ਦੀ ਕੋਸਿਸ ਕੀਤੀ ਗਈ ਪਰ ਉਨ੍ਹਾਂ ਨੇ ਕਿਸੇ ਰੰਗ ਵਿਚ ਰੰਗੇ ਜਾਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਪ੍ਰਚਲਤ ਵਿਚਾਰਧਾਰਾਵਾਂ ਵਿਚ ਕੁਝ ਵੀ ਸਚ ਪ੍ਰਤੀਤ ਨਾ ਹੋਇਆ ਜੋ ਸ੍ਰਿਸ਼ਟੀ ਦੀ ਉਤਪਤੀ ਤੇ ਇਸ ਦੇ ਪ੍ਰਚਲਣ ਬਾਰੇ ਚਾਨਣਾ ਪਾਵੇ। ਇਸ ਲਈ ਉਨ੍ਹਾਂ ਨੇ ਆਪਣਾ ਬਚਪਨ ਤੇ ਜਵਾਨੀ ਸੱਚ ਦੀ ਖੋਜ਼ ਵਿਚ ਗੁਜ਼ਾਰੀ। ਭਰ ਜਵਾਨੀ ਵਿਚ ਉਨ੍ਹਾਂ ਨੇ ਸਮਝ ਲਿਆ ਸੀ ਕਿ ਮੱਨੁਖਤਾ ਦੇ ਧੁਰ ਦੇ ਭਾਵ ਮੁੱਢ ਕਦੀਮੀ ਪ੍ਰਸ਼ਨ ਦਾ ਉੱਤਰ ਨਾ ਹਿੰਦੂ-ਮਤ ਵਿਚ ਹੈ ਤੇ ਨਾ ਇਸਲਾਮ ਵਿਚ। ਇਸੇ ਲਈ ਉਨ੍ਹਾਂ ਨੇ ਸੁਲਤਾਨਪੁਰ ਲੋਧੀ ਵਿਚ ਰਹਿੰਦਿਆਂ "ਨਾ ਹਿੰਦੂ ਨਾ ਮੁਸਲਮਾਨ" ਕਹਿ ਕੇ ਆਪਣੇ ਨਵੇਕਲੇ ਮੱਤ ਦਾ ਮੁੱਢ ਬੰਨਿਆ। ਉਨ੍ਹਾਂ ਨੇ ਦੇਸ ਵਿਦੇਸ਼ ਵਿਚ ਘੁੰਮ ਕੇ ਬਾਣੀ ਰਚੀ ਤੇ ਲੋਕਾਂ ਨੂੰ ਆਪਣੇ ਮਤ ਦੀ ਸਿਖਿਆ ਦਿੱਤੀ। ਉਨ੍ਹਾਂ ਨੇ ਇਹ ਸਿੱਖਿਆ ਆਮ ਲੋਕਾਂ ਦੇ ਮੱਧਕਾਲੀਨ ਸੋਚ ਮਿਆਰ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਦਿੱਤੀ ਤਾਂ ਜੋ ਸੌਖਿਆਂ ਸਮਝ ਵਿਚ ਆ ਜਾਵੇ। ਪਰ ਫਿਰ ਵੀ ਇਹ ਬਹੁਤਿਆਂ ਦੇ ਸਿਰਾਂ ਉਪਰ ਦੀ ਲੰਘ ਗਈ ਤੇ ਉਨ੍ਹਾਂ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਿੱਖ ਮਤ ਦੀ ਥਾਂ ਸਿੱਖ ਧਰਮ ਸਮਝ ਲਿਆ। ਇਸ ਲਈ ਉਹ ਇਸ ਵਿਚੋਂ ਉਹੀ ਗੱਲਾਂ ਭਾਲਣ ਲਗ ਪਏ ਜੋ ਹਿੰਦੂ ਧਰਮ ਤੇ ਇਸਲਾਮ ਵਿਚ ਪਰਚੱਲਤ ਸਨ।


ਆਪਣੀ ਉਮਰ ਦੇ ਢਲਦੇ ਪੜਾਅ ਵਿਚ ਜਦੋਂ ਉਹ ਆਪਣੀਆਂ ਚਾਰ ਉਦਾਸੀਆਂ (ਪਰਚਾਰ-ਭ੍ਰਮਣਾਂ) ਤੋਂ ਬਾਦ ਕਰਤਾਰਪੁਰ (ਪਾਕਿਸਤਾਨ) ਵਿਖੇ ਪੱਕੇ ਟਿਕ ਗਏ ਤਾਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਹ ਆਪਣੇ ਸਿੱਖਾਂ ਦੀ ਸਹੂਲਤ ਲਈ ਆਪਣੇ ਮੂਲ ਵਿਚਾਰਾਂ ਦਾ ਨਿਚੋੜ ਤਿਆਰ ਕਰਨ ਤਾਂ ਜੋ ਉਹ ਇਕੋ ਥਾਂ ਤੋਂ ਜੀਵਨ ਦੀ ਸਹੀ ਸੇਧ ਪ੍ਰਾਪਤ ਕਰ ਸਕਣ। ਮਿਹਰਬਾਨ ਦੀ ਸਾਖੀ ਜਿਕਰ ਕਰਦੀ ਹੈ ਕਿ ਉਨ੍ਹਾਂ ਨੇ ਇਕ ਦਿਨ ਆਪਣੇ ਇਕ ਭਰੋਸੇਮੰਦ ਸਿੱਖ ਭਾਈ ਲਹਿਣੇ ਨੂੰ ਆਪਣੀਆਂ ਸਾਰੀਆਂ ਪੋਥੀਆਂ (ਲਿਖਤਾਂ) ਲਿਆਉਣ ਲਈ ਕਿਹਾ। ਉਨ੍ਹਾਂ ਨੇ ਫਿਰ ਉਸ ਨੂੰ ਇਕ ਇਕ ਬਾਣੀ ਪੜ੍ਹ ਕੇ ਸੁਨਾਉਣ ਲਈ ਕਿਹਾ ਤੇ ਨਿਰਦੇਸ਼ ਦਿੱਤਾ ਕਿ ਉਨ੍ਹਾਂ ਬਾਣੀਆਂ ਵਿਚੋਂ ਖਾਸ ਖਾਸ ਅੰਸ ਕਢ ਕੇ ਇਕ ਪਾਸੇ ਵੱਖਰੇ ਰੱਖਣ। ਜਦੋਂ ਸਾਰੀਆਂ ਲਿਖਤਾਂ ਪੜ੍ਹੀਆਂ ਗਈਆਂ ਤਾਂ ਉਨ੍ਹਾਂ ਨੇ ਲਹਿਣੇ ਸਿੱਖ ਨੂੰ ਵੱਖਰੇ ਕੱਢੇ ਅੰਸ਼ਾਂ ਨੂੰ ਵਿਸ਼ੇ ਵਸਤੂ ਮੁਤਾਬਿਕ ਤਰਤੀਬ ਦੇ ਕੇ ਵੱਖ ਵੱਖ ਪਉੜੀਆਂ ਵਿਚ ਢਾਲਣ ਲਈ ਕਿਹਾ। ਗੁਰੂ ਸਾਹਿਬ ਉਸ ਤੋਂ ਹਰ ਰੋਜ਼ ਸਵੇਰੇ ਇਕ ਪਉੜੀ ਦਾ ਪਾਠ ਸੁਣਦੇ ਤੇ ਉਸ ਦੇ ਭਾਵ ਤੇ ਬਨਾਵਟ ਬਾਰੇ ਵਿਚਾਰ ਵਿਮਰਸ਼ ਕਰਦੇ। ਭਾਈ ਲਹਿਣਾ ਵਿਚਾਰ ਚਰਚਾ ਤੋਂ ਬਾਦ ਸੋਧੀ ਪਉੜੀ ਫਿਰ ਉਨ੍ਹਾਂ ਅੱਗੇ ਪੇਸ਼ ਕਰਦੇ। ਜਦੋਂ ਗੁਰੂ ਸਾਹਿਬ ਦੀ ਪ੍ਰਵਾਨਗੀ ਮਿਲਦੀ ਤਾਂ ਇਸ ਨੂੰ ਤਿਆਰ ਕੀਤੀ ਜਾ ਰਹੀ ਨਵੀਂ ਬਾਣੀ ਵਿਚ ਜੋੜ ਦਿੰਦੇ। ਇਸ ਤਰ੍ਹਾਂ ਮਹੀਨਿਆਂ ਦੀ ਮਿਹਨਤ ਤੋਂ ਬਾਦ ਗੁਰੂ ਸਾਹਿਬ ਨੇ ਜਪੁਜੀ ਸਾਹਿਬ ਬਣਾਇਆ ਜਿਸ ਨੂੰ ਉਨ੍ਹਾਂ ਨੇ "ਕਰਤਾਰ ਕੀ ਬਾਣੀ" ਭਾਵ ਸੰਸਾਰ ਦੇ ਸਿਰਜਨਹਾਰ ਦੀ ਉਸਤਤ ਵਿਚ ਲਿਖੀ ਬਾਣੀ ਵੀ ਦੱਸਿਆ। ਇਸ ਨੂੰ ਸਰਸਰੀ ਤੌਰ ਤੇ ਪੜ੍ਹਨ ਤੋਂ ਹੀ ਲਗਦਾ ਹੈ ਕਿ ਇਹ ਸਾਰੀ ਦੀ ਸਾਰੀ ਗੁਰੂ ਸਾਹਿਬ ਦੇ ਸਿਧਾਂਤਿਕ ਵਿਚਾਰਾਂ ਨਾਲ ਸਬੰਧਤ ਹੈ।

ਜਪੁਜੀ ਦੀ ਇਹ ਬਾਣੀ ਕਈ ਦਹਾਕੇ ਗੁਰੂ ਸਾਹਿਬ ਦੀਆਂ ਪੋਥੀਆਂ ਦਾ ਹਿੱਸਾ ਬਣ ਕੇ ਉਨ੍ਹਾਂ ਦੇ ਇਕ ਸਿੱਖ ਬਾਬਾ ਮੋਹਨ ਦੇ ਘਰ ਪਈ ਰਹੀ। ਜਦੋਂ ਗੁਰੂ ਅਰਜਨ ਨੇ ਸਭ ਗੁਰੂਆਂ ਤੇ ਭਗਤਾਂ ਆਦਿ ਦੀਆਂ ਬਾਣੀਆਂ ਨੂੰ ਇੱਕਤਰਤ ਕਰ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਤਾਂ ਉਨ੍ਹਾਂ ਨੇ ਇਸ ਬਾਣੀ ਦੀ ਸਿਧਾਂਤਿਕ ਮੱਹਤਤਾ ਨੂੰ ਪਰਖਦਿਆਂ ਹੋਇਆਂ ਇਸ ਨੂੰ ਸਭ ਤੋਂ ਪਹਿਲਾ ਸਥਾਨ ਦਿੱਤਾ। ਇਸ ਦਾ ਭਾਵ ਸੀ ਸਭ ਸਿੱਖ ਸ਼ਰਧਾਲੂ ਇਸ ਸਿਧਾਂਤਿਕ ਬਾਣੀ ਨੂੰ ਪੜ੍ਹ ਕੇ ਹੀ ਅੱਗੇ ਚਲਣ ਤੇ ਸ੍ਰੀ ਆਦਿ ਗ੍ਰੰਥ ਦੀਆਂ ਬਾਕੀ ਬਾਣੀਆਂ ਨੂੰ ਇਸ ਦੀ ਲੋਅ ਵਿਚ ਵਿਚਾਰਨ। ਇਸ ਤਰ੍ਹਾਂ ਉਨ੍ਹਾਂ ਨੇ ਅਰੰਭ ਵਿਚ ਹੀ ਇਕ ਕਸਵੱਟੀ ਨੁਮਾ ਬਾਣੀ ਦਰਜ ਕੀਤੀ ਜਿਸ ਅਨੁਸਾਰ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਪਰਖੀ ਜਾਵੇ ਤਾਂ ਜੋ ਸਿਧਾਂਤ ਤੇ ਵੇਰਵੇ-ਵਿਆਖਿਆ ਵਿਚ ਕੋਈ ਵਿਰੋਧਭਾਵ ਨਾ ਆਵੇ। ਇਸੇ ਲਈ ਇਸ ਸਿਰਮੌਰ ਬਾਣੀ ਨੂੰ ਸ੍ਰੀ ਗ੍ਰੰਥ ਸਾਹਿਬ ਦੀ ਕੂੰਜੀ ਜਾ ਨਚੋੜ ਕਹਿ ਕੇ ਸਨਮਾਨਿਆ ਜਾਂਦਾ ਹੈ।

ਜਪੁਜੀ ਸਾਹਿਬ ਦੀ ਬਾਣੀ ਦਾ ਅਰੰਭ ਇਕ ਤੇਰਾਂ ਸ਼ਬਦੀ ਇਬਾਰਤ ਨਾਲ ਹੁੰਦਾ ਹੈ ਜਿਸ ਤੋਂ ਪਹਿਲਾਂ ਇਕ ਸੰਕੇਤ-ਸੰਗ੍ਰਹਿ ਉਕਰਿਆ ਹੋਇਆ ਹੈ। ਇਸ ਸਾਰੀ ਲਿਖਤ ਨੂੰ ਮੂਲਮੰਤਰ ਕਹਿੰਦੇ ਹਨ। ਕਿਉਂਕਿ ਗੁਰੂ ਸਾਹਿਬ ਦਾ ਕਿਸੇ ਮੰਤਰ ਵਿਦਿਆ ਵਿਚ ਕੋਈ ਵਿਸਵਾਸ਼ ਨਹੀਂ ਸੀ ਇਸ ਲਈ ਇਹ ਮੂਲਮੰਤਰ ਕੋਈ ਸੱਚ-ਮੁੱਚ ਦੇ ਮੰਤਰ ਜਿਹਾ ਮੰਤਰ ਨਹੀਂ ਹੈ ਸਗੋਂ ਗੁਰੂ ਨਾਨਕ ਦੇ ਸਿੱਖੀ ਸਿਧਾਂਤ ਦਾ ਬੁਨਿਆਦੀ ਕਥਨ ਜਾਂ ਸੰਕਲਪ ਹੈ। ਇਸ ਦੀ ਰਚਨਾ ਇਸ ਪ੍ਰਕਾਰ ਹੈ: ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਇਸ ਦਾ ਸੁਖਾਲਾ ਤੇ ਸਪਸ਼ਟ ਅਨੁਵਾਦ ਇਹ ਹੈ- ੧ਓ ਦੇ ਤ੍ਰੈ-ਸੰਕੇਤੀ ਗੁਰ ਅਨੁਸਾਰ ਕਰਤਾ ਪੁਰਖ ਦੇ ਸਚੇ ਨਾਮ ਦੀਆਂ ਮੁੱਖ ਵਡਿਆਈਆਂ ਪ੍ਰਾਪਤ ਹੋਈਆਂ ਹਨ ਜੋ ਨਿਰਭਉ, ਨਿਰਵੈਰ, ਅਕਾਲ, ਮੂਰਤਿ, ਅਜੂਨੀ ਤੇ ਸੈਭੰ ਹਨ। ਇਸ ਤੋਂ ਬਾਦ ਉਨ੍ਹਾਂ ਨੇ ਵੱਖਰਾ ਕਰ ਕੇ ਨਿਰਦੇਸਕ ਸ਼ਬਦ "ਜਪੁ" ਵੀ ਵਾਹਿਆ ਹੋਇਆ ਹੈ ਜਿਸ ਦਾ ਅਰਥ ਹੈ 'ਪੱਕੀ ਤਰ੍ਹਾਂ ਰਟ ਲਵੋ'।

ਸਾਰੀ ਗੱਲ ਨੂੰ ਸਹੀ ਸੰਧਰਵ ਵਿਚ ਰੱਖਦਿਆਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਵੇਲੇ ਵੱਖ ਵੱਖ ਧਰਮ ਸ੍ਰਿਸ਼ਟੀ ਦੇ ਉਤਪਾਦ ਬਾਰੇ ਵੱਖ ਵੱਖ ਸਿਧਾਂਤ ਦਿੰਦੇ ਸਨ। ਸਭ ਅਨੁਸਾਰ ਸੰਸਾਰ ਨੂੰ ਕਿਸੇ ਰੱਬੀ ਵਿਅਕਤੀਤਵ ਨੇ ਸਾਜਿਆ ਹੈ ਜਿਸ ਨੂੰ ਉਹਨਾਂ ਨੇ ਵੱਖ ਵੱਖ ਨਾਂ ਦਿੱਤੇ ਹੋਏ ਸਨ। ਉਨ੍ਹਾਂ ਅਨੁਸਾਰ ਇਹ ਰੱਬੀ ਸਖਸ਼ ਸਰਬਸ਼ਕਤੀਮਾਨ ਤੇ ਸਰਬਸਮਰੱਥ ਹੈ ਅਤੇ ਲੋਕਾਂ ਦੀਆਂ ਨਜ਼ਰਾਂ ਤੋਂ ਓਝਲ ਹੋ ਕੇ ਸੰਸਾਰ ਨੂੰ ਚਲਾ ਰਿਹਾ ਹੈ। ਇਸ ਲਈ ਮੱਨੁਖ ਨੂੰ ਸੰਸਾਰ ਦੇ ਦੁਖਾਂ ਤੋਂ ਛੁਟਕਾਰਾ ਪਾਉਣ ਲਈ ਤੇ ਮਨ-ਇੱਛਤ ਫਲ ਪ੍ਰਾਪਤ ਕਰਨ ਲਈ ਉਸ ਦੀ ਪੂਜਾ, ਇਬਾਦਤ ਜਾਂ ਭਗਤੀ ਕਰਨ ਦੀ ਲੋੜ ਹੈ। ਪੂਜਾ ਭਗਤੀ ਰਾਹੀਂ ਉਹ ਆਪਣੇ ਭਗਤਾਂ ਨੂੰ ਦਰਸ਼ਨ ਦੇਵੇਗਾ ਤੇ ਇਸ ਦੇ ਅਨੁਸਾਰ ਹੀ ਉਨ੍ਹਾਂ ਤੇ ਕਿਰਪਾ ਕਰੇਗਾ। ਗੁਰੂ ਸਾਹਿਬ ਨੂੰ ਇਹ ਸਿਧਾਂਤ ਸਚਾਈ ਤੋਂ ਕੋਰੇ ਜਾਪੇ। ਇਸ ਲਈ ਉਨ੍ਹਾਂ ਨੇ ਪੂਜਾ ਪਾਠ ਦੀ ਥਾਂ ਸਿਰਜਨਹਾਰ ਦਾ ਸੱਚਾ ਨਾਮ ਭਾਵ ਅਸਲੀ ਨਾਂ ਖੋਜਣ ਤੇ ਜੋਰ ਦਿੱਤਾ। ੧ਓ ਦੇ ਪ੍ਰਮਾਣੀਕ ਗੁਰ ਦਾ ਜਿਕਰ ਕਰ ਕੇ ਉਨ੍ਹਾਂ ਕਿਹਾ ਕਿ ਇਸ ਅਨੁਸਾਰ ਉਹ ਕਿਸੇ ਤੋਂ ਡਰਦਾ ਨਹੀਂ ਤੇ ਕਿਸੇ ਨਾਲ ਵੈਰ ਨਹੀਂ ਰੱਖਦਾ। ਅਰਥਾਤ ਉਸ ਲਈ ਸਾਰੇ ਬਰਾਬਰ ਹਨ ਤੇ ਉਹ ਕਿਸੇ ਦੇ ਵੀ ਪ੍ਰਭਾਵ ਹੇਠ ਨਹੀਂ ਆਉਂਦਾ। ਉਸ ਦੇ ਹੋਰ ਦੂਜੇ ਲੱਛਣ ਹਨ ਕਿ ਉਹ ਕਾਲ ਤੋਂ ਪਰੇ ਹੈ ਤੇ ਇਕ ਮੂਰਤਿ ਵਾਂਗ ਹੈ ਭਾਵ ਸਥੂਲ ਨਾ ਹੋ ਕੇ ਕਿਸੇ ਦੀ ਪਕੜ ਵਿਚ ਨਹੀਂ ਆਉਂਦਾ। ਇਸ ਤੋਂ ਇਲਾਵਾ ਉਹ ਜੂਨੀਆਂ ਵਿਚ ਨਹੀਂ ਪੈਂਦਾ ਭਾਵ ਜੀਵਾਂ ਵਾਂਗ ਜੰਮਦਾ ਮਰਦਾ ਨਹੀਂ ਹੈ ਅਰਥਾਤ ਕਿਸੇ ਦੈਵੀ ਸਖਸ਼ੀਅਤ ਦਾ ਮਾਲਕ ਨਹੀਂ ਹੈ। ਉਹ ਸੈਭੰ ਹੈ ਭਾਵ ਉਹ ਕਿਸੇ ਦਾ ਬਣਾਇਆ ਹੋਇਆ ਨਹੀਂ ਸਗੋਂ ਆਪਣੇ ਆਪ ਹੋਂਦ ਵਿਚ ਆਇਆ ਹੋਇਆ ਹੈ।

ਅਜਿਹਾ ਕਹਿ ਕੇ ਗੁਰੂ ਸਾਹਿਬ ਨੇ ਬ੍ਰਹਿਮੰਡ ਰਚਨਾ ਬਾਰੇ ਸਾਰੇ ਪੁਰਾਣੇ ਬ੍ਰਾਹਮਣਵਾਦੀ ਤੇ ਇਸਲਾਮੀ ਸਿਧਾਂਤਾਂ ਦੀ ਹਵਾ ਕੱਢ ਦਿੱਤੀ। ਉਨ੍ਹਾਂ ਅਨੁਸਾਰ ਸੰਸਾਰ ਦੇ ਰਚਨਾਕਾਰ ਦੀ ਕੋਈ ਮਨੁੱਖੀ ਛੱਵੀ ਨਹੀਂ ਕਿਉਂਕਿ ਉਹ ਅਜੂਨੀ ਤੇ ਅਕਾਲ ਹੈ। ਉਸ ਦੀ ਪੂਜਾ ਤੇ ਭਗਤੀ ਦੀ ਕੋਈ ਲੋੜ ਨਹੀਂ ਕਿਉਂਕਿ ਉਹ ਕਿਸੇ ਤਰ੍ਹਾਂ ਵੀ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ। ਉਸ ਅੱਗੇ ਪ੍ਰਾਰਥਨਾ ਕਰ ਕੇ ਵੀ ਕੁਝ ਹਾਸਲ ਹੋਣ ਵਾਲਾ ਨਹੀਂ ਕਿਉਂਕਿ ਉਹ ਨਿਰਵੈਰ ਹੈ। ਜੇ ਉਹ ਇਕ ਦੀ ਅਰਦਾਸ ਸੁਣੇਗਾ ਤਾਂ ਦੂਜੇ ਦੀ ਵੀ ਸੁਣੇਗਾ ਤੇ ਜੇ ਸਭ ਦੀ ਸੁਣੇਗਾ ਭਾਵ ਇਕੋ ਜਿਹਾ ਵਿਵਹਾਰ ਕਰੇਗਾ ਤਾਂ ਅਰਦਾਸ ਦੀ ਲੋੜ ਹੀ ਨਹੀਂ ਰਹਿੰਦੀ। ਭਾਵ ਉਸ ਦੇ ਆਪਣੇ ਪੱਕੇ ਤੇ ਸਥਾਈ ਅਸੂਲ ਹਨ ਜਿਨ੍ਹਾਂ ਦਾ ਉਹ ਦ੍ਰਿੜਤਾ ਨਾਲ ਪਾਬੰਦ ਹੈ ਤੇ ਜਿਨ੍ਹਾਂ ਨੂੰ ਉਹ ਕਿਸੇ ਦੇ ਅਰਦਾਸਿਆਂ ਕਾਰਣ ਵੀ ਨਹੀਂ ਬਦਲਦਾ। ਇਹ ਅਸੂਲ ਅਟਲ ਹੀ ਨਹੀਂ ਹਨ ਸਗੋਂ ਜਾਣੇ ਜਾ ਸਕਣ ਵਾਲੇ ਵੀ ਹਨ। ਇਸ ਕੰਮ ਲਈ ਵਿਗਿਆਨਕ ਖੋਜ ਦੀ ਲੋੜ ਹੈ। ਇਸ ਤਰ੍ਹਾਂ ਨਿਰਭਉ, ਨਿਰਵੈਰ, ਅਕਾਲ, ਮੂਰਤਿ, ਅਜੂਨੀ ਤੇ ਸੈਭੰ ਨੂੰ ਸ੍ਰਿਸ਼ਟੀ ਰਚੇਤਾ ਦੇ ਮੁੱਖ ਗੁਣ ਦੱਸ ਕੇ ਗੁਰੂ ਨਾਨਕ ਨੇ ਸਿੱਖੀ ਵਿਚੋਂ ਇਕ ਵਿਅਕਤੀਗਤ ਅਧਿਆਤਮਿਕ ਹਸਤੀ ਜਾਂ ਦੈਵੀ ਹੋਂਦ ਦੀ ਸੰਭਾਵਨਾ ਨੂੰ ਹਮੇਸ਼ਾ ਲਈ ਖਤਮ ਕਰ ਦਿੱਤਾ। ਕਈ ਪਾਠਕ



ਸੋਚਣਗੇ ਕਿ ਇਹ ਅਟਲ ਹੁਕਮਾਂ ਦੇ ਵਿਗਿਆਨਕ ਖੋਜ ਰਾਹੀਂ ਜਾਣੇ ਕਾ ਸਕਣ ਵਾਲੀ ਗੱਲ ਤਾਂ ਗੁਰੂ ਸਾਹਿਬ ਨੇ ਕਿਤੇ ਲਿਖੀ ਨਹੀਂ। ਉਨ੍ਹਾਂ ਲਈ ਬੇਨਤੀ ਹੈ ਕਿ ਉਨ੍ਹਾਂ ਦਾ ਲਿਖਿਆ ਸਭ ਕੁਝ ਹੈ ਤੇ ਇਸੇ ਜਪੁਜੀ ਸਾਹਿਬ ਵਿਚ ਹੈ, ਪਰ ਇਸ ਨੂੰ ਦੇਖਣ ਲਈ ਉਡੀਕ ਕਰਨੀ ਪਵੇਗੀ।

ਜੋ ਗੁਰੂ ਸਾਹਿਬ ਨਾਲ ਪੰਦਰ੍ਹਵੀਂ ਸਦੀ ਵਿਚ ਵਾਪਰਿਆ ਤਕਰੀਬਨ ਉਹੋ ਜਿਹਾ ਹੀ ਉਨ੍ਹੀਵੀ ਸਦੀ ਵਿਚ ਮਾਰਕਸ ਨਾਲ ਵਾਪਰਿਆ। ਮਾਰਕਸ ਵੇਲੇ ਯੂਰਪ ਵਿਚ ਰੈਨੇਸਾਂ ਤੇ ਰੈਫਰਮੇਸ਼ਨ ਜਿਹੀਆਂ ਲਹਿਰਾਂ ਦੇ ਫਲਸਰੂਪ ਫਲਸਫੇ ਦੇ ਖੇਤਰ ਵਿਚ ਰੱਬ ਦੇ ਸਿਧਾਂਤ ਦੀ ਅਲੋਚਨਾ ਲੱਗ ਭੱਗ ਸੰਪਨ ਹੋ ਚੁੱਕੀ ਸੀ। ਉਥੋਂ ਦਾ ਮੱਨੁਖ ਵਿਗਿਆਨ ਦੇ ਰਾਹ ਪੈ ਕੇ ਕੁਦਰਤ ਦੀ ਖੋਜ ਤੇ ਵਿਆਖਿਆ ਵਿਚ ਰੁੱਝ ਚੁੱਕਿਆ ਸੀ। ਕਾਪਰਨੀਕਸ, ਗਲੀਲੀਉ, ਹਾਬਸ ਤੇ ਸਪਾਈਨੋਜ਼ਾ ਜਿਹੇ ਵਿਗਿਆਨੀਆਂ ਨੇ ਪਦਾਰਥਵਾਦ ਨੂੰ ਆਪਣੀ ਪੱਕੀ ਟੇਕ ਮੰਨ ਲਿਆ ਸੀ। ਆਦਮ ਸਮਿੱਥ, ਰਿਕਾਰਦੋ, ਬੈਂਥਮ, ਮਾਲਥੂਅਸ ਜਿਹੇ ਟਕਸਾਲੀ ਅਰਥ-ਸਾਸ਼ਤਰੀਆਂ ਨੇ ਆਰਥਿਕਤਾ ਅਨੁਸਾਰ ਮੱਨੁਖੀ ਜੀਵਨ ਦੀ ਖੁਸ਼ਹਾਲੀ ਦਾ ਖਾਕਾ ਪੇਸ਼ ਕਰ ਦਿੱਤਾ ਸੀ। ਫਿਰ ਵੀ ਫਲਸਫੇ ਦੀ ਕਿਸੇ ਕਿਸੇ ਨੁੱਕਰੇ ਅਧਿਆਤਮਵਾਦ ਦਾ ਭੂਤ ਹਾਲੇ ਅੰਤਲੇ

*ਬਾਕੀ ਅਗਲੇ ਸਫੇ 'ਤੇ*

# ਸੁਰਿੰਦਰ ਗੀਤ ਦਾ ਕਹਾਣੀ ਸੰਗ੍ਰਹਿ 'ਤੋਹਫ਼ਾ': ਅਲੋਚਨਾਤਮਿਕ ਅਧਿਐਨ

ਕੈਨੇਡਾ ਵਿੱਚ ਰਚੇ ਜਾ ਰਹੇ ਪਰਵਾਸੀ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਬਹੁਤ ਸਾਰੇ ਪੰਜਾਬੀ ਸਾਹਿਤਕਾਰ ਆਪਣੀਆਂ ਸਾਹਿਤਕ ਕ੍ਰਿਤਾਂ ਜਰੀਏ ਵੱਡੇ ਪੱਧਰ ਤੇ ਆਪਣਾ ਯੋਗਦਾਨ ਪਾ ਰਹੇ ਹਨ। ਇਨ੍ਹਾਂ ਸਾਹਿਤਕਾਰਾਂ ਦੀ ਸੂਚੀ ਵਿੱਚ ਕਈ ਦਹਾਕਿਆਂ ਤੋਂ ਕੈਨੇਡਾ ਵਿੱਚ ਰਹੇ ਰਹੀ ਲੇਖਿਕਾ ਸੁਰਿੰਦਰ ਗੀਤ ਦਾ ਵਿਸ਼ੇਸ਼ ਰੁਤਬਾ ਹੈ। ਪਰਵਾਸੀ ਪੰਜਾਬੀ ਕਵਿਤਾ, ਗ਼ਜ਼ਲ, ਵਾਰਤਕ ਅਤੇ ਕਹਾਣੀ ਦੇ ਖੇਤਰ ਵਿੱਚ ਸੁਰਿੰਦਰ ਗੀਤ ਨੇ ਆਪਣੀਆਂ ਰਚਨਾਵਾਂ ਸਦਕਾ ਮਨੁੱਖੀ ਜੀਵਨ ਨਾਲ ਸੰਬੰਧਿਤ ਕਈ ਪਾਸਾਰਾਂ ਨੂੰ ਆਪਣੀ ਲਿਖਤ ਦਾ ਆਧਾਰ ਬਣਾਇਆ ਹੈ। ਲੰਮੇ ਸਮੇਂ ਤੋਂ ਵਿਦੇਸ਼ ਵਿੱਚ ਰਹਿਣ ਦੇ ਬਾਵਜੂਦ

**ਗੁਰਦੀਪ ਸਿੰਘ ਭੁੱਲਰ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਵੀ ਲੇਖਿਕਾ ਦਾ ਅਵਚੇਤਨ ਪੰਜਾਬ ਦੇ ਪੇਂਡੂ ਜਨ-ਜੀਵਨ ਅਤੇ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ। ਕੈਨੇਡਾ ਦੇ ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵਿੱਚ ਕਈ ਵਰ੍ਹੇ ਕੰਮ ਕਰਦਿਆਂ ਉਹ ਕੈਨੇਡਾ ਦੀ ਪੱਛਮੀ ਜੀਵਨ ਸ਼ੈਲੀ ਦੀ ਚਾਲ-ਢਾਲ ਤੋਂ ਭਲੀ ਭਾਂਤ ਜਾਣੂ ਹੈ। ਪੰਜਾਬ ਵਿੱਚੋਂ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿੱਚੋਂ ਸਿੱਖਿਆ ਪ੍ਰਾਪਤ ਕਰਦਿਆਂ ਸੁਰਿੰਦਰ ਗੀਤ ਪੰਜਾਬ ਦੇ ਅਸਲ ਯਥਾਰਥ ਦੀਆਂ ਪੀੜਾਂ ਨੂੰ ਸਮਝਦੀ ਹੋਈ ਆਪਣੀਆਂ ਰਚਨਾਵਾਂ ਵਿੱਚ ਕਈ ਮਸਲਿਆਂ ਨੂੰ ਉਘਾੜਦੀ ਹੈ। ਲੇਖਿਕਾ ਪੂਰਬੀ ਅਤੇ ਪੱਛਮੀ ਦੋਨਾਂ ਸੱਭਿਆਚਾਰਾਂ ਤੋਂ ਜਾਣੂ ਹੋਣ ਕਾਰਨ ਨਾਂ ਤਾਂ ਆਪਣੀਆਂ ਰਚਨਾਵਾਂ ਵਿੱਚ ਪੰਜਾਬੀ ਸੱਭਿਆਚਾਰ ਦਾ ਪੱਖ ਪੂਰਦੀ ਹੈ ਤੇ ਨਾ ਹੀ ਕੈਨੇਡਾ ਦੇ ਖੁੱਲ੍ਹਾਂ ਭਰਪੂਰ ਸੱਭਿਆਚਾਰ ਨੂੰ ਨਕਾਰਦੀ ਹੈ ਬਲਕਿ ਉਹ ਆਪਣੀਆਂ ਸਾਹਿਤਕ ਕ੍ਰਿਤਾਂ ਵਿੱਚ ਦੋਨਾਂ ਸੱਭਿਆਚਾਰਾਂ ਦੇ ਕਈ ਹਾਂ ਪੱਖੀ ਅਤੇ ਨਾਂਹ ਪੱਖੀ ਪਹਿਲੂਆਂ ਦਾ ਚਿਤਰਨ ਹੈ।


ਪਰਵਾਸੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਸੁਰਿੰਦਰ ਗੀਤ ਦੁਆਰਾ ਰਚਿਤ ਪਲੇਠਾ ਕਹਾਣੀ ਸੰਗ੍ਰਹਿ 'ਤੋਹਫ਼ਾ' ਵਿਸ਼ੇਸ਼ ਚਰਚਾ ਦਾ ਧਾਰਨੀ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਪੰਜਾਬ ਅਤੇ ਕੈਨੇਡਾ ਦੀ ਵੱਖੋ ਵੱਖਰੀ ਜੀਵਨ ਜਾਂਚ ਦੇ ਕਈ ਪਾਸਾਰਾਂ ਤੋਂ ਇਲਾਵਾ ਮਨੁੱਖੀ ਜੀਵਨ ਦੇ ਅਸਲ ਯਥਾਰਥ ਦੀ ਤਸਵੀਰ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਹੈ। ਕਹਾਣੀ ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਵਿੱਚ ਕਈ ਸਮੱਸਿਆਵਾਂ ਉੱਘੜ ਕੇ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਵਿੱਚ ਅਨਜੋੜ ਵਿਆਹ ਪ੍ਰਬੰਧ, ਦੰਪਤੀ ਜੀਵਨ ਦੇ ਮਸਲੇ, ਦਹੇਜ ਦੀ ਸਮੱਸਿਆ, ਵਿਦੇਸ਼ ਜਾਣ ਦੇ ਲਾਲਚ ਹਿਤ ਕੀਤੇ ਜਾਂਦੇ ਕੁੜੀਆਂ ਦੇ ਸੌਦੇ, ਰਿਸ਼ਤਿਆਂ ਵਿੱਚ ਪੈਦਾ ਹੋ ਰਹੀ ਫਿੱਕ, ਨਜਾਇਜ਼ ਪਰਵਾਸ ਦਾ ਦੁਖਾਂਤ, ਬੇਰੁਜ਼ਗਾਰੀ ਦੀ ਸਮੱਸਿਆ, ਸਿੱਖਿਆ ਦੀ ਬੇਕਦਰੀ, ਬਜ਼ੁਰਗ ਪੀੜ੍ਹੀ ਦੀ ਹਾਲਤ, ਕੁੜੀਆਂ ਨਾਲ ਹੁੰਦਾ ਵਿਤਕਰਾ, ਗ਼ਰੀਬ ਪਰਿਵਾਰਾਂ ਦੀ ਨਿੱਘਰ ਰਹੀ ਹਾਲਤ, ਸੁਚੱਜੇ ਰਾਜਸੀ ਪ੍ਰਬੰਧ ਦੀਆਂ ਆਯੋਗ ਚਾਲਾਂ, ਵਿਦੇਸ਼ਾਂ ਵਿੱਚ ਪਰਵਾਸੀਆਂ ਦੁਆਰਾ ਆਪਣੇ ਲੋਕਾਂ ਨਾਲ ਕੀਤੀ ਜਾਂਦੀ ਧੋਖਾਧੜੀ, ਪੀੜ੍ਹੀਆਂ ਵਿਚਲੇ ਪਾੜੇ ਦੀ ਸਮੱਸਿਆ, ਕੈਨੇਡਾ ਸਰਕਾਰ ਦੇ ਪੁਲਿਸ ਪ੍ਰਬੰਧ ਅਤੇ ਕਾਨੂੰਨੀ ਨਿਯਮਾਂ ਬਾਰੇ ਚਿਤਰਨ, ਪੰਜਾਬੀਆਂ ਦੀ ਮਦਦ ਕਰਨ ਦੀ ਪ੍ਰਵਿਰਤੀ, ਪੂਰਬੀ ਅਤੇ ਪੱਛਮੀ ਸੱਭਿਆਚਾਰ ਨਾਲ ਸੰਬੰਧਿਤ ਲੋਕਾਂ ਦੀ ਆਪਸੀ ਸਾਂਝ ਅਤੇ ਵੱਖਰਤਾ ਤੋਂ ਇਲਾਵਾ ਉੱਨੀ ਸੌ ਚੁਰਾਸੀ ਦੇ ਦੁਖਾਂਤ ਬਾਰੇ ਜ਼ਿਕਰ ਕੀਤਾ ਗਿਆ ਹੈ।

ਇਸ ਕਹਾਣੀ ਸੰਗ੍ਰਹਿ ਵਿੱਚ ਮਹੱਤਵਪੂਰਨ ਤੇ ਜ਼ਿਕਰਯੋਗ ਕਹਾਣੀ 'ਤੋਹਫ਼ਾ' ਹੈ। ਇਸ ਕਹਾਣੀ ਦਾ ਸਮੁੱਚਾ ਬਿਰਤਾਂਤ ਮਨੋਵਿਗਿਆਨ ਤੇ ਸਮਾਜਿਕ ਪੱਖ ਤੋਂ ਮਨੁੱਖ ਅੰਦਰਲੀ ਵੇਦਨਾ ਅਤੇ ਅਸਲ ਯਥਾਰਥ ਦੀ ਹਕੀਕੀ ਤਸਵੀਰ ਨੂੰ ਬੜੇ ਭਾਵਪੂਰਕ ਰੂਪ ਵਿੱਚ ਪੇਸ਼ ਕਰਦਾ ਹੈ। ਕਹਾਣੀ ਵਿੱਚ ਮਨੁੱਖੀ ਜੀਵਨ ਨਾਲ ਸੰਬੰਧਿਤ ਕਈ ਮਸਲਿਆਂ ਨੂੰ ਉਘਾੜਿਆ ਗਿਆ ਹੈ, ਜਿਸ ਵਿੱਚ ਭਾਸ਼ਾਈ, ਅਧਿਆਤਮਿਕਤਾ, ਸਾਹਿਤਕ ਬਿਰਤੀ, ਮਾਪਿਆਂ ਅਤੇ ਬੱਚਿਆਂ ਵਿਚਕਾਰ ਹੁੰਦਾ ਤਕਰਾਰ, ਨਸ਼ਿਆਂ ਦੀ ਆੜ 'ਚ ਉਜੜਦੇ ਘਰ ਪਰਿਵਾਰ, ਕਮਜ਼ੋਰ ਆਰਥਿਕਤਾ, ਮਨੁੱਖੀ ਹੈਵਾਨੀਅਤ ਤੋਂ ਇਲਾਵਾ ਹੋਸਟਲਾਂ ਵਿੱਚ ਰਹਿੰਦੇ ਵਿਦਿਆਰਥੀਆਂ ਦੇ ਜੀਵਨ ਬਾਰੇ ਚਿਤਰਨ ਕੀਤਾ ਗਿਆ ਹੈ। ਵਿਚਾਰ ਅਧੀਨ ਕਹਾਣੀ ਮੈਂ ਪਾਤਰ ਤੋਂ ਇਲਾਵਾ ਬਲਬੀਰ, ਨੀਰੂ, ਨੀਰੂ ਦਾ ਪਤੀ ਹਰੀਸ਼ ਤੇ ਬੇਟੇ ਰੋਹਿਤ ਦੇ ਜੀਵਨ ਦੁਆਲੇ ਘੁੰਮਦੀ ਹੈ। ਇਹ ਪਾਤਰ ਜਿੱਥੇ ਵੱਖੋ ਵੱਖਰੀਆਂ ਸਥਿਤੀਆਂ ਅਤੇ ਸਮੱਸਿਆਵਾਂ ਨਾਲ ਘੁਲਦੇ ਹੋਏ ਇੱਕ ਦੂਜੇ ਨਾਲ ਰਲ ਗੱਢ ਹੁੰਦੇ ਹਨ, ਨਾਲ ਹੀ ਇਨਸਾਨੀਅਤ ਪੱਖੋਂ ਮਦਦਗਾਰ ਤੇ ਵਫਾਦਾਰੀ ਦੀ ਭਾਵਨਾ ਨੂੰ ਵੀ ਦ੍ਰਿਸ਼ਟੀਗੋਚਰ ਕਰਦੇ ਹਨ। ਜਿਵੇਂ ਕਿ ਕਹਾਣੀ ਵਿਚ ਪਾਤਰ ਬਲਬੀਰ ਨੂੰ ਸੁਨੱਖੀ ਅਤੇ ਸਖ਼ਤ ਸੁਭਾਆ ਵਾਲੀ ਇੱਕ ਨਰਮ ਤੇ ਮਦਦ ਕਰਨ ਵਾਲੀ ਔਰਤ ਦੇ ਰੂਪ ਵਿੱਚ ਉਘਾੜਿਆ ਗਿਆ ਹੈ, ਜੋ ਡਾਕਟਰੀ ਪੇਸ਼ੇ ਦੇ ਨਾਲ-ਨਾਲ ਆਪਣੀ ਸਹੇਲੀ ਨੀਰੂ ਤੇ ਉਸਦੇ ਪਤੀ ਹਰੀਸ਼ ਦੀ ਮੌਤ ਤੋਂ ਬਾਅਦ ਉਸਦੇ ਅਨਾਥ ਬੇਟੇ ਨੂੰ ਆਪਣੀ ਔਲਾਦ ਸਮਝਦੀ ਹੋਈ ਨੀਰੂ ਦੇ ਸੁਪਨੇ ਨੂੰ ਪੂਰਾ ਕਰਦੀ ਹੈ। ਕਹਾਣੀ ਵਿੱਚ ਮੈਂ ਪਾਤਰ ਤੇ ਬਲਬੀਰ ਵਿਚਕਾਰ ਨੀਰੂ ਬਾਰੇ ਕੀਤਾ ਗਿਆ ਸੰਵਾਦ ਇਸ ਸਥਿਤੀ ਨੂੰ ਸਪੱਸ਼ਟ ਕਰਦਾ ਹੈ:

"ਮੈਂ ਹਮੇਸ਼ਾ ਉਸ ਨਾਲ ਲੜਦੀ ਰਹੀ ਤੇ ਉਹ ਮੈਨੂੰ ਦੁਨੀਆਂ ਦੀ ਸਭ ਤੋਂ ਕੀਮਤੀ ਚੀਜ਼, ਆਪਣਾ ਜਾਇਆ ਰੋਹਿਤ ਦੇ ਕੇ ਰੁਖ਼ਸਤ ਹੋ ਗਈ।" "ਹੂੰ...ਹੂੰ।" "ਮੈਂ ਸੋਚ ਰਹੀ ਸਾਂ ਬਲਬੀਰ ਤੋਂ ਰੋਹਿਤ ਦੇ ਪੂਰੇ ਨਾਮ ਬਾਰੇ ਪੁੱਛਾਂ। ਉਸਨੇ ਆਪੇ ਹੀ ਦੱਸ ਦਿੱਤਾ ਕਿ ਉਹ ਚਾਹੁੰਦੀ ਸੀ ਕਿ ਉਸਨੂੰ ਨੀਰੂ ਦੇ ਧਰਮ ਵਾਲਾ ਹੀ ਨਾਮ ਦੇਵੇ। ਇਸ ਕਰਕੇ ਉਸਨੇ ਰੋਹਿਤ ਦਾ ਨਾਮ ਰੋਹਿਤ ਭਾਰਦਵਾਜ ਰੱਖ ਦਿੱਤਾ ਸੀ ਤਾਂ ਕਿ ਨੀਰੂ ਦੀ ਰੂਹ ਨੂੰ ਕਿਸੇ ਕਿਸਮ ਦਾ ਦੁੱਖ ਨਾ ਹੋਵੇ।"

ਇਸ ਪ੍ਰਕਾਰ ਕਹਾਣੀ ਵਿਚਲਾ ਕਥਨ ਤੇ ਸਮੁੱਚਾ ਵਾਤਾਵਰਨ ਮਨੁੱਖੀ ਜੀਵਨ ਸ਼ੈਲੀ ਦੀਆਂ ਵੱਖ-ਵੱਖ ਸਥਿਤੀਆਂ-ਪ੍ਰਸਥਿਤੀਆਂ ਨਾਲ ਜੁੜੇ ਮਸਲਿਆਂ ਨੂੰ ਉਘਾੜਦਾ ਹੋਇਆ ਅਸਲ ਯਥਾਰਥ ਨਾਲ ਰੂਬਰੂ ਕਰਵਾਉਂਦਾ ਹੈ। ਸਮਾਜ ਵਿੱਚ ਮਨੁੱਖ ਕਿਸ ਤਰ੍ਹਾਂ ਨਿਰੰਤਰ ਆਪਣੇ ਨਿੱਜ ਤੱਕ ਸੀਮਤ ਹੁੰਦਾ ਕੇਵਲ ਸਹੂਲਤਾਂ ਪ੍ਰਾਪਤ ਕਰਨ ਦੀ ਚੱਕੀ ਪੀਸੀ ਜਾਂਦਾ ਹੈ ਦੂਜੇ ਪਾਸੇ ਪ੍ਰਕ੍ਰਿਤਕ ਵਰਤਾਰਾ ਉਸਨੂੰ ਉਸਦੀ ਸੋਚ ਤੋਂ ਪਰ੍ਹੇ ਦਾ ਮਾਰਗ ਦਿਖਾਉਂਦਾ ਹੋਇਆ ਸਨਮੁੱਖ ਹੁੰਦਾ ਹੈ ਜੋ ਕਹਾਣੀ ਦੇ ਕਥਾ ਪ੍ਰਵਚਨ ਰਾਹੀ ਦ੍ਰਿਸ਼ਟੀਗੋਚਰ ਹੁੰਦਾ ਹੈ।

ਸੁਰਿੰਦਰ ਗੀਤ ਦੁਆਰਾ ਰਚਿਤ ਕਹਾਣੀ ਸੰਗ੍ਰਹਿ 'ਤੋਹਫ਼ਾ' ਵਿਚਲੀ ਪਹਿਲੀ ਜ਼ਿਕਰਯੋਗ ਕਹਾਣੀ 'ਮੈਂ ਚੰਗੀ ਮਾਂ ਹਾਂ' ਹੈ। ਇਸ ਕਹਾਣੀ ਵਿੱਚ ਦੰਪਤੀ ਜੀਵਨ ਨਾਲ ਜੁੜੇ ਕਈ ਪਾਸਾਰਾਂ ਨੂੰ ਉਘਾੜਿਆ ਗਿਆ ਹੈ, ਜਿਸ ਵਿੱਚ ਅਨਜੋੜ ਵਿਆਹ, ਦਹੇਜ ਪ੍ਰਥਾ, ਮਾਪਿਆਂ ਦੁਆਰਾ ਵਿਦੇਸ਼ ਜਾਣ ਦੇ ਲਾਲਚ ਹਿਤ ਹੁੰਦੇ ਕੁੜੀਆਂ ਦੇ ਸੌਦਿਆਂ ਤੋਂ ਇਲਾਵਾ ਰਿਸ਼ਤਿਆਂ ਵਿਚਲੀ ਟੁੱਟ-ਭੱਜ ਬਾਰੇ ਵਿਸ਼ੇਸ਼ ਰੂਪ ਵਿੱਚ ਜ਼ਿਕਰ ਕੀਤਾ ਗਿਆ ਹੈ। ਕਹਾਣੀ ਵਿੱਚ ਪਾਤਰ ਦਵਿੰਦਰ ਦਾ ਪੰਜਾਬ ਵਿੱਚ ਦਹੇਜ ਦੇ ਲਾਲਚੀ ਅਤੇ ਨਸ਼ੇੜੀ ਲੜਕੇ ਨਾਲ ਵਿਆਹ ਹੋ ਜਾਂਦਾ ਹੈ। ਵਿਆਹ ਤੋਂ ਕੁਝ ਸਮੇਂ ਬਾਅਦ ਨਸ਼ਿਆਂ ਕਾਰਨ ਦਵਿੰਦਰ ਦੇ ਪਤੀ ਦੀ ਮੌਤ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਦਵਿੰਦਰ ਦੁਬਾਰਾ ਆਪਣੇ ਮਾਪਿਆਂ ਦੀ ਮਰਜ਼ੀ ਅਨੁਸਾਰ ਵੱਡੀ ਉਮਰ ਦੇ ਵਿਅਕਤੀ ਕੈਪਟਨ ਜਸਵੰਤ ਸਿੰਘ ਨਾਲ ਕੈਨੇਡਾ ਵਿੱਚ ਵਿਆਹ ਕਰਵਾ ਲੈਂਦੀ ਹੈ। ਵਿਆਹ ਤੋਂ ਕੁੱਝ ਸਮੇਂ ਬਾਅਦ ਦਵਿੰਦਰ ਦਾ ਪਿਤਾ ਦਵਿੰਦਰ ਨੂੰ ਪਰਿਵਾਰ ਸਮੇਤ ਕੈਨੇਡਾ ਬੁਲਾਉਣ ਲਈ ਮੇਹਣੇ ਮਾਰਦਾ ਰਹਿੰਦਾ ਹੈ। ਦੂਜੇ ਪਾਸੇ ਦਵਿੰਦਰ ਦਾ ਪਤੀ ਕੈਪਟਨ ਜਸਵੰਤ ਸਿੰਘ ਇਸ ਗੱਲ ਲਈ ਰਜ਼ਾਮੰਦ ਨਹੀਂ ਹੁੰਦਾ, ਜਿਸ ਕਾਰਨ ਦੋਨਾਂ ਧਿਰਾਂ ਵਿਚਕਾਰ ਤਕਰਾਰ ਦਾ ਮਾਹੌਲ ਬਣ ਜਾਂਦਾ ਹੈ। ਇਸ ਬਾਰੇ ਕਹਾਣੀ ਦਾ ਕਥਨ ਵਾਚਣ ਯੋਗ ਹੈ:




"ਹੁਣ ਤਾਂ ਤੇਰਾ ਕੋਰਾ ਹੀ ਜਵਾਬ ਹੈ। ਤੂੰ ਕੁੜੀ ਨਾਲ ਕੰਮ ਨਹੀਂ ਕਰ ਸਕਦੀ ਤੇ ਸਾਡਾ ਅਪਲਾਈ ਨਹੀਂ ਹੋਣਾ।

ਜੇਕਰ ਸਾਡੀ ਧੀ ਨੂੰ ਸਾਡਾ ਨਹੀਂ ਤਾਂ ਅਸੀਂ ਅਜੇਹੀ ਧੀ ਕੋਲੋਂ ਕੀ ਕਰਵਾਉਣਾ ਹੈ।"

ਇਸ ਪ੍ਰਕਾਰ ਕਹਾਣੀ ਵਿਚਲਾ ਇਹ ਟਕਰਾਅ ਖ਼ੂਨ ਦੇ ਰਿਸ਼ਤਿਆਂ ਵਿੱਚ ਉਤਪੰਨ ਹੋਈ ਕੁੜੱਤਣ ਨੂੰ ਪੇਸ਼ ਕਰਦਾ ਹੈ। ਹਰ ਇਨਸਾਨ ਆਪਣੇ ਲਾਲਚ ਹਿਤ ਦੂਸਰਿਆਂ ਦੀਆਂ ਮਜਬੂਰੀਆਂ ਨੂੰ ਸਮਝਣ ਦੀ ਬਜਾਏ ਕੇਵਲ ਆਪਣੇ ਨਿੱਜ ਤੱਕ ਹੀ ਸੀਮਤ ਰਹਿੰਦਾ ਹੈ। ਪੰਜਾਬ ਵਿੱਚੋਂ ਪਰਵਾਸ ਕਰਕੇ ਵਿਦੇਸ਼ੀ ਧਰਤੀ ਤੇ ਵੱਸਦੇ ਪਰਵਾਸੀਆਂ ਕੋਲੋਂ ਜ਼ਿਆਦਾਤਰ ਉਨ੍ਹਾਂ ਦੇ ਮਾਪੇ ਅਤੇ ਨਜ਼ਦੀਕੀ ਰਿਸ਼ਤੇਦਾਰ ਆਪਣੀਆਂ ਮੰਗਾਂ ਦੀ ਪੂਰਤੀ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ ਰਹਿੰਦੇ ਹਨ। ਦੂਜੇ ਪਾਸੇ ਪਰਵਾਸੀ ਜਦ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਕਰਨ ਤੋਂ ਅਸਮਰਥ ਹੁੰਦੇ ਹਨ ਤਾਂ ਨਜ਼ਦੀਕੀ ਰਿਸ਼ਤਿਆਂ ਵਿੱਚ ਪੈਦਾ ਹੋਈ ਫਿੱਕ ਕਈ ਸਮੱਸਿਆਵਾਂ ਦਾ ਕਾਰਨ ਬਣਦੀ ਹੈ।

'ਤੋਹਫ਼ਾ' ਕਹਾਣੀ ਸੰਗ੍ਰਹਿ ਦੀ ਅਗਲੀ ਕਹਾਣੀ 'ਬੇਘਰੇ' ਹੈ। ਇਸ ਕਹਾਣੀ ਵਿੱਚ ਆਰਥਿਕ ਪੱਖੋਂ ਬੇਹੱਦ ਕਮਜ਼ੋਰ, ਤੰਗੀਆਂ ਤੁਰਸ਼ੀਆਂ ਵਿੱਚ ਜੀਵਨ ਬਤੀਤ ਕਰ ਰਹੇ ਘੱਟ ਜ਼ਮੀਨਾਂ ਦੇ ਮਾਲਕ ਨਿਮਨ ਕਿਸਾਨ ਵਰਗ ਦਾਚਿਤਰਨ ਹੈ, ਜੋ ਆਪਣੀਆਂ ਧੀਆਂ ਦੇ ਵਿਆਹਾਂ ਤੇ ਉਨ੍ਹਾਂ ਦੀ ਖ਼ੁਸ਼ੀ ਲਈ ਚੰਗੇਰੇ ਘਰ ਲੱਭਦੇ ਲੋੜੋਂ ਵੱਧ ਖਰਚਾ ਕਰਕੇ ਆਪ ਘਰੋ-ਬੇਘਰੇ ਹੋ ਜਾਂਦੇ ਹਨ। ਜਿਵੇਂ ਕਿ ਕਹਾਣੀ ਵਿੱਚ ਮਾਪੇ ਵਿਦੇਸ਼ ਜਾਣ ਦੇ ਲਾਲਚ ਵਿੱਚ ਆਪਣੀ ਧੀ ਦਾ ਵਿਆਹ ਬਿਨਾਂ ਪੁੱਛ ਪੜਤਾਲ ਕੀਤਿਆਂ ਅਰਬ ਦੇਸ਼ ਤੋਂ ਆਏ ਮੁੰਡੇ ਨਾਲ ਕਰ ਦਿੰਦੇ ਹਨ। ਵਿਆਹ ਦੇ ਪ੍ਰਬੰਧ ਅਤੇ ਦਹੇਜ ਲਈ ਉਹ ਆਪਣੀ ਦੋ ਕਿੱਲੇ ਜ਼ਮੀਨ ਤੇ ਘਰ ਵੇਚ ਦਿੰਦੇ ਹਨ। ਕੁਝ ਸਮੇਂ ਬਾਅਦ ਜਦ ਵਿਦੇਸ਼ ਤੋਂ ਆਏ ਮੁੰਡੇ ਦੀ ਅਸਲੀਅਤ ਬਾਰੇ ਪਤਾ ਲੱਗਦਾ ਹੈ ਤਾਂ ਦੋਨਾਂ ਧਿਰਾਂ ਵਿਚਕਾਰ ਹੁੰਦਾ ਤਕਰਾਰ ਟਕਰਾਅ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸੇ ਤਰ੍ਹਾਂ ਹੀ ਇਸ ਕਹਾਣੀ ਵਿੱਚ ਵਧ ਰਹੀ ਬੇਰੁਜ਼ਗਾਰੀ ਅਤੇ ਸਿੱਖਿਆ ਦੇ ਮਿਆਰ ਵਿੱਚ ਆਈ ਗਿਰਾਵਟ ਵਰਗੇ ਮਸਲਿਆਂ ਨੂੰ ਵੀ ਅਧਿਐਨ ਦਾ ਕੇਂਦਰ ਬਣਾਇਆ ਗਿਆ ਹੈ। ਕਹਾਣੀ ਸੰਗ੍ਰਹਿ ਦੀ ਅਗਲੀ ਮਹੱਤਵਪੂਰਨ ਕਹਾਣੀ 'ਤਾਏ ਕੇ: ਚੋਰ ਉਚੱਕੇ ਨਹੀਂ ਹਨ' ਹੈ। ਇਸ ਕਹਾਣੀ ਵਿੱਚ ਕਹਾਣੀਕਾਰਾ ਨੇ ਕੈਨੇਡਾ ਦੀ ਇੱਕ ਵੱਖਰੀ ਜੀਵਨ ਸ਼ੈਲੀ ਵਿੱਚ ਵੱਸਦੇ ਪਰਵਾਸੀਆਂ ਦੇ ਜੀਵਨ ਅਤੇ ਉੱਥੋਂ ਦੇ ਸਮਾਜ ਦੀ ਅਸਲ ਤਸਵੀਰ ਨੂੰ ਪੇਸ਼ ਕਰਦਿਆਂ ਕਈ ਨਿਵੇਕਲੇ ਪੱਖਾਂ ਨੂੰ ਉਘਾੜਿਆ ਹੈ। ਕਹਾਣੀ ਕੈਨੇਡਾ ਵਿੱਚ ਕੰਮ ਦੇ ਮੌਕਿਆਂ, ਇਮਾਰਤਾਂ ਦੀ ਸੁੰਦਰਤਾ ਤੇ ਗਲੈਮਰੀ ਜੀਵਨ ਸ਼ੈਲੀ, ਕੈਨੇਡਾ ਮੂਲ ਦੇ ਹਾਸ਼ੀਆਗਤ ਗ਼ਰੀਬ ਮੂਲ ਨਿਵਾਸੀ ਲੋਕਾਂ ਦੀ ਹਾਲਤ ਅਤੇ ਗੋਰਿਆਂ ਦੁਆਰਾ ਉਨ੍ਹਾਂ ਨਾਲ ਕੀਤਾ ਜਾਂਦਾ ਨਸਲੀ ਵਿਤਕਰਾ, ਬਜ਼ੁਰਗ ਪੀੜ੍ਹੀ ਦੇ ਦੁਖਾਂਤ, ਰਿਸ਼ਤਿਆਂ ਵਿੱਚ ਉਤਪੰਨ ਹੋਈ ਦਰਾੜ ਅਤੇ ਅੰਤਰ ਸੱਭਿਆਚਾਰਕ ਸਾਂਝ ਅਤੇ ਵਿਰੋਧ ਤੋਂ ਇਲਾਵਾ ਪਰਵਾਸੀ ਪੰਜਾਬੀਆਂ ਦੀ ਦਿਆਲਤਾ ਅਤੇ ਮਦਦ ਕਰਨ ਦੀ ਪ੍ਰਵਿਰਤੀ ਬਾਰੇ ਚਿਤਰਨ ਕੀਤਾ ਗਿਆ ਹੈ।

ਇਸੇ ਤਰ੍ਹਾਂ ਕਹਾਣੀ 'ਖੇਤ ਦੀ ਨੁੱਕਰੇ' ਪੰਜਾਬ ਵਿੱਚੋਂ ਪਰਵਾਸ ਕਰਕੇ ਵਿਦੇਸ਼ ਗਏ ਪਰਵਾਸੀਆਂ ਦੀਆਂ ਜੀਵਨ ਉਲਝਣਾ, ਪੰਜਾਬ ਦੇ ਪਿੰਡਾਂ ਵਿਚਲੇ ਜੀਵਨ ਵਿੱਚ ਕੁੜੀਆਂ ਨੂੰ ਨਾ ਪੜਾਉਣ ਬਾਰੇ ਜਗੀਰੂ ਲੋਕਾਂ ਦੀ ਸੋਚ, ਪਰਿਵਾਰਾਂ ਵਿੱਚ ਕੁੜੀਆਂ-ਮੁੰਡਿਆਂ ਵਿੱਚ ਕੀਤਾ ਜਾਂਦਾ ਵਿਤਕਰਾ, ਬਜ਼ੁਰਗਾਂ ਦੀ ਤ੍ਰਾਸਦੀ ਤੋਂ ਇਲਾਵਾ ਰਿਸ਼ਤਿਆਂ ਵਿਚਲੀ ਨਿੱਘ ਦੇ ਖ਼ਤਮ ਹੋਣ ਦੇ ਵਿਭਿੰਨ ਕਾਰਨਾਂ ਬਾਰੇ ਦਰਸਾਇਆ ਗਿਆ ਹੈ। ਜਿੱਥੇ ਕਹਾਣੀ ਵਿੱਚ ਰਾਣੀ ਵਰਗੀਆਂ ਕੁੜੀਆਂ ਘਰਾਂ ਵਿੱਚ ਹੁੰਦੇ ਵਿਤਕਰਿਆਂ ਦਾ ਸ਼ਿਕਾਰ ਹੁੰਦੀਆਂ ਹਨ ਉੱਥੇ ਉਨ੍ਹਾਂ ਦੇ ਜੀਵਨ ਨੂੰ ਕੇਵਲ ਘਰ ਤੱਕ ਹੀ ਸੀਮਤ ਕਰਕੇ ਇੱਕ ਪਿੰਜਰੇ ਵਿੱਚ ਕੈਦ ਪੰਛੀ ਦੀ ਤਰ੍ਹਾਂ ਬਣਾ ਦਿੱਤਾ ਜਾਂਦਾ ਹੈ ਜੋ ਉਮਰ ਭਰ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਕੈਦ ਹੋ ਕੇ ਰਹਿ ਜਾਂਦਾ ਹੈ। ਇਸੇ ਤਰ੍ਹਾਂ ਕਹਾਣੀ ਵਿੱਚ ਬਿੰਦਰ ਜਦ ਵਿਆਹ ਕਰਵਾ ਕੇ ਅਮਰੀਕਾ ਚਲਾ ਜਾਂਦਾ ਹੈ ਤਾਂ ਪਿੱਛੇ ਉਸਦਾ ਬਜ਼ੁਰਗ ਪਿਉ ਕਈ ਸਮੱਸਿਆਵਾਂ ਵਿੱਚ ਘਿਰਿਆ ਦਿਨ ਕੱਟਦਾ ਮਰ ਜਾਂਦਾ ਹੈ। ਇਸ ਸਥਿਤੀ ਵਿੱਚ ਬਿੰਦਰ ਅਮਰੀਕਾ ਵਿੱਚੋਂ ਆਪਣੇ ਪਿਤਾ ਦੀ ਮੌਤ ਸਮੇਂ ਆਪਣੇ ਪਿੰਡ ਪਰਤਣ ਦੀ ਬਜਾਏ ਆਪਣੇ ਕੰਮਾਂ ਅਤੇ ਨੌਕਰੀ ਨੂੰ ਤਰਜੀਹ ਦਿੰਦਾ ਹੈ:

"ਮੈਥੋਂ ਆ ਨਹੀਂ ਹੋਣਾ। ਹੁਣ ਵੀਰੋ ਆ ਗਈ ਏ ਏਥੇ। ਦੋਨੋਂ ਭੈਣਾਂ ਰਲ-ਮਿਲ ਕੇ ਬੇਬੇ ਨੂੰ ਸਾਂਭੋ।" "ਜੋ ਕੁਝ ਹੋਣਾ ਸੀ ਉਹ ਹੋ ਗਿਆ। ਮੈਂ ਆ ਕੇ ਵੀ ਕੀ ਕਰੂੰ। ਤੂੰ ਇਉਂ ਕਰ ਬੇਬੇ ਦਾ ਆਪਣੇ ਸਹੁਰੀਂ ਹੀ ਸਸਕਾਰ ਕਰ ਦੇ।"

ਕਹਾਣੀ ਵਿਚਲਾ ਵਾਤਾਵਰਨ ਪਰਵਾਸੀਆਂ ਦੇ ਪਿਛਲੇ ਜੱਦੀ ਭਾਈਚਾਰੇ ਨਾਲੋਂ ਟੁੱਟਦੇ ਸੰਬੰਧਾਂ ਅਤੇ ਖ਼ੂਨ ਦੇ ਰਿਸ਼ਤਿਆਂ ਵਿੱਚ ਪੈਦਾ ਹੋਈ ਫਿੱਕ ਨੂੰ ਪੇਸ਼ ਕਰਦਾ ਹੈ। ਅਮਰੀਕਾ ਵਰਗੇ ਪੱਛਮੀ ਦੇਸ਼ਾਂ ਦੇ ਇੱਕ ਵੱਖਰੇ ਸਮਾਜ-ਸੱਭਿਆਚਾਰਕ ਪ੍ਰਬੰਧ ਵਿੱਚ ਰਹਿੰਦਿਆਂ ਪਰਵਾਸੀਆਂ ਦੀ ਮਾਨਸਿਕਤਾ ਸਿਰਫ਼ ਆਪਣੇ ਨਿੱਜ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਉਨ੍ਹਾਂ ਲਈ ਖ਼ੂਨ ਦੇ ਰਿਸ਼ਤੇ ਕੋਈ ਮਾਇਨਾ ਨਹੀਂ ਰੱਖਦੇ। ਇਸ ਕਰਕੇ ਸੱਭਿਆਚਾਰਕ ਦਵੰਦ ਵਿੱਚ ਘਿਰੀ ਪਰਵਾਸੀਆਂ ਦੀ ਮਾਨਸਿਕਤਾ ਤਣਾਅ ਵਿੱਚ ਘਿਰੀ ਰਹਿੰਦੀ ਹੈ। ਕਹਾਣੀ 'ਗੁਨਾਹ' ਪੰਜਾਬ ਦੇ ਆਰਥਿਕ ਪ੍ਰਬੰਧ ਵਿੱਚ ਆ ਚੁੱਕੀ ਖੜੋਤ ਬਾਰੇ ਚਰਚਾ ਕਰਦੀ ਹੈ। ਰਾਜਸੀ ਢਾਂਚਾ ਐਨਾ ਭ੍ਰਿਸ਼ਟ ਹੋ ਚੁੱਕਾ ਹੈ ਕਿ ਹਰ ਅਹੁਦੇ 'ਤੇ ਬਿਰਾਜਮਾਨ ਵਿਅਕਤੀ ਲੋਕ ਭਲਾਈ ਦੀ ਜਗ੍ਹਾ ਨਿੱਜਵਾਦੀ ਹੋ ਆਪਣੇ ਘਰ ਦਾ ਹੀ ਸਕਾ ਬਣ ਕੇ ਰਹਿ ਗਿਆ ਹੈ। ਇਸ ਸਥਿਤੀ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਸਦੇ ਗ਼ਰੀਬ ਪਰਿਵਾਰਾਂ ਦੀਆਂ ਕੁੜੀਆਂ ਨੂੰ ਆਪਣੇ ਘਰ ਦਾ ਗੁਜ਼ਾਰਾ ਚਲਾਉਣ ਲਈ ਆਪਣੀ ਇੱਜ਼ਤ ਦੀ ਪ੍ਰਵਾਹ ਕੀਤੇ ਬਿਨਾ ਦਿਨ-ਰਾਤ ਪੂੰਜੀਪਤੀ ਲੋਕਾਂ ਦੀਆਂ ਕੰਪਨੀਆਂ ਦੁਆਰਾ ਤਿਆਰ ਕੀਤੇ ਮਾਲ ਨੂੰ ਵੇਚਣਾ ਪੈਂਦਾ ਹੈ ਤਾਂ ਜੋ ਆਪਣੇ ਪਰਿਵਾਰ ਦੀਆ ਲੋੜਾਂ ਪੂਰੀਆਂ ਕਰ ਸਕਣ।

ਕਹਾਣੀ 'ਦੇਵਤੇ' ਇੱਕ ਮਨੋਵਿਗਿਆਨਕ ਕਹਾਣੀ ਹੈ। ਇਸ ਕਹਾਣੀ ਵਿੱਚ ਪਤੀ-ਪਤਨੀ ਦੇ ਉਸ ਰਿਸ਼ਤੇ ਵਿਚਲੀ ਪੀੜ ਬਾਰੇ ਚਿਤਰਨ ਕੀਤਾ ਗਿਆ ਹੈ ਜੋ ਬਣਦਿਆਂ ਸਾਰ ਹੀ ਟੁੱਟ ਜਾਂਦੇ ਹਨ। ਕਹਾਣੀ ਵਿੱਚ ਪਾਤਰ ਪ੍ਰੀਤ ਸਧਾਰਨ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੈ। ਉਸਦਾ ਵਿਆਹ ਕੈਨੇਡਾ ਵਿੱਚ ਜਗਦੀਪ ਨਾਲ ਹੋ ਜਾਂਦਾ ਹੈ। ਜਗਦੀਪ ਦੇ ਸੱਦੇ ਤੇ ਜਦ ਪ੍ਰੀਤ ਵਿਆਹ ਤੋਂ ਬਾਅਦ ਕੈਨੇਡਾ ਆਉਂਦੀ ਹੈ ਤਾਂ ਆਪਣੀ ਭੂਆ ਦੇ ਬਹਿਕਾਵੇ ਵਿੱਚ ਆ ਏਅਰਪੋਰਟ ਤੋਂ ਜਗਦੀਪ ਦੇ ਘਰ ਜਾਣ ਦੀ ਬਜਾਏ ਭੂਆ ਦੇ ਘਰ ਵੈਨਕੂਵਰ ਚਲੀ ਜਾਂਦੀ ਹੈ ਤੇ ਬਾਅਦ ਵਿੱਚ ਜਗਦੀਪ ਨੂੰ ਤਲਾਕ ਦੇ ਕੇ ਗੁਰਨੇਕ ਨਾਲ ਵਿਆਹ ਕਰਵਾ ਲੈਂਦੀ ਹੈ। ਇਸ ਤਰ੍ਹਾਂ ਕੁੱਝ ਸਾਲਾਂ ਬਾਅਦ ਜਦ ਪ੍ਰੀਤ ਦੀ ਧੀ ਅਮਨ ਤੇ ਜਗਦੀਪ ਦਾ ਲੜਕਾ ਰਾਜ ਜੋ ਆਪਸ ਵਿੱਚ ਦੋਸਤ ਹੁੰਦੇ ਹਨ, ਉਨ੍ਹਾਂ ਨੂੰ ਪ੍ਰੀਤ ਦੀ ਅਸਲ ਅਸਲੀਅਤ ਬਾਰੇ ਪਤਾ ਲੱਗਦਾ ਹੈ ਤਾਂ ਅਮਨ ਅਤੇ ਪ੍ਰੀਤ ਵਿਚਕਾਰ ਤਕਰਾਰ ਉਤਪੰਨ ਹੋ ਜਾਂਦਾ ਹੈ। ਪ੍ਰੀਤ ਆਪਣੀ ਗਲਤੀ ਮੰਨਦੀ ਹੋਈ ਜਦ ਆਪਣੀ ਧੀ ਅਮਨ ਦੇ ਜਗਦੀਪ ਦੇ ਬੇਟੇ ਰਾਜ ਦੀ ਮਦਦ ਨਾਲ ਜਗਦੀਪ ਤੋਂ ਮੁਆਫ਼ੀ ਮੰਗ ਲੈਂਦੀ ਹੈ ਤਾਂ ਉਸਨੂੰ ਭਿਆਨਕ ਅਪਰਾਧ ਤੋਂ ਬਾਅਦ ਸਜਾ ਕੱਟ ਚੁੱਕੇ ਕੈਦੀ ਵਾਂਗ ਸਕੂਨ ਮਹਿਸੂਸ ਹੁੰਦਾ ਹੈ। ਇਸ ਸਥਿਤੀ ਵਿੱਚ ਉਹ ਮੈਂ ਪਾਤਰ ਨਾਲ ਸੰਬੋਧਤ ਹੁੰਦੀ ਜ਼ਿਕਰ ਕਰਦੀ ਹੈ:

"ਮੇਰੇ ਸਿਰ ਤੋਂ ਵੀ ਭਾਰ ਲੱਥ ਗਿਆ ਹੈ। ਭਲਾ ਹੋਵੇ ਰਾਜ ਤੇ ਉਸ ਦੀ ਮਾਂ ਦਾ, ਜਿਨ੍ਹਾਂ ਨੇ ਮੈਨੂੰ ਮੇਰੇ ਗੁਨਾਹ ਦੇ ਭਾਰ ਤੋਂ ਮੁਕਤ ਕਰਵਾ ਦਿੱਤੈ। ਇਸ ਧਰਤੀ ਤੇ ਅਜੇਹੇ ਦੇਵਤਿਆਂ ਵਰਗੇ ਲੋਕ ਵੀ ਰਹਿੰਦੇ ਹਨ। ਮੈਂ ਤਾਂ ਕਸਰ ਨਹੀਂ ਛੱਡੀ ਜਗਦੀਪ ਦਾ ਬੁਰਾ ਕਰਨ ਦੀ, ਪਰ ਪ੍ਰਮਾਤਮਾ ਨੇ ਉਸ ਨੂੰ ਇਕ ਨੇਕ ਸੁਚੱਜੀ ਤੇ ਸੋਹਣੇ ਦਿਲ ਵਾਲੀ ਔਰਤ ਦਾ ਸਾਥ ਬਖ਼ਸ ਦਿੱਤਾ।"

ਕਹਾਣੀ ਵਿਚਲਾ ਇਹ ਕਥਨ ਦੰਪਤੀ ਜੀਵਨ ਦੇ ਅਸਲ ਯਥਾਰਥ ਅਤੇ ਨੇੜਲੇ ਰਿਸ਼ਤਿਆਂ ਵਿਚਲੀ ਆਪਸੀ ਰਾਜਨੀਤੀ ਅਤੇ ਟੁੱਟ-ਭੱਜ ਬਾਰੇ ਚਿਤਰਨ ਕਰਦਾ ਹੈ। ਸਮਾਂ ਬੀਤਣ 'ਤੇ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਕਿਸ ਤਰ੍ਹਾਂ ਉਸਨੂੰ ਆਪਣੀਆਂ ਨਜ਼ਰਾਂ ਵਿੱਚ ਆਪ ਗਿਰਨ ਦਾ ਅਹਿਸਾਸ ਮਾਰੂ ਪੀੜ ਦੀ ਤਰ੍ਹਾਂ ਜਾਪਦਾ ਹੈ। ਇਸ ਸਥਿਤੀ ਵਿੱਚ ਜਿੱਥੇ ਉਹ ਸਮਾਜ ਵਿੱਚ ਆਪਣੇ ਆਪ ਨੂੰ ਹੀਣਾ ਤੇ ਊਣਾ ਮਹਿਸੂਸ ਕਰਦਾ ਹੈ ਉਸਦੇ ਨਾਲ ਹੀ ਆਪਣੀ ਅਗਲੀ ਪੀੜ੍ਹੀ ਨਾਲ ਉਤਪੰਨ ਹੋਏ ਤਕਰਾਰ ਦਾ ਸਾਹਮਣਾ ਕਰਦਾ ਕਈ ਸਮੱਸਿਆਵਾਂ ਵਿੱਚ ਘਿਰਿਆ ਸਕੂਨ ਪ੍ਰਾਪਤੀ ਲਈ ਯਤਨ ਕਰਦਾ ਹੈ। ਕਹਾਣੀ 'ਨਵੀਂ ਜੁੱਤੀ' ਪਿੰਡਾਂ ਵਿੱਚ ਵੱਸਦੀ ਮਜ਼ਦੂਰ ਸ਼ੈਣੀ ਨਾਲ ਸੰਬੰਧਿਤ ਲੋਕਾਂ ਦੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਬਾਰੇ ਚਿਤਰਨ ਕਰਦੀ ਹੈ ਤੇ ਨਾਲ ਹੀ ਇਸ ਕਹਾਣੀ ਵਿੱਚ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਗ਼ਰੀਬੀ ਵਿੱਚ ਪਲੇ ਪੜ੍ਹੇ ਬੱਚੇ ਆਪਣੀ ਮਿਹਨਤ ਅਤੇ ਸੰਘਰਸ਼ ਦੁਆਰਾ ਰੁਜ਼ਗਾਰ ਹਾਸਿਲ ਕਰਕੇ ਆਪਣੇ ਜੀਵਨ ਨੂੰ ਸਹੂਲਤਾਂ ਭਰਪੂਰ ਬਣਾਉਂਦੇ ਸਮਾਜ ਵਿੱਚ ਵਿਸ਼ੇਸ਼ ਪਛਾਣ ਦੇ ਧਾਰਨੀ ਬਣਦੇ ਹਨ।

'ਕੁਰਬਾਨੀ' ਕਹਾਣੀ ਵਿੱਚ ਵਿਦੇਸ਼ੀ ਧਰਤੀ ਤੇ ਵੱਸਦੇ ਪਤੀ-ਪਤਨੀ ਦੇ ਅਣਸੁਖਾਵੇਂ ਦੰਪਤੀ ਸੰਬੰਧਾਂ ਅਤੇ ਨਾਲ ਹੀ ਨਵੀਂ ਪੀੜ੍ਹੀ ਜੋ ਕਿ ਬੇਸ਼ੱਕ ਪੱਛਮੀ ਜੀਵਨ ਅਨੁਸਾਰ ਜੀਵਨ ਜਿਉਂ ਰਹੀ ਹੈ ਪਰੰਤੂ ਉਨ੍ਹਾਂ ਦੀ ਆਪਣੇ ਮਾਪਿਆਂ ਪ੍ਰਤੀ ਸਤਿਕਾਰ ਤੇ ਪ੍ਰਵਾਹ ਦੀ ਭਾਵਨਾ ਨੂੰ ਵੀ ਇਸ ਕਹਾਣੀ ਰਾਹੀਂ ਦਰਸਾਇਆ ਗਿਆ ਹੈ। ਜਿਵੇਂ ਕਿ ਕਹਾਣੀ ਵਿੱਚ ਪਾਤਰ ਮੀਤਾਂ ਬਲਬੀਰ ਨਾਲ ਵਿਆਹ ਕਰਵਾ ਕੇ ਕੈਨੇਡਾ ਆ ਜਾਂਦੀ ਹੈ। ਵਿਆਹ ਤੋਂ ਕੁਝ ਦਿਨਾਂ ਬਾਅਦ ਹੀ ਬਲਬੀਰ ਸ਼ਰਾਬ ਦੇ ਨਸ਼ੇ ਵਿੱਚ ਮੀਤਾਂ ਨਾਲ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਝਗੜਾ ਕਰਦਾ ਮਾਰਕੁਟਾਈ ਤੱਕ ਪਹੁੰਚ ਜਾਂਦਾ ਹੈ। ਮੈਂ ਪਾਤਰ ਜਦ ਮੀਤਾਂ ਨੂੰ ਹੁੰਦੇ ਅੱਤਿਆਚਾਰ ਬਾਰੇ ਪੁੱਛਦੀ ਹੈ ਤਾਂ ਉਹ ਪਰੇਸ਼ਾਨ ਹੋ ਜਾਂਦੀ ਹੈ। ਜਿਵੇਂ ਕਿ ਕਹਾਣੀ ਦੇ ਕਥਨ ਅਨੁਸਾਰ:

"ਇਹ ਕੰਮ ਕਦੋਂ ਕਰਦਾ ਸੀ। ਇਹਨੂੰ ਤਾਂ ਬਹੁਤ ਚਿਰ ਹੋ ਗਿਆ ਕੰਮ 'ਤੇ ਗਿਆ ਹੀ ਨਹੀਂ। ਪੀ ਲੈਣੀ ਤੇ ਮੇਰੇ ਤੇ ਖਰੀ ਕਰ ਛੱਡਣੀ। ਸਾਰੀ ਉਮਰ ਏਸੇ ਤਰ੍ਹਾਂ ਹੀ ਲੰਘ ਗਈ।"

ਕਹਾਣੀ ਵਿਚਲਾ ਵਾਤਾਵਰਨ ਕੈਨੇਡਾ ਵੱਸਦੇ ਜਗੀਰੂ ਕਦਰਾਂ-ਕੀਮਤਾਂ ਦੇ ਧਾਰਨੀ ਲੋਕਾਂ ਦੀ ਧੌਂਸਮਈ ਪ੍ਰਵਿਰਤੀ ਕਾਰਨ ਘਰ ਵਿੱਚ ਹੁੰਦੇ ਕਲੇਸ਼ ਅਤੇ ਰਿਸ਼ਤਿਆਂ ਵਿਚਲੀ ਆਪਸੀ ਸਾਂਝ ਦੀ ਥਾਂ ਪੈਦਾ ਹੋਈ ਦਰਾੜ ਨੂੰ ਪੇਸ਼ ਕਰਦਾ ਹੈ। ਪੂਰਬੀ ਪੰਜਾਬੀ ਸੰਸਕਾਰਾਂ ਨਾਲ ਸੰਬੰਧਿਤ ਔਰਤ ਬੇਸ਼ੱਕ ਕੈਨੇਡਾ ਵਿੱਚ ਵੱਸਦਿਆਂ ਉੱਥੋ ਦੇ ਕਾਨੂੰਨੀ ਪ੍ਰਬੰਧ ਅਤੇ ਆਪਣੇ ਹੱਕਾਂ ਪ੍ਰਤੀ ਜਾਣੂ ਹੁੰਦੀ ਹੈ ਪਰੰਤੂ ਇਸੇ ਬਾਵਜੂਦ ਵੀ ਉਸਨੂੰ ਆਪਣੇ ਪਰਿਵਾਰ ਅਤੇ ਬੱਚਿਆਂ ਦੀ ਖ਼ੁਸ਼ੀ ਲਈ ਮਜਬੂਰੀ ਵੱਸ ਕਿਤੇ ਨਾ ਕਿਤੇ ਆਪਣੇ ਪਤੀ ਦੀ ਧੌਂਸ ਅਧੀਨ ਰਹਿਣਾ ਪੈਂਦਾ ਹੈ, ਜਿਸਨੂੰ ਕਹਾਣੀ ਵਿੱਚ ਬਹੁਤ ਡੂੰਘੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਕਹਾਣੀ 'ਕੀ ਲੋੜ ਸੀ ਪਾਪੜ ਵੇਲਣ ਦੀ' ਵਿੱਚ ਪੂਰਬੀ ਅਤੇ ਪੱਛਮੀ ਜੀਵਨ ਸ਼ੈਲੀ ਵਿਚਲੀ ਵੱਖਰਤਾ ਬਾਰੇ ਜ਼ਿਕਰ ਕਰਦਿਆਂ ਪਰਵਾਸੀਆਂ ਦੇ ਦੰਪਤੀ ਜੀਵਨ ਵਿੱਚ ਪੈਦਾ ਹੋਏ ਕਲੇਸ਼ਾਂ ਦੀਆਂ ਕਈ ਪਰਤਾਂ ਨੂੰ ਫਰੋਲਿਆ ਗਿਆ ਹੈ। ਵਿਦੇਸ਼ ਵਿੱਚ ਵੱਸਦਿਆਂ ਨਿਰੰਤਰ ਡਾਲਰ ਕਮਾਉਣ ਪਿੱਛੇ ਲੱਗੀ ਦੌੜ ਪਤੀ-ਪਤਨੀ ਅਤੇ ਬੱਚਿਆਂ ਵਿਚਲੇ ਰਿਸ਼ਤਿਆਂ ਦੀ ਨਿੱਘ ਨੂੰ ਖ਼ਤਮ ਕਰ ਦਿੰਦੀ ਹੈ। ਇਸ ਸਥਿਤੀ ਵਿੱਚ ਹਰ ਸਹੂਲਤ ਪ੍ਰਾਪਤ ਕਰ ਚੁਕਾ ਵਿਅਕਤੀ ਆਪਣੇ ਆਪ ਵਿੱਚ ਖ਼ਾਲੀ ਤੇ ਹੀਣਾ ਮਹਿਸੂਸ ਕਰਦਾ ਹੈ। ਦੂਜੇ ਪਾਸੇ ਪਰਵਾਸੀਆਂ ਦੇ ਨਵੀਂ ਪੀੜ੍ਹੀ ਨਾਲ ਸੰਬੰਧਿਤ ਬੱਚੇ ਸਕੂਲਾਂ, ਕਾਲਜਾਂ ਤੋਂ ਇਲਾਵਾ ਘਰ ਤੋਂ ਬਾਹਰ ਗੋਰਿਆਂ ਦੇ ਬੱਚਿਆਂ ਦੀ ਤਰ੍ਹਾਂ ਅੰਗਰੇਜ਼ੀ ਭਾਸ਼ਾ ਨੂੰ ਪਹਿਲ ਦਿੰਦੇ ਹਨ। ਜੇਕਰ ਘਰ ਵਿੱਚ ਮਾਪੇ ਉਨ੍ਹਾਂ ਨੂੰ ਪੰਜਾਬੀ ਵਿੱਚ ਗੱਲ ਕਰਨ ਤੇ ਉਸ ਨਾਲ ਜੁੜਨ ਲਈ ਪ੍ਰੇਰਦੇ ਹਨ ਤਾਂ ਦੋਨਾਂ ਧਿਰਾਂ ਵਿਚਕਾਰ ਹੁੰਦੀ ਆਪਸੀ ਬਹਿਸ ਤਿੱਖੇ ਸੰਵਾਦ ਵਿੱਚ ਬਦਲ ਜਾਂਦੀ ਹੈ। ਕਹਾਣੀ ਵਿੱਚ ਕੈਨੇਡਾ ਦੇ ਸਮੁੱਚੇ ਅਨੁਸ਼ਾਸਨ ਬੱਧ ਪ੍ਰਬੰਧ ਅਤੇ ਕਾਨੂੰਨੀ ਨਿਯਮਾਂ ਬਾਰੇ ਵੀ ਚਿਤਰਨ ਕੀਤਾ ਗਿਆ ਹੈ ਜੋ ਵਿਅਕਤੀਗਤ ਸੁਰੱਖਿਆ ਤੋਂ ਇਲਾਵਾ ਹਰ ਖੇਤਰ ਵਿੱਚ ਕੀਤੇ ਗਏ ਮਨੁੱਖੀ ਵਿਕਾਸ ਦੀ ਹਾਮੀ ਭਰਦਾ ਹੈ।

ਕਹਾਣੀ 'ਤਿੰਨ ਪੀੜ੍ਹੀਆਂ' ਉਨ੍ਹੀਂ ਸੌ ਚੁਰਾਸੀ ਦੇ ਦੁਖਾਂਤ ਨੂੰ ਬੜੇ ਡੂੰਘੇ ਅਤੇ ਭਾਵਨਾਤਮਿਕ ਰੂਪ ਵਿੱਚ ਚਿਤਰਦਿਆਂ ਪੰਜਾਬ ਦੇ ਪੇਂਡੂ ਜੀਵਨ ਦੇ ਨਿਘਾਰ ਅਤੇ ਲੋਕਾਂ ਉੱਪਰ ਰਾਜਸੀ ਤਾਕਤ ਦੇ

# ਮੋਰਿੰਡਾ ਬੇਅਦਬੀ ਕਾਂਡ ਦੇ ਵਿੱਚੋਂ ਦਿਸਦਾ ਸਮਾਜ ਨਰੋਆ ਨਹੀਂ

ਅਮ੍ਰਿਤਾ ਪ੍ਰੀਤਮ ਨੇ ਕਦੇ 47 ਦੀ ਵੰਡ ਵੇਲੇ ਸਮਾਜ ਦੇ ਸਾਰੇ ਅੰਗਾਂ ਨੂੰ ਸੱਭਿਅਕ ਉਚਾਈਆਂ ਤੋਂ ਨੀਵਾਣਾਂ ਵੱਲ ਲੁੜਕਦੇ ਵੇਖ ਦੁਖੀ ਹੋ ਕੇ ਲਿਖਿਆ ਸੀ , 'ਨਾਗਾਂ ਕੀਲੇ ਲੋਕ ਮੂੰਹ, ਬੱਸ ਫਿਰ ਡੰਗ ਹੀ ਡੰਗ ਹੀ ਡੰਗ। ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ।'

ਹੁਣ ਮੋਰਿੰਡਾ ਬੇਅਦਬੀ ਕਾਂਡ ਦੱਸ ਰਿਹਾ ਹੈ ਕਿ ਸਮਾਜ

*ਹਜਾਰਾ ਸਿੰਘ, ਮਿਸੀਸਾਗਾ*

ਦੇ ਬਹੁਤੇ ਅੰਗ ਹੁਣ ਵੀ ਨਰੋਏ ਨਹੀ ਰਹਿ ਗਏ। ਇਨ੍ਹਾਂ ਅੰਗਾਂ ਦੀ ਲੜੀ ਵਿੱਚ ਪਹਿਲਾਂ ਆਉਂਦਾ ਹੈ ਬੇਦਅਬੀ ਕਰਨ ਵਾਲਾ ਦੋਸ਼ੀ। ਇਸ ਵਿਅਕਤੀ ਦਾ ਕਾਰਾ ਹੀ ਸ਼ੱਭਿਅਕ ਅਤੇ ਪ੍ਰੇਸ਼ਾਨ ਕਰਨ ਵਾਲਾ ਹੈ। ਕਾਰਨ ਕੋਈ ਵੀ ਹੋਵੇ ਮਿਥ ਕੇ ਬੇਅਦਬੀ ਕਰਨ ਵਾਲੀ ਮਾਨਸਿਕਤਾ ਤੰਦਰੁਸਤ ਨਹੀ ਕਹੀ ਜਾ ਸਕਦੀ। ਇਹ ਬੀਮਾਰ ਸੋਚ ਦੀ ਉਪਜ ਨਾਲ ਕੀਤਾ ਗਿਆ ਵੱਡਾ ਗੁਨਾਹ ਹੈ।

ਵਿਅਕਤੀ ਤੋਂ ਬਾਅਦ ਵਾਰੀ ਆਉਂਦੀ ਹੈ ਸਮਾਜ ਦੇ ਬਾਕੀ ਅੰਗਾਂ ਦੀ। ਕਿਸੇ ਵੀ ਸਮਾਜ ਦੀ ਮਜ਼ਬੂਤੀ ਇਸ ਗੱਲ ਤੋਂ ਪਰਖੀ ਜਾਂਦੀ ਕਿ ਉਹ ਔਖੀਆਂ ਘੜੀਆਂ ਵਿੱਚ ਕਿਹੋ ਜਿਹਾ ਸੱਭਿਅਕ ਵਿਵਹਾਰ ਕਰਦਾ ਹੈ। ਅਮਰੀਕਾ ਤੇ 9/11 ਹਮਲਾ ਹੋ ਗਿਆ। ਪ੍ਰਧਾਨ ਬੁਸ਼ ਨੇ ਔਖੇ ਵੇਲੇ ਵੀ ਲਾਦੇਨ ਨੂੰ ਸੰਬੋਧਿਤ ਹੋਣ ਵੇਲੇ ਸੱਭਿਅਕ ਹੋਣ ਦਾ ਲੜ ਨਹੀ ਛੱਡਿਆ; ਉਸ ਨੂੰ ਗਾਲੀ ਗਲੋਚ ਦੀ ਥਾਂ 'ਮਿਸਟਰ ਲਾਡੇਨ' ਕਹਿ ਕੇ ਸੰਬੋਧਿਤ ਹੋਇਆ।

ਸਾਡਾ ਸਮਾਜ ਬੇਅਦਬੀ ਦੀ ਦੁਰਘਟਨਾ ਤੋਂ ਬਾਅਦ ਭੀੜ ਬਣ ਗਿਆ। ਦੋਸ਼ੀ ਨੂੰ ਪਕੜ ਕੇ ਕੁੱਟਿਆ ਮਾਰਿਆ ਗਿਆ, ਗੁੱਸਾ ਲਾਹਿਆ ਗਿਆ। ਫਿਰ ਪੁਲੀਸ ਹਵਾਲੇ ਕਰ ਦਿੱਤਾ ਗਿਆ। ਫਿਰ ਪੁਲੀਸ ਠਾਣੇ ਸਾਹਮਣੇ ਧਰਨਾ ਲਾ ਕੇ ਦੋਸ਼ੀ ਨੂੰ ਸੰਗਤ ਹਵਾਲੇ ਕਰਨ, ਮੌਤ ਦੀ ਸਜ਼ਾ, ਫਾਸਟ ਟਰੈਕ ਅਦਾਲਤਾਂ ਅਤੇ ਐਨ ਐਸ ਏ ਲਾਉਣ ਦੀਆਂ ਮੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦ ਦੋਸ਼ੀ ਪਕੜਿਆ ਗਿਆ ਤਾਂ ਪੁਲੀਸ ਕਾਰਵਾਈ ਹੋਣ ਨੂੰ ਕੁੱਝ ਸਮਾਂ ਲੱਗਣਾ ਕਾਨੂੰਨੀ ਪ੍ਰਕ੍ਰਿਆ ਦਾ ਹਿੱਸਾ ਹੈ। ਪਰ ਅਸੀਂ ਤੁਰਤ-ਫੁਰਤ ਨਿਆਂ ਦੀ ਚਾਹਤ ਰੱਖਦੇ ਹਾਂ। ਇਹ ਸਾਡੇ ਸਮਾਜ ਦੇ ਨਰੋਏ ਹੋਣ ਦੀ ਨਿਸ਼ਾਨੇ ਨਹੀ।

ਇਸ ਮਾਮਲੇ ਦਾ ਇਨਸਾਫ ਲੈਣ ਲਈ ਮੁਹਿੰਮ ਵਿੱਚ ਕੁੱਦੇ ਧਾਰਮਿਕ ਬਾਣਿਆ ਵਾਲੇ ਲੋਕ ਗੁੱਸੇ ਦਾ ਪ੍ਰਗਟਾਵਾ ਕਰਦੇ ਨਜ਼ਰ ਆਏ, ਜਦਕਿ ਧਰਮ ਦਾ ਸਿਧਾਂਤ ਗੁੱਸੇ ਨੂੰ ਮਾਰਨ ਦਾ ਹੈ। ਦੋਸ਼ੀ ਨੂੰ ਵੱਢ ਟੁੱਕ ਕੇ ਮਾਰਨ ਦੀਆਂ ਗੱਲਾਂ ਕਰਦੇ ਨਜ਼ਰ ਆਏ, ਜਦ ਕਿ ਧਰਮ ਸਿਧਾਂਤ ਖਿਮਾ ਦਾ ਹੈ। ਸਮਾਜ ਦੇ ਇਸ ਧਾਰਮਿਕ ਅੰਗ ਨੇ ਵੀ ਕਿਸੇ ਉੱਚ ਪਾਏ ਦੇ ਆਦਰਸ਼ ਨੂੰ ਪ੍ਰਣਾਏ ਹੋਏ ਨਰੋਏ ਅੰਗ ਦਾ ਮੁਜਾਹਰਾ ਨਹੀਂ ਕੀਤਾ।

ਇਨਸਾਫ ਦਾ ਸਿਧਾਂਤ ਇਸ ਗੱਲ ਦੀ ਮੰਗ ਕਰਦਾ ਹੈ ਕਿ ਦੋਸੀ ਤੋਂ ਬਿਨਾ ਕਿਸੇ ਹੋਰ ਨੂੰ ਕੋਈ ਆਂਚ ਨਾ ਆਵੇ। ਪਰ ਬੇਅਦਬੀ ਕਾਰਨ ਗੁੱਸੇ ਵਿੱਚ ਆਏ ਲੋਕਾਂ ਨੇ ਦੋਸ਼ੀ ਦੇ ਘਰ ਦੀ ਭੰਨ-ਤੋੜ ਕਰ ਦਿੱਤੀ। ਇਹ ਸਣ ਬੱਚਾ ਘਾਣੀ ਪੀੜਨ ਵਾਲੇ ਇਨਸਾਫ ਵਾਲਾ ਵਰਤਾਰਾ ਹੈ। ਇਹ ਵਰਤਾਰਾ ਅਸੱਭਿਅਕ



ਵੱਧ ਅਤੇ ਸੱਭਿਅਕ ਘੱਟ ਹੋਣ ਦੀ ਦੱਸ ਪਾਉਂਦਾ ਹੈ।

ਇਸ ਤੋਂ ਅੱਗੇ ਕਾਨੂੰਨ ਲਾਗੂ ਕਰਨ ਵਾਲਾ ਅੰਗ ਹੈ ਪੁਲੀਸ। ਸਮਾਜ ਨੂੰ ਆਪਣੇ ਇਸ ਅੰਗ 'ਤੇ ਕੋਈ ਵਿਸ਼ਵਾਸ਼ ਹੀ ਨਹੀਂ ਰਿਹਾ। ਇਸੇ ਕਰਕੇ ਲੋਕ ਤਫਤੀਸ਼ ਵਿੱਚ ਆਪ ਸ਼ਾਮਿਲ ਹੋਣ ਦੀ ਮੰਗ ਵੀ ਕਰਦੇ ਹਨ। ਨਰੋਆ ਸਮਾਜ ਸਿਰਜਣ ਲਈ ਪੁਲੀਸ ਵਿੱਚ ਲੋਕਾਂ ਦਾ ਵਿਸ਼ਵਾਸ਼ ਪੈਦਾ ਕਰਨਾ ਹੁਣ ਯੁੱਧ ਦਾ ਕੰਮ ਬਣ ਗਿਆ ਹੈ।

ਪੁਲੀਸ ਕਾਰਵਾਈ ਦੌਰਾਨ ਦੋਸ਼ੀ ਦੀ ਤਫਤੀਸ਼ ਵੀ ਮਾਰ ਕੁਟਾਈ ਦੇ ਤਰੀਕੇ ਨਾਲ ਕੀਤੀ ਜਾਣ ਦੀ ਥਾਂ ਪ੍ਰੋਫੈਸ਼ਨਲ ਤਰੀਕੇ ਨਾਲ ਹੋਣੀ ਚਾਹੀਦੀ ਹੈ ਤਾਂ ਜੋ ਪੂਰੇ ਮਾਮਲੇ ਦੀਆਂ ਸਾਰੀਆਂ ਪਰਤਾਂ ਖੁਲ੍ਹ ਕੇ ਸੱਚ ਸਾਹਮਣੇ ਆਵੇ ਅਤੇ ਅੱਗੇ ਤੋਂ ਐਸੀਆਂ ਘਟਨਾਵਾਂ ਵਾਪਰਨ ਤੋਂ ਬਚਾ ਕਰਨ ਦੇ ਉਪਾਅ ਸੋਚੇ ਜਾ ਸਕਣ। ਪਰ ਸਮਾਜ ਦਾ ਇਹ ਅੰਗ, ਭਾਵ ਪੁਲੀਸ, ਅਜੇ ਇਸ ਪੱਖ ਬਾਰੇ ਸਰਾਹਨਾਯੋਗ ਕੰਮ ਨਹੀ ਕਰ ਸਕੀ।

ਸਮਾਜ ਦਾ ਇੱਕ ਹੋਰ ਅੰਗ ਹੈ ਸਿਆਸੀ ਲੋਕ, ਇਨ੍ਹਾਂ ਨੂੰ ਤਾਂ ਕਨੂੰਨੀ ਪ੍ਰਕਿਰਆ ਦਾ ਪਤਾ ਹੁੰਦਾ ਹੈ, ਪਰ ਇਹ ਵੀ ਸਿਆਸੀ ਲਾਹੇ ਲਈ ਧਰਨੇ 'ਤੇ ਬੈਠ ਗਏ। ਚੰਗਾ ਹੁੰਦਾ ਜੇ ਇਹ ਕਿਸੇ ਉੱਚੇ ਸੱਭਿਅਕ ਵਿਹਾਰ ਨਾਲ ਕਾਨੂੰਨ ਨੂੰ ਆਪਣਾ ਕੰਮ ਕਰਨ ਦਿੰਦੇ। ਐਸੇ ਮੌਕੇ ਕਿਸੇ ਤਰ੍ਹਾਂ ਦੀ ਭੜਕਾਹਟ ਪੈਦਾ ਕਰਨ ਦੀ ਥਾਂ ਪ੍ਰਸਾਸ਼ਨ ਨਾਲ ਸਹਿਯੋਗ ਦੀ ਲੋੜ ਹੁੰਦੀ ਹੈ। ਪਰ ਸਿਆਸੀ ਲੋਕ ਆਪਣਾ ਸਵਾਰਥ ਅੱਗੇ ਰੱਖ ਕੇ ਸਥਿਤੀ ਹੋਰ ਗੁੰਝਲਦਾਰ ਤੇ ਔਖੀ ਬਣਾ ਦਿੰਦੇ ਹਨ। ਮੋਰਿੰਡੇ ਵਾਲੀ ਘਟਨਾ ਤੋਂ ਬਾਅਦ ਸਮਾਜ ਦੇ ਇਸ ਸਿਆਸੀ ਅੰਗ ਨੇ ਵੀ ਨਰੋਏ ਹੋਣ ਦਾ ਕੋਈ ਸਬੂਤ ਨਹੀ ਦਿੱਤਾ।

ਇਸ ਤੋਂ ਅੱਗੇ ਆਉਂਦੇ ਹਨ ਸਮਾਜ ਵਿਚਲੇ ਵਕੀਲ। ਵਕੀਲ ਕਾਨੂੰਨ ਦੇ ਰਾਜ ਦਾ ਧੁਰਾ ਹਨ। ਪਤਾ ਲੱਗਾ ਹੈ ਕਿ ਵਕੀਲਾਂ ਨੇ ਦੋਸ਼ੀ ਦੀ ਕਾਨੂੰਨੀ ਮੱਦਦ ਨਾ ਕਰਨ ਬਾਰੇ ਮਤਾ ਪਾ ਦਿੱਤਾ ਹੈ। ਇਹ ਵੀ ਕੋਈ ਨਰੋਈ ਗੱਲ ਨਹੀ। ਦੋਸ਼ੀ ਨੂੰ ਵਕੀਲ ਦੇਣਾ ਇਨਸਾਫ ਦੀ ਮੁਢਲੀ ਸ਼ਰਤ ਹੈ ਤਾਂ ਜੋ ਪਤਾ ਲੱਗੇ ਕਿ ਕਾਨੂੰਨ ਅਨੁਸਾਰ ਸਭ ਕੁੱਝ ਸਹੀ ਹੋਇਆ ਹੈ। ਕਿਸੇ ਵੀ ਕੇਸ ਵਿੱਚ ਦੋਸੀ ਨੂੰ ਕਾਨੂੰਨੀ ਸਹਾਇਤਾ ਦੇਣੀ ਇਨਸਾਫ ਦੇ ਤਕਾਜੇ ਤੋਂ ਕਿੰਨੀ ਅਹਿਮ ਹੈ, ਇਸ ਬਾਰੇ ਵਕੀਲਾਂ ਤੋਂ ਵੱਧ ਕੌਣ ਜਾਣਦਾ ਹੈ। ਇੰਦਰਾ ਗਾਂਧੀ ਦੇ ਕਾਤਲਾਂ ਦੀ ਵਕਾਲਤ ਕਰਨ ਵਾਲਿਆਂ ਨੂੰ ਕਿਸੇ ਨੇ ਬੁਰਾ ਨਹੀਂ ਕਿਹਾ। ਸਗੋਂ ਇਹੋ ਵਕੀਲ ਬਾਅਦ ਵਿੱਚ ਜੱਜ ਵੀ ਨਿਯੁਕਤ ਹੋਏ। ਹੁਣ ਦੋਸੀ ਦੀ ਵਕਾਲਤ ਨਾ ਕਰਨ ਬਾਰੇ ਮਤਾ ਪਾਉਣ ਵਾਲੇ ਵਕੀਲਾਂ ਦੀ ਸਮਝ ਨੂੰ ਨਰੋਆ ਕਿਵੇਂ ਕਿਹਾ ਜਾਏ? ਇਹ ਤਾਂ ਬੀਮਾਰ ਹੋਣ ਦੀ ਨਿਸਾਨੀ ਹੈ।

ਇਸ ਤੋਂ ਵੀ ਅੱਗੇ, ਇੱਕ ਵਕੀਲ ਦੋਸ਼ੀ ਨੂੰ ਅਦਾਲਤ ਵਿੱਚ ਜਾ ਕੇ ਗੋਲੀ ਮਾਰਨ ਦੇ ਮਨਸੂਬੇ ਨਾਲ ਕੋਰਟ ਵਿੱਚ ਜਾ ਪਹੁੰਚਿਆ। ਇਸ ਵਕੀਲ ਨੇ ਆਪਣੀ ਕਾਨੂੰਨੀ ਸਮਝ ਅਤੇ ਸੱਭਿਅਕ ਸਮਾਜ ਦੀ ਧਾਰਨਾ ਨੂੰ ਹੀ ਤਾਰ ਤਾਰ ਕਰ ਦਿੱਤਾ। ਜੇ ਹੁਣ ਇਸ ਵਕੀਲ ਤੇ ਕੋਈ ਕਾਰਵਾਈ ਨਾ ਹੋਈ ਤਾਂ ਕਾਨੂੰਨ ਦੇ ਰਾਜ ਬਾਰੇ ਕਿਹੋ ਜਿਹਾ ਸੁਨੇਹਾ ਜਾਏਗਾ? ਬੇਅਦਬੀ ਕਰਨ ਵਾਲਾ ਤਾਂ ਮਾੜਾ ਹੈ ਹੀ ਪਰ ਕਾਨੂੰਨ ਦੇ ਜਾਣਕਾਰ ਇਨ੍ਹਾਂ ਵਕੀਲਾਂ ਬਾਰੇ ਕੀ ਕਿਹਾ ਜਾਏ? ਯਕੀਨਨ ਇਸ ਘਟਨਾ ਦੇ ਸਨਮੁਖ ਇਹ ਅੰਗ ਵੀ ਨਰੋਆ ਨਹੀ ਜਾਪਦਾ।

ਸੋ, ਜਿਸ ਸਮਾਜ ਦੇ ਇਹ ਇੰਨੇ ਸਾਰੇ ਅੰਗ ਨਰੋਏ ਨਾਂ ਹੋਣ, ਉਹ ਸਮਾਜ ਨਰੋਆ ਨਹੀਂ ਕਿਹਾ ਜਾ ਸਕਦਾ। ਅਮ੍ਰਿਤਾ ਦੇ ਬੋਲ ਸੀ, ਪਲੋ ਪਲੋ ਪੰਜਾਬ ਦੇ ਨੀਲੇ ਪੈ ਗਏ ਅੰਗ। ਹੁਣ ਗੱਲ ਨੀਲੇ ਪੈਣ ਤੋਂ ਵੀ ਅਗਾਂਹ ਚਲੀ ਗਈ ਜਾਪਦੀ ਹੈ। ਅਸੀ ਅੱਗੇ ਜਾਣ ਦੀ ਬਜਾਏ ਸਮਾਜ ਨੂੰ ਮੱਧਯੁਗੀ ਵਰਤਾਰਿਆਂ ਵੱਲ ਲਈ ਜਾ ਰਹੇ ਜਾਪਦੇ ਹਾਂ, ਇਹ ਸੱਭਿਅਕ ਤੋਂ ਅਸੱਭਿਕ ਹੋਣ ਵੱਲ ਦਾ ਸਫਰ ਹੈ।

ਨਰੋਏ ਸਮਾਜ ਵਿੱਚ ਕਾਨੂੰਨ ਆਪਣਾ ਕੰਮ ਕਰਦਾ ਹੈ, ਪੁਲੀਸ , ਵਕੀਲ ਅਤੇ ਲੋਕ ਕਾਨੂੰਨ ਦੀ ਸਹਾਇਤਾ ਕਰਦੇ ਹਨ। ਸਿਆਸੀ ਲੋਕ ਸਿਆਸੀ ਲਾਹੇ ਖਾਤਰ ਬੇਮਤਲਬ ਭੜਕਾਹਟ ਪੈਦਾ ਨਹੀ ਕਰਦੇ। ਧਾਰਮਿਕ ਲੋਕ ਸਮਾਜ ਨੂੰ ਵੱਡਾ ਜਿਗਰਾ ਰੱਖਣ ਦੀ ਸਿੱਖਿਆ ਦਿੰਦੇ ਹਨ ਅਤੇ ਆਮ ਲੋਕ ਭੜਕਣ ਤੋਂ ਗੁਰੇਜ਼ ਕਰਦੇ ਹਨ। ਆਖਰੀ ਗੱਲ ਸਮਾਜ ਵਿੱਚ ਚੱਲਣ ਵਾਲੇ ਚੈਨਲ ਵੀ ਸੰਨਸਨੀਖੇਜ਼ ਅਤੇ ਭੜਕਾਊ ਸੁਰਖੀਆਂ ਆਸਰੇ ਆਪਣੀ ਰੋਟੀ ਕਮਾਉਣ ਨੂੰ ਬੁਰਾ ਸਮਝਦੇ ਹਨ। ਮੈਨੂੰ ਆਸ ਹੈ ਕਿ ਪੰਜਾਬੀ ਸਮਾਜ ਵੀ ਥੋੜ੍ਹੇ ਜਿਹੇ ਯਤਨਾਂ ਨਾਲ ਨਰੋਆ ਸਮਾਜ ਬਣ ਸਕਦਾ ਹੈ।

# ਸੁਰਿੰਦਰ ਗੀਤ ਦਾ ਕਹਾਣੀ ਸੰਗ੍ਰਹਿ 'ਤੋਹਫ਼ਾ'

ਹੁਕਮਾਂ ਅਨੁਸਾਰ ਹੁੰਦੇ ਅੱਤਿਆਚਾਰਾਂ ਦੀ ਦਾਸਤਾ ਬਾਰੇ ਹੈ। ਪੰਜਾਬ ਨੂੰ ਇੱਕ ਖ਼ੁਸ਼ਹਾਲ ਖੇਤਰ ਹੋਣ ਦਾ ਮਾਣ ਪ੍ਰਾਪਤ ਹੈ ਪਰੰਤੂ ਮਾਹਿਰ ਰਾਜਸੀ ਲੋਕਾਂ ਦੀਆਂ ਭ੍ਰਿਸ਼ਟਾਚਾਰੀ ਚਾਲਾਂ ਨੇ ਪੰਜਾਬ ਨੂੰ ਕੰਗਾਲੀ ਵੱਲ ਧਕੇਲ ਦਿੱਤਾ। ਇਸ ਪਿੱਛੇ ਵੱਡਾ ਕਾਰਨ ਧਰਮ ਅਤੇ ਜਾਤਾਂ-ਪਾਤਾਂ ਕਾਰਨ ਹੁੰਦੇ ਦੰਗੇ ਫ਼ਸਾਦ ਸਨ। ਕਹਾਣੀ ਤਿੰਨ ਪੀੜ੍ਹੀਆਂ ਅਸਲ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਅਤੇ ਲੋਕਾਂ ਦੁਆਰਾ ਆਪਣੇ ਹੀ ਭਾਈਚਾਰੇ ਨਾਲ ਕੱਢੀਆਂ ਜਾਂਦੀਆਂ ਦੁਸ਼ਮਣੀਆਂ ਦੇ ਦੁਖਾਂਤ ਨੂੰ ਦਰਸਾਉਂਦੀ ਹੈ, ਜਿਸ ਦਾ ਖ਼ਮਿਆਜ਼ਾ ਤਿੰਨ ਪੀੜ੍ਹੀਆਂ ਨੂੰ ਭੁਗਤਣਾ ਪਿਆ। ਇਸੇ ਤਰ੍ਹਾਂ ਹੀ ਕਹਾਣੀ ਵਿੱਚ ਨਸ਼ਿਆਂ ਦੇ ਗੇੜ ਚ ਫਸੇ ਨੌਜੁਆਨਾਂ ਦੀ ਰੁਲਦੀ ਜਵਾਨੀ ਦੇ ਦੁਖਾਂਤ ਬੜੇ ਡੂੰਘੇ ਰੂਪ ਵਿੱਚ ਦਰਸਾਇਆ ਗਿਆ ਹੈ।

'ਮਾਂ' ਅਤੇ 'ਇਕ ਅੰਤ ਇਕ ਸ਼ੁਰੂਆਤ' ਕਹਾਣੀਆਂ ਵਿੱਚ ਵਿਦੇਸ਼ ਜਾਣ ਦੇ ਲਾਲਚ ਦੀ ਪੂਰਤੀ ਲਈ ਮਾਪਿਆਂ ਦੁਆਰਾ ਧੀਆਂ ਦੇ ਕੀਤੇ ਜਾਂਦੇ ਸੌਦੇ, ਔਰਤ 'ਤੇ ਹੁੰਦੇ ਅੱਤਿਆਚਾਰ ਅਤੇ ਰਿਸ਼ਤਿਆਂ ਵਿਚਲੀ ਟੁੱਟ-ਭੱਜ ਬਾਰੇ ਚਰਚਾ ਹੈ। 'ਮਾਂ' ਵਿੱਚ ਜਦੋਂ ਸੀਰਤ ਅਤੇ ਰਾਜਵਿੰਦਰ ਦੇ ਸੰਬੰਧਾਂ ਬਾਰੇ ਸੀਰਤ ਦੇ ਮਾਪਿਆਂ ਨੂੰ ਪਤਾ ਲੱਗਦਾ ਹੈ ਤਾਂ ਉਹ ਸੀਰਤ ਦਾ ਵਿਆਹ ਕੈਨੇਡਾ ਵਿੱਚ ਉਸਦੇ ਚਾਚਾ-ਚਾਚੀ ਦੇ ਕਹਿਣ 'ਤੇ ਕਿਸੇ ਸ਼ਰਾਬੀ ਨਾਲ ਕਰ ਦਿੰਦੇ ਹਨ। ਵਿਆਹ ਪਿੱਛੇ ਉਨ੍ਹਾਂ ਦਾ ਉਦੇਸ਼ ਆਪਣੀ ਧੀ ਸਹਾਰੇ ਕੈਨੇਡਾ ਜਾਣ ਦਾ ਹੁੰਦਾ ਹੈ। ਦੂਜੇ ਪਾਸੇ ਸੀਰਤ ਹਰ ਰੋਜ਼ ਆਪਣੇ ਪਤੀ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੀ ਅਣਸੁਖਾਵੇ ਦੰਪਤੀ ਜੀਵਨ ਵਿੱਚ ਉਲਝਦੀ ਮਾਨਸਿਕ ਸੰਤੁਲਨ ਵਿਗਾੜ ਲੈਂਦੀ ਹੈ। ਇਸ ਸਥਿਤੀ ਵਿੱਚ ਸੀਰਤ ਦੀ ਸਹੇਲੀ ਪਰਮ ਸੀਰਤ ਦਾ ਤਲਾਕ ਕਰਵਾ ਕੇ ਉਸਦੀ ਨਰਕ ਬਣੀ ਜ਼ਿੰਦਗੀ ਨੂੰ ਬਚਾਉਂਦੀ ਹੈ:

"ਪੰਜਾਬੀਆਂ ਨੂੰ ਅੱਜ-ਕੱਲ੍ਹ ਧੀਆਂ ਨਾਲ ਕੀ? ਉਨ੍ਹਾਂ ਨੂੰ ਤਾਂ ਪੁੱਤਾਂ ਦੇ ਭਵਿੱਖ ਦੀ ਚਿੰਤਾ ਹੁੰਦੀ ਹੈ। ਉਹ ਤਾਂ ਇੱਕੋ ਹੀ ਗੱਲ ਕਹੀ ਜਾਣ ਕਿ ਸਾਡਾ ਅਪਲਾਈ ਕਰ ਦੇ। ਸਾਡੇ ਨਾਲ ਮੁੰਡਾ ਜਾਣੀ ਸੀਰਤ ਦਾ ਭਰਾ ਵੀ ਆ ਜਾਵੇਗਾ। ਉਨ੍ਹਾਂ ਦਾ ਬੋਝ ਲਹਿ ਜਾਵੇਗਾ।"

ਪਿਛਲੇ ਲੰਮੇ ਸਮੇਂ ਤੋਂ ਕੈਨੇਡਾ ਵਿੱਚ ਨਿਰੰਤਰ ਜਾਇਜ਼-ਨਜਾਇਜ਼ ਤਰੀਕਿਆਂ ਨਾਲ ਪਰਵਾਸ ਹੋ ਰਿਹਾ ਹੈ। ਪਰਵਾਸ ਦੀ ਇਸ ਪ੍ਰਕਿਰਿਆ ਵਿੱਚ ਅਨਜੋੜ ਵਿਆਹ ਦਾ ਮਸਲਾ ਕਈ ਸਮੱਸਿਆਵਾਂ ਦਾ ਕਾਰਨ ਬਣਦਾ ਹੈ। ਮਾਪੇ ਆਪਣੇ ਲਾਲਚ ਲਈ ਧੀਆਂ ਨੂੰ ਉਮਰੋਂ ਵੱਡੇ ਲਾੜਿਆਂ ਨਾਲ ਵਿਆਹ ਕੇ ਸੁਰਖ਼ਰੂ ਤਾਂ ਹੋ ਜਾਂਦੇ ਹਨ ਪਰੰਤੂ ਧੀਆਂ ਨਸ਼ੇੜੀ ਪਤੀਆਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਆਪਣਾ ਜੀਵਨ ਤਬਾਹ ਕਰ ਲੈਂਦੀਆਂ ਹਨ। ਬੇਸ਼ੱਕ ਕੈਨੇਡਾ ਦੇ ਪੱਛਮੀ ਸਮਾਜ ਵਿੱਚ ਵਿਚਰਦੀ ਪੂਰਬੀ ਸੰਸਕਾਰਾਂ ਦੀ ਧਾਰਨੀ ਔਰਤ ਕਾਨੂੰਨੀ ਨਿਯਮਾਂ ਅਤੇ ਆਪਣੇ ਹੱਕਾਂ ਪ੍ਰਤੀ ਬਿਲਕੁਲ ਚੇਤਨ ਹੁੰਦੀ ਹੈ ਪਰੰਤੂ ਇਸੇ ਬਾਵਜੂਦ ਵੀ ਉਸਨੂੰ ਆਪਣੇ ਮਾਪਿਆਂ ਦੇ ਵਿਦੇਸ਼ ਆਉਣ ਦੇ ਲਾਲਚ ਦੀ ਪੂਰਤੀ ਅਤੇ ਪਰਿਵਾਰ ਪ੍ਰਤੀ ਵਫ਼ਾਦਾਰੀ ਦੀ ਭਾਵਨਾ ਕਾਰਨ ਆਪਣੇ ਪਤੀ ਦੀ ਜਗੀਰੂ ਧੌਂਸ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸੇ ਤਰ੍ਹਾਂ ਦੂਜੇ ਪਾਸੇ ਇਨ੍ਹਾਂ ਦੋਨਾਂ ਕਹਾਣੀਆਂ ਵਿੱਚ ਨਜ਼ਦੀਕੀ ਰਿਸ਼ਤਿਆਂ ਵਿੱਚ ਉਤਪੰਨ ਹੋਈ ਦਰਾੜ ਅਤੇ ਗੰਧਲੇਪਣ ਬਾਰੇ ਵੀ ਚਰਚਾ ਕੀਤੀ ਗਈ ਹੈ, ਜਿਸ ਵਿੱਚ ਗ੍ਰਸਤ ਲਾਲਚੀ ਵਿਅਕਤੀ ਆਪਣੇ ਕਿਰਦਾਰ ਦਾ ਮਿਆਨ ਐਨਾ ਨੀਵਾਂ ਕਰ ਲੈਂਦਾ ਹੈ ਕਿ ਉਸਨੂੰ ਆਪਣੇ ਨਫ਼ੇ ਤੋਂ ਸਿਵਾਏ ਕੁੱਝ ਹੋਰ ਨਜ਼ਰ ਨਹੀਂ ਆਉਂਦਾ। ਉਸਦੀ ਸੋਚ ਸਿਰਫ ਡਾਲਰ ਇਕੱਠੇ ਕਰਨ ਤੱਕ ਹੀ ਰਹਿੰਦੀ ਹੈ। ਉਹ ਖ਼ੂਨ ਦੇ ਰਿਸ਼ਤਿਆਂ ਦੀ ਪ੍ਰਵਾਹ ਨਾ ਕਰਦਾ ਹੋਇਆ ਆਪਣੇ ਨਿੱਜ ਤੱਕ ਹੀ ਸੀਮਤ ਰਹਿੰਦਾ ਹੈ। ਇਸੇ ਤਰ੍ਹਾਂ 'ਕੈਨੇਡਾ ਦੀ ਟਿਕਟ', 'ਗਰਮ ਪਾਣੀ', 'ਧੀ ਦਾ ਕਰਜ਼' ਅਤੇ 'ਬਦਲਦੇ ਰਿਸ਼ਤੇ' ਕਹਾਣੀਆਂ ਪਿੰਡਾਂ ਵਿੱਚ ਵੱਸਦੇ ਨਿਮਨ ਵਰਗ ਨਾਲ ਸੰਬੰਧਿਤ ਮਿਹਨਤਕਸ਼ ਲੋਕਾਂ ਦੁਆਰਾ ਆਪਣੇ ਧੀਆਂ-ਪੁੱਤਾਂ ਨੂੰ ਵਿਦੇਸ਼ ਭੇਜਣ ਦੇ ਲਾਲਚ ਹਿਤ ਵਿਦੇਸ਼ ਵਿੱਚੋ ਪਰਤੇ ਸਰਮਾਏਦਾਰ ਲੋਕਾਂ ਦੇ ਜਾਲ ਵਿੱਚ ਫਸਦਿਆਂ ਜਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਸਮੱਸਿਆਵਾਂ ਨੂੰ ਕਹਾਣੀਕਾਰਾ ਨੇ ਬਹੁਤ ਹੀ ਨਿਵੇਕਲੇ ਅਤੇ ਸੁਚੱਜੇ ਢੰਗ ਰਾਹੀਂ ਪੇਸ਼ ਕੀਤਾ ਹੈ ਤੇ ਨਾਲ ਹੀ ਕਹਾਣੀਆਂ ਵਿੱਚ ਕੈਨੇਡਾ ਦੇ ਅੰਤਰ ਸੱਭਿਆਚਾਰ ਵਿੱਚ ਵੱਸਦੀ ਬਜ਼ੁਰਗ ਪੀੜ੍ਹੀ ਦੀਆਂ ਦਵੰਦਮਈ ਜੀਵਨ ਪ੍ਰਸਥਿਤੀਆਂ ਦੇ ਕਈ ਮਸਲਿਆਂ ਨੂੰ ਉਭਾਰਿਆ ਗਿਆ ਹੈ, ਜਿਸ ਵਿੱਚ ਬਜ਼ੁਰਗ ਪੀੜ੍ਹੀ ਦੋ ਰੂਪਾਂ ਵਿੱਚ ਸਾਹਮਣੇ ਆਉਂਦੀ ਹੈ। ਇੱਕ ਉਹ ਬਜ਼ੁਰਗ ਹਨ ਜਿਹੜੇ ਕਈ ਦਹਾਕਿਆਂ ਤੋਂ ਕੈਨੇਡਾ ਵਿੱਚ ਵੱਸ ਰਹੇ ਹਨ ਤੇ ਉਨ੍ਹਾਂ ਨੇ ਆਪਣੇ ਜੀਵਨ ਨੂੰ ਕੈਨੇਡਾ ਦੇ ਸੱਭਿਆਚਾਰਕ ਪ੍ਰਬੰਧ ਅਨੁਸਾਰ ਢਾਲਿਆਂ ਹੋਇਆ ਹੈ ਤੇ ਦੂਜੇ ਪਾਸੇ ਆਪਣੇ ਬੱਚਿਆਂ ਦੇ ਬੁਲਾਉਣ ਤੇ ਕੈਨੇਡਾ ਆਈ ਪੁਰਾਣੀ ਬਜ਼ੁਰਗ ਪੀੜ੍ਹੀ ਹੈ। ਇਹ ਪੀੜ੍ਹੀ ਜਗੀਰੂ ਕਦਰਾਂ-ਕੀਮਤਾਂ ਦੀ ਧਾਰਨੀ ਹੋਣ ਕਾਰਨ ਕੈਨੇਡਾ ਦੇ ਖੁੱਲ੍ਹਾਂ ਭਰਪੂਰ ਸੱਭਿਆਚਾਰ ਅਨੁਸਾਰ ਆਪਣੇ ਆਪ ਨੂੰ ਢਾਲਣ ਤੋਂ ਅਸਮਰਥ ਹੈ। ਇਸ ਸਥਿਤੀ ਵਿੱਚ ਉਨ੍ਹਾਂ ਨੂੰ ਪਰਿਵਾਰਕ, ਸਮਾਜਿਕ ਅਤੇ ਸੱਭਿਆਚਾਰਕ ਪੱਖ ਤੋਂ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਪਰੋਕਤ ਵਿਚਾਰ ਚਰਚਾ ਦੀ ਲੋਅ ਵਿੱਚ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਵਿੱਚ ਰਚੀ ਜਾ ਰਹੀ ਪਰਵਾਸੀ ਪੰਜਾਬੀ ਕਹਾਣੀ ਅਤੇ ਕਹਾਣੀਕਾਰਾਂ ਦੀ ਸੂਚੀ ਵਿੱਚ ਕਹਾਣੀਕਾਰਾ 'ਸੁਰਿੰਦਰ ਗੀਤ' ਨੇ ਆਪਣੇ ਪਲੇਠੇ ਕਹਾਣੀ ਸੰਗ੍ਰਹਿ 'ਤੋਹਫ਼ਾ' ਰਾਹੀਂ ਜਿੱਥੇ ਕੈਨੇਡਾ ਦੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਇੱਕ ਵੱਡਾ ਹਿੱਸਾ ਪਾਇਆ ਹੈ ਉਸਦੇ ਨਾਲ ਹੀ ਉਸਨੇ ਆਪਣੀਆਂ ਕਹਾਣੀਆਂ ਜਰੀਏ ਪੂਰਬੀ ਅਤੇ ਪੱਛਮੀ ਜੀਵਨ ਸ਼ੈਲੀ ਦੇ ਸਮਾਜਿਕ, ਆਰਥਿਕ, ਰਾਜਸੀ, ਧਾਰਮਿਕ ਅਤੇ ਸੱਭਿਆਚਾਰ ਨੂੰ ਬੜੇ ਨਵੇਕਲੇ ਸਰੋਕਾਰਕ ਪੱਖ ਤੋਂ ਉਘਾੜਿਆ ਹੈ। ਕਲਾਤਮਿਕ ਪੱਖ ਤੋਂ ਇਹ ਕਹਾਣੀਆਂ ਵੱਖ-ਵੱਖ ਜੁਗਤਾਂ ਦੀਆਂ ਧਾਰਨੀ ਹੋਣ ਕਾਰਨ ਨਿਰੋਏ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਕਹਾਣੀਆਂ ਵਿਚਲਾ ਬਿਰਤਾਂਤ ਰੋਚਿਕਤਾ ਅਤੇ ਉਤਸੁਕਤਾ ਭਰਪੂਰ ਹੋਣ ਕਾਰਨ ਪਾਠਕ ਨੂੰ ਬੋਝਲ ਨਹੀਂ ਹੋਣ ਦਿੰਦਾ ਸਗੋਂ ਆਪਣੇ ਵਹਾਅ ਵਿੱਚ ਵਹਾਉਂਦਾ ਹੋਇਆ ਮਨੁੱਖੀ ਜੀਵਨ ਦੀ ਅਸਲ ਤਸਵੀਰ ਨੂੰ ਦਿਖਾਉਣ ਦਾ ਯਤਨ ਕਰਦਾ ਹੈ। ਕਹਾਣੀਆਂ ਦੀ ਭਾਸ਼ਾ ਮਾਲਵੇ ਦੇ ਖੇਤਰ ਨਾਲ ਸੰਬੰਧਿਤ ਹੋਣ ਕਾਰਨ ਸਰਲ, ਸਪੱਸ਼ਟ ਅਤੇ ਆਮ ਬੋਲ ਚਾਲ ਦੀ ਤਰਜਮਾਨੀ ਕਰਦੀ ਪਾਠਕ ਵਰਗ ਨੂੰ ਪ੍ਰਭਾਵਿਤ ਕਰਦੀ ਹੈ। ਇਸ ਸੰਗ੍ਰਹਿ ਵਿਚਲੀ ਹਰੇਕ ਕਹਾਣੀ ਪੂਰਬੀ ਅਤੇ ਪੱਛਮੀ ਸਮਾਜ ਦੇ ਕਈ ਹਾਂ ਪੱਖੀ ਅਤੇ ਨਾਂਹ ਪੱਖੀ ਪਹਿਲੂਆਂ ਤੇ ਚੋਟ ਕਰਦੀ ਪਾਠਕਾਂ ਨੂੰ ਚੇਤੰਨ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਪਾਠਕ ਕਹਾਣੀਆਂ ਪੜ੍ਹਨ ਤੋਂ ਬਾਅਦ ਲੰਮਾ ਸਮਾਂ ਕਹਾਣੀਆਂ ਵਿਚਲੀਆਂ ਸਮੱਸਿਆਵਾਂ ਦੇ ਅਸਲ ਯਥਾਰਥ ਦੀ ਡੂੰਘਾਈ ਬਾਰੇ ਸੋਚਦਾ ਰਹਿੰਦਾ ਹੈ। ਸੁਰਿੰਦਰ ਗੀਤ ਦੁਆਰਾ ਰਚਿਤ ਕਹਾਣੀ ਸੰਗ੍ਰਹਿ 'ਤੋਹਫ਼ਾ' ਕੈਨੇਡਾ ਵਿੱਚ ਰਚੀ ਜਾ ਰਹੀ ਪਰਵਾਸੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਇੱਕ ਅਹਿਮ ਯੋਗਦਾਨ ਹੈ। ਆਸ ਕਰਦੇ ਹਾਂ ਕਿ ਕਹਾਣੀਕਾਰਾ ਇਸੇ ਤਰ੍ਹਾਂ ਆਪਣੀਆਂ ਕਹਾਣੀਆਂ ਰਾਹੀਂ ਨਿਵੇਕਲੇ ਮਸਲਿਆਂ ਨੂੰ ਲੈ ਕੇ ਪਾਠਕਾਂ ਦੇ ਸਨਮੁੱਖ ਹੁੰਦੀ ਰਹੇਗੀ।

# ਗੁਰੂ ਨਾਨਕ ਤੇ ਮਾਰਕਸਵਾਦ

ਸਾਹਾਂ ਤੇ ਸਿਸਕ ਰਿਹਾ ਸੀ। ਉਸ ਸਮੇਂ ਦਾ ਅਤਿ ਪ੍ਰਭਾਵਸ਼ਾਲੀ ਚਿੰਤਕ ਹੀਗਲ ਹਾਲੇ ਵੀ ਵਿਸਵ-ਚੇਤਨਾ ਜਿਹੇ ਅਧਿਆਤਮਿਕ ਸੰਕਲਪ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਤੇ ਚਾਲਕ ਮੰਨ ਕੇ ਉਸ ਦੀਆਂ ਗਤੀ-ਵਿਧੀਆਂ ਦੇ ਨਿਯਮ ਲੱਭ ਰਿਹਾ ਸੀ। ਜਿਵੇਂ ਗੁਰੂ ਨਾਨਕ ਲਈ ਹਿੰਦੂ ਤੇ ਇਸਲਾਮ ਵੰਗਾਰ ਬਣੇ ਹੋਏ ਸਨ ਉਸੇ ਤਰ੍ਹਾਂ ਮਾਰਕਸ ਦਾ ਟਾਕਰਾ ਹੀਗਲ ਤੇ ਉਸ ਦੇ ਸਰਧਾਲੂਆਂ ਨਾਲ ਸੀ। ਜਿਵੇਂ ਗੁਰੂ ਸਾਹਿਬ ਨੇ ਹਿੰਦੂਵਾਦ ਤੇ ਇਸਲਾਮ ਨੂੰ ਸੱਚ-ਰਹਿਤ ਸਮਝ ਕੇ ਇਨ੍ਹਾਂ ਦਾ ਖੰਡਨ ਕੀਤਾ ਉਵੇਂ ਹੀ ਮਾਰਕਸ ਨੇ ਹੀਗਲਵਾਦ ਨੂੰ ਗਲਤ ਮੰਨਿਆ ਤੇ ਇਸ ਦੀ ਤਹਿ ਵਿਚ ਜਾ ਕੇ ਅਲੋਚਨਾ ਕੀਤੀ।

ਮਾਰਕਸ ਅਨੁਸਾਰ ਹੀਗਲ ਨੇ ਵਿਸ਼ਵ-ਚੇਤਨਾ ਦੇ ਵਿਕਾਸ ਸਬੰਧੀ ਡਾਇਲੈਕਟਿਕਸ ਦੇ ਜੋ ਤਿੰਨ ਨਿਯਮ ਦੱਸੇ ਉਹ ਬਿਲਕੁਲ ਠੀਕ ਹਨ ਪਰ ਉਹ ਅਧਿਆਤਮ ਦੇ ਨਹੀਂ ਪਦਾਰਥ ਦੇ ਵਿਕਾਸ ਦੇ ਨਿਯਮ ਹਨ। ਉਸ ਅਨੁਸਾਰ ਕੁਦਰਤ, ਸਮਾਜ, ਜੀਵਾਂ ਤੇ ਉਨ੍ਹਾਂ ਦੀਆਂ ਸੋਚ ਵਿਚਾਰਾਂ ਵਿਚ ਪਦਾਰਥ ਤੋਂ ਬਿਨਾਂ ਕੁਝ ਨਹੀਂ। ਗਤੀਸ਼ੀਲ ਪਦਾਰਥ ਦਾ ਸਿਧਾਂਤ ਦਿੰਦਿਆਂ ਉਸ ਨੇ ਕਿਹਾ ਕਿ ਪਦਾਰਥ ਨੂੰ ਗਤੀ ਲਈ ਕਿਸੇ ਬਾਹਰਲੇ ਸੋਮੇ ਜਾਂ ਦੈਵੀ ਸ਼ਕਤੀ ਦੀ ਲੋੜ ਨਹੀਂ। ਪਦਾਰਥ ਤਾਂ ਵਸਦਾ ਹੀ ਗਤੀ ਵਿਚ ਹੈ ਭਾਵ ਗਤੀ ਤੋਂ ਬਿਨਾਂ ਤਾਂ ਇਸ ਦੀ ਹੋਂਦ ਹੀ ਨਹੀਂ। ਮਨੁੱਖੀ ਸਮਾਜ ਵੀ ਮੱਨੁਖ ਹੋਂਦ ਦਾ ਹੀ ਪਦਾਰਥਕ ਵਾਧਾ (ੲਣਟੲਨਸੋਨਿ) ਹੈ ਜਿਸ ਨੂੰ ਇਸ ਵਿਚਲੇ ਆਰਥਿਕ ਤੱਤ ਤੇ ਜਮਾਤੀ ਘੋਲ ਗਤੀ ਪ੍ਰਦਾਨ ਕਰਦੇ ਹਨ। ਹੀਗਲ ਦੇ ਅਧਿਆਤਮਵਾਦੀ ਸਿਧਾਂਤ ਨੂੰ ਮੁਢੋਂ ਖਾਰਜ ਕਰਦਿਆਂ ਉਸ ਨੇ ਦਾਸ ਕੈਪੀਟਲ ਦੀ ਪਹਿਲੀ ਜਿਲਦ ਵਿਚ ਲਿਖਿਆ ਹੈ, "ਹੀਗਲ ਸਿਰ-ਪਰਨੇ ਖੜ੍ਹਾ ਸੀ, ਮੈਂ ਆ ਕੇ ਉਸ ਨੂੰ ਸਿੱਧਾ ਕੀਤਾ।" ਜੇ ਇਤਿਹਾਸ ਦੇ ਫਰਕ ਤੇ ਇਸਤੇਮਾਲ ਕੀਤੀ ਸ਼ਬਦਾਵਲੀ ਦੇ ਅੰਤਰ ਨੂੰ ਦਰ-ਕਿਨਾਰ ਕਰ ਦਿੱਤਾ ਜਾਵੇ ਤਾਂ ਗੁਰੂ ਨਾਨਕ ਤੇ ਮਾਰਕਸ ਇਕੋ ਜਿਹੀ ਹੀ ਗੱਲ ਕਰਦੇ ਹਨ।

ਪਦਾਰਥਵਾਦ ਤੇ ਇਸਦੇ ਸਿਧਾਂਤ ਦੀ ਖੋਜ ਲਈ ਮਾਰਕਸ ਵਿਗਿਆਨ ਨੂੰ ਆਧਾਰ ਬਣਾਉਂਦਾ ਹੈ। ਦਾਸ ਕੈਪੀਟਲ ਦੀ ਤੀਜੀ ਜਿਲਦ ਵਿਚ ਉਹ ਲਿਖਦਾ ਹੈ, "ਜੇ ਚੀਜ਼ਾਂ ਦੇ ਅੰਦਰੂਨੀ ਭੇਤਾਂ ਤੇ ਬਾਹਰਲੇ ਰੂਪਾਂ ਵਿਚ ਕੋਈ ਫਰਕ ਹੀ ਨਾ ਹੋਵੇ ਤਾਂ ਸਾਰਾ ਵਿਗਿਆਨ ਨਿਰਮੂਲ ਹੈ।" ਭਾਵ ਸੰਸਾਰ ਜੋ ਦਿਖਦਾ ਹੈ ਉਹ ਨਹੀਂ ਹੈ ਤੇ ਇਸ ਦਾ ਅੰਦਰੂਨੀ ਰੂਪ ਬਾਹਰਲੇ ਰੂਪ ਨਾਲੋਂ ਵਖਰਾ ਹੈ। ਅਪੀਅਰੈਂਸ ਐਂਡ ਇਸੈਂਸ (ਅਪਪੲਅਰਅਨਚੲ ਅਨਦ ੲਸਸੲਨਚੲ) ਦੀ ਕੈਟੇਗਰੀ ਨੂੰ ਵਰਤਦਾ ਹੋਇਆ ਉਹ ਦੱਸਦਾ ਹੈ ਕਿ ਬਾਹਰਲੇ ਪ੍ਰਗਟਾਵੇ ਤੋਂ ਅੰਦਰੂਨੀ ਤੱਤ-ਸਾਰ ਤੀਕਰ ਜਾਣ ਲਈ ਕਈ ਭੇਤ ਖੋਹਲਣੇ ਪੈਂਦੇ ਹਨ ਜਿਨ੍ਹਾਂ ਨੂੰ ਜਾਣਨ ਲਈ ਵਿਗਿਆਨ ਦਾ ਰਸਤਾ ਅਪਨਾਉਣਾ ਜਰੂਰੀ ਹੈ।

ਕਿਹਾ ਗੁਰੂ ਨਾਨਕ ਨੇ ਵੀ ਇਵੇਂ ਹੀ ਹੈ ਪਰ ਇਸ ਦਾ ਖੁਲਾਸਾ ਕਰਨਾ ਅਜੇ ਬਾਕੀ ਹੈ।

# ਉਸ ਨੇ ਹਮਾਰੇ ਜ਼ਖਮ ਕਾ ਯੂੰ ਕੀਆ ਇਲਾਜ, ਮਰ੍ਹਮ ਭੀ ਲਗਾਇਆ ਤੋ ਕਾਂਟੋ ਕੀ ਨੋਕ ਸੇ

## ਪੰਜਾਬ ਦੀ ਸਿਆਸਤ ਦਾ ਬਾਬਾ ਬੋਹੜ 95 ਸਾਲ ਦੀ ਉਮਰ ਭੋਗ ਕੇ ਡਿਗਿਆ
## ਇਸ ਬੋਹੜ ਹੇਠ ਸਭ ਹਰਿਆਵਲੇ ਬੂਟੇ ਸੁੱਕ ਗਏ ਪੰਜਾਬ ਬੰਜਰ ਹੁੰਦਾ ਗਿਆ

ਮੰਗਲਵਾਰ 25 ਅਪ੍ਰੈਲ ਦੇਰ ਰਾਤ ਸ. ਪ੍ਰਕਾਸ਼ ਸਿੰਘ ਬਾਦਲ 95 ਸਾਲ ਦੀ ਲੰਬੀ ਉਮਰ ਹੰਢਾ ਕੇ ਮੁਹਾਲੀ ਦੇ ਫੋਰਟਸ ਹਸਪਤਾਲ ਵਿਚ ਆਖਰੀ ਦਮ ਲੈ ਕੇ ਰੱਬ ਨੂੰ ਪਿਆਰੇ ਹੋ ਗਏ। ਉਨ੍ਹਾਂ ਦੇ ਜਾਣ ਸਾਰ ਉਨ੍ਹਾਂ ਦੇ ਚਹੇਤਿਆਂ ਨੇ ਜਿਥੇ ਉਨ੍ਹਾਂ ਦੀ ਉਪਮਾ ਵਿਚ ਪੁਲ ਬਨ੍ਹਣੇ ਸ਼ੁਰੂ ਕਰ ਦਿੱਤੇ ਉਥੇ ਨਿੰਦਕਾਂ ਨੇ ਸਮੇਂ, ਸਿਸ਼ਟਾਚਾਰ ਅਤੇ ਇਖਲਾਕੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਮਾੜੀ ਤੋਂ ਮਾੜੀ ਸ਼ਬਦਾਵਲੀ ਵਿਚ ਉਨ੍ਹਾਂ ਨੂੰ ਭੰਡਣਾ ਸ਼ੁਰੂ ਕਰ ਦਿੱਤਾ। ਇਸ ਲੇਖ ਵਿਚ ਅਸੀਂ ਉਨ੍ਹਾਂ ਦੇ ਰਾਜਸੀ ਜੀਵਨ 'ਤੇ ਸੰਖੇਪ ਜਹੀ ਝਾਤ ਮਾਰਨ ਦੀ

**ਕੁਲਵੰਤ ਸਿੰਘ 'ਢੇਸੀ'**

ਕੋਸ਼ਿਸ਼ ਕਰ ਰਹੇ ਹਾਂ। ਸਾਡਾ ਮਕਸਦ ਨਾ ਤਾਂ ਉਨ੍ਹਾਂ ਦੀ ਅੰਧਾਧੁੰਦ ਉਸਤਤ ਕਰਨਾ ਹੈ ਅਤੇ ਨਾ ਹੀ ਅੰਧਾਧੁੰਦ ਨਿੰਦਾ ਕਰਨੀ ਹੈ।

ਕਿਸੇ ਵੀ ਖਿੱਤੇ ਦੀ ਤਰੱਕੀ ਦਾ ਮੁਖ ਅਧਾਰ ਉਸ ਖਿੱਤੇ ਦੇ ਆਗੂਆਂ ਤੇ ਨਿਰਭਰ ਹੁੰਦਾ ਹੈ ਖਾਸ ਤੌਰ 'ਤੇ ਰਾਜਨੀਤਕ ਆਗੂਆਂ 'ਤੇ। ਅੱਜ ਪੰਜਾਬ ਦੇ ਬਜਟ ਦਾ 22,000 ਕਰੋੜ ਰੁਪਿਆ ਕਰਜ਼ੇ ਦੇ ਵਿਆਜ ਦੀ ਕਿਸ਼ਤ ਵਿਚ ਜਾ ਰਿਹਾ ਹੈ ਜੋ ਕਿ ਪੰਜਾਬ ਦੀ ਜੀ ਡੀ ਪੀ ਦਾ 48.6% ਦੱਸਿਆ ਜਾ ਰਿਹਾ ਹੈ। ਜੋ ਪੰਜਾਬ ਭਾਰਤ ਭਰ ਦੀਆਂ ਮੋਹਰਲੀਆਂ ਸਫਾਂ ਦਾ ਸੂਬਾ ਸੀ, ਅੱਜ ਉਸ ਦੀ ਪਰ ਕੈਪਿਟਾ ਇਨਕਮ ਡਿਗਦੀ ਡਿਗਦੀ ਭਾਰਤੀ ਸੂਬਿਆਂ ਦੀ ਰੈਂਕਿੰਗ ਦੇ 17ਵੇਂ ਸਥਾਨ 'ਤੇ ਜਾ ਪਹੁੰਚੀ ਹੈ। ਨੈਕਸਲਾਈਟ ਮੂਵਮੈਂਟ ਅਤੇ ਚੁਰਾਸੀ ਦੇ ਹਮਲੇ ਸਮੇਂ ਪੰਜਾਬ ਦੀ ਨੌਜਵਾਨੀ ਦੀ ਵੱਡੀ ਨਸਲਕੁਸ਼ੀ ਹੋਈ। ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਚਿੱਟੇ ਨੇ ਖਾ ਲਿਆ ਜਦ ਕਿ ਬਲੈਕੀਆਂ ਵਿਚ ਬਾਦਲਾਂ ਦੇ ਨੇੜਲੇ ਰਿਸ਼ਤੇਦਾਰਾਂ ਦੇ ਨਾਮ ਬੋਲਦੇ ਰਹੇ ਹਨ। ਇਨ੍ਹਾਂ ਹਾਲਾਤਾਂ ਵਿਚ ਅਸੀਂ ਉਸ ਵਿਅਕਤੀ ਨੂੰ ਜਾਂ ਉਸ ਰਾਜਨੀਤਕ ਦਲ ਨੂੰ ਅਣਗੌਲਿਆ ਨਹੀਂ ਕਰ ਸਕਦੇ, ਜਿਨ੍ਹਾਂ ਨੇ ਲੰਬਾ ਸਮਾਂ ਪੰਜਾਬ 'ਤੇ ਰਾਜ ਕੀਤਾ ਹੈ। ਅਕਾਲੀ ਦਲ ਨੇ ਹੀ ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਸੀ, ਜਿਸ ਦੀ ਪ੍ਰਾਪਤੀ ਲਈ ਅਕਾਲੀ ਦਲ ਨੇ ਹੀ ਧਰਮ ਯੁੱਧ ਮੋਰਚਾ ਲਾਇਆ ਸੀ। ਏਨਾ ਲੰਬਾ ਸਮਾਂ ਰਾਜ ਕਰਕੇ ਵੀ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੀਆਂ ਹੱਕੀ ਮੰਗਾਂ ਵਿਚੋਂ ਕੋਈ ਇੱਕ ਵੀ ਕੇਂਦਰ ਤੋਂ ਨਹੀਂ ਮਨਵਾ ਸਕੇ, ਖਾਸ ਕਰਕੇ ਉਸ ਹਾਲਤ ਵਿਚ ਜਦੋਂ ਕੇਂਦਰ ਵਿਚ ਰਾਜ ਕਰ ਰਹੀ ਭਾਜਪਾ ਨਾਲ ਅਕਾਲੀ ਦਲ ਦਾ ਰਾਜਨੀਤਕ ਗੱਠਜੋੜ ਸੀ। ਪੰਜਾਬ ਦਾ ਵਾਰਸ ਅਖਵਾਉਣ ਵਾਲਾ ਅਕਾਲੀ ਦਲ ਅੱਜ ਆਪਣੇ 100 ਸਾਲਾਂ ਦੇ ਇਤਿਹਾਸ ਵਿਚ ਰਾਜਨੀਤਕ ਨਿਘਾਰ ਦੇ ਪਤਾਲ 'ਤੇ ਜਾ ਡਿੱਗਿਆ ਹੈ, ਜਿਸ ਦਾ ਮੁੜ ਸੁਰਜੀਤ ਹੋਣਾ ਇੱਕ ਗੰਭੀਰ ਮੁੱਦਾ ਬਣਿਆ ਹੋਇਆ ਹੈ।

ਇਸ ਵਿਚ ਸ਼ੱਕ ਨਹੀਂ ਕਿ ਪ੍ਰਕਾਸ਼ ਸਿੰਘ ਬਾਦਲ 1970 ਵਿੱਚ 43 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਕਿਸੇ ਭਾਰਤੀ ਸੂਬੇ ਦੇ ਮੁੱਖ ਮੰਤਰੀ ਬਣਨ ਵਾਲੇ ਸਭ ਤੋਂ ਛੋਟੀ ਉਮਰ ਦੇ ਆਗੂ ਸਨ। 2017 ਨੂੰ ਮੁਖਮੰਤਰੀ ਬਣਨ ਵੇਲੇ ਉਨ੍ਹਾਂ ਦੀ ਉਮਰ 90 ਸਾਲ ਦੀ, ਜੋ ਭਾਰਤ ਦੇ ਕਿਸੇ ਵੀ ਸੂਬੇ ਦੇ ਮੁਖ ਮੰਤਰੀ ਦੇ ਮੁਕਾਬਲੇ ਵੱਡੀ ਉਮਰ ਦੇ ਮੁਖ ਮੰਤਰੀ ਸਨ। ਉਨ੍ਹਾਂ ਦੀਆਂ ਪ੍ਰਾਪਤੀਆਂ ਵਿਚ ਮੰਡੀਆਂ ਨੂੰ ਸ਼ਹਿਰਾਂ ਤੋਂ ਪਿੰਡਾਂ ਦੇ ਫੋਕਲ ਪੁਆਇੰਟਾਂ ਵਿਚ ਲਿਆਉਣਾ, ਲਿੰਕ ਸੜਕਾਂ ਦਾ ਜਾਲ ਵਿਛਾਉਣਾ, ਕਿਸਾਨਾ ਦੇ ਬਿਜਲੀ ਦੇ ਬਿੱਲ ਮਾਫ ਕਰਨੇ ਅਤੇ ਆਟਾ ਦਾਲ ਸਕੀਮ ਤੋਂ ਇਲਾਵਾ ਕੇਂਦਰ ਦੇ ਦਮਨ ਤੋਂ ਨਿਰਾਸ਼ ਸਿੱਖ ਲੀਡਰਸ਼ਿਪ ਨੂੰ ਮੁੜ ਕੌਮੀ ਮੁਖਧਾਰਾ ਵਿਚ ਲਿਆਉਣਾ ਅਤੇ ਸਿੱਖ-ਹਿੰਦੂ ਸਾਂਝ ਨੂੰ ਕਾਇਮ ਰੱਖਣਾ ਮੰਨਿਆਂ ਜਾਂਦਾ ਹੈ। ਜਦ ਕਿ ਇਨ੍ਹਾਂ ਪ੍ਰਾਪਤੀਆਂ ਪ੍ਰਤੀ ਕੁਝ ਸੰਜੀਦਾ ਸਵਾਲ ਜਵਾਬ ਮੰਗਦੇ ਹਨ ਜਿਵੇਂ ਕਿ ਬਿਜਲੀ ਦੇ ਬਿੱਲ ਮੁਫਤ ਕਰਨ ਨਾਲ ਪੰਜਾਬ ਦੇ ਜ਼ਮੀਨ ਦੋਜ਼ ਪਾਣੀ ਦਾ ਸੰਕਟ ਸਗੋਂ ਹੋਰ ਗੰਭੀਰ ਹੋਇਆ ਹੈ ਅਤੇ ਪੰਜਾਬ ਦੀਆਂ ਮੰਡੀਆਂ 'ਤੇ ਹੁਣ ਤਕ ਮੌਸਮ ਦੀ ਕਰੋਪੀ ਤੋਂ ਬਚਣ ਲਈ ਛੱਤਾਂ ਨਾ ਪੈ ਸਕੀਆਂ ਜਦ ਕਿ ਭਾਜਪਾ ਨਾਲ ਗੱਠਜੋੜ ਵਿਚ ਤਾਂ ਭਾਜਪਾ ਦੇ ਪੈਰ ਪੰਜਾਬ ਵਿਚ ਪੱਕੇ ਹੋਏ ਤੇ ਪੰਜਾਬ ਦੀਆਂ ਹੱਕੀ ਮੰਗਾਂ 'ਤੇ ਭਾਜਪਾ ਦੀ ਸਦਾ ਹੀ ਬੇਰੁਖੀ ਰਹੀ ਹੈ।

ਸ. ਬਾਦਲ 5 ਵਾਰ ਪੰਜਾਬ ਦੇ ਮੁਖ ਮੰਤਰੀ ਬਣੇ ਪਰ ਸਵਾਲ ਪੈਦਾ ਹੁੰਦਾ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਪੱਲੇ ਕੀ ਪਾਇਆ।

ਪਿੰਡ ਦੀ ਸਰਪੰਚੀ ਤੋਂ ਸ. ਬਾਦਲ ਦੇ ਸਿਆਸੀ ਜੀਵਨ ਦੀ ਸ਼ੁਰੂਆਤ 1957 ਨੂੰ ਬਾਦਲ ਪਹਿਲੀ ਵਿਧਾਨ ਸਭਾ ਚੋਣਾਂ ਵਿਚ ਅਕਾਲੀਆਂ ਦੇ ਉਮੀਦਵਾਰ ਹੁੰਦੇ ਹੋਏ ਕਾਂਗਰਸ ਦੇ 'ਬਲਦਾਂ ਦੀ ਜੋੜੀ' ਚੋਣ ਨਿਸ਼ਾਨ ਹੇਠ ਚੋਣ ਲੜੇ ਤੇ ਕਾਮਰੇਡ ਚਰੰਜੀ ਲਾਲ ਨੂੰ 1100 ਵੋਟ 'ਤੇ ਹਰਾ ਕੇ ਜਿੱਤ ਪ੍ਰਾਪਤ ਕੀਤੀ। 1962 ਦੀ ਚੋਣ ਲੜੀ ਨਾ ਅਤੇ 1967 ਦੀ ਚੋਣ ਵਿਚ ਜਿੱਤ ਪ੍ਰਾਪਤ ਨਾ ਹੋਈ। ਜਨਸੰਘ ਦੇ ਸਹਿਯੋਗ ਨਾਲ ਬਣੀ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵਿਚ 1969 ਨੂੰ ਚੋਣ ਜਿੱਤ ਕੇ ਕਾਮਯਾਬ ਹੋਏ ਅਤੇ ਵਿਕਾਸ ਵਿਭਾਗ ਦੇ ਮੰਤਰੀ ਬਣੇ। 1970 ਵਿਚ ਫਤਹਿ ਸਿੰਘ ਨੇ ਜਸਟਿਸ ਗੁਰਨਾਮ ਸਿੰਘ ਦੀ ਛੁੱਟੀ ਕਰਕੇ ਪ੍ਰਕਾਸ਼ ਸਿੰਘ ਬਾਦਲ ਨੂੰ ਮੁਖ ਮੰਤਰੀ ਬਣਾ ਦਿੱਤਾ। 1977 ਵਿਚ ਮੁੜ ਜਨਤਾ ਪਾਰਟੀ ਨਾਲ ਗਠਜੋੜ ਸਰਕਾਰ ਵਿਚ ਮੁਖ ਮੰਤਰੀ ਬਣੇ ਅਤੇ 1980 ਤਕ ਰਹੇ।। 1997 ਤੋਂ 2002 ਤਕ ਤੀਜੀ ਵਾਰ ਮੁਖ ਮੰਤਰੀ ਬਣ ਕੇ ਪੂਰੀ ਟਰਮ ਰਾਜ ਕੀਤਾ। ਚੌਥੀ ਵਾਰ 2007 ਤੋਂ 2012 ਤਕ ਅਤੇ ਪੰਜਵੀਂ ਵਾਰ 2012 ਤੋਂ 2017 ਤਕ ਮੁਖ ਮੰਤਰੀ ਰਹੇ। 1969 ਤੋਂ 2017 ਤਕ ਸ. ਬਾਦਲ ਲੰਬੀ ਤੋਂ ਲਗਾਤਾਰ ਜਿੱਤਦੇ ਰਹੇ। 2022 ਨੂੰ ਆਮ ਆਦਮੀ ਪਾਰਟੀ ਦੇ ਗੁਰਮੀਤ ਸਿੰਘ ਖੁੱਡੀਆਂ ਤੋਂ ਹਾਰੇ ਜੋ ਕਿ ਉਨ੍ਹਾਂ ਦੀ ਆਖਰੀ ਚੋਣ ਸੀ।

ਸੱਤਰਵਿਆਂ ਤੋਂ ਬਾਅਦ ਹੌਲੀ ਹੌਲੀ ਅਕਾਲੀ ਦਲ ਦੀ ਸਿਆਸਤ ਬਾਦਲ ਸਿਆਸਤ ਬਣ ਗਈ ਅਤੇ ਬਾਦਲ ਸਿਆਸਤ ਦਾ ਅਧਾਰ ਇਹ ਸੀ ਕਿ ਜੇਕਰ ਰਾਜਨੀਤਕ ਸਤਾ ਹਾਸਲ ਹੋ ਜਾਂਦੀ ਹੈ ਤਾਂ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਜਾਂਦਾ ਅਤੇ ਜੇਕਰ ਉਹ ਸੱਤਾ ਤੋਂ ਲਾਂਭੇ ਹੋ ਜਾਂਦੇ ਤਾਂ ਪੰਜਾਬ ਦੀਆਂ ਮੰਗਾਂ ਦੇ ਮੁੱਦੇ ਮੁੜ ਉਠਾ ਲਏ ਜਾਂਦੇ ਅਤੇ ਪੰਥ ਖਤਰੇ ਵਿਚ ਦੇ ਨਾਅਰੇ ਵੀ ਲੱਗਣੇ ਸ਼ੁਰੂ ਹੋ ਜਾਂਦੇ। ਸੋਚਣ ਵਾਲੀ ਗੱਲ ਹੈ ਕਿ 1973 ਨੂੰ ਅਰੰਭ ਕੀਤਾ ਅਨੰਦਪੁਰ ਸਾਹਿਬ ਦਾ ਮਤਾ ਸੰਨ 1978 ਵਿਚ ਅਲੋਪ ਕਿਓਂ ਹੋ ਜਾਂਦਾ ਹੈ। ਜਦ ਕਿ ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਸੰਨ 1975 ਨੂੰ ਐਮਰਜੈਂਸੀ ਦੇ ਖਿਲਾਫ ਅਕਾਲੀ ਦਲ ਵਲੋਂ ਮੋਰਚਾ ਲਾਉਣ ਸਮੇਂ ਸ. ਬਾਦਲ ਦਾ ਇੰਦਰਾਂ ਕਾਂਗਰਸ ਖਿਲਾਫ ਦ੍ਰਿੜ ਸਟੈਂਡ ਸੀ, ਉਸ ਸਮੇਂ ਜੇ ਸ. ਬਾਦਲ ਚਾਹੁੰਦੇ ਤਾਂ ਇੰਦਰਾਂ ਨਾਲ ਲੈਣ-ਦੇਣ ਕਰ ਸਕਦੇ ਸਨ ਪਰ ਉਨ੍ਹਾਂ ਨੇ ਐਮਰਜੈਂਸੀ ਦੇ ਖਿਲਾਫ ਜਥੇ ਸਮੇਤ ਗ੍ਰਿਫਤਾਰੀ ਦੇ ਕੇ 19 ਮਹੀਨੇ ਜੇਲ੍ਹ ਕੱਟੀ। ਸ. ਬਾਦਲ ਵਲੋਂ ਅਕਸਰ ਇਹ ਕਿਹਾ ਜਾਂਦਾ ਰਿਹਾ ਹੈ ਕਿ ਉਨ੍ਹਾਂ ਨੇ ਕੁਲ ਮਿਲਾ ਕੇ 17 ਸਾਲ ਜੇਲ੍ਹ ਕੱਟੀ ਸ਼ਾਇਦ ਇਸੇ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਭਾਰਤ ਦਾ ਨੈਲਸਨ ਮੰਡੇਲਾ ਕਿਹਾ ਸੀ ਪਰ ਪੱਤਰਕਾਰ ਜਗਤਾਰ ਸਿੰਘ ਨੇ ਆਰ ਟੀ ਆਈ ਰਾਹੀਂ ਜਦੋਂ ਸ. ਬਾਦਲ ਦੇ ਜੇਲ੍ਹ ਜਾਣ ਦੇ ਆਂਕੜੇ ਇੱਕਠੇ ਕੀਤੇ ਤਾਂ ਇਹ ਸਮਾਂ ਕੁਲ ਮਿਲਾ ਕੇ 5 ਸਾਲ ਬਣਦਾ ਹੈ।

ਕੁਲ ਮਿਲਾ ਕੇ ਸ. ਬਾਦਲ ਨੇ 11 ਵਿਧਾਨ ਸਭਾ ਚੋਣਾ ਜਿੱਤੀਆਂ। 1977 ਵਿਚ ਇੱਕ ਪਾਰਲੀਮੈਂਟ ਦੀ ਸੀਟ ਵੀ ਜਿੱਤੀ। ਸੰਨ 1979 ਨੂੰ ਚੌਧਰੀ ਚਰਨ ਸਿੰਘ ਦੀ ਸਰਕਾਰ ਵੇਲੇ ਸ. ਬਾਦਲ ਸੈਂਟਰ ਵਿਚ ਖੇਤੀਬਾੜੀ ਮੰਤਰੀ ਰਹੇ। ਇਹ ਸਰਕਾਰ ਇੱਕ ਸਾਲ ਹੀ ਚੱਲੀ ਸੀ। ਬਾਦਲ ਨੇ ਭਾਜਪਾ ਨਾਲ ਗਠਜੋੜ ਕਰਕੇ ਪੰਜਾਬ ਵਿਚ ਭਾਜਪਾ ਦੇ ਪੈਰ ਲਾਏ 1997 ਦੀਆਂ ਚੋਣਾ ਵਿਚ ਅਕਾਲੀ ਭਾਜਪਾ ਗਠਜੋੜ ਨੂੰ 75 ਸੀਟਾਂ ਮਿਲੀਆਂ। ਭਾਜਪਾ ਦੇ 23 ਵਿਚੋਂ 18 ਐਮ ਐਲ ਏ ਚੁਣੇ ਗਏ। ਭਾਜਪਾ ਜਾਂ ਜਨਸੰਘ ਦਾ ਇਹ ਖਾਸਾ ਰਿਹਾ ਹੈ ਕਿ ਇਸ ਨੇ ਹਮੇਸ਼ਾਂ ਹੀ ਪੰਜਾਬੀ ਬੋਲੀ ਦਾ ਡੱਟ ਕੇ ਵਿਰੋਧ ਕੀਤਾ ਅਤੇ ਮਰਦਮ ਸ਼ੁਮਾਰੀ ਵਿਚ ਪੰਜਾਬੀ ਹਿੰਦੂਆਂ ਨੂੰ ਆਪਣੀ ਬੋਲੀ ਹਿੰਦੀ ਲਿਖਵਾਉਣ ਲਈ ਪ੍ਰੇਰਤ ਕੀਤਾ। ਸੰਨ ਚੁਰਾਸੀ ਦੇ ਹਮਲੇ ਸਮੇਂ ਵੀ ਅਡਵਾਨੀ ਵਰਗੇ ਕੱਟੜ ਭਾਜਪਾਈ ਲੋਕਾਂ ਦਾ ਇਹ ਹੀ ਕਹਿਣਾ ਸੀ ਕਿ ਇੰਦਰਾਂ ਤਾਂ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਨਹੀਂ ਸੀ ਚਹੁੰਦੀ, ਪਰ ਅਸੀਂ ਉਸ ਨੂੰ ਮਜਬੂਰ ਕੀਤਾ ਇਹ ਹੀ ਕਾਰਨ ਸੀ ਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਮਗਰੋਂ ਵਾਜਪਾਈ ਨੇ ਇੰਦਰਾਂ ਨੂੰ ਦੁਰਗਾ ਦਾ ਰੂਪ ਕਿਹਾ ਸੀ। ਆਰ ਐਸ ਐਸ ਦੇ ਕੱਟੜ ਆਗੂ ਟੰਡਨ ਵਰਗਿਆਂ ਵਲੋਂ ਤਾਂ ਗੁਰੂ ਨਾਨਕ ਦਾਸ ਯੂਨੀਵਰਸਿਟੀ ਦਾ ਵੀ ਰੱਜ ਕੇ ਵਿਰੋਧ ਕੀਤਾ ਗਿਆ ਸੀ।

ਭਾਜਪਾ ਨਾਲ ਗੱਠਜੋੜ ਕਰਨ ਸਮੇਂ ਜੋ ਸਭ ਤੋਂ ਗੰਭੀਰ ਭੁੱਲ ਸ. ਬਾਦਲ ਨੇ ਕੀਤੀ ਉਹ ਸੀ ਭਾਜਪਾ ਨੂੰ ਬਿਨਾ ਸ਼ਰਤ ਹਮਾਇਤ ਦੇਣੀ। ਰਾਜਨੀਤੀ ਵਿਚ ਬਿਨਾ ਸ਼ਰਤ ਹਮਾਇਤਾ ਦਾ ਮਤਲਬ ਹੀ ਰਾਜਨੀਤਕ ਖੁਦਕੁਸ਼ੀ ਹੁੰਦਾ ਹੈ। ਇਸ ਨਜ਼ਰੀਏ ਤੋਂ ਬਾਦਲ ਬਾਰੇ ਇਹ ਕਹਿਣਾ ਬਣਦਾ ਹੈ ਕਿ ਬਾਦਲ ਰਾਜਨੀਤੀ ਦਾ ਬੋਹੜ ਤਾਂ ਸੀ ਪਰ ਬਾਬਾ ਨਹੀਂ ਸੀ।

ਪੰਜਾਬ ਨੂੰ ਕੈਲੇਫੋਰਨੀਆ ਬਣਾਉਣ ਦੇ ਸਬਜ਼ ਬਾਗ ਦਿਖਾਉਂਦਾ ਰਿਹਾ। ਪੰਜਾਬ ਦੇ ਭੋਲੇ-ਭਾਲੇ ਲੋਕ ਹਰ ਵੇਰ ਇਸ ਦੇ ਲਾਰਿਆਂ ਵਿਚ ਪਰਚਦੇ ਰਹੇ। ਬਾਦਲ ਨੇ ਲੋਕਾਂ ਨੂੰ ਮੁਫਤ ਖੋਰੀ ਦੀ ਆਦਤ ਪਾਈ ਅਤੇ ਉਹ ਮੁਫਤਖੋਰੀ ਪੰਜਾਬ ਨੂੰ ਕਿਸ ਭਾਅ ਪਈ ਇਸ ਦਾ ਅਜੇ ਤਕ ਕੋਈ ਅੰਦਾਜ਼ਾ ਨਹੀਂ ਸੀ। ਕਿਸਾਨਾਂ ਨੂੰ ਮੁਫਤ ਬਿਜਲੀ ਨੇ ਪੰਜਾਬ ਵਿਚ ਆ ਰਹੇ ਪਾਣੀ ਦੇ ਸੰਕਟ ਵਿਚ ਵਾਧਾ ਕੀਤਾ ਇਸੇ ਤਰ੍ਹਾਂ ਦਾਲ ਆਟਾ ਸਕੀਮ ਸਿਰਫ ਗਰੀਬ ਲੋਕਾਂ ਦੀ ਵੋਟ ਹਥਿਆਉਣ ਲਈ ਸੀ ਜਦ ਕਿ ਲੋਕਾਂ ਦੀ ਲੋੜ ਰੁਜ਼ਗਾਰ ਸੀ ਨਾ ਕਿ ਖੈਰਾਤ ਦੀ।

ਧਰਮ ਯੁੱਧ ਮੋਰਚੇ ਦੀ ਸ਼ੁਰੂਆਤ ਕਪੂਰੀ ਮੋਰਚੇ ਤੋਂ ਹੋਈ ਸੀ, ਜਿਸ ਦਾ ਕਾਰਨ ਬਾਦਲ ਹੀ ਸੀ, ਜਿਸ ਨੇ ਆਪਣੇ ਮਿੱਤਰ ਦੇਵੀ ਲਾਲ ਨੂੰ ਖੁਸ਼ ਕਰਨ ਲਈ ਸਤਲੁਜ ਯਮਨਾ ਨਹਿਰ ਦੀ ਪਟਾਈ ਲਈ 2 ਕਰੋੜ ਦਾ ਚੈਕ ਲੈ ਕੇ ਟਕਰਾਓ ਦਾ ਵੱਡਾ ਕਾਰਨ ਪੈਦਾ ਕਰ ਦਿੱਤਾ ਸੀ ਅਤੇ ਫਿਰ ਕਾਂਗਰਸ ਦੀ ਸਰਕਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਨਹਿਰ ਦੀ ਪਟਾਈ ਲਈ ਚਾਂਦੀ ਦੀਆਂ ਕਹੀਆਂ ਨਾਲ ਆਪ ਟੱਕ ਲਵਾਇਆ ਸੀ। ਪੰਜਾਬ ਨੂੰ ਮਿਲਣ ਵਾਲੇ ਪਾਣੀ ਦੀ ਔਸਤ 70 ਫੀਸਦੀ ਹੋਣ ਦੀ ਬਜਾਏ 30 ਫੀਸਦੀ ਹੈ ਅਤੇ ਇਸ ਦਾ ਕਾਰਨ ਬਾਦਲ ਅਤੇ ਬਾਦਲ ਵਰਗੇ ਪੰਜਾਬ ਦੇ ਹੋਰ ਮੁਖ ਮੰਤਰੀ ਹਨ ਜਿਨ੍ਹਾਂ ਨੇ ਆਪਣੀ ਕੁਰਸੀ ਦੀ ਸਲਾਮਤੀ ਲਈ ਪੰਜਾਬ ਦੇ ਹੱਕ ਵੇਚ ਦਿੱਤੇ।



1980 ਵਿਚ ਪੰਜਾਬ ਦਾ ਜਾਨੀ ਅਤੇ ਮਾਲੀ ਤੌਰ ਤੇ ਜੋ ਵੀ ਨੁਕਸਾਨ ਹੋਇਆ ਸੀ ਉਸ ਬਾਰੇ ਖੋਜ ਕਰਨ ਲਈ ਜੋ ਟਰੁਥ ਕਮਿਸ਼ਨ ਕਾਇਮ ਕੀਤਾ ਗਿਆ ਸੀ ਉਸ ਪ੍ਰਤੀ ਸ. ਬਾਦਲ ਨੇ ਸੱਤਾ ਵਿਚ ਆਉਂਦਿਆਂ ਪਿੱਠ ਫੇਰ ਲਈ ਸੀ।

### ਪੰਜਾਬ ਹੀ ਨਹੀਂ ਭਾਰਤ ਦਾ ਸਭ ਤੋਂ ਵੱਡਾ ਕੁਨਬਾ ਪਰਵਰ ਆਗੂ

ਸ. ਬਾਦਲ ਇੱਕ ਵੇਰ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਇਹ ਵਿਅੰਗ ਕੀਤਾ ਸੀ ਕਿ ਬਾਦਲ ਜਦੋਂ ਵੀ ਉਨ੍ਹਾਂ ਨੂੰ ਮਿਲਦੇ ਹਨ ਤਾਂ ਉਹ ਆਪਣੇ ਨਿੱਜੀ ਕੰਮਾਂ ਜਾਂ ਪਰਿਵਾਰਕ ਮਾਮਲਿਆਂ ਲਈ ਮਿਲਦੇ ਹਨ। ਸ. ਬਾਦਲ ਨੇ ਹੋਰ ਸੀਨੀਅਰ ਅਕਾਲੀ ਆਗੂਆਂ ਨੂੰ ਛੱਡ ਕੇ ਆਪਣੇ ਪੁੱਤਰ ਸੁਖਬੀਰ ਬਾਦਲ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾ ਦਿੱਤਾ। ਆਪਣੇ ਸਕੇ ਭਤੀਜੇ ਮਨਪ੍ਰੀਤ ਬਾਦਲ ਨੂੰ ਵਿਤ ਮੰਤਰੀ ਦਾ ਅਹੁਦਾ ਦਿੱਤਾ ਜੋ ਕਿ ਬਾਅਦ ਵਿਚ ਕਾਂਗਰਸ ਵਿਚ ਚਲਾ ਗਿਆ। ਉਨ੍ਹਾਂ ਆਪਣੇ ਜਵਾਈ ਅਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਸਿਵਲ ਸਪਲਾਈ ਦਾ ਮੰਤਰੀ ਬਣਾ ਦਿੱਤਾ ਅਤੇ ਆਪਣੀ ਨੂੰਹ ਰਾਣੀ ਹਰਸਿਮਰਤ ਕੌਰ ਨੂੰ ਕੇਂਦਰ ਵਿਚ ਮੰਤਰੀ ਬਣਾ ਕੇ ਉਸ ਦੇ ਭਰਾ ਬਿਕਰਮ ਸਿੰਘ ਮਜੀਠੀਆ ਨੂੰ ਲੋਕ ਸੰਪਰਕ ਮੰਤਰੀ ਬਣਾਇਆ। ਇਸੇ ਕਿਸਮ ਦਾ ਪਰਿਵਾਰਵਾਦ ਅਤੇ ਖੁਦਗਰਜ਼ੀ ਦੇਖ ਕੇ ਜਸਟਿਸ ਕਾਟਜੂ ਵਰਗੇ ਲੋਕਾਂ ਨੇ ਸ. ਬਾਦਲ 'ਤ ਬੜੇ ਵਿਅੰਗ ਕੀਤੇ ਅਤੇ ਲਾਹਨਤਾਂ ਪਾਈਆਂ ਸਨ।

### ਪੰਜਾਬ ਵਿਚ ਡੇਰੇਵਾਦ ਨੂੰ ਬੜਾਵਾ ਦੇਣ ਵਾਲਾ ਆਗੂ

ਸੰਨ 1978 ਨਿਰੰਕਾਰੀ ਨੇ ਜੋ ਅੰਮ੍ਰਿਤਸਰ ਵਿਚ 13 ਸਿੰਘਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਤਾਂ ਪੰਜਾਬ ਦੇ ਦੁਖਾਂਤ ਦਾ ਮੁੱਢ ਉਸ ਸਾਕੇ ਨੇ ਬੰਨ੍ਹਿਆ। ਸਿੱਖ ਸਮੂਹ ਵਿਚ ਵੱਡਾ ਰੋਸ ਸੀ ਕਿ ਨਿਰੰਕਾਰੀ ਜਾਣ ਬੁੱਝ ਕੇ ਗੁਰੂ ਸਾਹਿਬਾਨ ਦੀ ਬੇਅਦਬੀ ਕਰਦੇ ਸਨ। ਉਸ ਵੇਲੇ ਬਾਦਲ ਮੁੱਖ ਮੰਤਰੀ ਸੀ ਜਿਸ ਨੇ ਏਨੀ ਵੱਡੀ ਕਤਲੋਗਾਰਤ ਹੋਣ ਤੋਂ ਬਾਅਦ ਵੀ ਗੁਰਬਚਨੇ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਦਿੱਲੀ ਤਕ ਸੁਰੱਖਿਅਤ ਲਾਂਘਾ ਦਿੱਤਾ ਸੀ ਅਤੇ ਫਿਰ ਉਸ ਦਾ ਕੇਸ ਪੰਜਾਬ ਤੋਂ ਬਾਹਰ ਹਰਿਆਣੇ ਕਰਨਾਲ ਤੋਂ ਚਲਾਇਆ, ਜਿਸ ਵਿਚ ਉਹ ਬਰੀ ਹੋ ਗਿਆ ਸੀ।

ਜਦੋਂ ਤੋਂ ਬਾਦਲ ਨੇ ਡੇਰੇਵਾਦੀਆਂ ਦੇ ਜਾ ਕੇ ਮੱਥੇ ਟੇਕਣੇ ਸ਼ੁਰੂ ਕੀਤੇ ਉਦੋਂ ਤੋਂ ਹੀ ਉਨ੍ਹਾਂ ਦਾ ਪੰਜਾਬ ਵਿਚ ਬੋਲ ਬਾਲਾ ਵਧਦਾ ਗਿਆ। ਨਿਰੰਕਾਰੀਆਂ ਤੋਂ ਬਾਅਦ ਇਸ ਦੀ ਸਭ ਤੋਂ ਭੱਦੀ ਤਸਵੀਰ ਸੌਦੇ ਵਾਲੇ ਦੇ ਪੈਰਾਂ 'ਤੇ ਡਿਗਣਾ ਸੀ। ਗੁਰਮੀਤ ਸੌਦੇ ਵਾਲੇ ਨੂੰ ਅਕਾਲ ਤਖਤ ਦੇ ਜਥੇਦਾਰ ਗੁਰਬਚਨ ਸਿੰਘ ਕੋਲੋਂ ਕਲੀਨ ਚਿੱਟ ਦਵਾਉਣੀ ਸ. ਬਾਦਲ ਦੀ ਸਭ ਤੋਂ ਖਤਰਨਾਕ ਪੰਥ ਵਿਰੋਧੀ ਹਰਕਤ ਸੀ। ਇਸ ਤੋਂ ਬਾਅਦ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਟਕਿਆਂ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ। ਬੇਅਦਬੀ ਦੇ ਅੰਦੋਲਨ ਦੌਰਾਨ ਬਾਦਲ ਵਲੋਂ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਨੇ ਉਸ ਨੂੰ 2017 ਦੀਆਂ ਚੋਣਾਂ ਵਿਚ ਬਾਹਰ ਦਾ ਰਾਹ ਦਿਖਾਇਆ। ਅਕਾਲੀ ਦਲ ਦੇ 100 ਸਾਲਾ ਇਤਿਹਾਸ ਵਿਚ ਇਸ ਵਾਰ ਦਾ ਸਭ ਤੋਂ ਮਾੜਾ ਪ੍ਰਦਰਸ਼ਨ ਸੀ। ਬਾਦਲ ਨੇ ਨੂਰਮਹਿਲੀਏ, ਆਸ਼ੂਤੋਸ਼ ਅਤੇ ਹੋਰ ਪੰਥ ਵਿਰੋਧੀਆਂ ਨੂੰ ਬੜਾਵਾ ਦਿੱਤਾ। ਆਪ ਉਹ ਪੁੱਛਾਂ ਦਵਾਉਣ ਵਾਲਿਆਂ ਦੇ ਜਾਂਦਾ ਰਿਹਾ। ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਪੁੱਤਰ ਦੇ ਹੱਥੀਂ ਮੋਟੇ ਨਗਾਂ ਵਾਲੀਆਂ ਮੁੰਦੀਆਂ ਦਾ ਮਤਲਬ ਪਿਓ-ਪੁੱਤਰ ਜੋਤਸ਼ੀਆਂ ਵਿਚ ਯਕੀਨ ਰੱਖਦੇ ਸਨ।

ਦਾਗੀ ਪੁਲਸੀਆਂ ਨੂੰ ਤਰੱਕੀਆਂ ਦੇਣੀਆਂ ਅਤੇ ਆਪਣੀ ਜਾਇਦਾਦ ਵਿਚ ਬੇਅੰਤ ਵਾਧਾ ਕਰਨਾ ਸ. ਬਾਦਲ ਨੇ ਸੁਮੇਧ ਸੈਣੀ ਅਤੇ ਇਜ਼ਹਾਰ ਆਲਮ ਵਰਗੇ ਉਨ੍ਹਾਂ ਦਾਗੀ ਪੁਲਸੀਆਂ ਨੂੰ ਤਰੱਕੀਆਂ ਦਿੱਤੀਆਂ ਜਿਨ੍ਹਾਂ ਦੇ ਹੱਥ ਸਿੱਖ ਨੌਜਵਾਨਾ ਦੇ ਲਹੂ ਨਾਲ ਰੰਗੇ ਹੋਏ ਸਨ। ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਖਿਲਾਫ ਬਹਿਬਲ ਗੋਲੀ ਕਾਂਡ ਵਿਜੀਲੈਂਸ ਦੀ ਪੜਤਾਲ ਜਾਰੀ ਹੈ। ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਸਾਥੀ ਰਹੀ ਨਿਰਪ੍ਰੀਤ ਕੌਰ ਨੇ ਇਲਜ਼ਾਮ ਲਾਇਆ ਸੀ ਕਿ ਸੈਣੀ ਨੇ ਭਾਈ ਜਟਾਣਾ ਦੇ ਪਰਿਵਾਰ ਨੂੰ ਜਿੰਦਾ ਸਾੜਿਆ ਸੀ। ਸਾਬਕਾ ਡੀ ਜੀ ਪੀ ਇਜ਼ਹਾਰ ਆਲਮ ਦੀ ਪਤਨੀ ਫਰਜ਼ਾਨਾ ਆਲਮ ਨੂੰ ਇਸਤਰੀ ਅਕਾਲੀ ਦਲ ਦੀ ਜਨਰਲ ਸਕੱਤਰ ਬਣਾਇਆ ਗਿਆ ਜਿਸ ਨੇ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜੀ ਸੀ। ਸ. ਬਾਦਲ 'ਤੇ ਇਹ ਵੀ ਦੋਸ਼ ਰਿਹਾ ਹੈ ਕਿ ਉਸ ਦਾ ਕੇ ਪੀ ਐਸ ਗਿੱਲ ਦੇ ਘਰ ਅਉਣ-ਜਾਣ ਰਿਹਾ ਹੈ, ਜਿਸ ਦਾ ਨਾਮ ਸਿੱਖ ਨੌਜਵਾਨਾ 'ਤੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੱਖਰ 'ਤੇ ਰਿਹਾ ਹੈ।

ਸ. ਬਾਦਲ ਨੇ ਆਪਣੇ ਰਾਜ ਵਿਚ ਆਪਣੀ ਜਾਇਦਾਦ ਵਿਚ ਬੇਹੱਦ ਵਾਧਾ ਕੀਤਾ ਜਦ ਕਿ ਬੀਬੀ ਸੁਰਿੰਦਰ ਕੌਰ ਦਾ ਵਸੂਲੀ ਵਿਚ ਸ਼ਰੇਆਮ ਨਾਮ ਨਸ਼ਰ ਹੁੰਦਾ ਰਿਹਾ ਸੀ। ਸੰਨ 2002 ਨੂੰ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਬਾਦਲ ਸਰਕਾਰ ਵਲੋਂ 3000 ਕਰੋੜ ਰੁਪਏ ਦੀ ਨਜਾਇਜ਼ ਜਾਇਦਾਦ ਦੇ ਤਫਤੀਸ਼ ਵਿਜੀਲੈਂਸ ਨੂੰ ਸੌਂਪੀ ਗਈ ਸੀ। 2003 ਵਿਚ ਇਸ ਸਬੰਧੀ ਦੋਵੇਂ ਪਿਓ ਪੁੱਤਰ ਦੀ ਗ੍ਰਿਫਤਾਰੀ ਵੀ ਹੋਈ ਪਰ ਛੇਤੀ ਹੀ ਉਹ ਜ਼ਮਾਨਤ 'ਤੇ ਛੱਡ ਦਿੱਤੇ ਗਏ। ਇਸ ਕੇਸ ਵਿਚ ਵਿਜੀਲੈਂਸ ਬਿਓਰੋ ਨੇ 78 ਕਰੋੜ ਰੁਪਏ ਦੀ ਚਾਰਜਸ਼ੀਟ ਅਦਾਲਤ ਵਿਚ ਪੇਸ਼ ਕੀਤੀ ਸੀ। ਸੰਨ 2007 ਵਿਚ ਸ. ਬਾਦਲ ਜਦੋਂ ਮੁੜ ਸਤਾ ਵਿਚ ਆਏ ਤਾਂ ਇਸ ਜਾਂਚ ਸਬੰਧੀ ਅਫਸਰ ਅਤੇ ਗਵਾਹ ਮੁੱਕਰ ਗਏ ਸਨ ਜਾਂ ਮੁਕਰਾ ਦਿੱਤੇ ਗਏ ਸਨ ਤੇ ਸਬੂਤਾਂ ਦੀ ਘਾਟ ਕਾਰਨ ਪਿਓ ਪੁੱਤਰ ਬਰੀ ਹੋ ਗਏ ਸਨ। ਹਰਸਿਮਰਤ ਕੌਰ ਬਾਦਲ ਦੇ ਭਰਾ ਬਿਕਰਮ ਮਜੀਠੀਆ 'ਤੇ ਡਰੱਗ ਮਾਫੀਆ ਅਤੇ ਮਾਈਨਿੰਗ ਮਾਫੀਆਂ ਦੀ ਪੁਸ਼ਤ ਪਨਾਹੀ ਦੇ ਦੋਸ਼ ਲੱਗੇ ਪਰ ਉਹ ਗ੍ਰਿਫਤਾਰ ਹੋ ਕੇ ਮੁੜ ਰਿਹਾ ਹੋ ਗਿਆ।

ਏਨੇ ਗੰਭੀਰ ਇਲਜ਼ਾਮਾ ਦੇ ਹੁੰਦਿਆਂ ਹੋਇਆਂ ਵੀ ਸ. ਬਾਦਲ ਨੂੰ ਸ੍ਰੀ ਅਕਾਲ ਤਖਤ ਤੋਂ ਪੰਥ ਰਤਨ ਅਤੇ ਫਖਰੇ-ਏ-ਕੌਮ ਦੇ ਖਿਤਾਬ ਦੁਆਏ ਗਏ। ਭਾਜਪਾ ਦੇ ਪ੍ਰਭਾਵ ਹੇਠ ਸ. ਬਾਦਲ ਨੂੰ 'ਪਦਮ ਭੂਸ਼ਨ' ਵੀ ਦਿੱਤਾ ਗਿਆ।

ਅਕਾਲੀ ਦਲ ਦੀ ਹੋਂਦ ਖਤਰੇ ਵਿਚ ਪੈ ਗਈ ਸ. ਬਾਦਲ ਵਲੋਂ ਅਕਾਲੀ ਪਾਰਟੀ ਨੂੰ 'ਪੰਜਾਬ ਪਾਰਟੀ' ਐਲਾਨਣ ਨੂੰ ਕੁਝ ਲੋਕ ਤਾਂ ਸਿੱਖ ਰਾਜਨੀਤੀ ਦੇ ਹੱਕ ਵਿਚ ਸਮਝਦੇ ਹਨ ਜਦ ਕਿ ਕੁਝ ਲੋਕਾਂ ਦਾ ਖਿਆਲ ਹੈ ਕਿ ਇਸ ਨਾਲ ਅਕਾਲੀ ਪਾਰਟੀ ਦੀ ਪਛਾਣ ਨੂੰ ਬਹੁਤ ਵੱਡਾ ਧੱਕਾ ਲੱਗਿਆ। ਸ਼੍ਰੋਮਣੀ ਅਕਾਲੀ ਦਲ ਦਾ ਗਠਨ 14 ਦਸੰਬਰ 1920 ਨੂੰ ਹੋਇਆ ਸੀ ਅਤੇ ਇਹ ਕਾਂਗਰਸ ਤੋਂ ਬਾਅਦ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਰਹੀ ਹੈ। ਜਿਸ ਗੰਭੀਰ ਸੰਕਟ ਵਿਚ ਬਾਦਲ ਨੇ ਅਕਾਲੀ ਦਲ ਨੂੰ ਛੱਡਿਆ ਹੈ, ਕੀ ਭਵਿੱਖ ਵਿਚ ਅਕਾਲੀ ਦਲ ਇਸ ਸੰਕਟ ਵਿਚੋਂ ਸੁਖਬੀਰ ਬਾਦਲ ਦੀ ਅਗਵਾਈ ਵਿਚ ਵਾਪਸ ਪੈਰੀਂ ਆ ਸਕਦਾ ਹੈ, ਕਹਿਣਾ ਮੁਸ਼ਕਲ ਹੈ।

ਪ੍ਰਮੁਖ ਸਿੱਖ ਸੰਸਥਾਵਾਂ ਨੂੰ ਬਾਦਲ ਵਲੋਂ ਨਿੱਜੀ ਕਬਜ਼ੇ ਵਿਚ ਲੈਣਾ ਸ਼੍ਰੋਮਣੀ ਕਮੇਟੀ ਅਤੇ ਉਸ ਦੇ ਪ੍ਰਧਾਨ ਦੀ ਸਾਰੀ ਤਾਕਤ ਅਤੇ ਪ੍ਰਧਾਨ ਥਾਪਣ ਦੇ ਸਾਰੇ ਅਧਿਕਾਰ ਬਾਦਲ ਨੇ ਆਪਣੇ ਹੱਥਾਂ ਹੇਠ ਲੈ ਲਏ ਸਨ। ਇਹ ਗੱਲ ਮਸ਼ਹੂਰ ਹੋ ਗਈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸ. ਬਾਦਲ ਦੇ ਲਫਾਫੇ ਵਿਚੋਂ ਨਿਕਲਦਾ ਹੈ। ਇਸੇ ਤਰ੍ਹਾਂ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਚੋਣ ਦੇ ਵੀ ਸਾਰੇ ਹੱਕ ਬਾਦਲ ਨੇ ਆਪਣੇ ਹੱਥਾਂ ਵਿਚ ਲੈ ਲਏ ਅਤੇ ਇਹ ਵੀ ਕਿਹਾ ਜਾਣ ਲੱਗ ਪਿਆ ਕਿ ਅਕਾਲ ਤਖਤ ਦਾ ਜਥੇਦਾਰ ਵੀ ਬਾਦਲ ਦੇ ਲਿਫਾਫੇ ਵਿਚੋਂ ਹੀ ਨਿਕਲਦਾ ਹੈ। ਅਕਾਲੀ ਦਲ ਦਾ ਏਕਾ-ਅਧਿਕਾਰ ਵੀ ਬਾਦਲ ਨੇ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਦਾੜ੍ਹੀ ਬੰਨ੍ਹਦੇ ਆਪਣੇ ਗੈਰ ਅੰਮ੍ਰਿਤਧਾਰੀ ਮੁੰਡੇ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾ ਕੇ ਇਤਿਹਾਸਕ ਅਕਾਲੀ ਦਲ ਨੂੰ ਦਲ ਦਲ ਵਿਚ ਧੱਕਣ ਦਾ ਰਾਹ ਪੱਧਰਾ ਕਰ ਦਿੱਤਾ।

ਪੁੱਤਰ ਮੋਹ ਵਿਚ ਟਕਸਾਲੀ ਅਕਾਲੀਆਂ ਨੂੰ ਅਲੱਗ ਥਲੱਗ ਕਰ ਦਿੱਤਾ ਅਕਾਲੀ ਦਲ ਵਿਚ ਆਪਣੇ ਵਿਰੋਧ ਦੀ ਹਰ ਸੰਭਵਨਾ ਨੂੰ ਖਤਮ ਕਰਨ ਲਈ ਬਾਦਲ ਨੇ ਕੱਦਾਵਰ ਆਗੂਆਂ ਨੂੰ ਬਾਹਰ ਦਾ ਰਾਹ ਵਿਖਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਚ ਕੁਲਦੀਪ ਸਿੰਘ ਬਡਾਲਾ, ਸ. ਮਨਜੀਤ ਸਿੰਘ ਕਲਕੱਤਾ, ਕੈਪਟਨ ਕੰਵਲਜੀਤ ਸਿੰਘ ਬਰਾੜ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੁਖਦੇਵ ਸਿੰਘ ਢੀਂਡਸਾ ਵਰਗੇ ਅਨੇਕਾਂ ਨਾਮ ਲਏ ਜਾ ਸਕਦੇ ਹਨ।

ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਵਿਚ ਬਾਦਲ ਨੇ ਆਪਣੇ ਪੁੱਤਰ ਨੂੰ ਕੇਂਦਰ ਦੀ ਸਤਾ ਵਿਚ ਸਥਾਪਤ ਕੀਤਾ ਅਤੇ 2014 ਦੀ ਸਰਕਾਰ ਵੇਲੇ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਕੇਂਦਰ ਵਿਚ ਕੈਬਨਿਟ ਮਨਿਸਟਰ ਬਣਾਇਆ। ਆਪਣੀ ਵਜਾਰਤ ਵੇਲੇ ਇਨ੍ਹਾਂ ਦੇ ਪਰਿਵਾਰ ਪਸਾਰੇ ਵਿਚੋਂ ਵੀਹ ਤੋਂ ਵੱਧ ਐਮ ਐਲ ਏ ਬਣੇ ਅਤੇ ਕਰੀਬ ਅੱਧੀ ਦਰਜਨ ਬਾਦਲ ਦੇ ਰਿਸ਼ਤੇਦਾਰਾਂ ਕੋਲ ਕੈਬਨਿਟ ਦੇ ਅਹੁਦੇ ਸਨ। ਹੁਣ ਸਿੱਖ ਨਾ ਤਾਂ ਬਾਦਲਾਂ ਦੀ ਪਰਿਵਾਰਕ ਅਗਵਾਈ ਨੂੰ ਮੰਨਣ ਲਈ ਤਿਆਰ ਹਨ ਅਤੇ ਨਾ ਹੀ ਪੰਜਾਬ ਦੇ ਕਿਸੇ ਵੀ ਹੋਰ ਮੁੱਦੇ 'ਤੇ ਬਾਦਲ ਪਰਿਵਾਰ ਨੂੰ ਵਿਸ਼ਵਾਸ ਪਾਤਰ ਸਮਝਿਆ ਜਾਂਦਾ ਹੈ।

ਬਾਦਲ ਦੇ ਜਾਣ ਬਾਅਦ ਬਦਲ ਦੀ ਮੌਤ ਤੋਂ ਤਤਕਾਲ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਿੱਲੀ ਤੋਂ ਚੰਡੀਗੜ੍ਹ ਆ ਕੇ ਬਾਦਲ ਦੇ ਪੈਰਾਂ 'ਤੇ ਮੱਥਾ ਟੇਕਣਾ ਅਤੇ ਫਿਰ ਭਾਰਤੀ ਮੀਡੀਏ ਵਿਚ ਲੇਖ ਛਾਪ ਕੇ ਬਾਦਲ ਨੂੰ ਪਿਤਾ ਵਜੋਂ ਪੇਸ਼ ਕਰਨ ਵਰਗੀਆਂ ਹਰਕਤਾਂ ਤੋਂ ਜਾਪ ਰਿਹਾ ਹੈ ਕਿ ਬਾਦਲ ਅਕਾਲੀ ਦਲ ਅਤੇ ਭਾਜਪਾ ਦਾ ਮੁੜ ਗੱਠਜੋੜ ਦੀ ਸੰਭਾਵਨਾ ਹੈ।

ਇਸ ਵੇਲੇ ਅਕਾਲੀ ਦਲ ਦਾ ਗਠਜੋੜ ਬਹੁਜਨ ਸਮਾਜ ਪਾਰਟੀ ਨਾਲ ਹੈ ਅਤੇ ਇਹ ਦੂਜੀ ਵਾਰ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ 'ਬਸਪਾ' ਨੂੰ ਠਿੱਬੀ ਲਾਉਣ ਦੀ ਤਾਕ ਵਿਚ ਹੈ। ਪਹਿਲਾਂ 1996 ਵਿਚ ਲੋਕ ਸਭਾ ਚੋਣਾ ਵੇਲੇ ਅਕਾਲੀ ਦਲ ਦਾ ਬਸਪਾ ਨਾਲ ਗਠਜੋੜ ਸੀ ਜਦੋਂ ਕਿ ਪੰਜਾਬ ਦੀਆਂ 13 ਵਿਚੋਂ 11 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਉਸ ਵੇਲੇ ਦੇ ਗਠਜੋੜ ਵਿਚ 8 ਐਮ ਪੀ ਅਕਾਲੀ ਦਲ ਦੇ ਸਨ ਅਤੇ 3 ਬੀ ਐਸ ਪੀ ਦੇ। ਪਰ ਕੀ ਬਸਪਾ ਨੂੰ ਛੱਡ ਕੇ ਬੀ ਜੇ ਪੀ ਨਾਲ ਨੇਤਤਾ ਕਰਕੇ ਸੁਖਬੀਰ ਬਾਦਲ ਮੁੜ ਆਪਣੇ ਅਕਾਲੀ ਦਲ ਨੂੰ ਸੁਰਜੀਤ ਕਰ ਸਕੇਗਾ ਇਹ ਤਾਂ ਸਮਾਂ ਹੀ ਦੱਸੇਗਾ ਜਦ ਕਿ ਹੁਣ ਉਸ ਦੇ ਸਿਰ 'ਤੇ ਪੰਜਾਬ ਦੀ ਰਾਜਨੀਤੀ ਦੇ ਬਾਬੇ ਬੋਹੜ ਦਾ ਹੱਥ ਨਹੀਂ ਹੈ ਜਿਸ ਦੇ ਪ੍ਰਛਾਵੇਂ ਹੇਠ ਪੰਜਾਬ ਬੰਜਰ ਹੁੰਦਾ ਚਲਾ ਗਿਆ।

# ਅੱਗ ਦੀ ਲਾਟ ਚਿਮਟੇ ਨਾਲ ਫੜਨ ਵਾਲਾ - ਸੰਪੂਰਨ ਸਿੰਘ ਉਰਫ਼ ਗੁਲਜ਼ਾਰ

***ਸੂਖਮ ਤੰਦਾਂ ਨਾਲ ਗਜ਼ਲ ਦੀ ਬੁਣਤੀ ਪਾਉਣ ਵਾਲੇ ਗਜ਼ਲਗੋ ਅਜੈ ਤਨਵੀਰ ਨੇ ਉਘੇ ਸ਼ਾਇਰ ਅਤੇ ਫਿਲਮੀ ਹਸਤੀ ਗੁਲਜ਼ਾਰ ਦੇ ਕਲਾ ਦੇ ਵਿਹੜੇ ਝਾਤੀ ਮਾਰੀ ਹੈ; ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਖਾਸ ਤੇ ਅਣਛੋਹੇ ਵਰਕੇ ਫਰੋਲੇ ਹਨ। ਇਸ ਲਿਖਤ ਵਿਚ ਅਜੈ ਤਨਵੀਰ ਪਾਠਕ ਨੂੰ ਗੁਲਜ਼ਾਰ ਦੀ ਮਹਿਕ ਨਾਲ ਹੀ ਸਰਸ਼ਾਰ ਨਹੀਂ ਕਰਦਾ ਸਗੋਂ ਜ਼ਿੰਦਗੀ ਦੀਆਂ ਉਨ੍ਹਾਂ ਸਚਾਈਆਂ ਦੇ ਰੂਬਰੂ ਵੀ ਕਰਦਾ ਹੈ ਜੋ ਇਨ੍ਹਾਂ ਦੋਹਾਂ ਨੇ ਆਪਣੇ ਅਨੁਭਵ ਵਿਚੋਂ ਕਮਾਈਆਂ ਹਨ। ਅਸੀਂ ਗੁਲਜ਼ਾਰ ਬਾਰੇ ਇਹ ਲੰਮਾ ਲੇਖ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਦੀ ਤੀਜੀ ਕਿਸ਼ਤ ਹਾਜ਼ਰ ਹੈ।***

ਪਤਾ ਨਹੀਂ, ਕਿਸ ਦੀ ਨਜ਼ਰ ਲੱਗੀ, ਹੱਸਦੇ ਵਸਦੇ ਪਰਿਵਾਰ ਵਿਚ ਉਦਾਸੀ ਦਾ ਮਾਹੌਲ ਬਣਨ ਲੱਗਾ। ਗੁਲਜ਼ਾਰ ਤਾਂ ਗੁਲਜ਼ਾਰ ਸੀ ਪਰ ਖਿੜੀ ਗੁਲਜ਼ਾਰ ਦੇ ਫੁੱਲ ਕਿਤੇ ਨਾ ਕਿਤੇ ਮੁਰਝਾ ਰਹੇ ਸਨ। ਸੁੰਦਰ ਮੌਸਮ ਵਿਚ ਕਿਤੇ 'ਆਂਧੀ' ਦਾ ਪਹਿਰਾ ਹੋ ਰਿਹਾ ਸੀ। ਰਾਖੀ ਅਤੇ ਗੁਲਜ਼ਾਰ ਦੇ ਰਸਤੇ ਅਲੱਗ ਹੋ ਗਏ ਸਨ। ਬੋਸਕੀ ਉਸ ਸਮੇਂ ਇਕ




ਅਜੈ ਤਨਵੀਰ

ਸਾਲ ਦੀ ਸੀ। ਪਿਆਰੀ ਬੋਸਕੀ ਨੇ ਅਜੇ ਰੱਜ ਕੇ ਮਾਂ-ਬਾਪ ਦਾ ਪਿਆਰ ਵੀ ਨਹੀਂ ਸੀ ਮਾਣਿਆ। ਗੁਲਜ਼ਾਰ ਬੋਸਕੀ ਬਿਨਾਂ ਇਕ ਪਲ ਵੀ ਨਹੀਂ ਸੀ ਰਹਿ ਸਕਦਾ। ਗਹਿਰੇ ਗੀਤ ਲਿਖਣ ਵਾਲਾ ਗੁਲਜ਼ਾਰ ਹੁਣ ਬਾਲ ਗੀਤ ਵੀ ਲਿਖ ਰਿਹਾ ਸੀ। ਬੋਸਕੀ ਦੀ ਪਿਆਰੀ ਸੂਰਤ ਗੁਲਜ਼ਾਰ ਦੇ ਅੰਦਰ ਧੂਹ ਪਾਉਂਦੀ। ਗੁਲਜ਼ਾਰ ਤੇ ਰਾਖੀ ਜਿੰਨੀ ਮੁਹੱਬਤ ਨਾਲ ਨੇੜੇ ਆਏ, ਓਨੀ ਹੀ ਨਫ਼ਰਤ ਨਾਲ ਦੂਰ ਹੋ ਗਏ। ਕਿਹਾ ਜਾਂਦਾ ਹੈ ਕਿ 'ਆਂਧੀ' ਫ਼ਿਲਮ ਵਿਚ ਜੋ ਰੋਲ ਸੁਚਿੱਤਰਾ ਸੇਨ ਕਰ ਰਹੀ ਸੀ, ਉਹ ਰਾਖੀ ਕਰਨਾ ਚਾਹੁੰਦੀ ਸੀ। ਪਰ ਨਿੱਕੀਆਂ-ਨਿੱਕੀਆਂ ਗੱਲਾਂ ਵੱਡੀਆਂ ਬਣ ਚੁੱਕੀਆਂ ਸਨ। ਜਦੋਂ ਦੋਵੇਂ ਵੱਖ ਹੋਏ, ਸਭ ਤੋਂ ਵੱਡਾ ਮਸਲਾ ਪਿਆਰੀ ਬੋਸਕੀ ਦਾ। ਬੋਸਕੀ ਨੂੰ ਦੋਵੇਂ ਹੀ ਬਹੁਤ ਪਿਆਰ ਕਰਦੇ। ਬੋਸਕੀ ਦੀ ਪਰਵਰਿਸ਼ ਲਈ ਮੀਆਂ-ਬੀਵੀ ਨੇ ਜੋ ਰਸਤਾ ਕੱਢਿਆ, ਉਹ ਸੀ ਕਿ ਕਦੇ ਬੋਸਕੀ ਆਪਣੀ ਮਾਂ ਦੇ ਘਰ ਹੁੰਦੀ, ਕਦੇ ਆਪਣੇ ਡੈਡ ਦੇ ਘਰ। ਗੁਲਜ਼ਾਰ ਜਦੋਂ ਕਿਤੇ ਬਾਹਰ ਸ਼ੂਟਿੰਗ 'ਤੇ ਜਾਂਦਾ, ਬੋਸਕੀ ਨੂੰ ਨਾਲ ਹੀ ਲੈ ਜਾਂਦਾ। ਗੁਲਜ਼ਾਰ ਅਤੇ ਰਾਖੀ ਅਲੱਗ ਹੋਏ ਸੀ, ਪਰ ਜੁਦਾ ਨਹੀਂ। ਇਸ ਲਈ ਦੋਵਾਂ ਲਈ ਬੋਸਕੀ ਜਿੰਦ ਜਾਨ ਸੀ। ਗੁਲਜ਼ਾਰ ਦੀ ਜ਼ਿੰਦਗੀ ਵਿਚ ਆਈ 'ਆਂਧੀ' ਤੋਂ ਬਾਅਦ 'ਆਂਧੀ' ਫ਼ਿਲਮ ਨੇ ਦਸਤਕ ਦਿੱਤੀ। ਇਹ ਆਂਧੀ, ਇਕ ਮੁਸ਼ਕਿਲ ਨਹੀਂ ਅਨੇਕ ਮੁਸ਼ਕਿਲਾਂ ਲੈ ਕੇ ਆਈ। ਇਸ ਫ਼ਿਲਮ ਵਿਚ ਜੋ ਆਰਤੀ ਦੇਵੀ ਦਾ ਕਿਰਦਾਰ ਸੀ, ਉਸ ਕਿਰਦਾਰ ਵਿਚ ਸੁਚਿੱਤਰਾ ਸੇਨ ਉੱਭਰ ਕੇ ਸਾਹਮਣੇ ਆਈ। ਆਰਤੀ ਦੇਵੀ ਦਾ ਬਹੁਤ ਹੀ ਜ਼ਬਰਦਸਤ ਕਿਰਦਾਰ ਸੀ। ਪਰ ਇਹ ਫ਼ਿਲਮ ਸਿਆਸਤ ਦੀ ਭੇਟ ਚੜ੍ਹ ਗਈ। ਇਸ ਫ਼ਿਲਮ 'ਤੇ ਇਸ ਕਰਕੇ ਪਾਬੰਦੀ ਲਾ ਦਿੱਤੀ ਕਿ ਜੋ ਆਰਤੀ ਦੇਵੀ ਦਾ ਕਿਰਦਾਰ ਹੈ, ਉਹ ਇੰਦਰਾ ਗਾਂਧੀ ਨਾਲ ਮਿਲਦਾ ਜੁਲਦਾ ਹੈ। ਇਸ ਨਾਲ ਇੰਦਰਾ ਗਾਂਧੀ ਦੀ ਗ਼ਲਤ ਤਸਵੀਰ ਪੇਸ਼ ਹੁੰਦੀ ਹੈ।

ਐਮਰਜੈਂਸੀ ਵਿਚ ਇਸ ਫ਼ਿਲਮ 'ਤੇ ਲੱਗੀ ਪਾਬੰਦੀ ਕਾਰਨ ਸਾਰੀ ਇੰਡਸਟਰੀ ਹੈਰਾਨ ਸੀ। ਗੁਲਜ਼ਾਰ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਹ ਮਾਸਕੋ ਫ਼ਿਲਮ ਫ਼ੈਸਟੀਵਲ ਵਿਚ ਸੀ। ਇਸ ਫ਼ਿਲਮ ਫ਼ੈਸਟੀਵਲ ਵਿਚ 'ਆਂਧੀ' ਫ਼ਿਲਮ ਵਿਖਾਈ ਜਾਣੀ ਸੀ ਪਰ ਪਾਬੰਦੀ ਕਰ ਕੇ ਫ਼ਿਲਮ ਫ਼ੈਸਟੀਵਲ 'ਚੋਂ ਬਾਹਰ ਹੋ ਗਈ। ਗੁਲਜ਼ਾਰ ਮਾਸਕੋ ਤੋਂ ਮਾਯੂਸ ਪਰਤ ਆਇਆ। ਪਾਬੰਦੀ ਨਾਲ ਫ਼ਿਲਮ ਦਾ ਜ਼ਿਆਦਾ ਨੁਕਸਾਨ ਨਾ ਹੋਇਆ ਕਿਉਂਕਿ 25 ਹਫ਼ਤੇ ਫ਼ਿਲਮ ਚੱਲ ਚੁੱਕੀ ਸੀ। ਆਂਧੀ ਤੋਂ ਬਾਅਦ ਮੌਸਮ ਬਦਲਦਾ ਹੀ ਹੈ। 1977 ਵਿਚ ਜਨਤਾ ਪਾਰਟੀ ਦੀ ਸਰਕਾਰ ਬਣਦੇ ਹੀ ਫ਼ਿਲਮ ਦੁਬਾਰਾ ਰਿਲੀਜ਼ ਹੋਈ। ਇਸ ਫ਼ਿਲਮ ਨੂੰ ਬਾਕਾਇਦਾ ਦੂਰਦਰਸ਼ਨ 'ਤੇ ਵਿਖਾਇਆ ਗਿਆ। 'ਆਂਧੀ' ਫ਼ਿਲਮ ਦੇ ਨਿਰਮਾਤਾ ਜੈ ਓਮ ਪ੍ਰਕਾਸ਼ ਨੇ ਕਿਹਾ- ਇਸ ਫ਼ਿਲਮ ਵਿਚ ਜੋ ਕਿਰਦਾਰ ਸੰਜੀਵ ਕੁਮਾਰ ਅਤੇ ਸੁਚਿੱਤਰਾ ਸੇਨ ਨੇ ਨਿਭਾਇਆ, ਅੱਜ ਵੀ ਉਸ ਨੂੰ ਯਾਦ ਕੀਤਾ ਜਾਂਦਾ ਹੈ। ਕੁਝ ਲੋਕ ਇਸ ਫ਼ਿਲਮ ਨੂੰ ਗੁਲਜ਼ਾਰ ਦੀ ਜ਼ਿੰਦਗੀ ਵਿਚ ਆਈ ਆਂਧੀ ਨਾਲ ਜੋੜਦੇ ਹਨ।

ਸੁਚਿੱਤਰਾ ਸੇਨ ਗੁਲਜ਼ਾਰ ਨੂੰ ਸਰ ਕਹਿ ਕੇ ਬੁਲਾਉਂਦੀ ਸੀ ਜਦਕਿ ਉਹ ਗੁਲਜ਼ਾਰ ਤੋਂ ਕਾਫ਼ੀ ਸੀਨੀਅਰ ਸੀ। ਗੁਲਜ਼ਾਰ ਨੇ ਕਈ ਵਾਰ ਕਿਹਾ, 'ਤੁਸੀਂ ਮੇਰਾ ਨਾਮ ਹੀ ਲਿਆ ਕਰੋ।' ਪਰ ਉਸ 'ਤੇ ਕੋਈ ਅਸਰ ਨਾ ਹੋਇਆ। ਗੁਲਜ਼ਾਰ ਨੇ ਵੀ ਉਸ ਨੂੰ ਸਰ ਕਹਿਣਾ ਸ਼ੁਰੂ ਕਰ ਦਿੱਤਾ। ਹੁਣ ਯੂਨਿਟ ਦਾ ਹਰ ਮੈਂਬਰ ਸੁਚਿੱਤਰਾ ਸੇਨ ਨੂੰ ਸਰ ਕਹਿ ਕੇ ਬੁਲਾਉਂਦਾ। ਉਹ ਬਾਂਗਲਾ ਫ਼ਿਲਮਾਂ ਦੀ ਉੱਚ ਕੋਟੀ ਦੀ ਅਦਾਕਾਰਾ ਸੀ। ਉਸ ਦੀਆਂ ਉੱਤਮ ਕੁਮਾਰ ਨਾਲ ਬਾਂਗਲਾ ਫ਼ਿਲਮਾਂ ਨੇ ਇਤਿਹਾਸ ਸਿਰਜਿਆ। ਉਸ ਦੇ ਅੰਦਰ ਐਕਟਿੰਗ ਕੁੱਟ-ਕੁੱਟ ਕੇ ਭਰੀ ਹੋਈ ਸੀ। 'ਆਂਧੀ' ਫ਼ਿਲਮ ਦੇ ਸੈੱਟ ਉੱਤੇ ਜਦੋਂ ਵੀ ਕੋਈ ਰੋਣ ਵਾਲਾ ਸੀਨ ਆਉਂਦਾ ਸੀ, ਉਸ ਨੇ ਕਦੇ ਅੱਖਾਂ ਵਿਚ ਗਲਿਸਰੀਨ ਨਹੀਂ ਪਾਈ ਸੀ। ਬਸ ਉਹ ਇਹ ਆਖਦੀ ਸੀ ਕਿ ਅਜਿਹੇ ਸੀਨ ਤੋਂ ਪਹਿਲਾਂ ਮੈਨੂੰ 'ਤੇਰੇ ਬਿਨਾਂ ਜ਼ਿੰਦਗੀ ਸੇ ਸ਼ਿਕਵਾ ਤੋ ਨਹੀਂ' ਗੀਤ ਦੀਆਂ ਲਾਈਨਾਂ ਸੁਣਾ ਦਿਆ ਕਰੋ। ਇਹ ਗੀਤ ਹੀ ਮੇਰੀ ਗਲਿਸਰੀਨ ਹੈ। ਇਸ ਤਰ੍ਹਾਂ ਸ਼ਾੱਟ ਤੋਂ ਪਹਿਲਾਂ ਇਹ ਗੀਤ ਸੁਣਾਇਆ ਜਾਂਦਾ ਸੀ, ਫਿਰ ਸ਼ਾੱਟ ਲਿਆ ਜਾਂਦਾ ਸੀ। ਗੁਲਜ਼ਾਰ ਅਕਸਰ ਹੀ ਇਹ



ਜ਼ਿਕਰ ਕਰਦੇ ਹਨ। ਉਹ ਜਦੋਂ ਕਲਕੱਤੇ ਸੁਚਿੱਤਰਾ ਸੇਨ ਨੂੰ ਮਿਲਣ ਜਾਂਦੇ ਸੀ, ਉਹ ਹਮੇਸ਼ਾ ਆਪਣੇ ਘਰ ਦੀ ਛੱਤ ਉਪਰ ਕਾਵਾਂ ਨੂੰ ਅੰਗੂਰ ਖਵਾ ਰਹੀ ਹੁੰਦੀ। ਗੁਲਜ਼ਾਰ ਵੇਖ ਕੇ ਹੈਰਾਨ ਹੁੰਦਾ। ਇਹ ਕਿਸ ਤਰ੍ਹਾਂ ਦਾ ਅਜੀਬ ਸੰਗਮ ਹੈ, ਕਾਂ ਤਾਂ ਆਦਮੀਆਂ ਕੋਲੋਂ ਡਰਦੇ ਹਨ। ਉਹ ਗੁਲਜ਼ਾਰ ਨੂੰ ਹਮੇਸ਼ਾ ਠੰਢਾ ਦੁੱਧ ਹੀ ਪੇਸ਼ ਕਰਦੀ। ਉਸ ਨੂੰ ਪਤਾ ਸੀ ਕਿ ਗੁਲਜ਼ਾਰ ਠੰਢਾ ਦੁੱਧ ਬਹੁਤ ਪਸੰਦ ਕਰਦਾ ਹੈ। ਕਈ ਵਾਰ ਗੁਲਜ਼ਾਰ ਜਦੋਂ ਕਲਕੱਤੇ ਜਾਂਦਾ, ਸੁਚਿੱਤਰਾ ਸੇਨ ਆਪਣੀ ਸ਼ੂਟਿੰਗ ਵਿਚ ਬਿਜ਼ੀ ਹੋਣ ਕਰਕੇ ਮਿਲ ਨਾ ਸਕਦੀ। ਗੁਲਜ਼ਾਰ ਹੋਟਲ ਵਿਚ ਠਹਿਰ ਜਾਂਦਾ। ਫਿਰ ਸੁਚਿੱਤਰਾ ਸੇਨ ਦਾ ਸੈਕਟਰੀ ਆ ਕੇ ਗੁਲਜ਼ਾਰ ਨੂੰ ਦੱਸਦਾ, 'ਮੈਡਮ ਆਪ ਕਾ ਇੰਤਜ਼ਾਰ ਕਰ ਰਹੀ ਹੈਂ।





ਉਹ ਇੰਤਜ਼ਾਰ ਹਮੇਸ਼ਾ ਕਾਰ ਵਿਚ ਹੀ ਕਰਦੀ ਸੀ। ਉਹ ਸੋਚਦੀ, ਇਹ ਲੋਕ ਕਈ ਵਾਰ ਰਾਈ ਦਾ ਪਹਾੜ ਵੀ ਬਣਾ ਦਿੰਦੇ ਹਨ। ਉਹ ਦੋਵੇਂ ਇਕ ਦੂਜੇ ਦਾ ਸਤਿਕਾਰ ਚੰਗੇ ਦੋਸਤ ਦੀ ਤਰ੍ਹਾਂ ਕਰਦੇ ਸਨ। 'ਆਂਧੀ' ਫ਼ਿਲਮ ਦੀ ਸ਼ੂਟਿੰਗ ਕਸ਼ਮੀਰ ਵਿਚ ਕੀਤੀ ਗਈ ਸੀ। ਸੁਚਿੱਤਰਾ ਸੇਨ ਆਪਣੀ ਅਦਾਕਾਰੀ ਦੇ ਜਲਵੇ ਬਿਮਲ ਰਾਏ ਦੀ ਫ਼ਿਲਮ 'ਦੇਵਦਾਸ' ਵਿਚ ਪਾਰੋ ਦੇ ਰੋਲ ਵਿਚ ਵਿਖਾ ਚੁੱਕੀ ਸੀ। ਗੁਲਜ਼ਾਰ ਨੂੰ ਪਤਾ ਸੀ ਕਿ ਇਹ ਔਰਤ ਹੀ 'ਆਂਧੀ' ਫ਼ਿਲਮ ਵਿਚ ਆਰਤੀ ਦੇਵੀ ਦਾ ਕਿਰਦਾਰ ਨਿਭਾਅ ਸਕਦੀ ਹੈ, ਹੋਇਆ ਵੀ ਇਸ ਤਰ੍ਹਾਂ ਹੀ।

ਗੁਲਜ਼ਾਰ ਦੀਆਂ ਦੋ ਨਹੀਂ, ਤਿੰਨ ਅੱਖਾਂ ਹਨ। ਤੀਸਰੀ ਅੱਖ ਜਦੋਂ ਖੁੱਲ੍ਹਦੀ ਤਾਂ ਉਹ ਪਰਦੇ ਉਪਰ ਕਮਾਲ ਕਰ ਦਿੰਦਾ। ਅੱਜ ਤੀਕਰ ਵੀ ਇਸ ਫ਼ਿਲਮ ਦੀ ਮਿਸਾਲ ਦਿੱਤੀ ਜਾਂਦੀ ਹੈ ਕਿ ਆਰਤੀ ਦੇਵੀ ਦਾ ਕਿਰਦਾਰ ਭਾਰਤੀ ਨਾਰੀ ਲਈ ਮਾਣ ਵਾਲੀ ਗੱਲ ਹੈ।

'ਆਂਧੀ' ਤੋਂ ਬਾਅਦ ਮੌਸਮ ਖ਼ੁਸ਼ਗਵਾਰ ਹੋ ਰਿਹਾ ਸੀ, ਮੌਸਮ ਖ਼ੁਸ਼ਗਵਾਰ ਕਿਉਂ ਨਾ ਹੁੰਦਾ। ਖਿੜੀ ਗੁਲਜ਼ਾਰ ਨੂੰ ਮਹਿਕ ਬਿਖੇਰਨਾ ਆਉਂਦਾ ਸੀ। ਉਸ ਨੂੰ ਇਹ ਵੱਲ ਚੰਗੀ ਤਰ੍ਹਾਂ ਆਉਂਦਾ ਹੈ, ਕਿਵੇਂ ਆਲਾ-ਦੁਆਲਾ ਸੰਵਾਰਨਾ। ਇਸ ਲਈ ਸੋਹਣੇ ਮੌਸਮ ਵਿਚ 'ਮੌਸਮ' ਫ਼ਿਲਮ ਰਿਲੀਜ਼ ਹੋਈ। ਸਿਨੇਮਾ ਘਰਾਂ ਵਿਚ ਭੀੜ ਐਨੀ ਵਧੀ ਕਿ ਟਿਕਟਾਂ ਬਲੈਕ ਵਿਕਣ ਲੱਗੀਆਂ। ਹਰ ਸਿਨੇਮਾ ਘਰ ਵਿਚ ਗੁਲਜ਼ਾਰ ਦੀ ਜ਼ਿੰਦਗੀ ਦਾ ਮੌਸਮ ਨਿਖਰ ਰਿਹਾ ਸੀ। ਉਸ ਦੀ ਇਸ ਸੁਪਰਹਿੱਟ ਫ਼ਿਲਮ ਨੇ ਸਭ ਹਾਸ਼ੀਏ ਤੋੜ ਦਿੱਤੇ। ਪੈਸੇ ਵੱਲੋਂ ਵੀ ਸਭ ਕਮੀਆਂ ਦੂਰ ਹੋ ਗਈਆਂ। ਨਿਰਮਾਤਾ ਨਿਰਦੇਸ਼ਕ ਖ਼ੁਸ਼ ਸਨ। ਨਿਖਰੇ ਮੌਸਮ ਵਿਚ ਸਾਹ ਲੈਣਾ ਹੋਰ ਵੀ ਸੌਖਾ ਹੋ ਗਿਆ ਸੀ। 'ਮੌਸਮ' ਫ਼ਿਲਮ ਏ. ਜੇ. ਕ੍ਰੋਨਿਨ ਦੇ ਨਾਵਲ 'ਦ ਜੁਡਾਸ ਟ੍ਰੀ' 'ਤੇ ਆਧਾਰਿਤ ਸੀ। ਇਸ ਫ਼ਿਲਮ ਵਿਚ ਮੁੱਖ ਕਿਰਦਾਰ ਸ਼ਰਮਿਲਾ ਟੈਗੋਰ ਅਤੇ ਸੰਜੀਵ ਕੁਮਾਰ ਦਾ ਸੀ। ਇਸ ਫ਼ਿਲਮ ਨਾਲ ਸ਼ਰਮਿਲਾ ਦੇ ਕਰੀਅਰ ਵਿਚ ਨਵੇਂ ਮੋੜ ਤੇ ਨਵੀਂ ਪਛਾਣ ਨੇ ਆਗਾਜ਼ ਕੀਤਾ। 'ਮੌਸਮ' ਫ਼ਿਲਮ ਦੇ ਗੀਤਾਂ ਨੇ ਹਰ ਮੁਹੱਬਤ ਕਰਨ ਵਾਲੇ ਨੂੰ ਨਵਾਂ ਤੋਹਫ਼ਾ ਦਿੱਤਾ। 'ਮੇਰੇ ਅਪਨੇ' ਫ਼ਿਲਮ ਤੋਂ ਬਾਅਦ 'ਮੌਸਮ' ਦੂਜੀ ਫ਼ਿਲਮ ਸੀ, ਜਿਸ ਵਿਚ ਗੁਲਜ਼ਾਰ ਦੇ ਜਿਗਰੀ ਯਾਰ ਆਰ. ਡੀ. ਬਰਮਨ ਦਾ ਸੰਗੀਤ ਨਹੀਂ ਸੀ। ਗੁਲਜ਼ਾਰ ਆਰ. ਡੀ. ਬਰਮਨ ਦੇ ਐਨੇ ਨਜ਼ਦੀਕ ਸੀ ਕਿ ਉਸ ਦੀ ਬਣਾਈ ਹਰ ਤਰਜ਼ ਦਾ ਉਸ ਨੂੰ ਪਤਾ ਹੁੰਦਾ। ਉਸ ਦੀ ਬਣਾਈ ਤਰਜ਼ ਵਿਚ ਗੁਲਜ਼ਾਰ ਆਪਣੇ ਅੱਖਰ ਫਿੱਟ ਕਰਦੇ।

ਗੁਲਜ਼ਾਰ ਲਈ ਸਪੈਸ਼ਲ ਧੁਨਾਂ ਤਿਆਰ ਕੀਤੀਆਂ ਜਾਂਦੀਆਂ। ਧੁਨ ਬਣਾਉਂਦੇ ਸਮੇਂ ਆਰ. ਡੀ. ਬਰਮਨ ਆਖਦੇ-ਇਸ ਧੁਨ 'ਤੇ ਸਿਰਫ਼ ਗੁਲਜ਼ਾਰ ਹੀ ਗੀਤ ਲਿਖੇਗਾ। ਦੋਵੇਂ ਇਕ ਦੂਜੇ ਵਿਚ ਰੰਗਾਂ ਵਾਂਗ ਘੁਲ਼ੇ ਹੋਏ ਸਨ। 'ਮੌਸਮ' ਵਿਚ ਸ਼ਰਮਿਲਾ ਟੈਗੋਰ ਇਕ ਪਾਰਟ ਵਿਚ ਸੰਜੀਵ ਕੁਮਾਰ ਦੀ ਪ੍ਰੇਮਿਕਾ ਦਾ ਰੋਲ ਕਰ ਰਹੀ ਸੀ, ਜਦਕਿ ਦੂਜੇ ਵਿਚ ਇਕ ਸੈਕਸ ਵਰਕਰ (ਸੰਜੀਵ ਕੁਮਾਰ ਦੀ ਬੇਟੀ) ਦਾ ਰੋਲ ਕਰ ਰਹੀ ਸੀ। ਇਸ ਫ਼ਿਲਮ ਵਿਚ ਇਕ ਡਾਇਲਾਗ ਸੀ ਜੋ ਸ਼ਰਮਿਲਾ ਟੈਗੋਰ ਕਹਿਣ ਤੋਂ ਸ਼ਰਮਾ ਰਹੀ ਸੀ। ਉਹ ਸੋਚਦੀ, ਮੈਂ ਇਹ ਨਹੀਂ ਕਹਿ ਸਕਦੀ। ਉਸ ਨੇ ਇਸ ਬਾਰੇ 'ਈਸਾ ਭਾਈ ਮੂਰਤ ਵਾਲਾ' ਨੂੰ ਕਿਹਾ-ਆਪ ਗੁਲਜ਼ਾਰ ਨੂੰ ਕਹੋ ਮੈਂ ਇਹ ਡਾਇਲਾਗ ਨਹੀਂ ਬੋਲ ਸਕਦੀ। ਉਹ ਡਾਇਲਾਗ ਸੀ, 'ਏ ਸਾਹਿਬ, ਮੈਂ ਆਪ ਕੇ ਸਾਥ ਚਲੂੰਗੀ, ਅਗਰ ਆਪ ਕਹੋ ਕਿ ਮੇਰੇ ਦੋਸਤ ਕੇ ਸਾਥ ਭੀ ਸੋਨਾ, ਯੇਹ ਨਹੀਂ ਹੋਗਾ, ਸੁਨਾ ਆਪਨੇ।' ਜਦੋਂ ਗੁਲਜ਼ਾਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਸੈੱਟ 'ਤੇ ਬੈਠੇ ਸੰਜੀਵ ਕੁਮਾਰ ਤੇ ਸ਼ਰਮਿਲਾ ਟੈਗੋਰ ਨੂੰ ਸਮਝਾਇਆ ਕਿ ਇਹੀ ਅਸਲ ਕਲਾ ਹੈ, ਇਹੀ ਹੁਨਰ ਲੋਕਾਂ ਨੇ ਵੇਖਣਾ ਹੈ। ਤੇਰਾ ਰੋਲ ਇਕ ਸੈਕਸ ਵਰਕਰ ਦਾ ਹੈ। ਅਗਰ ਤੂੰ ਇਹ ਨਹੀਂ ਬੋਲ ਸਕਦੀ, ਫਿਰ ਅੱਗੇ ਫ਼ਿਲਮੀ ਕਰੀਅਰ ਵਿਚ ਕੀ ਕਰੇਂਗੀ। ਸਾਰੀ ਗੱਲ ਸੁਣ ਕੇ ਸ਼ਰਮਿਲਾ ਟੈਗੋਰ ਨੇ ਕੁਝ ਚਿਰ ਪਿੱਛੋਂ ਕਿਹਾ-ਇਹ ਡਾਇਲਾਗ ਮੈਂ ਬੋਲਾਂਗੀ, ਸ਼ਾੱਟ ਲਈ ਤਿਆਰ ਹੋ ਜਾਵੋ। ਬਰਫ਼ੀ ਐਨੀ ਚਿੱਟੀ ਨਹੀਂ ਹੁੰਦੀ, ਪਰ ਉਸ 'ਤੇ ਚੜ੍ਹਿਆ ਚਾਂਦੀ ਦਾ ਵਰਕ ਬਰਫ਼ੀ ਨੂੰ ਹੋਰ ਵੀ ਸੋਹਣਾ ਬਣਾ ਦਿੰਦਾ ਹੈ। ਚਾਂਦੀ ਦੇ ਵਰਕ ਨਾਲ ਉਹ ਹੋਰ ਚਮਕਣ ਲੱਗ ਪੈਂਦੀ ਹੈ। ਕਲਾ ਨੂੰ ਨਿਖਾਰਨ ਲਈ ਹੁਨਰ ਦਾ ਵਰਕ ਵੀ



ਬੜਾ ਜ਼ਰੂਰੀ ਹੁੰਦਾ ਹੈ। ਸਰੋਤਾ ਸਿਨੇਮੇ ਵਿਚ ਕਲਾ ਵੇਖਣ ਜਾਂਦਾ ਹੈ। ਸੂਰਤ ਤਾਂ ਉਹ ਤਸਵੀਰਾਂ ਵਿਚ ਵੀ ਵੇਖ ਲੈਂਦਾ ਹੈ।

ਆਰ.ਡੀ. ਬਰਮਨ ਹਮੇਸ਼ਾ ਹੀ ਗੁਲਜ਼ਾਰ ਨਾਲ ਉਸ ਦੇ ਲਿਖੇ ਗਹਿਰੇ ਸ਼ਬਦਾਂ ਬਾਰੇ ਬਹਿਸ ਕਰਦਾ ਤੇ ਆਖਦਾ, 'ਯਾਰ ਥੋੜ੍ਹਾ ਸੌਖਾ ਲਿਖ।' ਪਰ 'ਇਜਾਜ਼ਤ' ਫ਼ਿਲਮ ਵਿਚ ਕੁਝ ਵੱਖਰਾ ਹੀ ਹੋਇਆ। ਇਸ ਫ਼ਿਲਮ ਦੇ ਗੀਤ ਗੁਲਜ਼ਾਰ ਨੇ ਸਕ੍ਰਿਪਟ ਲਿਖਦੇ ਸਮੇਂ ਹੀ ਲਿਖ ਲਏ ਸੀ। 'ਮੇਰਾ ਕੁਛ ਸਾਮਾਨ ਤੁਮ੍ਹਾਰੇ ਪਾਸ ਪੜਾ ਹੈ' ਇਸ ਗੀਤ ਦੀ ਧੁਨ ਗੀਤ ਲਿਖਣ ਤੋਂ ਪਹਿਲਾਂ ਨਹੀਂ, ਬਾਅਦ ਵਿਚ ਬਣਾਈ ਗਈ ਸੀ। ਜਦੋਂ ਇਹ ਗੀਤ ਲੈ ਕੇ ਗੁਲਜ਼ਾਰ ਆਰ. ਡੀ. ਬਰਮਨ ਕੋਲ ਗਿਆ ਤਾਂ ਉਸ ਨੇ ਕਿਹਾ, 'ਯਾਰ ਇਸ ਗੀਤ ਨੂੰ ਮੈਂ ਕੀ ਕਰਾਂ, ਕੱਲ੍ਹ ਤੂੰ ਆਖੇਂਗਾ ਟਾਈਮਜ਼ ਆਫ਼ ਇੰਡੀਆ ਦੀ ਧੁਨ ਬਣਾ। ਇਹ ਮੇਰੇ ਕੋਲੋਂ ਨਹੀਂ ਹੋ ਸਕਦਾ।' ਗੁਲਜ਼ਾਰ ਨੇ ਕਿਹਾ, 'ਇਹ ਗੀਤ ਹੈ, ਅਖ਼ਬਾਰ ਨਹੀਂ, ਜ਼ਰਾ ਦੁਬਾਰਾ ਫਿਰ ਪੜ੍ਹੋ।' ਆਰ. ਡੀ. ਬਰਮਨ ਆਪਣੀ ਜ਼ਿੱਦ 'ਤੇ ਅੜੇ ਰਹੇ। ਪਰ ਜਦੋਂ ਇਹ ਗੀਤ ਆਸ਼ਾ ਭੌਂਸਲੇ ਨੇ ਗੁਣਗੁਣਾ ਕੇ ਸੁਣਾਇਆ, ਫਿਰ ਜਾ ਕੇ ਇਸ ਦੀ ਧੁਨ ਬਣੀ। ਜਦੋਂ ਫ਼ਿਲਮ ਆਈ, ਇਹ ਗੀਤ ਹਰ ਕਿਸੇ ਦੀ ਜ਼ੁਬਾਨ 'ਤੇ ਸੀ। ਸਾਡੇ ਇਕ ਪੰਜਾਬੀ ਗੀਤਕਾਰ ਨੇ ਇਸ ਦੀ ਚੀਰ-ਫਾੜ ਕਰ ਕੇ ਪੰਜਾਬੀ ਗੀਤ ਵੀ ਲਿਖ ਦਿੱਤਾ ਸੀ। ਇਸ ਤਰ੍ਹਾਂ ਹੀ 'ਮੀਰਾ' ਫ਼ਿਲਮ ਗੁਲਜ਼ਾਰ ਦੇ ਦਿਲ ਦੇ ਬਹੁਤ ਕਰੀਬ ਸੀ। ਗੁਲਜ਼ਾਰ ਚਾਹੁੰਦਾ ਸੀ, ਇਸ ਦਾ ਸੰਗੀਤ ਵੀ ਪੰਚਮ (ਆਰ. ਡੀ. ਬਰਮਨ) ਹੀ ਤਿਆਰ ਕਰੇ ਪਰ ਇਸ ਤਰ੍ਹਾਂ ਹੋਇਆ ਨਹੀਂ, ਕਿਉਂਕਿ ਉਨ੍ਹਾਂ ਦਿਨਾਂ ਵਿਚ ਹੀ ਮੀਰਾ ਦੇ ਭਜਨਾਂ ਦੀ ਕੈਸਿਟ ਆਈ ਸੀ, ਜਿਸ ਦੇ ਸਾਰੇ ਗੀਤ ਲਤਾ ਮੰਗੇਸ਼ਕਰ ਨੇ ਗਾਏ ਸੀ। ਪੰਚਮ 'ਮੀਰਾ' ਫ਼ਿਲਮ ਦਾ ਸੰਗੀਤ ਤਿਆਰ ਕਰ ਕੇ ਲਤਾ ਮੰਗੇਸ਼ਕਰ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ। ਫਿਰ ਗੁਲਜ਼ਾਰ ਨੇ ਇਸ ਦਾ ਸੰਗੀਤ ਮਸ਼ਹੂਰ ਸਿਤਾਰ ਵਾਦਕ ਰਵੀ ਸ਼ੰਕਰ ਕੋਲੋਂ ਤਿਆਰ ਕਰਾਇਆ। ਇਸ ਫ਼ਿਲਮ ਦੇ ਗੀਤ ਬਾਣੀ ਜੈ ਰਾਮ ਨੇ ਗਾਏ। ਇਸ ਫ਼ਿਲਮ ਦੇ 13 ਗੀਤ ਹਨ। ਚਲੋ, ਇਹ ਸਭ ਕੁਝ ਤਾਂ ਇਸ ਤਰ੍ਹਾਂ ਚਲਦਾ ਹੀ ਹੈ। ਪਰ ਪੰਚਮ ਅਤੇ ਗੁਲਜ਼ਾਰ ਦੇ ਆਪਸੀ ਸੰਬੰਧਾਂ ਵਿਚ ਕੋਈ ਫ਼ਰਕ ਨਾ ਪਿਆ।


1976 ਵਿਚ ਗੁਲਜ਼ਾਰ ਨੇ ਆਪਣੀ ਕੰਪਨੀ 'ਮੇਘਨਾ' ਪ੍ਰੋਡਕਸ਼ਨ ਬਣਾਈ। ਇਸ ਕੰਪਨੀ ਦੀ ਪਹਿਲੀ ਫ਼ਿਲਮ 'ਦੇਵਦਾਸ' ਸੀ। ਭਾਵੇਂ ਇਸ ਨਾਮ ਦੀਆਂ ਦੋ ਫ਼ਿਲਮਾਂ ਪਹਿਲਾਂ ਹੀ ਬਣ ਚੁੱਕੀਆਂ ਸਨ। ਇਕ ਫ਼ਿਲਮ ਤਾਂ ਉਸ ਦੇ ਗੁਰੂ ਬਿਮਲ ਰਾਏ ਨੇ ਬਣਾਈ ਸੀ। ਜਦੋਂ ਇਹ ਫ਼ਿਲਮ ਬਿਮਲ ਰਾਏ ਬਣਾ ਰਹੇ ਸਨ, ਗੁਲਜ਼ਾਰ ਕਈ ਵਾਰ ਆਖਦੇ- 'ਦਾਦਾ ਇਸ ਫ਼ਿਲਮ ਵਿਚ ਤੁਸੀਂ ਔਰਤ ਦੇ ਰੋਲ ਨੂੰ ਤਵੱਜੋਂ ਨਹੀਂ ਦੇ ਰਹੇ। ਪਾਰੋ ਅਤੇ ਚੰਦਰਮੁਖੀ ਮੈਨੂੰ ਕਲਾ ਪੱਖੋਂ ਸੱਖਣੀਆਂ ਲੱਗ ਰਹੀਆਂ ਹਨ।' ਬਿਮਲ ਰਾਏ ਉਸ ਸਮੇਂ ਆਖਦਾ - 'ਠੀਕ ਹੈ, ਜਦੋਂ ਤੂੰ ਦੇਵਦਾਸ ਬਣਾਵੇਂ, ਇਹ ਸਾਰੀਆਂ ਕਮੀਆਂ ਪੂਰੀਆਂ ਕਰ ਲੈਣਾ।' ਜਦੋਂ ਗੁਲਜ਼ਾਰ ਨੇ 'ਦੇਵਦਾਸ' ਫ਼ਿਲਮ ਸ਼ੁਰੂ ਕੀਤੀ ਤਾਂ ਉਸ ਨੇ ਇਸ ਫ਼ਿਲਮ ਦੇ ਹੀਰੋ ਲਈ ਧਰਮਿੰਦਰ ਨੂੰ ਚੁਣਿਆ। ਪਾਰੋ ਲਈ ਹੇਮਾ ਮਾਲਿਨੀ ਨੂੰ ਚੁਣਿਆ ਅਤੇ ਚੰਦਰਮੁਖੀ ਲਈ ਸ਼ਰਮਿਲਾ ਟੈਗੋਰ ਨੂੰ ਚੁਣਿਆ। ਗੁਲਜ਼ਾਰ ਇਸ ਫ਼ਿਲਮ ਨੂੰ ਹਿੰਦੀ ਸਿਨੇਮੇ ਦੀ ਜਿੰਦ ਜਾਨ ਬਣਾਉਣੀ ਚਾਹੁੰਦੇ ਸਨ। ਅਜੇ ਕੁਝ ਮਹੀਨੇ ਹੀ ਫ਼ਿਲਮ ਦੀ ਸ਼ੂਟਿੰਗ ਹੋਈ ਸੀ ਕਿ ਨਿਰਮਾਤਾ ਨੇ ਹੱਥ ਪਿੱਛੇ ਖਿੱਚ ਲਏ। ਬਿਨਾਂ ਪੈਸੇ ਤਾਂ ਆਦਮੀ ਖ਼ੁਦ ਨੂੰ ਵੀ ਨਹੀਂ ਪਛਾਣਦਾ। ਫ਼ਿਲਮ ਬੰਦ ਹੋਣ ਦਾ ਦੁੱਖ ਤਾਂ ਸਾਰਿਆਂ ਨੂੰ ਸੀ, ਪਰ ਸਭ ਤੋਂ ਜ਼ਿਆਦਾ ਦੁੱਖ ਸੰਜੀਵ ਕੁਮਾਰ ਨੂੰ ਹੋਇਆ। ਉਹ ਇਸ ਫ਼ਿਲਮ ਵਿਚ ਚੂਨੀ ਲਾਲ ਦਾ ਰੋਲ ਕਰ ਰਿਹਾ ਸੀ। ਕਈ ਵਾਰ ਕਮਾਨ 'ਤੇ ਕਸਿਆ ਤੀਰ ਕਮਾਨ 'ਤੇ ਹੀ ਰਹਿ ਜਾਂਦਾ ਹੈ। ਸੰਜੀਵ ਕੁਮਾਰ ਨਾਲ ਗੁਲਜ਼ਾਰ ਦੀ ਦੋਸਤੀ ਰਾਈਟਰ ਐਸੋਸੀਏਸ਼ਨ ਤੋਂ ਹੀ ਸੀ। ਇਹ ਯਾਰੀ ਛੋਲਿਆਂ ਦਾ ਵੱਢ ਨਹੀਂ, ਨਾ ਤੂਤ ਦਾ ਮੋਛਾ, ਸਗੋਂ ਦੋ ਕਲਾ ਦੇ ਪੁਜਾਰੀਆਂ ਦਾ ਇਕ ਦੂਜੇ ਪ੍ਰਤੀ ਪਿਆਰ ਸੀ। ਸੰਜੀਵ ਭਾਵੇਂ ਗੁਲਜ਼ਾਰ ਤੋਂ ਉਮਰ ਵਿਚ ਛੋਟਾ ਸੀ ਪਰ ਇਕ ਨਾਟਕ ਵਿਚ ਜਦੋਂ ਗੁਲਜ਼ਾਰ ਨੇ ਸੰਜੀਵ ਕੁਮਾਰ ਨੂੰ ਇਕ ਬਜ਼ੁਰਗ ਆਦਮੀ ਦਾ ਰੋਲ ਕਰਦੇ ਵੇਖਿਆ ਤਾਂ ਹੈਰਾਨ ਰਹਿ ਗਏ। ਇਕ ਨੌਜਵਾਨ ਕਿਸ ਤਰ੍ਹਾਂ ਆਪਣੀ ਕਲਾ ਦੇ ਜੌਹਰ ਵਿਖਾ ਰਿਹਾ ਹੈ। ਉਸ ਤੋਂ ਬਾਅਦ ਜਦੋਂ ਵੀ ਗੁਲਜ਼ਾਰ ਫ਼ਿਲਮ ਲਈ ਸੰਜੀਵ ਕੁਮਾਰ ਦੀ ਚੋਣ ਕਰਦੇ ਤਾਂ ਇਸ ਦਾ ਰੋਲ ਜ਼ਿਆਦਾਤਰ ਬਜ਼ੁਰਗ ਵਾਲਾ ਹੀ ਹੁੰਦਾ ਸੀ। ਇਸ ਤਰ੍ਹਾਂ ਸੰਜੀਵ ਕੁਮਾਰ ਗੁਲਜ਼ਾਰ ਦੀਆਂ ਫ਼ਿਲਮਾਂ ਲਈ ਲੱਕੀ ਗਿਣਿਆ ਜਾਣ ਲੱਗਾ। ਹਰ ਫ਼ਿਲਮ ਦੇ ਸ਼ਾੱਟ ਲਈ ਸੰਜੀਵ ਕੁਮਾਰ ਲੇਟ ਆਉਂਦਾ ਪਰ ਉਸ ਦੀ ਮੁਹੱਬਤ ਗੁਲਜ਼ਾਰ ਨੂੰ ਨਾਰਾਜ਼ ਨਾ ਹੋਣ ਦਿੰਦੀ। ਜਦੋਂ ਸੰਜੀਵ ਕੁਮਾਰ ਦੇ ਵਿਆਹ ਦੀ ਪੇਸ਼ਕਸ਼ ਹੇਮਾ ਮਾਲਿਨੀ ਨੇ ਠੁਕਰਾ ਦਿੱਤੀ ਤਾਂ ਸੰਜੀਵ ਕੁਮਾਰ ਬਹੁਤ ਸ਼ਰਾਬ ਪੀਣ ਲੱਗਾ। ਉਨ੍ਹਾਂ ਦਿਨਾਂ ਵਿਚ ਗੁਲਜ਼ਾਰ ਨੇ ਹੀ ਉਸ ਨੂੰ ਸਹਾਰਾ ਦਿੱਤਾ। ਉਹ ਸੰਜੀਵ ਨੂੰ ਆਪਣੇ ਘਰ ਲੈ ਆਇਆ ਸੀ। ਉਸ ਦੀ ਪੂਰੀ ਤਰ੍ਹਾਂ ਦੇਖਭਾਲ ਕੀਤੀ। ਇਹ ਦੌਰ ਸੰਜੀਵ ਕੁਮਾਰ ਲਈ ਬਹੁਤ ਭਿਆਨਕ ਦੌਰ ਸੀ। ਇਨ੍ਹਾਂ ਦੀ ਦੋਸਤੀ ਮਿਸਾਲ ਬਣ ਕੇ ਉੱਭਰੀ। ਇਕ ਵਾਰ ਸੰਜੀਵ ਕੁਮਾਰ ਦਾ ਸ਼ਰਾਬ ਪੀਣ ਨੂੰ ਦਿਲ ਕਰ ਆਇਆ। ਗੁਲਜ਼ਾਰ ਤੇ ਸੰਜੀਵ ਪੀਣ ਲੱਗੇ। ਗੁਲਜ਼ਾਰ ਨੇ ਕਿਹਾ, 'ਜ਼ਰਾ ਧਿਆਨ ਨਾਲ ਪੀ, ਇਹ ਪੈੱਗ ਚੋਂਦਾ-ਚੋਂਦਾ ਹੈ।' ਸੰਜੀਵ ਕੁਮਾਰ ਗਲਾਸ ਵੇਖਣ ਲੱਗਾ ਕਿ ਗਲਾਸ ਤਾਂ ਠੀਕ ਹੈ। ਇਹ ਚੋਂਦਾ-ਚੋਂਦਾ ਕੀ ਹੈ? ਗੁਲਜ਼ਾਰ ਨੇ ਕਿਹਾ, 'ਸਾਡੇ ਪੰਜਾਬੀ ਗਲਾਸੀ ਲਾਉਣ ਲੱਗੇ ਕਈ ਵਾਰ ਪੈੱਗ ਨੂੰ ਚੋਂਦਾ ਚੋਂਦਾ ਵੀ ਆਖਦੇ ਹਨ।'

ਗੁਲਜ਼ਾਰ ਨੂੰ ਜ਼ਿੰਦਗੀ ਵਿਚ ਕਿਤੇ ਨਾ ਕਿਤੇ ਅਫ਼ਸੋਸ ਹੈ ਕਿ ਉਸ ਦੀ ਸਖ਼ਤ ਮਿਹਨਤ ਨਾਲ ਬਣਾਈ ਫ਼ਿਲਮ 'ਲਿਬਾਸ' ਸਿਨੇਮਾ ਘਰਾਂ ਤੀਕਰ ਨਾ ਆ ਸਕੀ। ਉਦੋਂ ਤੋਂ ਲੈ ਕੇ ਹੁਣ ਤੀਕਰ ਡੱਬਿਆਂ ਵਿਚ ਬੰਦ ਹੈ। ਇਸ ਫ਼ਿਲਮ ਵਿਚ ਗੁਲਜ਼ਾਰ ਦਾ ਸਹਾਇਕ ਅਮਰੀਕ ਗਿੱਲ ਸੀ। 'ਮਾਚਿਸ' ਵਾਲਾ ਅਮਰੀਕ ਗਿੱਲ। ਕਈ ਵਾਰ ਚਰਚਾ ਛਿੜੀ ਲਿਬਾਸ ਫ਼ਿਲਮ ਬਾਰੇ ਕਿ ਇਹ ਫ਼ਿਲਮ ਪਰਦੇ 'ਤੇ ਜਲਦੀ ਆਵੇਗੀ, ਪਰ ਅਜੇ ਤੀਕਰ ਨਾ ਆ ਸਕੀ। 'ਲਿਬਾਸ' ਫ਼ਿਲਮ ਬਾਰੇ ਗੁਲਜ਼ਾਰ ਜਦੋਂ ਸੋਚਦਾ, ਉਸ ਨੂੰ ਆਪਣੇ ਪਿਆਰੇ ਮਿੱਤਰ ਨਿਰਮਾਤਾ ਐੱਨ. ਸੀ. ਸਿੱਪੀ ਦੀ ਬਹੁਤ ਯਾਦ ਆਉਂਦੀ, ਕਿਉਂਕਿ ਐੱਨ. ਸੀ. ਸਿੱਪੀ ਦੇ ਹੁੰਦਿਆਂ ਗੁਲਜ਼ਾਰ ਨੂੰ ਕਿਸੇ ਵੀ ਫ਼ਿਲਮ ਨੂੰ ਬਣਾਉਣ ਵਿਚ ਕਦੇ ਮੁਸ਼ਕਿਲ ਨਹੀਂ ਆਈ ਸੀ।

**ਚਲਦਾ**

# ਕੈਨੇਡਾ ਦੀ ਪੂਰਬ ਤੋਂ ਪੱਛਮ ਤੱਕ ਯਾਤਰਾ

*ਕੈਨਡਾ ਵੱਸਦਾ ਲਿਖਾਰੀ ਜਰਨੈਲ ਸਿੰਘ ਮੂਲ ਰੂਪ ਵਿਚ ਕਹਾਣੀਕਾਰ ਹੈ। ਉਨ੍ਹਾਂ ਪਰਵਾਸੀ ਜੀਵਨ ਬਾਰੇ ਬੜੀਆਂ ਖੂਬਸੂਰਤ ਕਹਾਣੀਆਂ ਦੀ ਰਚਨਾ ਕੀਤੀ ਹੈ। ਪਿੱਛੇ ਜਿਹੇ ਉਨ੍ਹਾਂ ਆਪਣੀ ਸਵੈ-ਜੀਵਨੀ 'ਸੁਫਨੇ ਤੇ ਵਾਟਾਂ' ਲਿਖੀ ਹੈ। ਅਸੀਂ ਆਪਣੇ ਪਾਠਕਾਂ ਲਈ ਇਸ ਸਵੈ-ਜੀਵਨੀ ਵਿਚੋਂ ਇਕ ਰੰਗ ਪੇਸ਼ ਕਰ ਰਹੇ ਹਾਂ। ਇਸ ਵਿਚ ਉਨ੍ਹਾਂ ਕੈਨੇਡਾ ਦੇ ਅਲੌਕਿਕ ਨਜ਼ਾਰੇ ਬਿਆਨ ਕੀਤੇ ਹਨ।*








*ਸੁਪੀਰੀਅਰ ਝੀਲ ਦੇ ਨਿੱਤਰੇ ਪਾਣੀਆਂ ਦੀ ਇਕ ਝਲਕ ਅਤੇ (ਸੱਜੇ) ਟੈਰੀ ਫੌਕਸ ਦੀ ਯਾਦਗਾਰ।*

**ਜਰਨੈਲ ਸਿੰਘ**

ਅਲਬਰਟਾ ਸੂਬੇ 'ਚ ਸਥਿਤ ਕੈਨੇਡਾ ਦੇ ਸਭ ਤੋਂ ਪੁਰਾਣੇ ਤੇ ਪ੍ਰਸਿੱਧ 'ਬੈਂਫ ਨੈਸ਼ਨਲ ਪਾਰਕ' ਨੂੰ ਦੇਖਣ ਲਈ ਅਸੀਂ ਦੋ ਵਾਰ ਪ੍ਰੋਗਰਾਮ ਉਲੀਕੇ ਪਰ ਸਿਰੇ ਨਾ ਚੜ੍ਹ ਸਕੇ। ਜੇ ਜਹਾਜ਼ 'ਚ ਜਾਣਾ ਹੁੰਦਾ ਤਾਂ ਆਪਣੀ ਸਹੂਲਤ ਅਨੁਸਾਰ ਸਮਾਂ ਕੱਢ ਕੇ ਜਾ ਸਕਦੇ ਸਾਂ ਪਰ ਅਸੀਂ ਆਪਣੇ ਸੂਬੇ ਅਤੇ ਇਸ ਤੋਂ ਅਗਲੇ ਤਿੰਨ ਸੂਬਿਆਂ ਦੀ ਪ੍ਰਕਿਰਤਕ ਸੁੰਦਰਤਾ ਦੇਖਣ-ਮਾਣਨ ਲਈ ਕਾਰਾਂ 'ਚ ਜਾਣਾ ਚਾਹੁੰਦੇ ਸਾਂ। 2015 ਵਿਚ ਜਦੋਂ ਕਿਰਨ ਦੇ ਭਰਾ ਸੰਨੀ ਦੇ ਵਿਆਹ 'ਤੇ ਕੈਲਗਰੀ ਗਏ, ਅਮਰਪ੍ਰੀਤ ਆਪਣੀ ਫੈਮਿਲੀ ਨਾਲ ਉਥੋਂ ਬੈਂਫ ਪਾਰਕ ਦੇਖ ਆਇਆ ਸੀ। ਹੁਣ ਸਾਡੇ ਅੱਧੇ ਪਰਿਵਾਰ ਦਾ ਪ੍ਰੋਗਰਾਮ ਸਿਰੇ ਨਾ ਚੜ੍ਹਨ ਦਾ ਕਾਰਨ ਇਹ ਵੀ ਸੀ ਕਿ ਅਸੀਂ ਮੇਲਾ ਦੇਖਣ ਵਾਂਗ ਢਾਣੀ ਬਣਾ ਕੇ ਜਾਣਾ ਚਾਹੁੰਦੇ ਸਾਂ। ਟੂਰ-ਪ੍ਰੋਗਰਾਮ 10 ਦਿਨ ਦਾ ਸੀ। ਸਾਡੇ ਰਿਸ਼ਤੇਦਾਰਾਂ ਦੀ ਇੱਛਾ ਤਾਂ ਸੀ ਪਰ ਪਰਿਵਾਰਾਂ ਦੇ ਮੁੱਖ ਮੈਂਬਰਾਂ ਨੂੰ ਇੰਨੇ ਦਿਨਾਂ ਲਈ ਕੰਮਾਂ ਤੋਂ ਛੁੱਟੀ ਨਹੀਂ ਸੀ ਮਿਲ ਰਹੀ। ਖੈਰ, ਭਾਣਜੀ ਰਾਜਵਿੰਦਰ ਕੌਰ ਤੇ ਉਸ ਦੇ ਪਤੀ ਨੂੰ ਛੁੱਟੀ ਮਿਲ ਗਈ।

ਸੋ ਮੈਂ ਤੇ ਕੁਲਵੰਤ ਕੌਰ, ਹਰਪ੍ਰੀਤ ਸਿੰਘ ਤੇ ਰਿਕਬਾਲ ਕੌਰ, ਉਨ੍ਹਾਂ ਦੀਆਂ ਧੀਆਂ ਭਵਲੀਨ, ਹਰਲੀਨ, ਭਾਣਜੀ ਤੇ ਭਾਣਜ-ਜੁਆਈ ਰਾਜਵਿੰਦਰ ਕੌਰ-ਰਾਜਵਿੰਦਰ ਸਿੰਘ, ਉਨ੍ਹਾਂ ਦੀਆਂ ਧੀਆਂ, ਪੁੱਤਰ ਅਤੇ ਭਾਣਜੇ ਜਸਪਾਲ ਸਿੰਘ ਦੀ ਧੀ ਨੇ ਤਿਆਰੀਆਂ ਕੱਸ ਲਈਆਂ।

**14 ਜੁਲਾਈ 2017:** ਸਵੇਰੇ ਸਾਝਰੇ ਹੀ ਅਸੀਂ ਬਰੈਂਪਟਨ ਤੋਂ ਉਨਟੇਰੀਓ ਸੂਬੇ ਦੇ ਉੱਤਰ ਵੱਲ ਦੋ ਵੱਡੀਆਂ ਕਾਰਾਂ ਵਿਚ ਚਾਲੇ ਪਾ ਦਿੱਤੇ। ਇਸ ਸੂਬੇ ਦਾ 80% ਏਰੀਆ ਉੱਤਰ ਵਿਚ ਪੈਂਦਾ ਹੈ। ਪੈਰੀ ਸਾਊਂਡ, ਸਡਬਰੀ ਆਦਿ ਕਸਬਿਆਂ ਵਿਚੋਂ ਹੁੰਦੇ ਹੋਏ, ਪਥਰੀਲੀਆਂ ਤੇ ਹਰੀਆਂ-ਭਰੀਆਂ ਮਧਰੀਆਂ ਪਹਾੜੀਆਂ, ਜੰਜਲਾਂ, ਦਰਿਆਵਾਂ ਅਤੇ ਹਯੂਰੋਨ ਝੀਲ ਦੇ ਮਨਮੋਹਕ ਦ੍ਰਿਸ਼ਾਂ ਨੂੰ ਮਾਣਦਿਆਂ ਹਾਈਵੇਅ-17 'ਤੇ ਪੈ ਗਏ। ਅਗਲਾ ਸਫ਼ਰ ਡਾਢਾ ਹੀ ਸੁਹਾਵਣਾ ਸੀ। ਹਾਈਵੇਅ ਦੇ ਸੱਜੇ ਪਾਸੇ ਉੱਚੀਆਂ-ਉੱਚੀਆਂ ਹਰਿਆਲੀ ਲੱਦੀਆਂ ਪਹਾੜੀਆਂ ਸਨ ਤੇ ਖੱਬੇ ਪਾਸੇ ਅੱਖਾਂ ਨੂੰ ਕੂਲੇ-ਕੂਲੇ ਲਗਦੇ ਪਾਣੀ ਦੀ, ਉੱਤਰੀ ਅਮਰੀਕਾ ਦੀ ਸਭ ਤੋਂ ਵੱਡੀ 'ਸੁਪੀਰੀਅਰ' ਨਾਂ ਦੀ ਝੀਲ। ਦੁਮੇਲ ਤੱਕ ਪਸਰੇ ਇਸ ਦੇ ਪਾਣੀ ਨੂੰ ਨੇੜਿਓਂ ਦੇਖਣ-ਮਾਣਨ ਲਈ ਅਸੀਂ ਤਿੰਨ ਥਾਈਂ ਇਸ ਦੇ ਕਿਨਾਰਿਆਂ 'ਤੇ ਘੁੰਮੇ। ਹਾਈਵੇਅ ਨੂੰ ਸਰਬਰੀ ਤੋਂ ਹੀ ਪੱਛਮ ਦੀ ਦਿਸ਼ਾ ਦਾ ਰੁਖ ਕਰ ਲਿਆ ਸੀ। ਰਾਤ ਅਸੀਂ ਮੈਰਾਥਨ ਪਿੰਡ ਦੇ ਮੋਟਲ 'ਚ ਬਿਤਾਈ।

**15 ਜੁਲਾਈ:** ਸਵੇਰੇ ਫਿਰ ਹਾਈਵੇਅ-17 ਨਾਲ ਦੋਸਤੀ ਪਾ ਲਈ। 560 ਕਿਲੋਮੀਟਰ ਲੰਮੀ, 257 ਕਿਲੋਮੀਟਰ ਚੌੜੀ ਅਤੇ ਔਸਤਨ 483 ਫੁੱਟ ਡੂੰਘੀ ਸੁਪੀਰੀਅਰ ਝੀਲ, ਥੰਡਰਬੇਅ ਸ਼ਹਿਰ ਤੱਕ ਬਹੁਤ ਸਮਾਂ ਸਾਡੇ ਨਾਲ-ਨਾਲ ਹੀ ਰਹੀ। ਉੱਚੀਆਂ-ਉੱਚੀਆਂ ਘਣੀ ਹਰਿਆਵਲ ਵਾਲੀਆਂ ਪਹਾੜੀਆਂ ਤੇ ਝੀਲ ਦੇ ਖੂਬਸੂਰਤ ਨਜ਼ਾਰਿਆਂ ਨੂੰ ਮਾਣਦਿਆਂ, ਸਾਡੇ ਦਿਲਾਂ 'ਚੋਂ ਆਪਮੁਹਾਰੇ ਹੀ "ਕਮਾਲ ਐ, ਕਮਾਲ ਐ" ਦੇ ਸ਼ਬਦ ਉੱਭਰਦੇ ਰਹੇ।

ਥੰਡਰਬੇਅ ਸ਼ਹਿਰ ਤੋਂ ਬਾਹਰ ਅਸੀਂ ਕੈਨੇਡਾ ਦੇ ਮਹਾਨ ਸਪੂਤ ਟੈਰੀ ਫੌਕਸ ਦੀ ਯਾਦਗਾਰ 'ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਕੈਂਸਰ ਦੀ ਬਿਮਾਰੀ ਕਾਰਨ ਟੈਰੀ ਦੀ ਸੱਜੀ ਲੱਤ ਕੱਟ ਗਈ ਸੀ। ਬੁਲੰਦ ਜ਼ੇਰੇ ਤੇ ਅਸੀਮ ਦ੍ਰਿੜਤਾ ਨਾਲ ਪਹਿਲਾਂ ਉਹ ਕੈਂਸਰ ਨਾਲ ਜੂਝਿਆ ਤੇ ਫਿਰ ਸੱਜੀ ਲੱਤ ਨਕਲੀ ਹੋਣ ਦੇ ਬਾਵਜੂਦ ਉਸ ਨੇ ਲੰਮੀ ਦੌੜ ਸ਼ੁਰੂ ਕਰ ਲਈ। ਦੌੜ ਦਾ ਮੰਤਵ ਕੈਂਸਰ ਦੀ ਖੋਜ ਕਰਨ ਲਈ ਧਨ ਇਕੱਠਾ ਕਰਨਾ ਸੀ। ਉਹ 143 ਦਿਨ ਦੌੜਦਾ ਰਿਹਾ। ਕੈਂਸਰ ਦੁਬਾਰਾ ਹੋਣ ਕਾਰਨ ਉਸ ਨੂੰ ਦੌੜ ਬੰਦ ਕਰਨੀ ਪਈ। ਆਖਰ 28 ਜੂਨ 1981 ਨੂੰ ਕੈਨੇਡਾ ਦਾ ਉਹ ਨੈਸ਼ਨਲ ਹੀਰੋ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ ਪਰ ਲੋਕਾਂ ਨੇ ਉਸ ਨੂੰ ਸਦਾ ਲਈ ਦਿਲਾਂ 'ਚ ਵਸਾ ਲਿਆ। ਉਸ ਦੀ ਦੌੜ ਨੂੰ 'ਮੈਰਾਥਨ ਆਫ ਹੋਪ' (ਆਸ-ਉਮੀਦ ਦੀ ਲੰਮੀ ਦੌੜ) ਆਖਿਆ ਗਿਆ। ਕੈਨੇਡਾ ਸਰਕਾਰ ਨੇ ਉਸ ਨੂੰ 'ਔਰਡਰ ਆਫ ਕੈਨੇਡਾ' ਦੇ ਮੈਡਲ ਨਾਲ ਸਨਮਾਨਿਆ। 'ਔਰਡਰ ਆਫ ਮੈਰਿਟ' ਤੋਂ ਬਾਅਦ ਕੈਨੇਡਾ ਦਾ ਸਭ ਤੋਂ ਵੱਡਾ ਦੂਜਾ ਮਾਣ-ਸਨਮਾਨ ਹੈ ਇਹ। ਇਹ ਮੈਡਲ ਪ੍ਰਾਪਤ ਕਰਨ ਵਾਲਾ ਉਹ ਸਭ ਤੋਂ ਛੋਟੀ ਉਮਰ (22 ਸਾਲ) ਦਾ ਨੈਸ਼ਨਲ ਹੀਰੋ ਹੈ। ਹੋਰ ਵੀ ਕਈ ਇਨਾਮ-ਸਨਮਾਨ ਉਸ ਦੀ ਝੋਲੀ ਪਏ। ਕੈਨੇਡਾ ਦੀਆਂ ਅਨੇਕਾਂ ਬਿਲਡਿੰਗਾਂ, ਸੜਕਾਂ ਅਤੇ ਪਾਰਕਾਂ ਦੇ ਨਾਂ ਉਸ ਦੇ ਨਾਂ 'ਤੇ ਰੱਖੇ ਗਏ ਹਨ। ਉਸ ਦੀ ਯਾਦ ਵਿਚ 1981 ਤੋਂ ਸ਼ੁਰੂ ਹੋਈ ਸਾਲਾਨਾ 'ਟੈਰੀ ਫੌਕਸ ਦੌੜ' 60 ਮੁਲਕਾਂ ਤੱਕ ਪਹੁੰਚ ਚੁੱਕੀ ਹੈ ਜਿਸ ਵਿਚ ਲੱਖਾਂ ਲੋਕ ਭਾਗ ਲੈਂਦੇ ਹਨ; ਤੇ ਇਸ ਦੌੜ ਰਾਹੀਂ ਕੈਂਸਰ ਦੀ ਖੋਜ ਲਈ ਹੁਣ ਤੱਕ ਕਰੋੜਾਂ ਡਾਲਰ ਉਗਰਾਹੇ ਜਾ ਚੁੱਕੇ ਹਨ।

ਥੰਡਰਬੇਅ ਤੋਂ ਉੱਤਰੀ ਉਨਟਾਰੀਓ ਦਾ ਅਗਲਾ ਇਲਾਕਾ ਜ਼ਿਆਦਾਤਰ ਮੈਦਾਨੀ ਸੀ ਪਰ ਜੰਗਲ ਕਾਫ਼ੀ ਸਨ। ਰਾਹ 'ਚ ਆਈ ਕਨੋਰਾ ਝੀਲ ਰਾਤ ਹੋਣ ਕਰ ਕੇ ਭਰਵੇਂ ਤੌਰ ਤੋਂ ਦੇਖ ਨਾ ਸਕੇ। ਅੱਧੇ ਕੁ ਘੰਟੇ ਬਾਅਦ ਮੈਨੀਟੋਬਾ ਸੂਬਾ ਸ਼ੁਰੂ ਹੋ ਗਿਆ। ਮੈਰਾਥਨ ਤੋਂ 983 ਕਿਲੋਮੀਟਰ ਦਾ ਸਫ਼ਰ ਮੁਕਾ ਕੇ ਅਸੀਂ ਇਸ ਸੂਬੇ ਦੀ ਰਾਜਧਾਨੀ ਵਿਨੀਪੈੱਗ ਪਹੁੰਚ ਗਏ। ਡਿਨਰ ਕੀਤਾ ਅਤੇ ਪਹਿਲਾਂ ਹੀ ਬੁੱਕ ਕੀਤੇ ਮੋਟਲ ਦੇ ਕਮਰਿਆਂ ਵਿਚ ਜਾ ਟਿਕੇ।

**16 ਜੁਲਾਈ:** ਨਾਸ਼ਤਾ ਕਰ ਕੇ ਅਸੀਂ ਅਗਲੇ ਸਫ਼ਰ ਲਈ 'ਟਰਾਂਸ ਕੈਨੇਡਾ ਹਾਈਵੇਅ-1' ਵੈਸਟ 'ਤੇ ਪੈ ਗਏ। ਮੈਨੀਟੋਬਾ ਕੈਨੇਡਾ ਦਾ ਮੈਦਾਨੀ ਸੂਬਾ ਹੈ। ਹਾਈਵੇਅ ਦੇ ਦੋਨੀਂ ਪਾਸੀਂ ਮੀਲਾਂ ਤੱਕ ਪਸਰੇ ਕਣਕ ਅਤੇ ਸੋਇਆਬੀਨ ਦੇ ਹਰੇ-ਭਰੇ ਫਾਰਮ ਸਨ। ਸਰ੍ਹੋਂ-ਪਰਿਵਾਰ ਦੀ ਫ਼ਸਲ ਨਿਕੋਲਾ ਦੇ ਫਾਰਮਾਂ ਵਿਚ ਪੀਲੇ ਫੁੱਲਾਂ ਦੇ ਵਿਸ਼ਾਲ ਦ੍ਰਿਸ਼ ਪੰਜਾਬ ਦਾ ਚੇਤਾ ਕਰਵਾ ਰਹੇ ਸਨ। ਇਸ ਧਰਤੀ 'ਤੇ ਖੇਤ ਬਹੁਤ ਘੱਟ ਹਨ।

ਮੈਨੀਟੋਬਾ ਦੇ ਉੱਤਰ ਵਿਚ ਤਾਂ ਵਿਸ਼ਾਲ ਝੀਲ ਹੈਗੀ ਏ ਪਰ ਪੱਛਮ ਵਿਚ ਕੋਈ ਨਹੀਂ, ਕੋਈ ਦਰਿਆ ਵੀ ਨਹੀਂ। 300 ਕਿਲੋਮੀਟਰ ਤੋਂ ਬਾਅਦ ਸਸਕੈਚਵਨ ਸੂਬਾ ਸ਼ੁਰੂ ਹੋ ਗਿਆ। 270 ਕਿਲੋਮੀਟਰ ਹੋਰ ਡਰਾਈਵ ਕਰ ਕੇ ਇਸ ਸੂਬੇ ਦੀ ਰਾਜਧਾਨੀ ਰਿਜਾਈਨਾ ਪਹੁੰਚ ਗਏ। ਲੰਚ ਕੀਤਾ ਅਤੇ ਫਿਰ ਚੱਲ ਪਏ। ਸਸਕੈਚਵਨ ਵੀ ਮੈਦਾਨੀ ਸੂਬਾ ਹੈ ਤੇ ਫ਼ਸਲਾਂ ਵੀ ਮੈਨੀਟੋਬਾ ਵਾਲੀਆਂ ਹੀ ਹਨ। ਦੋਵੇਂ ਸੂਬੇ ਖੇਤੀ ਪ੍ਰਧਾਨ ਹਨ। ਰਿਜਾਇਨਾ ਤੋਂ ਸਾਢੇ ਕੁ ਤਿੰਨ ਘੰਟੇ ਬਾਅਦ ਅਲਬਰਟਾ ਸੂਬਾ ਸ਼ੁਰੂ ਹੋ ਗਿਆ। ਵਿਨੀਪੈੱਗ ਤੋਂ ਕੁੱਲ 1038 ਕਿਲੋਮੀਟਰ ਦਾ ਸਫ਼ਰ ਮੁਕਾ ਕੇ ਅਸੀਂ ਮੈਡੀਸਨ ਚੈਟ ਨਾਂ ਦੇ ਕਸਬੇ ਵਿਚ ਜਾ ਠਹਿਰੇ।

**17 ਜੁਲਾਈ:** ਮੋਟਲ ਤੋਂ ਨਾਸ਼ਤਾ ਕਰ ਕੇ ਮੁੜ 'ਟਰਾਂਸ ਕੈਨੇਡਾ ਹਾਈਵੇਅ-1' ਵੈਸਟ ਫੜ ਲਿਆ। ਅਲਬਰਟਾ ਦੇ ਮੁੱਖ ਸ਼ਹਿਰ ਕੈਲਗਰੀ ਤੋਂ ਹੁੰਦੇ ਹੋਏ 400 ਕਿਲੋਮੀਟਰ ਦੀ ਵਾਟ ਮੁਕਾ ਕੇ ਆਖਰ 'ਬੈਂਫ ਨੈਸ਼ਨਲ ਪਾਰਕ' ਪਹੁੰਚ ਗਏ। ਬੈਂਫ ਦੀਆਂ ਪਥਰੀਲੀਆਂ ਪਹਾੜੀਆਂ ਉੱਤਰੀ ਉਨਟੇਰੀਓ ਦੀਆਂ ਹਰਿਆਵਲੀ ਪਹਾੜੀਆਂ ਨਾਲੋਂ ਕਿਤੇ ਵੱਧ ਉੱਚੀਆਂ ਹਨ। ਅਸੀਂ ਸਿੱਧੇ 'ਜੌਹਨਸਟਨ ਕੈਨਯਨ' ਲੋਕੇਸ਼ਨ 'ਤੇ ਚਲੇ ਗਏ। ਡੂੰਘੀ ਖੱਡ 'ਚ ਵਗਦੀ ਸਵੱਛ ਪਾਣੀ ਦੀ ਕੂਲ੍ਹ ਦੇ ਸੱਜੇ ਖੱਬੇ ਅਸਮਾਨ ਛੂੰਹਦੀਆਂ ਤਿੱਖੀਆਂ ਪਥਰੀਲੀਆਂ ਪਹਾੜੀਆਂ ਹਨ। ਖੁੱਡ ਅਤੇ ਪਹਾੜੀਆਂ ਦੇ ਵਿਰਲੇ-ਵਿਰਲੇ ਚੀਲ੍ਹ ਦੇ ਦਰਖ਼ਤ ਸਾਰੇ ਦ੍ਰਿਸ਼ ਨੂੰ ਹੋਰ ਸੁਹਾਵਣਾ ਬਣਾਉਂਦੇ ਹਨ। ਯਾਤਰੀਆਂ ਦੇ ਉੱਪਰ ਜਾਣ ਵਾਸਤੇ ਖੱਬੇ ਪਾਸੇ ਦੀਆਂ ਪਹਾੜੀਆਂ ਦੇ ਨਾਲ-ਨਾਲ 4 ਫੁੱਟ ਚੌੜਾ ਪੱਕਾ ਰਸਤਾ ਹੈ। ਸਾਡੇ ਅੱਗੇ-ਪਿੱਛੇ ਕਾਫ਼ੀ ਯਾਤਰੀ ਉੱਪਰ ਜਾ ਰਹੇ ਸਨ। ਲੋਕੇਸ਼ਨ ਦੀ ਅਨੂਠੀ ਖੂਬਸੂਰਤੀ ਮਾਣਦਿਆਂ ਅਸੀਂ ਤਿੰਨ ਕਿਲੋਮੀਟਰ ਉਤਾਂਹ ਗਏ। ਉਥੋਂ ਪਰਤ ਕੇ ਬੁੱਕ ਕੀਤੇ ਹੋਟਲ 'ਰਮਾਡਾ ਇਨ' ਵਿਚ ਸਾਮਾਨ ਰੱਖਿਆ। ਲਾਗਲੇ ਭਾਰਤੀ ਰੈਸਟੋਰੈਂਟ 'ਸਪਾਈਸ ਹੱਟ' ਵਿਚ ਡਿਨਰ ਕੀਤਾ ਤੇ ਬਿਸਤਰਿਆਂ ਵਿਚ ਜਾ ਵੜੇ।

**18 ਜੁਲਾਈ:** ਲੰਮੇ ਸਫ਼ਰ ਦਾ ਥਕੇਵਾਂ ਹੋਣ ਕਰ ਕੇ ਸਵੇਰੇ ਦੇਰ ਨਾਲ ਉੱਠੇ। ਨਹਾ-ਧੋ ਕੇ ਨਾਸ਼ਤਾ ਕੀਤਾ ਤੇ ਬੈਂਫ ਪਾਰਕ ਦੀ ਲੋਕੇਸ਼ਨ 'ਲੇਕ ਲੁਈ' 'ਤੇ ਜਾ ਪਹੁੰਚੇ। ਵਿਸ਼ਵ ਭਰ ਵਿਚ ਪ੍ਰਸਿੱਧ ਇਸ ਝੀਲ ਦੇ ਅਲੌਕਿਕ ਦ੍ਰਿਸ਼ ਨੇ ਮੈਨੂੰ ਪਹਿਲੀ ਨਜ਼ਰੇ ਹੀ ਮੋਹ ਲਿਆ। ਨਿੱਖਰੀ ਧੁੱਪ ਵਿਚ ਝੀਲ ਦਾ ਫ਼ਿਰੋਜ਼ੀ ਰੰਗਾ ਪਾਣੀ ਲਿਸ਼ਕ ਰਿਹਾ ਸੀ ਪਰ ਇਹ ਲਿਸ਼ਕ ਅੱਖਾਂ ਨੂੰ ਚੁੱਭਵੀਂ ਨਹੀਂ, ਕੂਲੀ-ਕੂਲੀ ਲੱਗਦੀ ਸੀ। ਝੀਲ ਦੇ ਸੱਜੇ ਖੱਬੇ ਦੀਆਂ ਬੁਲੰਦ ਪਹਾੜੀਆਂ ਅਗਵਾੜ ਵਿਚ ਫ਼ਾਸਲੇ 'ਤੇ ਹਨ ਪਰ ਪਿਛਾਂਹ ਨੂੰ ਨੇੜੇ-ਨੇੜੇ ਹੁੰਦੀਆਂ ਤੀਜੀ ਪਹਾੜੀ ਨਾਲ ਜਾ ਮਿਲਦੀਆਂ ਹਨ। ਸੱਜੇ ਖੱਬੇ ਦੀਆਂ ਪਹਾੜੀਆਂ ਦੇ ਹੇਠਲੇ ਹਿੱਸਿਆਂ 'ਤੇ ਝੂਲਦੇ ਦਰਖਤ ਜਿੱਥੇ ਪਹਾੜੀਆਂ ਨੂੰ ਖੁਰਨ ਤੋਂ ਬਚਾਉਂਦੇ ਹਨ, ਉਥੇ ਸਮੁੱਚੇ ਦ੍ਰਿਸ਼ ਦੀ ਖੂਬਸੂਰਤੀ ਵੀ ਵਧਾਉਂਦੇ ਹਨ। ਪਹਾੜਾਂ ਦੀਆਂ ਚੋਟੀਆਂ 'ਤੇ ਕਿਤੇ-ਕਿਤੇ ਬਰਫ਼ ਨਜ਼ਰ ਆ ਰਹੀ ਸੀ। ਸਰਦੀਆਂ ਵਿਚ ਤਾਂ ਇਨ੍ਹਾਂ ਪਹਾੜੀਆਂ 'ਤੇ ਕਈ-ਕਈ ਫੁੱਟ ਉੱਚੀ ਬਰਫ਼ ਜਮ੍ਹਾਂ ਹੋ ਜਾਂਦੀ ਹੈ। ਉਸ ਬਰਫ਼ ਦੇ ਗਲੇਸ਼ੀਅਰ ਹੀ ਝੀਲ ਦੇ ਪਾਣੀ ਦਾ ਸਰੋਤ ਬਣਦੇ ਹਨ।

ਕੁਝ ਦੇਰ ਬੈਂਚਾਂ 'ਤੇ ਬੈਠ ਅਸੀਂ ਝੀਲ ਦੇ ਅਲੌਕਿਕ ਨਜ਼ਾਰੇ ਨੂੰ ਮਾਣਿਆ ਤੇ ਫਿਰ ਸੱਜੇ ਪਾਸੇ ਦੀ ਪਹਾੜੀ 'ਤੇ ਹਾਈਕਿੰਗ ਸ਼ੁਰੂ ਕਰ ਦਿੱਤੀ। ਵਲ-ਵਲੇਵੇਂ ਖਾਂਦੀ ਪਗਡੰਡੀ 'ਤੇ ਸੰਭਲ-ਸੰਭਲ ਤੁਰਦੇ ਮੈਂ ਤੇ ਕੁਲਵੰਤ ਪਹਾੜੀ ਦੇ ਅੱਧ ਤੱਕ ਹੀ ਜਾ ਸਕੇ। ਹੇਠਾਂ ਉੱਤਰ ਕੇ ਜ਼ਰਾ ਕੁ ਆਰਾਮ ਕਰਨ ਬਾਅਦ ਅਸੀਂ ਪਹਾੜੀ ਦੇ ਪੈਰਾਂ ਵਿਚ ਲੇਕ ਦੇ ਨਾਲ-ਨਾਲ ਬਣੀ ਪਟੜੀ 'ਤੇ ਤੁਰ ਪਏ। ਕਰੀਬ ਤਿੰਨ ਕਿਲੋਮੀਟਰ ਪਿਛਾਂਹ ਵਾਲੀ ਪਹਾੜੀ ਵੱਲ ਜਾ ਕੇ ਵਾਪਸ ਮੁੜੇ। ਜਾਂਦਿਆਂ-ਆਉਂਦਿਆਂ ਵੱਖ-ਵੱਖ ਥਾਵਾਂ ਤੋਂ ਪਹਾੜੀਆਂ ਅਤੇ ਪਾਣੀ ਦੇ ਮਨਮੋਹਕ ਦ੍ਰਿਸ਼ ਨਿਹਾਰਦੇ ਰਹੇ। ਕੁਝ ਤਸਵੀਰਾਂ ਵੀ ਖਿੱਚੀਆਂ।

ਹਾਈਕਿੰਗ-ਟੋਲੇ ਨੇ ਵਾਪਸ ਆ ਕੇ ਦੱਸਿਆ ਕਿ ਉਨ੍ਹਾਂ ਨੂੰ ਪਹਾੜੀ ਦੀ ਚੋਟੀ 'ਤੇ ਪਹੁੰਚਣ ਲਈ ਚਾਰ ਕਿਲੋਮੀਟਰ ਤੁਰਨਾ ਪਿਆ। ਚੋਟੀ ਤੋਂ ਦੂਰ-ਨੇੜੇ ਦੀਆਂ ਪਹਾੜੀਆਂ ਦੀਆਂ ਟੀਸੀਆਂ, ਲੁਈ ਝੀਲ ਅਤੇ ਪਹਾੜੀ ਤੋਂ ਪਰਲੇ ਪਾਸੇ ਵਾਲੀ ਐਗਨੈੱਸ ਝੀਲ ਦੇ ਲੁਭਾਵਣੇ ਦ੍ਰਿਸ਼ਾਂ ਬਾਰੇ ਦੱਸਦਿਆਂ ਉਨ੍ਹਾਂ ਨੇ ਸਾਨੂੰ ਤਸਵੀਰਾਂ ਵੀ ਦਿਖਾਈਆਂ। ਹਰਪ੍ਰੀਤ ਤੇ ਰਾਜਵਿੰਦਰ ਕੌਫ਼ੀ ਲੈ ਆਏ। ਨਾਲ ਵਾਲੇ ਬੈਂਚ 'ਤੇ ਅੱਧਖੜ ਉਮਰ ਦੇ ਗੋਰਾ-ਗੋਰੀ ਬੈਠੇ ਸਨ।

"ਕਿੱਥੋਂ ਆਏ ਹੋ?" ਗੋਰੇ ਨੇ ਪੁੱਛਿਆ।

"ਟਰਾਂਟੋ ਤੋਂ, ਕਾਰਾਂ 'ਚ ਆਏ ਹਾਂ।"

"ਓ ਵਾਓ", ਦੇ ਸ਼ਬਦ ਨਾਲ ਦੋਨਾਂ ਨੇ ਹੈਰਾਨਗੀ ਪ੍ਰਗਟਾਈ। "ਬਹੁਤ ਲੰਮਾ ਸਫ਼ਰ ਕਰ ਕੇ ਆਏ ਹੋ। ਕਿਵੇਂ ਲੱਗ ਰਿਹੈ ਬੈਂਫ।" ਗੋਰੇ ਦੇ ਬੋਲ ਸਨ।

"ਬਹੁਤ ਹੀ ਖੂਬਸੂਰਤ। ਤੁਸੀਂ ਕਿੱਥੋਂ ਆਏ ਹੋ?"

"ਕੈਲਗਰੀ ਤੋਂ।" ਗੋਰੀ ਨੇ ਦੱਸਿਆ।

"ਸਾਰੀਆਂ ਲੋਕੇਸ਼ਨ ਦੇਖੋਗੇ?"

"ਅੱਧੀਆਂ ਕੁ ਅਸੀਂ ਪਹਿਲਾਂ ਦੇਖੀਆਂ ਹੋਈਆਂ ਨੇ। ਬਾਕੀ ਦੀਆਂ ਹੁਣ ਦੇਖ ਕੇ ਜਾਵਾਂਗੇ।" ਗੋਰੇ ਨੇ ਦੱਸਿਆ।

ਭੀੜ ਵਿਚ ਕੁਝ ਪੰਜਾਬੀ ਪਰਿਵਾਰ ਵੀ ਦਿਸ ਰਹੇ ਸਨ। ਕੋਲ ਦੀ ਲੰਘਦੇ ਇਕ ਪੰਜਾਬੀ ਪਰਿਵਾਰ ਨਾਲ ਵੀ ਬੋਲ ਸਾਂਝੇ ਕੀਤੇ। ਉਹ ਵੈਨਕੂਵਰ ਮਹਾਂਨਗਰ ਦੇ ਸ਼ਹਿਰ ਸਰੀ ਤੋਂ ਗਏ ਸਨ।

ਤ੍ਰਿਕਾਲਾਂ ਪੈ ਗਈਆਂ ਸਨ। ਗੋਰੇ ਗੋਰੀ ਨੂੰ 'ਬਾਇ' ਕਰ ਕੇ ਅਸੀਂ ਉੱਠ ਪਏ। ਹੋਟਲ 'ਚ ਪਹੁੰਚ ਪੀਜ਼ਾ ਮੰਗਵਾ ਕੇ ਖਾਧਾ ਤੇ ਸੌਂ ਗਏ।

**19 ਜੁਲਾਈ:** ਸਵੇਰੇ ਹੋਟਲ ਦੇ ਕਮਰੇ ਵਿਚੋਂ ਬਾਹਰ ਦੇਖਿਆ, ਵਾਤਾਵਰਨ ਵਿਚ ਹਲਕਾ-ਹਲਕਾ ਧੂੰਆਂ ਫੈਲਿਆ ਹੋਇਆ ਸੀ। ਗਵਾਂਢੀ ਸੂਬੇ ਬੀ.ਸੀ. ਦੇ ਜੰਗਲਾਂ ਦੀ ਅੱਗ ਦਾ ਧੂੰਆਂ, ਏਧਰ ਨੂੰ ਵਗੀ ਹਵਾ ਆਪਣੇ ਨਾਲ ਉਡਾ ਲਿਆਈ ਸੀ। ਬੈਂਫ ਦੀ ਧੁੰਦਲਾਈ ਪ੍ਰਕਿਰਤੀ ਨੂੰ ਦੇਖਣ ਦਾ ਮਜ਼ਾ ਨਹੀਂ ਸੀ ਆਉਣਾ। ਹਰਪ੍ਰੀਤ ਨੂੰ ਕੈਨੇਡਾ ਦੇ ਭੂਗੋਲ ਬਾਰੇ ਭਰਪੂਰ ਜਾਣਕਾਰੀ ਹੈ। ਕੰਪਿਊਟਰ 'ਤੇ ਕੁਝ ਸਮਾਂ ਲਾ ਕੇ ਉਸ ਨੇ ਕੁਝ ਹੋਰ ਰਮਣੀਕ ਸਥਾਨ ਚੁਣ ਲਏ। ਹਾਈਵੇਅ-93 ਆਈਸਫੀਲਡ ਪਾਰਕਵੇਅ' 'ਤੇ 150 ਕਿਲੋਮੀਟਰ ਡਰਾਈਵ ਕਰ ਕੇ ਕ੍ਰਮਵਾਰ ਕਰੋਅਫੁਟ ਗਲੇਸ਼ੀਅਰਜ਼, ਬੋਅ ਲੇਕ, ਪੀਡੂਟੋ ਲੇਕ 'ਤੇ ਕੁਦਰਤ ਦੇ ਅਨੂਠੇ ਨਜ਼ਾਰੇ ਦੇਖੇ; ਤੇ ਫਿਰ ਹਾਈਵੇਅ ਦੇ ਲਾਗੇ ਪੈਂਦੀ ਬੀ.ਸੀ. ਸੂਬੇ ਦੀ 'ਐਮਾਲਡ ਲੇਕ' ਵੀ ਦੇਖੀ। ਦੋਹਾਂ ਥਾਵਾਂ 'ਤੇ ਝੀਲਾਂ ਦੇ ਕਿਨਾਰਿਆਂ 'ਤੇ ਉੱਚੀਆਂ-ਉੱਚੀਆਂ ਪਹਾੜੀਆਂ ਹਨ। ਝੀਲਾਂ ਦੇ ਨਾਲ-ਨਾਲ ਚੀਲ੍ਹ ਦੇ ਜੰਗਲ ਹਨ। ਪਹਾੜੀਆਂ ਉੱਪਰਲੀ ਬਰਫ਼ ਦਾ ਪਾਣੀ ਝੀਲਾਂ ਨੂੰ ਤਾਲੋ-ਤਾਲ ਭਰੀ ਰੱਖਦਾ ਹੈ; ਤੇ ਇਸ ਪਾਣੀ ਨਾਲ ਜੰਗਲ ਹਰੇ-ਭਰੇ ਰਹਿੰਦੇ ਹਨ, ਝੀਲਾਂ ਅਤੇ ਜੰਗਲ ਪਹਾੜੀਆਂ ਦੀ ਸੁੰਦਰਤਾ ਨੂੰ ਵਧਾਉਂਦੇ ਹਨ। ਤਿੰਨਾਂ ਦੀ ਇਕਮਿਕਤਾ ਕੁਦਰਤ ਦੀ ਅਲੌਕਿਕ ਖੂਬਸੂਰਤੀ ਬਣਦੀ ਹੈ। ਖੂਬਸੂਰਤੀ ਦੇ ਨਾਲ-ਨਾਲ ਇਹ ਥਾਵਾਂ ਕੈਨੇਡਾ ਦੇ ਪਾਣੀਆਂ ਅਤੇ ਜੰਗਲਾਂ ਦੀ ਅਮੀਰੀ ਵੀ ਦਰਸਾਉਂਦੀਆਂ ਹਨ। ਅਸੀਂ ਇਨ੍ਹਾਂ ਨਜ਼ਾਰਿਆਂ ਨੂੰ ਰੱਜ ਕੇ ਮਾਣਿਆ। ਸੈਰਾਂ ਵੀ ਕੀਤੀਆਂ ਤੇ ਬੋਟਿੰਗ ਵੀ।

**20 ਜੁਲਾਈ:** ਅੱਜ ਵਾਤਾਵਰਨ ਸਾਫ਼ ਸੀ। ਰਮਾਡਾ ਇਨ ਹੋਟਲ ਸਾਨੂੰ ਤਿੰਨ ਰਾਤਾਂ ਵਾਸਤੇ ਹੀ ਮਿਲਿਆ ਸੀ। ਅਗਲੀਆਂ ਦੋ ਰਾਤਾਂ ਲਈ ਬੈਸਟ ਵੈਸਟਰਨ ਹੋਟਲ 'ਚ ਬੁਕਿੰਗ ਕੀਤੀ ਹੋਈ ਸੀ। ਨਾਸ਼ਤੇ ਉਪਰੰਤ ਅਸੀਂ ਸਾਮਾਨ ਬੰਨ੍ਹ ਕੇ ਦੋਨਾਂ ਗੱਡੀਆਂ ਵਿਚ ਰੱਖ ਲਿਆ ਤੇ ਸਕੀਮ ਅਨੁਸਾਰ 20 ਕੁ ਕਿਲੋਮੀਟਰ ਦੀ ਦੂਰੀ 'ਤੇ ਪਹਿਲਾਂ ਛੋਟੀ ਝੀਲ 'ਟੂ ਜੈਕ ਲੇਕ' ਦੇਖੀ ਤੇ ਉਥੋਂ ਲਾਗੇ ਪੈਂਦੀ ਵੱਡੀ ਝੀਲ 'ਮਿੱਨੇਵਾਕਾ ਲੇਕ' 'ਤੇ ਚਲੇ ਗਏ। ਕਿਨਾਰੇ 'ਤੇ ਬੈਠ ਦੂਰ ਤੱਕ ਪਸਰੀ ਝੀਲ ਦੇ ਨੀਲੇ ਪਾਣੀ ਨੂੰ ਨਿਹਾਰਦਿਆਂ ਚੋਖਾ ਚਿਰ ਸਕੂਨ ਮਾਣਦੇ ਰਹੇ। ਬੈਂਫ ਦੇ ਟੂਰ ਦੌਰਾਨ ਕੁਦਰਤ ਦੀ ਖੂਬਸੂਰਤੀ ਨੂੰ ਦੇਖਦਿਆਂ-ਮਾਣਦਿਆਂ ਮੈਂ ਇਹ ਮਹਿਸੂਸ ਕੀਤਾ ਕਿ ਮਾਨਵ ਜਾਤੀ ਦੀ ਸੁੰਦਰਤਾ ਨਾਲੋਂ ਕੁਦਰਤ ਦੀ ਸੁੰਦਰਤਾ ਵਧੇਰੇ ਉੱਚੀ-ਸੁੱਚੀ ਹੈ। ਝੀਲ ਕਿਨਾਰਿਓਂ ਉੱਠ ਅਸੀਂ ਝੀਲ 'ਚ ਪੈਂਦੀ ਕੂਲ੍ਹ ਦੇ ਨਾਲ-ਨਾਲ ਜੰਗਲ ਵਿਚੀਂ ਉਤਾਂਹ ਵੱਲ ਜਾਂਦੀ ਪਗਡੰਡੀ ਰਾਹੀਂ ਦੂਰ ਤੱਕ ਪਹਾੜੀਆਂ ਚੜ੍ਹਦੇ ਗਏ। ਸੁਹਾਵਣੇ ਮੌਸਮ 'ਚ ਵਗਦੀ ਹਵਾ ਨਾਲ ਦਰਖਤਾਂ ਵਿਚੋਂ ਉੱਭਰਦੀ ਸਰਸਰਾਹਟ ਅਤੇ ਕੂਲ੍ਹ ਦੀ ਧੀਮੀ ਜਿਹੀ ਆਵਾਜ਼ ਮੇਰੇ ਕੰਨਾਂ ਵਿਚ ਰੂਹ ਨੂੰ ਆਨੰਦਿਤ ਕਰਨ ਵਾਲੇ ਮਧੁਰ ਸੰਗੀਤ ਵਾਂਗ ਪੈ ਰਹੀ ਸੀ। ਉਥੋਂ ਮੁੜ ਕੇ ਕਾਰਾਂ 'ਚ ਰੱਖੇ ਸਨੈਕਸ ਖਾਧੇ ਅਤੇ ਹੋਟਲ ਆ ਗਏ। ਮੈਂ ਤੇ ਕੁਲਵੰਤ ਥਕੇਵਾਂ ਮਹਿਸੂਸ ਕਰ ਰਹੇ ਸਾਂ। ਬਾਕੀ ਮੈਂਬਰ 'ਟਨਲ ਮਾਊਂਟੇਨ' ਨਾਂ ਦੇ ਪਹਾੜ 'ਤੇ ਹਾਈਕਿੰਗ ਕਰਨ ਟੁਰ ਗਏ।


**21 ਜੁਲਾਈ:** ਹੋਟਲ ਤੋਂ ਨਾਸ਼ਤਾ ਕਰ ਕੇ ਅਸੀਂ 'ਸਲਫਰ ਮਾਊਂਟੇਨ' ਨਾਂ ਦਾ ਪਹਾੜ ਦੇਖਣ ਚਲੇ ਗਏ। ਇਹ ਪਹਾੜ 8400 ਫੁੱਟ ਉੱਚਾ ਹੈ। ਸਿਖਰ 'ਤੇ ਪਹੁੰਚਣ ਲਈ 5.8 ਕਿਲੋਮੀਟਰ ਦੀ ਚੜ੍ਹਾਈ ਵਾਲੀ ਵਾਟ ਹੈ। ਮੇਰੇ ਅਤੇ ਕੁਲਵੰਤ ਲਈ ਇਹ ਮੁਸ਼ਕਿਲ ਸੀ। ਸਾਡੀ ਵੱਡੀ ਪੋਤਰੀ ਭਵਲੀਨ

*(ਬਾਕੀ ਸਫਾ ... 'ਤੇ)*



*ਸਲਫਰ ਮਾਊਂਟੇਨ ਦਾ ਇਕ ਨਜ਼ਾਰਾ।*

ਸਾਧੂਆਂ ਦੀ ਦੁਨੀਆ ਅਤੇ ਸਿਆਸਤ-7




# ਸੰਸਾਰ ਲਈ ਪੱਥ ਪ੍ਰਦਰਸ਼ਕ

***ਕਿਸੇ ਸਮੇਂ ਅਯੁੱਧਿਆ ਦੇ ਸਾਧੂ ਵੱਖਰੀ ਕਿਸਮ ਦੀ ਕਲਾ ਦੇ ਮਾਹਰ ਹੁੰਦੇ ਸਨ ਪਰ 1980 ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਰਗਰਮੀ ਤੋਂ ਬਾਅਦ ਸਾਧੂਆਂ ਨੂੰ ਧਾਰਮਿਕ-ਸਿਆਸੀ ਕਾਰਜਾਂ ਲਈ ਵਰਤਿਆ ਜਾਣ ਲੱਗਾ। ਹੁਣ ਤਾਂ ਇਹ ਸਾਧੂ ਪੁਰਾਣੀਆਂ ਪ੍ਰੰਪਰਾਵਾਂ, ਵਿਸ਼ਵਾਸ, ਗੁਰਗੱਦੀ ਅਤੇ ਗਿਆਨ ਦੀ ਥਾਂ ਤਾਕਤ, ਪੈਸਾ ਅਤੇ ਸ਼ਕਤੀ ਲਈ ਖੇਡਾਂ ਖੇਡਦੇ ਹਨ। ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਨੇ ਇਸ ਸਿਆਸੀ ਸ਼ਕਤੀ ਦੇ ਵੇਰਵੇ ਆਪਣੀ ਅੰਗਰੇਜ਼ੀ ਕਿਤਾਬ 'ਅਸੈਟਿਕ ਗੇਮਜ਼' ਵਿਚ ਪੇਸ਼ ਕੀਤੇ ਹਨ। ਇਸ ਕਿਤਾਬ ਦਾ ਪੰਜਾਬੀ ਤਰਜਮਾ ਤਰਸੇਮ ਲਾਲ ਨੇ ਕੀਤਾ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਕਿਤਾਬ ਲੜੀਵਾਰ ਛਾਪ ਰਹੇ ਹਾਂ। ਇਸ ਅਹਿਮ ਕਿਤਾਬ ਦੀ ਸੱਤਵੀਂ ਅਤੇ ਆਖਰੀ ਕਿਸ਼ਤ ਹਾਜ਼ਿਰ ਹੈ।***



**ਧੀਰੇਂਦਰ ਕੇ. ਝਾਅ**
**ਅਨੁਵਾਦ: ਤਰਸੇਮ ਲਾਲ**

ਅਛੂਤਾਨੰਦ ਤੀਰਥ ਆਪਣੀ ਸੰਗਲੀ ਦੇ ਸਿਰੇ 'ਤੇ ਪਹੁੰਚ ਚੁੱਕਿਆ ਸੀ। ਦਵਾਰਕਾ ਪੀਠ ਦੇ ਸ਼ੰਕਰਾਚਾਰੀਆ ਬਣਨ ਦੇ 14 ਮਹੀਨੇ ਬਾਅਦ ਉਸ ਨੂੰ ਸਵਰੂਪਾ ਨੰਦ ਸਰਸਵਤੀ ਅਤੇ ਦਸਨਾਮੀ ਅਖਾੜੇ ਦੇ ਸਾਧੂਆਂ ਨੇ ਜਕੜ ਲਿਆ ਸੀ। ਉਹ ਭਾਵੇਂ ਹਰਿਦੁਆਰ ਦਾ ਪ੍ਰਭਾਵਸ਼ਾਲੀ ਮਹੰਤ ਸੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਨੇੜਤਾ ਸੀ ਪਰ ਸਵਰੂਪਾਨੰਦ ਸਰਸਵਤੀ ਜੋ ਕਾਂਗਰਸ ਦੇ ਨੇੜੇ ਹੈ, ਉਸ ਨੂੰ ਚੁਣੌਤੀ ਦੇ ਰਹੇ ਸਨ। ਉਸ ਨੂੰ ਕੁੰਭ ਅੰਦਰ ਸ਼ਾਮਲ ਹੋਣ 'ਤੇ ਪਾਬੰਦੀ ਲਾਉਣ ਬਾਰੇ ਸੋਚ ਰਹੇ ਸਨ। ਉਸ ਨੇ 20 ਅਪਰੈਲ 2018 ਨੂੰ ਉਪਾਧੀ ਛੱਡ ਦਿੱਤੀ। ਉਹ ਕਹਿਣ ਲੱਗਿਆ, "ਮੈਥੋਂ ਡਾਂਡੀ ਸਾਧੂ ਦਾ ਡਾਂਡੀ ਤਾਂ ਨਹੀਂ ਖੋਹ ਸਕਦੇ। ਸਾਧੂ ਨੂੰ ਹਰ ਵਕਤ ਤਿਆਗ ਲਈ ਤਿਆਰ ਰਹਿਣਾ ਚਾਹੀਦਾ ਹੈ। ਮੈਂ ਹਰ ਵਕਤ ਆਪਣੇ ਗੁਰੂ ਨਾਲ ਸੰਵਾਦ ਰਚਾ ਸਕਦਾ ਹਾਂ। ਮੇਰੇ ਗੁਰੂ ਨੇ ਹੀ ਮੈਨੂੰ ਇਸ ਝਗੜੇ ਵਿਚੋਂ ਬਾਹਰ ਆਉਣ ਦੀ ਸਲਾਹ ਦਿੱਤੀ। ਮੈਂ ਆਦਿ ਸ਼ੰਕਰਚਾਰੀਆ ਦੇ ਜਨਮ ਦਿਨ 'ਤੇ ਅਸਤੀਫਾ ਦੇ ਦਿੱਤਾ। ਇਹ ਪਰਮਾਤਮਾ ਵੱਲੋਂ ਕੀਤੀ ਦਖਲ ਅੰਦਾਜ਼ੀ ਕਾਰਨ ਹੀ ਹੋਇਆ।"

ਜਦੋਂ ਉਸ ਨੂੰ ਉਪਾਧੀ ਮਿਲੀ ਸੀ, ਉਸ ਸਮੇਂ ਸ਼ੈਵ ਅਤੇ ਵੈਸ਼ਨਵ ਅਖਾੜੇ ਸੰਕਟ ਵਿਚ ਸਨ (2017)। ਰਾਧੇ ਮਾਂ ਵਰਗੇ ਹੋਰ ਕਿੰਨੇ ਸਕੈਂਡਲ ਮੀਡੀਆ ਵਿਚ ਨਸ਼ਰ ਹੋ ਰਹੇ ਸਨ। ਰਾਧੇ ਮਾਂ ਨੂੰ ਉਜੈਨ ਦੇ ਕੁੰਭ ਮੇਲੇ (ਸਿਮਿਸ਼ਟਾਂ) ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਆਸ਼ਾਰਾਮ ਬਾਪੂ ਦੇ ਸ਼ਰਧਾਲੂਆਂ ਨੇ ਇੱਕ ਪੰਡਾਲ ਨਸ਼ਟ ਕਰ ਦਿੱਤਾ ਸੀ। ਉਸ ਨੂੰ ਬਾਅਦ ਵਿਚ ਬਲਾਤਕਾਰ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਹੋਈ। ਸਿਮਿਸ਼ਟਾਂ ਦਾ ਅੰਤ ਅਵਹਾਨ ਨਾਗਿਆਂ ਦੇ ਦੋ ਗੁੱਟਾਂ ਵਿਚਕਾਰ ਸ੍ਰੀ ਮਹੰਤ ਦੀ ਉਪਾਧੀ ਤੋਂ ਹੋਈ ਖੂਨੀ ਟੱਕਰ ਨਾਲ ਸਮਾਪਤ ਹੋਇਆ। ਇਸ ਵਿਚ ਰਾਹੁਲਪੁਰੀ ਨਾਮ ਦੇ ਨਾਗਾ ਸਾਧੂ ਦੇ ਗੋਲੀ ਲੱਗੀ। ਉਹ ਸ਼ਰੇਆਮ ਮੀਡੀਆ ਅੱਗੇ ਪੈਸੇ ਲੈ ਕੇ ਉਪਾਧੀਆਂ ਦੇਣ ਦੇ ਇਲਜ਼ਾਮ ਲਗਾ ਰਿਹਾ ਸੀ।

ਸਰਵ ਭਾਰਤੀ ਅਖਾੜਾ ਪ੍ਰੀਸ਼ਦ ਨੇ ਨਕਲੀ ਬਾਬਿਆਂ ਦੀ ਸੂਚੀ ਜਾਰੀ ਕੀਤੀ ਜਿਸ ਵਿਚ ਰਾਧੇ ਮਾਂ, ਆਸ਼ਾਰਾਮ ਬਾਪੂ ਤੇ ਉਸ ਦਾ ਪੁੱਤਰ ਨਰਾਇਣ ਸਾਈਂ ਅਤੇ ਅਸੀਮਾਨੰਦ (ਮੱਕਾ ਮਸਜਿਦ ਧਮਾਕਿਆਂ ਦਾ ਦੋਸ਼ੀ ਤੇ ਆਰ.ਐੱਸ.ਐੱਸ. ਪ੍ਰਚਾਰਕ) ਦੇ ਨਾਮ ਸ਼ਾਮਲ ਸਨ।

ਅਛੂਤਾਨੰਦ ਤੀਰਥ ਦੇ ਪਦਾਵਿਧੇਸ਼ ਦੇ ਦੋ ਦਿਨ ਪਹਿਲਾਂ ਹੀ ਮੁਸੀਬਤ ਸ਼ੁਰੂ ਹੋ ਗਈ ਸੀ ਜਦੋਂ ਨਰੇਂਦਰ ਗਿਰੀ ਨੇ ਉਸ ਦੇ ਸ਼ੰਕਰਾਚਾਰੀਆ ਬਣਨ ਅਤੇ ਉਸ ਨੂੰ ਬੇਦਖਲ ਕਰਨ ਦੀ ਧਮਕੀ ਦੇ ਦਿੱਤੀ ਸੀ। ਉਸ ਦੀ ਰਸਮ ਵਿਚ ਸ਼ਾਮਲ ਹੋਣ ਵਾਲੇ ਸਾਧੂਆਂ ਉਤੇ ਵੀ ਕਾਰਵਾਈ ਦੀ ਧਮਕੀ ਦਿੱਤੀ ਸੀ। ਜਦੋਂ ਉਸ ਦਾ ਨਾਮ ਵੀ ਨਕਲੀ ਸਾਧੂਆਂ ਦੀ ਲਿਸਟ ਵਿਚ ਪਾਉਣ ਦਾ ਸਵਾਲ ਆਇਆ ਤਾਂ ਉਸ ਦੇ ਵਕੀਲ ਨੇ ਅਜਿਹਾ ਕਰਨ 'ਤੇ ਸਿੱਟੇ ਭੁਗਤਣ ਦੀ ਧਮਕੀ ਦਿੱਤੀ ਸੀ। ਯੋਗੀ ਅਦਿੱਤਿਆ ਨਾਥ ਨੇ ਅਖਾੜਾ ਪ੍ਰੀਸ਼ਦ ਦੇ ਸੁਝਾਵਾਂ 'ਤੇ ਅਮਲ ਕੀਤਾ। ਅਲਾਹਾਬਾਦ ਕੁੰਭ (2019) ਸਮੇਂ ਅਖਾੜਾ ਪ੍ਰੀਸ਼ਦ ਨੇ 500 ਨਾਗਾ ਸਾਧੂਆਂ ਨੂੰ 24 ਘੰਟੇ ਡਿਊਟੀ ਦੇ ਕੇ ਨਕਲੀ ਬਾਬਿਆਂ ਦਾ ਦਾਖਲਾ ਰੋਕਣ ਦੇ ਯਤਨ ਕੀਤੇ। ਅਛੂਤਾਨੰਦ ਤੀਰਥ ਨੇ ਇਹਨਾਂ ਹਾਲਾਤ ਵਿਚ ਸ਼ੰਕਰਚਾਰੀਆ ਦੀ ਉਪਾਧੀ ਛੱਡ ਦਿੱਤੀ।

ਸ਼ੰਕਰਾਚਾਰੀਆ, ਡਾਂਡੀ ਸਾਧੂ ਦਸਨਾਮੀ ਢਾਂਚੇ ਦੇ ਸਿਖਰ ਬਿੰਦੂ ਹਨ। ਇਹਨਾਂ ਨੂੰ ਜਗਤ ਗੁਰੂ ਵੀ ਕਿਹਾ ਜਾਂਦਾ ਹੈ। ਇਹ ਆਦਿ ਸ਼ੰਕਰ ਦੇ ਮੱਠਾਂ ਵਿਚ ਰਹਿੰਦੇ ਹਨ। ਇਹ ਸੰਨਿਆਸੀ ਅਤੇ ਨਾਗਿਆਂ ਦੀ ਮੋਕਸ਼ ਪ੍ਰਾਪਤੀ ਸਮੇਂ ਵੀ ਪੰਡਿਤ ਦਾ ਰੋਲ ਅਦਾ ਕਰਦੇ ਹਨ। ਉਹ ਕੁੰਭ ਸਮੇਂ ਵੀ ਮੇਲੇ ਦੀ ਸੋਭਾ ਵਧਾਉਂਦੇ ਹਨ। ਇਹਨਾਂ ਦਾ ਕਾਫੀ ਮਾਣ-ਤਾਣ ਹੁੰਦਾ ਰਿਹਾ ਹੈ। ਇਸੇ ਤੋਂ ਚਿੜ੍ਹ ਕੇ ਨਾਗਿਆਂ ਅਤੇ ਪਰਮਹੰਸ ਨੇ ਆਪਣਾ ਵੱਖਰਾ ਸਿਸਟਮ ਸ਼ੁਰੂ ਕਰ ਲਿਆ। ਇਹਨਾਂ ਦੀ ਮਾਨਤਾ ਵੀ ਮਹਾਂ ਮੰਡਲੇਸ਼ਵਰ ਵਾਂਗ ਕਾਫੀ ਹੈ।

"ਆਦਿ ਸ਼ੰਕਰਚਾਰੀਆ ਨੇ ਚਾਰ ਦਿਸ਼ਾਵਾਂ ਵਿਚ ਚਾਰ ਪੀਠ ਸਥਾਪਤ ਕੀਤੇ। ਇਹ ਸਾਰਾ ਕੁਝ ਮੱਠਮਾਨਿਆਂ ਵਿਚ ਲਿਖਿਆ ਹੋਇਆ ਹੈ। ਫਿਰ ਵੀ ਨਵੇਂ ਮੱਠ ਪੈਦਾ ਹੋ ਰਹੇ ਹਨ।" ਅਵਿਮੁਖ ਤੇਸ਼ਵਰਾਨੰਦ ਸਰਸਵਤੀ ਜੋ ਸਵਰੂਪਾ ਨੰਦ ਸਰਸਵਤੀ ਦੇ ਵਾਰਸ ਹਨ, ਨੇ ਇਹ ਜਾਣਕਾਰੀ ਦਿੱਤੀ। ਮੱਠਮਾਨਿਆਂ, ਮੱਠਮਾਨਿਆਂ ਓਸਤਰਾ, ਮੱਠਮਾਨਿਆ ਸੇਤੂ ਅਤੇ ਮੱਠੇ ਸਿਵਰਿਤਾ ਵਿਚ ਬਹੁਤ ਸਾਰੀਆਂ ਪਵਿੱਤਰ ਰਵਾਇਤਾਂ ਦਾ ਜ਼ਿਕਰ ਹੈ ਜਿਨ੍ਹਾਂ ਨੂੰ ਆਦਿ ਸ਼ੰਕਰਚਾਰੀਆ ਦੇ ਲਿਖੇ ਮੰਨਿਆ ਜਾਂਦਾ ਹੈ। ਜਯੋਤਿਸ਼ ਪੀਠ (ਬਦਰੀਨਾਥ, ਕੇਦਾਰਨਾਥ), ਸਿਰਨਗੇਰੀ ਪੀਠ (ਚਿਕਮਗਲੂਰ), ਗੋਵਰਧਨ ਪੀਠ (ਜਗਨਨਾਥ ਪੁਰੀ ਤੇ ਦਵਾਰਕਾ ਪੀਠ) ਚਾਰ ਮੁੱਖ ਮੱਠ ਹਨ। ਪਿਛਲੇ ਸਾਲਾਂ ਵਿਚ ਅਦਵੈਤ ਮਠ ਵੀ ਮਾਨਤਾ ਪ੍ਰਾਪਤ ਬਣ ਗਏ ਹਨ। ਅਵਿਮੁਖ ਤੇਸ਼ਵਰਾਨੰਦ ਸਰਸਵਤੀ ਅਨੁਸਾਰ, ਅੱਜ 100 ਸ਼ੰਕਰਚਾਰੀਆ ਮੌਜੂਦ ਹਨ। ਗੋਵਰਧਨ ਪੀਠ ਦੇ ਸ਼ੰਕਰਚਾਰੀਆ ਨਿਸਚਲਾਨੰਦ ਸਰਸਵਤੀ ਵੀ ਇਸੇ ਵਿਚਾਰ ਦੇ ਹਨ। ਵਾਰਾਣਸੀ ਇਕ ਤਰ੍ਹਾਂ ਨਾਲ ਸ਼ੰਕਰਚਾਰੀਆ ਪੈਦਾ ਕਰਨ ਦੀ ਮਸ਼ੀਨ ਬਣ ਗਿਆ। ਸੁਮੇਰੂ ਪੀਠ ਨੂੰ ਉੱਤਰ ਭਾਰਤ ਦੀ ਪੰਜਵੀਂ ਪੀਠ ਕਿਹਾ ਜਾ ਰਿਹਾ ਹੈ। ਇਸ ਥਾਂ 'ਤੇ ਆਦਿ ਸ਼ੰਕਰ ਦੀਆਂ ਸੰਦਲ ਦੀਆਂ ਖੜਾਵਾਂ ਹੋਣ ਦੀ ਚਰਚਾ ਹੈ। ਇਸ ਨੂੰ ਪਾਦੁਕਾ ਮੱਠ ਵੀ ਕਿਹਾ ਜਾਂਦਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਇਸ ਦੇ ਪ੍ਰਚਾਰ ਵਿਚ ਮੋਹਰੀ ਹੈ। ਮਾਰਚ 2019 ਤੋਂ ਨਰੇਂਦਰਾ ਨੰਦ ਅਤੇ ਚਿਨਮਿਨਿਆ ਨੰਦ ਇਸ ਦੇ ਸ਼ੰਕਰਚਾਰੀਆ ਹੋਣ ਦਾ ਦਾਅਵਾ ਕਰਦੇ ਰਹੇ ਹਨ। ਬਾਕੀ ਚਾਰ ਪੀਠਾਂ ਦੇ ਵੀ ਝਗੜੇ ਚੱਲਦੇ ਰਹਿੰਦੇ ਹਨ। ਸਵਰੂਪਾਨੰਦ ਸਰਸਵਤੀ ਜੋ 1973 ਤੋਂ ਜਯੋਤਿਸ਼ ਪੀਠ ਦਾ ਸ਼ੰਕਰਚਾਰੀਆ ਸੀ, ਨੇ 1982 ਵਿਚ ਦੁਆਰਕਾ ਪੀਠ ਦੀ ਗੱਦੀ ਵੀ ਸਾਂਭ ਲਈ। ਅਛੂਤਾਨੰਦ ਤੀਰਥ ਨੇ ਤਾਂ ਦਾਅਵਾ ਛੱਡ ਦਿੱਤਾ ਪਰ ਇੱਕ ਹੋਰ ਰਾਜੇਸ਼ਵਰ ਆਸ਼ਰਮ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਮਦਦ ਨਾਲ ਆਪਣੇ ਆਪ ਨੂੰ 2000 ਤੋਂ ਦਵਾਰਕਾ ਪੀਠ ਦਾ ਸ੍ਰੀ 1008 ਜਗਤ ਗੁਰੂ ਸ਼ੰਕਰਚਾਰੀਆ ਐਲਾਨ ਦਿੱਤਾ ਹੈ। ਉਹ ਰਹਿੰਦਾ ਹਰਿਦੁਆਰ ਵਿਚ ਹੈ।



*ਆਦੀ ਸ਼ੰਕਰਾਚਾਰੀਆ ਅਤੇ ਉਨ੍ਹਾਂ ਦੇ ਚੇਲਿਆਂ ਦਾ ਇਕ ਚਿੱਤਰ।*

ਸਵਰੂਪਾਨੰਦ ਸਰਸਵਤੀ ਦੇ ਜਯੋਤਿਸ਼ ਪੀਠ ਦੇ ਵੀ ਦੋ ਦਾਅਵੇਦਾਰ ਹਨ: ਸ਼ੰਕਰਚਾਰੀਆ ਵਾਸੁਦੇਵਾਨੰਦ ਸਰਸਵਤੀ ਅਤੇ ਸ਼ੰਕਰਚਾਰੀਆ ਮਾਧਵ ਆਸ਼ਰਮ। ਦੋਹਾਂ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਹਮਾਇਤ ਹੈ। ਨਿਸ਼ਚਲਾਨੰਦ ਸਰਸਵਤੀ 1995 ਤੋਂ ਪੁਰੀ ਦੀ ਗੋਵਰਧਨ ਪੀਠ ਦਾ ਸ਼ੰਕਰਚਾਰੀਆ ਹੈ। ਜੁਲਾਈ 2000 ਵਿਚ ਅੱਧੋਂ ਕਸ਼ਜਾਨੰਦ ਤੀਰਥ ਵਾਰਾਣਸੀ ਨੇ ਆਪਣੇ ਆਪ ਨੂੰ ਪੁਰੀ ਦਾ ਅਸਲੀ ਸ਼ੰਕਰਚਾਰੀਆ ਐਲਾਨ ਦਿੱਤਾ ਜਿਸ ਨੂੰ ਨਿਰੰਜਨ ਦੇਵ ਤੀਰਥ ਨੇ ਗੁਰਗੱਦੀ ਸੌਂਪੀ ਸੀ। ਉਸ ਨੂੰ ਫੜ ਕੇ ਉਥੋਂ ਭੇਜ ਦਿੱਤਾ ਗਿਆ ਪਰ ਉਹ ਅਜੇ ਵੀ ਕੇਸ ਲੜ ਰਿਹਾ ਹੈ। ਨਿਸ਼ਚਲਾਨੰਦ ਸਰਸਵਤੀ 'ਤੇ ਇੱਕ ਇਤਰਾਜ਼ ਇਹ ਵੀ ਹੈ ਕਿ ਉਹ ਤੀਰਥ ਹੋਣਾ ਚਾਹੀਦਾ ਹੈ ਨਾ ਕਿ ਸਰਸਵਤੀ। ਮਹਾਮਾਨਿਆਂ ਅਨੁਸਾਰ ਤੀਰਥ ਦਵਾਰਕਾ ਪੀਠ ਲਈ ਵਰਤਿਆ ਜਾਂਦਾ ਹੈ ਅਤੇ ਸਰਸਵਤੀ ਸ੍ਰੀ ਗੇਰੀ ਪੀਠ ਲਈ ਪਰ ਉਸ ਦੀ ਪਾਲਣਾ ਨਹੀਂ ਹੁੰਦੀ। ਸ੍ਰੀ ਗੇਰੀ ਪੀਠ ਦਾ ਮੌਜੂਦਾ ਸ਼ੰਕਰਚਾਰੀਆ ਭਾਰਤੀ ਤੀਰਥ ਹੈ। 14 ਹੋਰ ਸਾਧੂ ਆਪਣੇ ਆਪ ਨੂੰ ਇਸ ਪੀਠ ਦੇ ਸ਼ੰਕਰਚਾਰੀਆ ਦੱਸਦੇ ਹਨ।

> ***ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਪਤਾ ਸੀ ਕਿ ਚਾਰੇ ਪੀਠਾਂ ਦੇ ਸ਼ੰਕਰਚਾਰੀਆ ਨੂੰ ਹਿੰਦੂਤਵੀ ਵਿਚਾਰਧਾਰਾ ਨਾਲ ਹੀ ਘੇਰਿਆ ਜਾ ਸਕਦਾ ਸੀ। ਜਿਹੜੇ ਸ਼ੰਕਰਚਾਰੀਆ ਬਣਨ ਦੀ ਕਤਾਰ ਵਿਚ ਸਨ, ਸਮਰਥਕਾਂ ਦੀ ਮਦਦ ਨਾਲ ਉਹਨਾਂ ਨੂੰ ਬਦਨਾਮ ਕੀਤਾ ਜਾ ਸਕਦਾ ਸੀ। ਇਸੇ ਲਈ ਕਾਂਚੀਪੁਰਮ ਦਾ ਸ਼ੰਕਰਚਾਰੀਆ ਜੈਇੰਦਰ ਸਰਸਵਤੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਰਥ ਵਿਚ ਸਵਾਰ ਹੋ ਗਿਆ। ਉਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇੱਕ ਰਥ ਦਾ ਖਰਚਾ ਅਦਾ ਕੀਤਾ ਜੋ ਤਾਮਿਲਨਾਡੂ ਦੇ ਟੂਰ 'ਤੇ ਸੀ ਜਿੱਥੇ ਸੈਂਕੜੇ ਦਲਿਤਾਂ ਨੇ ਇਸਲਾਮ ਧਰਮ ਧਾਰਨ ਕਰ ਲਿਆ ਸੀ। ਇਹ 1981 ਦੀ ਮੀਨਾਕਸ਼ੀਪੁਰਮ ਦੀ ਘਟਨਾ ਹੈ ਜਿਸ ਨੇ ਬ੍ਰਾਹਮਣਵਾਦੀ ਤਾਕਤਾਂ ਨੂੰ ਬਲ ਬਖਸ਼ਿਆ। ਏਕਾਤਮਕਤਾ ਯਾਤਰਾ ਕੱਢੀ ਗਈ ਜੋ ਸਾਰੀਆਂ ਜਾਤਾਂ ਦੇ ਹਿੰਦੂਆਂ ਨੂੰ ਇਕੱਠੇ ਕਰਨ ਲਈ ਸੀ। 1983 ਵਿਚ ਜੈ ਇੰਦਰ ਸਰਸਵਤੀ ਯਾਤਰਾ ਵਿਚ ਸ਼ਾਮਲ ਹੋ ਗਏ ਜੋ ਪੂਰੇ ਮੁਲਕ ਵਿਚ ਘੁੰਮੀ ਅਤੇ ਆਰ.ਐੱਸ.ਐੱਸ. ਨੂੰ ਮਜ਼ਬੂਤੀ ਦਿੱਤੀ। ਇਹ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਪਹਿਲੀ ਵੱਡੀ ਕੋਸ਼ਿਸ਼ ਸੀ ਕਿ ਹਿੰਦੂ ਧਾਰਮਿਕ ਚਿੰਨ੍ਹਾਂ ਦਾ ਸਿਆਸੀਕਰਨ ਕੀਤਾ ਜਾਵੇ।***

ਦੱਖਣ ਵਿਚ ਕਾਂਚੀਪੁਰਮ ਦੀ ਕਾਮਕੋਟੀ ਪੀਠ ਨੂੰ ਵੀ ਆਦਿ ਸ਼ੰਕਰ ਪੀਠ ਕਿਹਾ ਜਾਂਦਾ ਹੈ। ਚਿਕਮਗਲੂਰਦੀ ਸ੍ਰੀ ਗੇਰੀ ਪੀਠ ਨੂੰ ਪ੍ਰਾਚੀਨ ਮੰਨਿਆ ਜਾਂਦਾ ਹੈ। ਇਸ ਤੋਂ ਬਿਨਾ 5 ਹੋਰ ਮੱਠਾਂ ਪੁਸ਼ਪਾਗਿਰੀ (ਆਂਧਰਾ ਪ੍ਰਦੇਸ਼) ਅਵਾਨੀ ਵੀਰੂ ਪਕਸ਼ਾ, ਸੰਕੇਸ਼ਵਰਾ ਅਤੇ ਕੁਡਾਲੀ (ਕਰਨਾਟਕ) ਦੇ ਧਾਰਮਿਕ ਮੱਠ ਹੋਣ ਬਾਰੇ ਵੀ ਦਾਅਵੇ ਕੀਤੇ ਜਾਂਦੇ ਹਨ।

ਦੱਖਣ ਵਿਚ ਵੱਡੀ ਗਿਣਤੀ ਵਿਚ ਮੱਠ, ਅਧਿਕਾਰਤ ਸ਼ੰਕਰ ਪੀਠ ਹੋਣ ਦਾ ਦਾਅਵਾ ਕਰਦੇ ਹਨ। ਉੱਤਰ ਵਿਚ ਸਥਿਤੀ ਜ਼ਿਆਦਾ ਮੁਸ਼ਕਿਲ ਹੈ। ਉੱਤਰ ਦੇ ਸ਼ੰਕਰਚਾਰੀਆ ਆਪਣੇ ਖਿਤਾਬਾਂ ਨੂੰ ਵਧੇਰੇ ਪ੍ਰਦਰਸ਼ਿਤ ਕਰਦੇ ਹਨ ਜਿਸ ਲਈ ਪੈਸੇ ਦੀ ਵੀ ਖਿੱਚ ਹੁੰਦੀ ਹੈ ਅਤੇ ਸਿਆਸੀ ਖਿੱਚ ਵੀ। ਵਿਸ਼ਵ ਹਿੰਦੂ ਪ੍ਰੀਸ਼ਦ ਦੀ ਹਿੰਦੂਤਵੀ ਪ੍ਰੋਜੈਕਟ ਲਈ ਖਿੱਚ, ਚਾਰੇ ਸ਼ੰਕਰਚਾਰੀਆ ਜੋ ਆਜ਼ਾਦ ਹਸਤੀ ਕਾਇਮ ਰੱਖਣ ਲਈ ਬਜ਼ਿੱਦ ਹਨ, ਨੂੰ ਹਿੰਦੂਤਵ ਲਈ ਸ਼ੰਕਰਚਾਰੀਆ ਦੀ ਹਮਾਇਤ ਜੁਟਾਉਣ ਲਈ ਪ੍ਰੇਰਦੀ ਰਹਿੰਦੀ ਹੈ। ਪੁਰੀ ਦਾ ਸ਼ੰਕਰਚਾਰੀਆ ਰਮੇਸ਼ਵਰਾਨੰਦ ਹਿੰਦੂਤਵੀ ਪ੍ਰੋਜੈਕਟ ਦਾ ਹਮਾਇਤੀ ਰਿਹਾ। ਉਸ ਨੇ 1966-67 ਦੇ ਗਊ ਰੱਖਿਆ ਅੰਦੋਲਨ ਵਿਚ ਸਰਗਰਮੀ ਨਾਲ ਭਾਗ ਲਿਆ। ਉਹ ਬਾਕੀ ਸਾਧੂਆਂ ਨਾਲ ਭੁੱਖ ਹੜਤਾਲ 'ਤੇ ਵੀ ਬੈਠਿਆ, ਭਾਵੇਂ ਉਹ ਅਸਫਲ ਹੋ ਗਿਆ। ਉਸ ਤੋਂ ਬਾਅਦ ਪੁਰੀ ਦੇ ਸ਼ੰਕਰਚਾਰੀਆ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰੋਗਰਾਮਾਂ ਤੋਂ ਦੂਰੀ ਬਣਾਈ। ਪੁਰੀ ਦੇ ਸ਼ੰਕਰਚਾਰੀਆ ਨਿਸ਼ਚਲਾ ਸਰਸਵਤੀ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਾਰੇ ਪ੍ਰੋਗਰਾਮ ਰੱਦ ਕੀਤੇ ਭਾਵੇਂ ਉਸ ਦੇ ਵਿਚਾਰ ਵੀ ਅਜਿਹੇ ਹੀ ਸਨ। ਉਸ ਅਨੁਸਾਰ ਆਰ.ਐੱਸ.ਐੱਸ. ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਸਮਾਜਿਕ ਸੰਗਠਨਾਂ ਦੀ ਥਾਂ ਸਿਆਸੀ ਪਾਰਟੀ ਦੇ ਤੌਰ 'ਤੇ ਕੰਮ ਕਰ ਰਹੇ ਹਨ। ਸ੍ਰੀ ਗੇਰੀ ਦੇ ਸ਼ੰਕਰਚਾਰੀਆ ਨੇ ਭਾਵੇਂ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਅਸ਼ੀਰਵਾਦ ਦਿੱਤਾ ਹੈ ਪਰ ਉਹ ਉਸ ਦੇ ਪ੍ਰੋਗਰਾਮਾਂ ਵਿਚ (1964 ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਥਾਪਨਾ ਸਮੇਂ ਤੋਂ ਕਦੇ ਸ਼ਾਮਲ ਨਹੀਂ ਹੋਏ।

ਸਵਰੂਪਾਨੰਦ ਸਰਸਵਤੀ ਦੇ ਹਿੰਦੂਤਵੀ ਤਾਕਤਾਂ ਨਾਲ ਸੰਬੰਧ ਕੁਝ ਗੁੰਝਲਦਾਰ ਹਨ। ਦੋ ਪੀਠਾਂ ਦੇ ਸ਼ੰਕਰਚਾਰੀਆ ਬਣਨ ਤੱਕ ਉਹ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਵਿਚਾਰਧਾਰਾ ਨਾਲ ਸਹਿਮਤ ਸਨ। 1966 ਦੇ ਅਲਾਹਾਬਾਦ ਕੁੰਭ ਸਮੇਂ ਆਰ.ਐੱਸ.ਐੱਸ. ਵੱਲੋਂ ਬੁਲਾਏ ਸਾਧੂਆਂ ਦੇ ਕਨਕਲੇਵ ਵਿਚ ਸ਼ਾਮਲ ਹੋਏ ਪਰ ਸ਼ੰਕਰਚਾਰੀਆ ਬਣਨ ਤੋਂ ਬਾਅਦ ਪੂਰੀ ਤਰ੍ਹਾਂ ਸੰਘ ਦੇ ਸੰਗਠਨਾਂ ਦੇ ਵਿਰੋਧੀ ਬਣ ਗਏ।

ਬਾਬਰੀ ਮਸਜਿਦ ਢਾਹੇ ਜਾਣ ਤੋਂ ਕੁਝ ਸਮੇਂ ਬਾਅਦ ਕਾਂਗਰਸ ਸਰਕਾਰ ਦੀ ਮਦਦ ਨਾਲ 27 ਜੂਨ 1993 ਨੂੰ ਸ੍ਰੀ ਗੇਰੀ ਵਿਖੇ ਚਾਰੇ ਪੀਠ ਦੇ ਸ਼ੰਕਰਚਾਰੀਆ ਦੀ ਮੀਟਿੰਗ ਬੁਲਾਈ। ਇੱਕ ਗੈਰ-ਸਿਆਸੀ ਆਜ਼ਾਦ ਧਾਰਮਿਕ ਸੰਸਥਾ ਨੂੰ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਦੀ ਨਿਗਰਾਨੀ ਲਈ ਰਾਮਲੱਲਾ ਟਰਸਟ ਦੇ ਰੂਪ ਵਿਚ ਗਠਿਤ ਕੀਤਾ ਗਿਆ ਪਰ ਇਸ ਟਰਸਟ ਦੇ ਮੁੱਢਲੇ ਮੈਂਬਰਾਂ ਵਿਚ ਮੱਤਭੇਦਾਂ ਕਾਰਨ ਇਹ ਬੇਅਰਥ ਬਣ ਗਿਆ। ਸ਼ੰਕਰਚਾਰੀਆ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਿਆਸਤ ਤੋਂ ਨਿਰਲੇਪ ਰਹੇ।

ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਪਤਾ ਸੀ ਕਿ ਚਾਰੇ ਪੀਠਾਂ ਦੇ ਸ਼ੰਕਰਚਾਰੀਆ ਨੂੰ ਹਿੰਦੂਤਵੀ ਵਿਚਾਰਧਾਰਾ ਨਾਲ ਹੀ ਘੇਰਿਆ ਜਾ ਸਕਦਾ ਸੀ। ਜਿਹੜੇ ਸ਼ੰਕਰਚਾਰੀਆ ਬਣਨ ਦੀ ਕਤਾਰ ਵਿਚ ਸਨ, ਸਮਰਥਕਾਂ ਦੀ ਮਦਦ ਨਾਲ ਉਹਨਾਂ ਨੂੰ ਬਦਨਾਮ ਕੀਤਾ ਜਾ ਸਕਦਾ ਸੀ। ਇਸੇ ਲਈ ਕਾਂਚੀਪੁਰਮ ਦਾ ਸ਼ੰਕਰਚਾਰੀਆ ਜੈਇੰਦਰ ਸਰਸਵਤੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਰਥ ਵਿਚ ਸਵਾਰ ਹੋ ਗਿਆ। ਉਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇੱਕ ਰਥ ਦਾ ਖਰਚਾ ਅਦਾ ਕੀਤਾ ਜੋ ਤਾਮਿਲਨਾਡੂ ਦੇ ਟੂਰ 'ਤੇ ਸੀ, ਜਿੱਥੇ ਸੈਂਕੜੇ ਦਲਿਤਾਂ ਨੇ ਇਸਲਾਮ ਧਰਮ ਧਾਰਨ ਕਰ ਲਿਆ ਸੀ। ਇਹ 1981 ਦੀ ਮੀਨਾਕਸ਼ੀਪੁਰਮ ਦੀ ਘਟਨਾ ਹੈ ਜਿਸ ਨੇ ਬ੍ਰਾਹਮਣਵਾਦੀ ਤਾਕਤਾਂ ਨੂੰ ਬਲ ਬਖਸ਼ਿਆ। ਏਕਾਤਮਕਤਾ ਯਾਤਰਾ ਕੱਢੀ ਗਈ ਜੋ ਸਾਰੀਆਂ ਜਾਤਾਂ ਦੇ ਹਿੰਦੂਆਂ ਨੂੰ ਇਕੱਠੇ ਕਰਨ ਲਈ ਸੀ। 1983 ਵਿਚ ਜੈ ਇੰਦਰ ਸਰਸਵਤੀ ਯਾਤਰਾ ਵਿਚ ਸ਼ਾਮਲ ਹੋ ਗਏ ਜੋ ਪੂਰੇ ਮੁਲਕ ਵਿਚ ਘੁੰਮੀ ਅਤੇ ਆਰ.ਐੱਸ.ਐੱਸ. ਨੂੰ ਮਜ਼ਬੂਤੀ ਦਿੱਤੀ। ਇਹ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਪਹਿਲੀ ਵੱਡੀ ਕੋਸ਼ਿਸ਼ ਸੀ ਕਿ ਹਿੰਦੂ ਧਾਰਮਿਕ ਚਿੰਨ੍ਹਾਂ ਦਾ ਸਿਆਸੀਕਰਨ ਕੀਤਾ ਜਾਵੇ। ਉਹਨਾਂ 1989 ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਧਰਮ ਸੰਸਦ ਦੀ ਪ੍ਰਧਾਨਗੀ ਕੀਤੀ। ਉਸ ਵਿਚ ਰਾਮ ਮੰਦਰ ਦਾ ਮੁੱਦਾ ਵਿਚਾਰਿਆ ਗਿਆ। ਉਸ ਤੋਂ ਬਾਅਦ ਭਾਵੇਂ ਉਸ ਦੀ ਸਰਗਰਮੀ ਘੱਟ ਰਹੀ ਪਰ ਉਸ ਦੇ ਆਰ.ਐੱਸ.ਐੱਸ., ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬੀ.ਜੇ.ਪੀ. ਨਾਲ ਰਿਸ਼ਤੇ ਕਾਇਮ ਰਹੇ। ਉਸ ਦੇ ਚਿਹਰੇ ਨੂੰ 2004 ਵਿਚ ਵੱਡਾ ਧੱਕਾ ਲੱਗਿਆ ਜਦੋਂ ਉਸ ਨੂੰ ਦਹਾਕਿਆਂ ਪੁਰਾਣੇ ਕਤਲ ਕੇਸ ਵਿਚ ਗ੍ਰਿਫਤਾਰ ਕਰ ਲਿਆ। 2013 ਵਿਚ ਉਸ ਦੀ ਰਿਹਾਈ ਨਾਲ ਵੀ ਕਾਂਚੀ ਦੇ ਸ਼ੰਕਰਚਾਰੀਆ ਦੀ ਸਾਖ ਵਿਚ ਸੁਧਾਰ ਨਾ

***(ਬਾਕੀ ਅਗਲੇ ਸਫੇ 'ਤੇ)***

ਆਇਆ। 28 ਫਰਵਰੀ 2018 ਨੂੰ ਉਸ ਦੀ ਮੌਤ ਹੋ ਗਈ।

ਇੱਕ ਹੋਰ ਸ਼ੰਕਰਚਾਰੀਆ ਨਰੇਂਦਰਾਨੰਦ ਸਰਸਵਤੀ ਜੋ ਸੁਮੇਰੂ ਪੀਠ ਨਾਲ ਸੰਬੰਧਿਤ ਹੈ, ਨੇ ਆਪਣੀ ਪੀਠ ਨੂੰ ਮਾਨਤਾ ਦਿਵਾਉਣ ਲਈ ਭੜਕਾਊ ਬਿਆਨ ਦੇ ਕੇ ਹਿੰਦੂਤਵੀ ਤਾਕਤਾਂ ਦਾ ਸਾਥ ਦਿੱਤਾ। ਉਸ ਨੇ ਹਿੰਦੂ ਜੋੜਿਆਂ ਨੂੰ ਦਸ-ਦਸ ਬੱਚੇ ਪੈਦਾ ਕਰਨ ਦੀ ਸਲਾਹ ਦਿੱਤੀ। ਉਸ ਨੇ ਗਊ ਨੂੰ ਰਾਸ਼ਟਰੀ ਪਸ਼ੂ ਵਜੋਂ ਮਾਨਤਾ ਦੇਣ ਅਤੇ ਉਸ ਨੂੰ ਮਾਰਨ ਵਾਲਿਆਂ ਦੇ ਸਿਰ ਕਲਮ ਕਰਨ ਦੀ ਸਲਾਹ ਦਿੱਤੀ। 2014 ਵਿਚ ਨਰਿੰਦਰ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ 2016 ਦੇ ਨੋਟਬੰਦੀ ਦਾ ਸਮਰਥਨ ਹੀ ਨਹੀਂ ਕੀਤਾ ਸਗੋਂ ਪਾਰਲੀਮੈਂਟ ਵਿਚ ਸ਼ੋਰ ਕਰਨ ਵਾਲੇ ਐੱਮ.ਪੀਜ਼ ਦੀ ਤਨਖਾਹ ਕੱਟਣ ਦੀ ਸਲਾਹ ਦਿੱਤੀ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਜਿਸ ਸ਼ੰਕਰਚਾਰੀਆ ਨੂੰ ਸਭ ਤੋਂ ਵੱਧ ਵਰਤਿਆ, ਉਹ ਵਾਸੂਦੇਵਾਨੰਦ ਸਰਸਵਤੀ ਹੈ ਜੋ ਸੰਘ ਦੀ ਮਦਦ ਨਾਲ ਆਪਣੇ ਆਪ ਨੂੰ ਉਤਰਾਖੰਡ ਦੀ ਜਯੋਤਿਸ਼ ਪੀਠ ਦਾ ਅਸਲੀ ਗੱਦੀਧਾਰੀ ਮੰਨਦਾ ਹੈ। ਵਾਸੂਦੇਵਾਨੰਦ ਸਰਸਵਤੀ 1991 ਤੋਂ ਜੈਇੰਦਰ ਸਰਸਵਤੀ ਤੋਂ ਬਾਅਦ ਧਰਮ ਸੰਸਦਾਂ ਵਿਚ ਨਜ਼ਰ ਆਉਣ ਵਾਲਾ ਪ੍ਰਮੁੱਖ ਸ਼ੰਕਰਚਾਰੀਆ ਹੈ। ਉਸ ਨੇ ਜਯੋਤਿਸ਼ ਪੀਠ 'ਤੇ ਦਾਅਵੇ ਲਈ ਸਵਰੂਪਾਨੰਦ ਸਰਸਵਤੀ ਨਾਲ ਤਿੰਨ ਦਹਾਕੇ ਲੰਮੀ ਲੜਾਈ ਲੜੀ। ਸਤੰਬਰ 2017 ਵਿਚ ਅਲਾਹਾਬਾਦ ਹਾਈ ਕੋਰਟ ਨੇ ਦੋਹਾਂ ਦਾ ਦਾਅਵਾ ਰੱਦ ਕਰ ਕੇ ਬਾਕੀ ਤਿੰਨ ਪੀਠਾਂ ਨੂੰ ਨਵਾਂ ਸ਼ੰਕਰਚਾਰੀਆ ਚੁਣਨ ਦੀ ਹਦਾਇਤੀ ਕੀਤੀ। (ਕਾਸ਼ੀ ਵਿਦਵਤ ਪ੍ਰੀਸ਼ਦ) ਅਤੇ ਭਾਰਤ ਧਰਮ ਸਭਾ ਦੀ ਮਦਦ ਨਾਲ ਸਵਰੂਪਾਨੰਦ ਸਰਸਵਤੀ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਵਾਸੂਦੇਵਾਨੰਦ ਨੂੰ ਮਾਤ ਦੇ ਕੇ ਮੁੜ ਸ਼ੰਕਰਚਾਰੀਆ ਬਣ ਗਏ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਸਵਰੂਪਾਨੰਦ ਸਰਸਵਤੀ ਨੂੰ ਅਸਥਿਰ ਕਰਨ ਲਈ ਰਾਜਾਰਾਜੇਸ਼ਵਰ ਆਸ਼ਰਮ ਦੀ ਵੀ ਮਦਦ ਕੀਤੀ। ਰਾਜਾਰਾਜੇਸ਼ਵਰ ਆਸ਼ਰਮ ਨੇ ਆਪਣੇ ਆਪ ਨੂੰ ਜੂਨਾਗੜ੍ਹ ਪੀਠ ਦਾ ਸ਼ੰਕਰਚਾਰੀਆ ਐਲਾਨਿਆ ਸੀ ਪਰ ਉਹ ਰਹਿੰਦਾ ਹਰਿਦੁਆਰ ਸੀ। ਉਸ ਦੀ ਪੀਠ ਸਮੁੰਦਰ ਵਿਚ ਡੁੱਬ ਗਈ ਸੀ ਜਿਸ ਦੀ ਨਿਗਰਾਨੀ ਸਵਰੂਪਾਨੰਦ ਦੇ ਆਦਮੀ ਕਰ ਰਹੇ ਸਨ।

ਇਸ ਤਰ੍ਹਾਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਬਹੁਤ ਸਾਰੇ ਨਵੇਂ ਸ਼ੰਕਰਚਾਰੀਆ ਬਣਾਏ ਜਿਹਨਾਂ ਦਾ ਕਿਸੇ ਵੀ ਮਾਨਤਾ ਪ੍ਰਾਪਤ ਪੀਠ ਨਾਲ ਕੋਈ ਸੰਬੰਧ ਨਹੀਂ ਪਰ ਉਹ ਧਰਮ ਸੰਸਦ ਵਿਚ ਹਾਜ਼ਰੀ ਭਰ ਰਹੇ ਸਨ, ਉਹ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇੜੇ ਸਨ। ਕਾਸ਼ੀ ਵਿਦਵਤ ਪ੍ਰੀਸ਼ਦ ਜੋ ਵਿਦਵਾਨ ਬ੍ਰਾਹਮਣਾਂ ਦੀ ਸੰਸਥਾ ਹੈ, ਨੇ ਇਸ ਵਿਚ ਭਰਪੂਰ ਸਹਿਯੋਗ ਦਿੱਤਾ। 19ਵੀਂ ਸਦੀ ਦੇ ਮੱਧ ਵਿਚ ਬਣੀ ਸੰਸਥਾ ਨੂੰ ਸੰਸਕ੍ਰਿਤ ਵਿਦਵਾਨ ਪੰਡਿਤ ਸ਼ਿਵ ਕੁਮਾਰ ਸ਼ਾਸਤਰੀ ਨੇ ਸਥਾਪਤ ਕੀਤਾ ਸੀ। ਇਸ ਦੇ ਮੁੱਢ ਸੰਬੰਧੀ ਅਚਾਰੀਆ ਬਲਦੇਵ ਉਪਾਧਿਆ ਦੀ ਕਿਤਾਬ 'ਕਾਸ਼ੀ ਕੀ ਪਾਂਡਤਿਆ ਪਰੰਪਰਾ' ਤੋਂ ਬਿਨਾ ਹੋਰ ਕੋਈ ਲਿਖਤ ਨਹੀਂ ਮਿਲਦੀ। ਇਸ ਵਿਚ ਸ਼ਿਵ ਕੁਮਾਰ ਸ਼ਾਸਤਰੀ ਬਾਰੇ ਜ਼ਿਕਰ ਹੈ।

1980 ਤੋਂ ਬਾਅਦ ਕਾਸ਼ੀ ਵਿਦਵਤ ਪ੍ਰੀਸ਼ਦ (ਕੇ.ਵੀ.ਪੀ) ਟਾਈਟਲ ਵੰਡਣ ਵਾਲੀ ਮਸ਼ੀਨ ਬਣ ਗਈ। ਇਸ ਤੋਂ ਪਹਿਲਾਂ ਇਸ ਦਾ ਕੋਈ ਉਪਾਧੀ ਦੇਣ ਬਾਰੇ ਕੋਈ ਇਤਿਹਾਸ ਨਹੀਂ। 2004 ਵਿਚ ਕੇ.ਵੀ.ਪੀ. ਦੇ ਮੈਂਬਰ ਪੰਡਿਤ ਰਾਮਾਇਤਨਾ ਸ਼ੁਕਲਾ ਅਤੇ ਪੰਡਿਤ ਸ਼ਿਵਜੀ ਉਪਾਧਿਆ ਨੇ ਦਿਆਨੰਦ ਪਾਂਡੇ (ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੌਜਵਾਨ ਵਿੰਗ ਬਜਰੰਗ ਦਲ ਦਾ ਆਗੂ) ਨੂੰ ਸ਼ੰਕਰਚਾਰੀਆ ਐਲਾਨ ਦਿੱਤਾ ਅਤੇ ਉਸ ਦਾ ਨਵਾਂ ਨਾਮ ਅਮ੍ਰਿਤਾਨੰਦ ਦੇਵ ਤੀਰਥ ਰੱਖ ਦਿੱਤਾ। ਸ਼ਾਰਦਾ ਸਰਵੱਗਿਆ ਪੀਠ ਜਿਸ ਦਾ ਕਿਸੇ ਨੇ ਨਾਮ ਨਹੀਂ ਸੁਣਿਆ ਜੋ ਪਾਕਿਸਤਾਨ ਆਧਾਰਿਤ ਕਸ਼ਮੀਰ ਦੇ ਸ਼ਾਰਦਾ ਮੰਦਰ ਨੂੰ ਕੰਟਰੋਲ ਕਰਦੀ ਹੈ, ਨੂੰ ਨਵੀਂ ਪੀਠ ਐਲਾਨ ਦਿੱਤਾ। ਵਾਰਾਣਸੀ ਦੇ ਸੰਸਕ੍ਰਿਤ ਵਿਦਵਾਨ ਗੁੱਸੇ ਵਿਚ ਆ ਗਏ। ਰਾਮਾਇਤਨਾ ਸ਼ੁਕਲਾ ਅਤੇ ਸ਼ਿਵਾਜੀ ਉਪਧਿਆਏ ਦੇ ਖੰਭ ਕੁਤਰ ਦਿੱਤੇ ਗਏ। ਉਹ ਕੇ.ਵੀ.ਪੀ. ਤੋਂ ਬਾਹਰ ਕਰ ਦਿੱਤੇ ਗਏ। ਕੁਝ ਸਾਲਾਂ ਬਾਅਦ ਅੰਮ੍ਰਿਤਾਨੰਦ ਦੇਵ ਤੀਰਥ ਮਾਲੇਗਾਓਂ ਧਮਾਕਿਆਂ ਦੇ ਕੇਸ ਵਿਚ ਮੁੱਖ ਮੁਲਜ਼ਮ ਬਣਾ ਕੇ ਗ੍ਰਿਫਤਾਰ ਕਰ ਲਏ ਗਏ। ਰਾਮਾਇਤਨਾ ਸ਼ੁਕਲਾ ਦੁਆਰਾ ਕੇ.ਵੀ.ਪੀ. ਵਿਚ ਚਲਾ ਗਿਆ ਅਤੇ ਉਸ ਨੇ ਵਾਰਾਣਸੀ ਦੇ ਵਿਦਵਾਨਾਂ ਨੂੰ ਇਲਾਕਿਆਂ ਵਿਚ ਵੰਡ ਦਿੱਤਾ। ਬਾਂਦਾ ਜ਼ਿਲ੍ਹੇ ਦੀ ਮਦਦ ਨਾਲ ਆਪਣੇ ਆਪ ਨੂੰ ਕੇ.ਵੀ.ਪੀ ਦਾ ਪ੍ਰਧਾਨ ਐਲਾਨ ਦਿੱਤਾ। ਪੰਡਿਤ ਕਮਲਕਾਂਤ ਤ੍ਰਿਪਾਠੀ ਅਨੁਸਾਰ ਵਿਸ਼ਵ ਹਿੰਦੂ ਪ੍ਰੀਸ਼ਦ 'ਅੱਗ ਲਾਈ ਡੱਬੂ ਕੰਧ 'ਤੇ' ਕਹਾਵਤ ਅਨੁਸਾਰ ਤਮਾਸ਼ਾ ਦੇਖਦੀ ਰਹਿੰਦੀ ਹੈ। ਵਾਰ-ਵਾਰ ਪਾਸੇ ਬਦਲ ਕੇ ਤਮਾਸ਼ਾਬੀਨ ਬਣੀ ਰਹਿੰਦੀ ਹੈ।

ਅਛੂਤਾਨੰਦ ਤੀਰਥ ਆਰ.ਐੱਸ.ਐੱਸ ਲਈ ਵੱਡਾ ਮੋਹਰਾ ਸਾਬਤ ਹੋਇਆ। ਸਵਰੂਪਾਨੰਦ ਸਰਸਵਤੀ ਦੇ ਦੋ ਪੀਠਾਂ ਦਾ ਚਾਰਜ ਸੰਭਾਲਣ ਲਈ ਉਸ ਨੇ ਉਸ ਵਿਰੁੱਧ ਬਹੁਤ ਜ਼ਹਿਰੀਲਾ ਪ੍ਰਚਾਰ ਕੀਤਾ। ਇਸ ਸੰਬੰਧੀ ਹੱਥ ਪਰਚੇ ਛਾਪ ਕੇ ਹਰਿਦੁਆਰ ਵਿਚ ਵੰਡੇ ਗਏ। ਇੱਕ ਅਜਿਹਾ ਹੱਥ ਪਰਚੇ ਜੋ ਉਸ ਦੇ ਉਪਾਧੀ ਸੰਭਾਲਣ ਵਾਲੇ ਦਿਨ ਵੰਡਿਆ ਗਿਆ, ਦਾ ਸਿਰਲੇਖ ਸੀ- 'ਸ਼ਾਸਤਰੀ ਪਰੰਪਰਾਵਾਂ ਦਾ ਅਤਿਕ੍ਰਮਣ'। ਇਹ ਸਵਰੂਪਾਨੰਦ ਸਰਸਵਤੀ 'ਤੇ ਸਿੱਧਾ ਹਮਲਾ ਸੀ। ਉਸ ਵਿਚ ਸਵਰੂਪਾਨੰਦ ਸਰਸਵਤੀ ਉਤੇ ਧਨ ਅਤੇ ਬਾਹੂਬਲ ਨਾਲ ਦੋ-ਦੋ ਪੀਠਾਂ ਤੇ ਮੱਠਨਾਮਿਆਂ ਦੀ ਉਲੰਘਣਾ ਕਰ ਕੇ ਕਬਜ਼ਾ ਕਰਨ ਬਾਰੇ ਲਿਖਿਆ ਸੀ। ਸਾਰੇ ਅਖਾੜਿਆਂ ਅਤੇ ਸੰਬੰਧਿਤ ਆਸ਼ਰਮਾਂ ਨੂੰ ਸਥਾਪਤ ਧਰਮ ਦੀ ਮਦਦ ਲਈ ਅੱਗੇ ਆਉਣ ਅਤੇ ਅਜਿਹੇ ਅਚਾਰੀਆਂ ਨੂੰ ਸਬਕ ਸਿਖਾਉਣ ਬਾਰੇ ਲਿਖਿਆ ਗਿਆ। ਕਈ ਹੋਰ ਹੱਥ ਪਰਚੇ 'ਅਖਿਲ ਭਾਰਤੀ ਸ੍ਰੀ ਧਰਮ ਰਖਿਆ ਸੈਨਾ' ਦੇ ਨਾਮ ਹੇਠ ਵੰਡੇ ਗਏ ਜਿਸ ਦਾ ਕਿਸੇ ਨੇ ਨਾਮ ਹੀ ਨਹੀਂ ਸੁਣਿਆ ਸੀ। ਦੋ ਹੱਥ ਪਰਚਿਆਂ ਵਿਚ ਨਰੇਂਦਰ ਗਿਰੀ 'ਤੇ ਵੀ ਹਮਲਾ ਬੋਲਿਆ ਗਿਆ ਸੀ ਜਿਸ ਨੇ ਸਰਬ ਭਾਰਤੀ ਅਖਾੜਾ ਪ੍ਰੀਸ਼ਦ ਵੱਲੋਂ ਅਛੂਤਾਨੰਦ ਤੀਰਥ ਖਿਲਾਫ ਸਟੈਂਡ ਲਿਆ ਸੀ।

ਸੰਘ ਪਰਿਵਾਰ ਉਸ ਦੀ ਖੁੱਲ੍ਹੀ ਹਮਾਇਤ ਵਿਚ ਅੱਗੇ ਨਹੀਂ ਸੀ ਆਇਆ। ਅਛੂਤਾਨੰਦ ਤੀਰਥ ਨੇ ਸੁਮਰੂ ਪੀਠ ਦੇ ਸ਼ੰਕਰਚਾਰੀਆ ਨਰੇਂਦਰਨਾਥ ਸਰਸਵਤੀ ਜੋ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੇਂਦਰੀ ਮਾਰਗ ਦਰਸ਼ਕ ਮੰਡਲ ਦਾ ਪ੍ਰਮੁੱਖ ਮੈਂਬਰ ਸੀ, ਨੂੰ ਆਪਣੀ ਉਪਾਧੀ ਗ੍ਰਹਿਣ ਸਮਾਗਮ ਦੀ ਪ੍ਰਧਾਨਗੀ ਲਈ ਸੱਦਿਆ। ਸਮਾਗਮ ਸਮੇਂ ਨਰੇਂਦਰਨਾਥ ਨੇ ਐਲਾਨ ਕੀਤਾ ਕਿ ਵਿਸ਼ਵਰੂਪਾਨੰਦ, ਸ਼ੰਕਰਚਾਰੀਆ ਲਈ ਯੋਗਤਾ ਹੀ ਨਹੀਂ ਰੱਖਦਾ। ਇਸ ਲਈ ਸੰਤ ਸਮਾਜ ਉਸ ਨੂੰ ਹਟਾ ਕੇ ਉਸ ਦੀ ਥਾਂ ਅਛੂਤਾਨੰਦ ਤੀਰਥ ਨੂੰ ਸ਼ੰਕਰਚਾਰੀਆ ਥਾਪਦੀ ਹੈ ਜਿਸ ਵਿਚ ਸਭ ਤਰ੍ਹਾਂ ਦੀਆਂ ਯੋਗਤਾਵਾਂ ਹਨ। ਅਛੂਤਾਨੰਦ ਤੀਰਥ ਨੇ ਸ਼ੰਕਰਚਾਰੀਆ ਬਣਨ ਉਪਰੰਤ ਪਵਿੱਤਰ ਗੰਗਾ ਦੀ ਸਫਾਈ ਲਈ ਅੰਦੋਲਨ ਛੇੜ ਦਿੱਤਾ। ਪ੍ਰਧਾਨ ਮੰਤਰੀ ਮੋਦੀ ਪ੍ਰਤੀ ਵਫਾਦਾਰੀ ਦਿਖਾਉਣ ਲਈ ਇਹ ਵੀ ਕਿਹਾ, "ਮੇਰੇ ਨਾਲੋਂ ਵੱਧ, ਨਰੇਂਦਰ ਮੋਦੀ ਤੋਂ ਬਿਨਾ ਗੰਗਾ ਲਈ ਕਿਸੇ ਨੇ ਕੰਮ ਨਹੀਂ ਕੀਤਾ। ਮੈਂ ਗੰਗਾ ਦੇ ਤਟ ਦੇ ਨਾਲ-ਨਾਲ ਦੋ ਵਾਰ ਪੈਦਲ ਯਾਤਰਾ ਕੀਤੀ। ਪਹਿਲਾਂ ਗੌਮੁੱਖ ਤੋਂ ਹਰਿਦੁਆਰ ਤੱਕ ਅਤੇ ਫਿਰ ਹਰਿਦੁਆਰ ਤੋਂ ਪਟਨਾ ਤੱਕ।" ਉਸ ਨੇ ਇਸ ਦੀਆਂ ਫੋਟੋਆਂ ਵੀ ਦਿਖਾਈਆਂ। ਉਸ ਨੇ ਕਾਰਗਿਲ ਜਿੱਥੇ ਕਈ ਜਵਾਨ ਸ਼ਹੀਦ ਹੋ ਗਏ ਸਨ, ਜਾਣ ਬਾਰੇ ਵੀ ਦੱਸਿਆ ਪਰ ਇਸ ਵਿਚੋਂ ਕਿਸੇ ਵੀ ਕਾਰਜ ਨੇ ਉਸ ਦੀ ਕੋਈ ਮਦਦ ਨਾ ਕੀਤੀ। ਵਿਸ਼ਵ ਹਿੰਦੂ ਪ੍ਰੀਸ਼ਦ ਸਾਰੇ ਝਗੜੇ ਤੋਂ ਪਰ੍ਹੇ ਰਹੀ।

ਅਛੂਤਾਨੰਦ ਤੀਰਥ ਦੇ ਨੇੜਲੇ ਸਹਾਇਕ ਨੇ ਦੱਸਿਆ ਕਿ ਇਹ ਬਹੁਤ ਝਟਕੇ ਵਾਲੀ ਗੱਲ ਸੀ ਕਿ ਅਛੂਤਾਨੰਦ ਤੀਰਥ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਲਈ ਇੰਨਾ ਕਰਨ ਦੇ ਬਾਵਜੂਦ ਉਹਨਾਂ ਦਸਨਾਮੀ ਅਖਾੜਿਆਂ ਨੂੰ ਉਸ ਵਿਰੁੱਧ ਜਾਣ ਲਈ ਨਾ ਮਨਾਇਆ। ਸਵਰੂਪਾਨੰਦ ਸਰਸਵਤੀ ਨੇ ਉਸ ਵਿਰੁੱਧ ਵੱਡਾ ਹਮਲਾ ਵਿੱਢਿਆ ਹੋਇਆ ਸੀ। ਅਛੂਤਾਨੰਦ ਤੀਰਥ ਦੀ ਮਦਦ ਕਰ ਕੇ ਅਖਾੜਿਆਂ ਦੀ ਪ੍ਰਸੰਗਿਕਤਾ ਨੂੰ ਵੀ ਖਤਰਾ ਸੀ। ਅਛੂਤਾਨੰਦ ਤੀਰਥ ਵੀ ਬਹੁਤ ਸਾਰੀਆਂ ਸਮੱਸਿਆਵਾਂ ਵਿਚ ਉਲਝਿਆ ਹੋਇਆ ਸੀ। ਇਸ ਲਈ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਅਜਿਹੀ ਹਮਾਇਤ ਉਲਟੀ ਵੀ ਪੈ ਸਕਦੀ ਸੀ ਜਿਸ ਕਾਰਨ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਦਸਨਾਮੀ ਅਖਾੜਿਆਂ ਵਿਚ ਦੂਰੀਆਂ ਬਣਾ ਕੇ ਰੱਖੀਆਂ ਗਈਆਂ। ਸਵਰੂਪਾਨੰਦ ਸਰਸਵਤੀ ਨੂੰ ਬਾਹਰ ਕਰਨ ਨਾਲ ਅਛੂਤਾਨੰਦ ਤੀਰਥ ਦਾ ਨੁਕਸਾਨ ਵੀ ਤੈਅ ਸੀ।

ਵਿਸ਼ਵ ਹਿੰਦੂ ਪ੍ਰੀਸ਼ਦ ਨੇ ਮੌਕਾਪ੍ਰਸਤੀ ਕੀਤੀ। ਸੰਸਕ੍ਰਿਤ ਵਿਦਵਾਨ ਜਿਨ੍ਹਾਂ ਨੂੰ ਅਛੂਤਾਨੰਦ ਤੀਰਥ ਨੇ ਵਾਰਾਣਸੀ ਅਤੇ ਦਿੱਲੀ ਤੋਂ ਉਪਾਧੀ ਗ੍ਰਹਿਣ ਸਮਾਗਮ ਵਿਚ ਬੁਲਾਇਆ ਸੀ, ਵਿਚੋਂ ਕਈ ਉਸ ਦੇ ਵਿਰੁੱਧ ਬੋਲ ਰਹੇ ਸਨ ਕਿ ਸਾਨੂੰ ਧੋਖੇ ਨਾਲ ਬੁਲਾਇਆ ਗਿਆ ਸੀ। ਪ੍ਰੋ. ਅੰਨਜਿਆ ਸ਼ਾਸਤਰੀ ਜੋ ਵੈਦਿਕ ਦਰਸ਼ਨ ਵਿਭਾਗ ਬੀ.ਐਚ.ਯੂ. ਵਿਚ ਤਾਇਨਾਤ ਸਨ, ਅਨੁਸਾਰ ਉਹ ਆਦਿ ਸ਼ੰਕਰ ਦੇ ਚਾਰ ਪੀਠ ਬਣਾਉਣ ਦੇ ਤਰਕ ਪੇਸ਼ ਕਰਨ ਤੋਂ ਬਾਅਦ ਵਾਪਸ ਆ ਗਏ ਸਨ, ਉਪਾਧੀ ਗ੍ਰਹਿਣ ਸਮੇਂ ਹਾਜ਼ਰ ਨਹੀਂ ਸਨ। ਕਾਂਸੀ ਪੰਡਿਤ ਸਭਾ ਦੇ ਉਪ ਪ੍ਰਧਾਨ ਹਰੀ ਪ੍ਰਸ਼ਾਦ ਅਧਿਕਾਰੀ ਅਤੇ ਪ੍ਰੋ. ਸੰਪੂਰਨਾਨੰਦ (ਸੰਸਕ੍ਰਿਤ ਯੁਨੀਵਰਿਸਟੀ) ਨੇ ਵੀ ਇਹੀ ਕਿਹਾ। ਸ੍ਰੀ ਲਾਲ ਬਹਾਦਰ ਸ਼ਾਸਤਰੀ ਨੈਸ਼ਨਲ ਸੰਸਕ੍ਰਿਤ ਯੂਨੀਵਰਸਿਟੀ ਦੇ ਵੀ.ਸੀ. ਰਮੇਸ਼ ਕੁਮਾਰ ਪਾਂਡੇ ਅਨੁਸਾਰ, ਉਹ ਦੇਰ ਨਾਲ ਪਹੁੰਚਿਆ ਅਤੇ ਧੋਖੇ ਨਾਲ ਹੀ ਉਸ ਰਸਮ ਦਾ ਹਿੱਸਾ ਬਣ ਗਿਆ।

ਅਛੂਤਾਨੰਦ ਤੀਰਥ ਸ਼ੰਕਰਚਾਰੀਆ ਦੀ ਉਪਾਧੀ ਤੋਂ ਨੀਚੇ ਉੱਤਰ ਗਿਆ ਕਿਉਂਕਿ ਉਸ ਨੇ ਸਮਾਂ ਗਲਤ ਚੁਣ ਲਿਆ ਸੀ। ਅਸਲ ਵਿਚ ਉਸ ਵਿਚ ਸ਼ੰਕਰਚਾਰੀਆ ਬਣਨ ਦੀ ਲਲਕ ਤਾਂ 1996 ਵਿਚ ਹੀ ਪੈਦਾ ਹੋ ਗਈ ਸੀ ਜਦੋਂ ਉਸ ਨੇ ਵਿਦਵਤ ਪ੍ਰੀਸ਼ਦ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਕੇ.ਵੀ.ਪੀ. ਵਿਚ ਮੱਤਭੇਦਾਂ ਦੌਰਾਨ ਉਹਨੇ ਕੁਝ ਮਹੱਤਵਪੂਰਨ ਮੈਂਬਰਾਂ ਜੋ ਸੰਸਕ੍ਰਿਤ ਦੇ ਵਿਦਵਾਨ ਸਨ, ਨੂੰ ਆਪਣੇ ਵੱਲ ਖਿੱਚ ਲਿਆ। ਭੂਮਾ ਅਧਿਆਤਮ ਪੀਠ ਵਿਚ ਕਈ ਮੀਟਿੰਗਾਂ ਹੋਈਆਂ ਜੋ ਅਛੂਤਾਨੰਦ ਦਾ ਵਾਰਣਸੀ ਵਿਚ ਆਸ਼ਰਮ ਸੀ। ਉਹਨਾਂ ਸ੍ਰੀ ਕਾਂਸੀ ਵਿਦਵਤ ਗੌਰਵ ਪ੍ਰੀਸ਼ਦ ਬਣਾ ਲਈ ਅਤੇ ਪੰਡਿਤ ਸ੍ਰੀ ਪਤੀ ਰਾਮ ਤ੍ਰਿਪਾਠੀ ਉਸ ਦੇ ਪ੍ਰਧਾਨ ਤੇ ਕਮਲਕਾਂਤ ਤ੍ਰਿਪਾਠੀ ਉਪ ਪ੍ਰਧਾਨ ਬਣਾਏ ਗਏ। ਸਾਲ ਵਿਚ ਹੀ ਇਸ ਦੀ ਚੰਗੀ ਪੜ੍ਹਤ ਬਣ ਗਈ ਅਤੇ ਇਸ ਨੂੰ ਕੇ.ਵੀ.ਪੀ. ਦਾ ਹੀ ਰੂਪ ਸਮਝਿਆ ਜਾਣ ਲੱਗਿਆ। 2003-04 ਵਿਚ ਪੰਡਿਤ ਵਾਦੁਕਪ੍ਰਸਾਦ ਸ਼ਰਮਾ ਨੇ ਕੇ.ਵੀ.ਪੀ. ਦੇ ਸਾਰੇ ਘਟਕਾਂ ਨੂੰ ਇਕੱਠਾ ਕਰਨ ਦਾ ਯਤਨ ਕੀਤਾ ਅਤੇ ਉਹ ਸਫਲ ਹੋ ਗਏ। ਅਛੂਤਾਨੰਦ ਤੀਰਥ ਦੀ ਖੇਡ ਖਤਮ ਹੋ ਗਈ। ਅਸਲ ਵਿਚ ਅਛੂਤਾਨੰਦ ਤੀਰਥ ਵੀ ਸ਼ੰਕਰਚਾਰੀਆ ਬਣਨ ਦੀ ਇੱਛਾ ਰੱਖਦਾ ਸੀ ਪਰ ਇਹ ਮੌਕਾ ਖੁੰਝ ਗਿਆ ਅਤੇ ਚਾਰੇ ਪੀਠਾਂ ਦੇ ਸ਼ੰਕਰਚਾਰੀਆ ਵੱਲੋਂ ਬੋਗਸ ਧਨ ਅਤੇ ਬਾਹੂਬਲ ਦੇ ਸਿਰ 'ਤੇ ਸ਼ੰਕਰਚਾਰੀਆ ਬਣਾਉਣ ਵਾਲਾ ਮਸਲਾ ਉਠਾਏ ਜਾਣ ਨੇ ਅਛੂਤਾਨੰਦ ਤੀਰਥ ਨੂੰ ਵੀ ਚੁੱਪ ਕਰਵਾ ਦਿੱਤਾ। 2010 ਵਿਚ ਹਰਿਦੁਆਰ ਕੁੰਭ ਤੋਂ ਬਾਅਦ ਦਸਨਾਮੀ ਅਖਾੜੇ ਆਪਣੀ ਬਦਨਾਮ ਹੋ ਰਹੀ ਸਾਖ ਬਚਾਉਣ ਲਈ ਸ਼ੰਕਰਚਾਰੀਆ ਦੀ ਉਹਨਾਂ ਨੂੰ ਪੱਕੀ ਜਗ੍ਹਾ ਅਲਾਟ ਕਰਨ ਦੀ ਮੰਗ ਤੋਂ ਟਾਲਾ ਵੱਟ ਰਹੇ ਸਨ। ਇਸ ਨਾਲ ਅਖਾੜਿਆਂ ਦੇ ਬਰਾਬਰ ਸ਼ੰਕਰਚਾਰੀਆ ਦੀ ਫੌਜ ਵਿਰੋਧੀ ਤਾਕਤ ਵਜੋਂ ਨਜ਼ਰ ਆਉਣੀ ਸੀ।

2010 ਦੇ ਕੁੰਭ ਸਮੇਂ ਅਵਿਮੁਖ ਤੇਸ਼ਵਰਾਨੰਦ ਸਰਸਵਤੀ ਨੇ ਨਕਲੀ ਨਾਗਿਆਂ ਖਿਲਾਫ ਮੁਹਿੰਮ ਛੇੜ ਦਿੱਤੀ ਜੋ 19 ਦਿਨ ਚੱਲੀ। ਸਥਾਨਕ ਪ੍ਰਸ਼ਾਸਨ ਨੇ ਚਾਰ ਪੀਠਾਂ ਤੋਂ ਬਿਨਾ ਸਾਰੇ ਸ਼ੰਕਰਚਾਰੀਆ ਦੇ ਬੋਰਡ ਉਤਾਰ ਦਿੱਤੇ। ਸ਼ੈਵ ਅਖਾੜੇ ਦੀ ਸਥਿਤੀ ਹਾਸੋਹੀਣੀ ਬਣ ਗਈ ਕਿਉਂਕਿ ਉਸ ਨੇ ਹੀ ਸ਼ੰਕਰਚਾਰੀਆ ਦੇ ਖਿਤਾਬ ਦਿੱਤੇ ਸਨ। ਸਰਬ ਭਾਰਤੀ ਅਖਾੜਾ ਪ੍ਰੀਸ਼ਦ ਜਿਸ ਦੇ ਮੁਖੀ ਵੈਸ਼ਨਵ ਸਾਧੂ ਗਿਆਨ ਦਾਸ ਨਿਰਵਾਣੀ ਅਖਾੜਾ ਸਨ, ਬੁਰੀ ਤਰ੍ਹਾਂ ਵੰਡੀ ਹੋਈ ਸੀ। ਵੈਸ਼ਨਵ ਅਖਾੜੇ ਮੰਗ ਦਾ ਸਮਰਥਨ ਕਰਦੇ ਸਨ। ਸ਼ੈਵ ਅਖਾੜੇ ਝਗੜੇ ਤੋਂ ਦੂਰੀ ਰੱਖ ਰਹੇ ਸਨ। ਸਰਬ ਭਾਰਤੀ ਅਖਾੜਾ ਪ੍ਰੀਸ਼ਦ ਕੁੰਭ ਮੇਲੇ ਦੇ ਅੰਤ ਤੱਕ ਕਿਸੇ ਵੀ ਝਗੜੇ ਤੋਂ ਬਚਦੀ ਨਜ਼ਰ ਆਈ।

ਇਹੀ ਮਸਲਾ 2013 ਦੇ ਅਲਾਹਾਬਾਦ ਕੁੰਭ ਸਮੇਂ ਵੀ ਨਜ਼ਰ ਆਇਆ। ਸ਼ੰਕਰਚਾਰੀਆ ਭਾਰਤ ਮਾਤਾ ਦੇ ਬੁੱਤ ਨੇੜੇ ਸੰਗਮ 'ਤੇ ਇਕੱਠੀ ਜਗ੍ਹਾ ਦੀ ਮੰਗ ਕਰ ਰਹੇ ਸਨ ਤਾਂ ਜੋ ਉਹ ਉਸ ਨੂੰ ਸ਼ੰਕਰਚਾਰੀਆ ਐਲਾਨ ਸਕਣ। ਇਹ ਵਿਚਾਰ ਸਵਰੂਪਾਨੰਦ ਸਰਸਵਤੀ ਅਤੇ ਉਸ ਦੇ ਚੇਲੇ ਅਵਿਮੁਖ ਤੇਸ਼ਵਰਾਨੰਦ ਸਰਸਵਤੀ ਰਾਹੀਂ ਆਇਆ। ਬਾਕੀਆਂ ਨੇ ਹਾਮੀ ਭਰ ਦਿੱਤੀ। ਜਦੋਂ ਉਹ ਆਪਣੇ ਕੈਂਪ ਬਣਾਉਣ ਲੱਗੇ ਤਾਂ ਸ਼ੈਵ ਅਖਾੜਿਆਂ ਨੇ ਵਿਰੋਧ ਕੀਤਾ ਤੇ ਪ੍ਰਸ਼ਾਸਨ ਨੇ ਨਵੀਂ ਰਵਾਇਤ ਨਾ ਚਾਲੂ ਕਰਨ ਦੇ ਨਾਮ ਹੇਠ ਉਹਨਾਂ ਨੂੰ ਰੋਕ ਦਿੱਤਾ। ਸ਼ੰਕਰਚਾਰੀਆ ਨੇ ਕੁੰਭ ਦਾ ਬਾਈਕਾਟ ਕਰ ਦਿੱਤਾ। ਉਹਨਾਂ ਸ਼ਰਧਾਲੂਆਂ ਨੂੰ 'ਮੁਕਤੀ' ਪ੍ਰਾਪਤ ਕਰਨ ਲਈ 'ਅਸਲ ਗੁਰੂਆਂ' ਤੋਂ ਵਾਂਝਾ ਕਰਨ ਦੀ ਨਿਖੇਧੀ ਕੀਤੀ, ਭਾਵੇਂ ਬਾਅਦ ਵਿਚ ਉਹ ਸ਼ਾਮਲ ਹੋ ਗਏ ਪਰ ਦੂਰੀਆਂ ਕਾਇਮ ਰਹੀਆਂ। ਅਲਾਹਾਬਾਦ ਦੇ ਪਾਂਡਿਆਂ ਦੀ ਸਭਾ, ਪਰਿਆਗ ਸਭਾ ਧਾਰਮਿਕ ਆਗੂਆਂ ਦਾ ਇਕੱਠ ਲੈ ਕੇ 21 ਫਰਵਰੀ ਨੂੰ ਅਯੁੱਧਿਆ ਵਿਚ ਰਾਮਮੰਦਰ ਦਾ ਸਿਲਾਨਿਆਸ ਕਰਨ ਬਾਰੇ ਕਹਿਣ ਲੱਗੇ। ਬਾਅਦ ਵਿਚ ਪੁਲਵਾਮਾ ਵਿਚ ਸੀ.ਆਰ.ਪੀ.ਐਫ. ਕੈਂਪ 'ਤੇ ਹੋਏ ਹਮਲੇ ਕਾਰਨ ਇਹ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ।

ਆਰ.ਐੱਸ.ਐੱਸ. ਦੀ ਸਵਰੂਪਾਨੰਦ ਸਰਸਵਤੀ ਦੀ ਚਾਲ ਨੂੰ ਮਾਤ ਦੇਣ ਦੀ ਵਿਉਂਤ ਤੋਂ ਪਹਿਲਾਂ ਹੀ ਅਖਾੜਾ ਪ੍ਰੀਸ਼ਦ ਨੇ ਧਰਮ ਸੰਸਦ ਦੇ ਬਾਈਕਾਟ ਦਾ ਫੈਸਲਾ ਸੁਣਾ ਦਿੱਤਾ। ਇਸ ਤੋਂ ਪਹਿਲਾਂ ਅਖਾੜਾ ਪ੍ਰੀਸ਼ਦ ਨੇ ਕਦੇ ਵੀ ਸਾਧੂਆਂ ਨੂੰ ਇੰਨੀ ਸਖਤ ਨਾਲ ਨਹੀਂ ਸੀ ਰੋਕਿਆ। ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬੀ.ਜੇ.ਪੀ. ਦੇ ਉੱਚ ਆਗੂਆਂ ਨੂੰ ਮਿਲਿਆ। ਮੁੱਖ ਮੰਤਰੀ ਅਦਿੱਤਿਆ ਨਾਥ ਆਪ ਸੰਤ ਸਮਾਜ ਵਿਚੋਂ ਹੋਣ ਦੇ ਬਾਵਜੂਦ ਲਖਨਊ ਤੋਂ ਅਰਧ ਕੁੰਭ ਤੱਕ ਧਾਰਮਿਕ ਆਗੂਆਂ ਨੂੰ ਮਿਲਣ ਲਈ ਗਿਆ ਪਰ ਅਖਾੜਾ ਪ੍ਰੀਸ਼ਦ ਨਾ ਝੁਕੀ।

ਵਿਸ਼ਵ ਹਿੰਦੂ ਪ੍ਰੀਸ਼ਦ ਬੀ.ਜੇ.ਪੀ. ਲਈ ਕੰਮ ਕਰਦੀ ਹੈ ਪਰ ਸਾਧੂਆਂ ਨੂੰ ਸਿਆਸਤ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੀ ਹੈ। ਇਸ ਲਈ ਅਖਾੜਾ ਪ੍ਰੀਸ਼ਦ ਨੇ ਧਰਮ ਸੰਸਦ ਦੇ ਬਾਈਕਾਟ ਦਾ ਫੈਸਲਾ ਕੀਤਾ। ਨਰੇਂਦਰ ਗਿਰੀ ਨੇ ਸਿਆਸਤ ਦਾ ਨਾਂ ਵਾਲੀ ਮੁਸਕਰਾਹਟ ਚਿਹਰੇ 'ਤੇ ਲਿਆਉਂਦੇ ਹੋਏ ਕਿਹਾ ਕਿ ਸਿਆਸਤ ਹਮੇਸ਼ਾ ਮਨ ਨੂੰ ਭਾਉਂਦੀ ਹੈ ਪਰ ਅੰਤ ਵਿਚ ਦੁੱਖ ਹੀ ਦਿੰਦੀ ਹੈ; ਜੇ ਇਸ ਬਾਰੇ ਪਹਿਲਾਂ ਹੀ ਗਿਆਨ ਹੋ ਜਾਂਦਾ ਤਾਂ ਕਿੰਨਾ ਚੰਗਾ ਹੁੰਦਾ।

ਕਿਆਸ ਲਗਾਇਆ ਜਾਂਦਾ ਸੀ ਕਿ ਨਰੇਂਦਰ ਗਿਰੀ ਨੇ ਸਮਾਜਵਾਦੀ ਪਾਰਟੀ ਨਾਲ ਰਿਸ਼ਤੇ ਬਣਾ ਲਏ ਹਨ। ਉਸ ਨੇ ਧਰਮ ਸੰਸਦ ਦੇ ਬਾਈਕਾਟ ਦਾ ਫੈਸਲਾ ਕੀਤਾ। ਦੂਜੀ ਧਾਰਨਾ ਇਹ ਵੀ ਸੀ ਕਿ ਅਖਾੜੇ, ਆਰ.ਐੱਸ.ਐੱਸ. ਦੀ ਅਰਧ ਕੁੰਭ ਵਿਚ ਵਧ ਰਹੀ ਹਾਜ਼ਰੀ ਤੋਂ ਨਾਰਾਜ਼ ਸਨ। ਕਾਰਨ, ਕੋਈ ਵੀ ਹੋਣ ਬਹੁਤ ਸਾਰੇ ਸਾਧੂ ਧਰਮ ਸੰਸਦ ਤੋਂ ਬਾਹਰ ਜਾ ਰਹੇ ਸਨ।

ਕੁੰਭ ਸਮੇਂ ਆਰ.ਐੱਸ.ਐੱਸ ਨੇ ਰਾਮਮੰਦਰ ਦੇ ਏਜੰਡੇ ਨੂੰ ਪਰ੍ਹੇ ਕਰ ਕੇ ਸਾਧੂਆਂ ਵਿਚ ਵੰਡੀਆਂ ਪਾਉਣ ਤੇ ਧਿਆਨ ਦਿੱਤਾ। ਬਹੁਤ ਸਾਰੇ ਬੁਲਾਰਿਆਂ ਨੇ ਹਿੰਦੂਆਂ ਨੂੰ ਇਸ ਸਾਜ਼ਿਸ਼ ਪਿੱਛੇ ਛੁਪੀਆਂ ਤਾਕਤਾਂ ਨੂੰ ਨੰਗਾ ਕਰਨ ਦਾ ਸੱਦਾ ਦਿੱਤਾ। ਸੰਸਦ ਨੇ 'ਮੰਦਰ ਐਜੀਟੇਸ਼ਨ' ਨੂੰ ਆਮ ਚੋਣਾਂ ਤੱਕ ਰੋਕਣ ਦਾ ਮਤਾ ਪਾਸ ਕੀਤਾ। ਸੰਤ ਸਮਾਜ ਨੇ ਇਸ ਪਵਿੱਤਰ ਧਾਰਮਿਕ ਲਹਿਰ ਨੂੰ ਸਿਆਸਤ ਵਿਚ ਉਲਝਣ ਦਾ ਸੱਦਾ ਦਿੱਤਾ। ਇਹ ਆਰ.ਐੱਸ.ਐੱਸ. ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਾਅਦਿਆਂ ਨਾਲ ਮੇਲ ਨਹੀਂ ਸੀ ਖਾਂਦਾ। ਅੰਤ ਵਿਚ ਭਾਗਵਤ ਦੀ ਸਪੀਚ ਰਾਮਮੰਦਰ ਬਣਾਉਣ ਦੀ ਅਸਲ ਮਿਤੀ ਦੇ ਐਲਾਨ ਕਰਨ ਦੇ ਨਾਅਰਿਆਂ ਨਾਲ ਸਮਾਪਤ ਹੋਈ।

ਵੱਧ ਅਹਿਮੀਅਤ ਵਾਲੇ ਧਾਰਮਿਕ ਆਗੂ ਨਾਗਦਿਓਦਾਸ (ਤਿਆਗੀ, ਉਰਫ ਕੰਪਿਊਟਰ ਬਾਬਾ) ਨੇ ਧਰਮ ਸੰਸਦ ਬਾਅਦ ਸਾਧੂਆਂ ਦੀ ਮੀਟਿੰਗ ਸੱਦੀ ਜਿਸ ਨੇ ਆਰ.ਐੱਸ.ਐੱਸ ਲਈ ਹੋਰ ਮੁਸੀਬਤ ਖੜ੍ਹੀ ਕਰ ਦਿੱਤੀ। ***(ਸਮਾਪਤ)***



***ਅਛੂਤਾਨੰਦ ਤੀਰਥ ਅਤੇ (ਸੱਜੇ) ਸਵਰੂਪਾਨੰਦ ਸਰਸਵਤੀ।***

# ਕੈਨੇਡਾ ਦੀ ਪੂਰਬ ਤੋਂ ਪੱਛਮ ਤੱਕ ਯਾਤਰਾ


*(ਸਫਾ ... ਦੀ ਬਾਕੀ)*

ਦੀ ਸਿਹਤ ਠੀਕ ਨਹੀਂ ਸੀ। ਬਾਕੀ ਮੈਂਬਰਾਂ ਨੇ ਹਾਈਕਿੰਗ ਸ਼ੁਰੂ ਕਰ ਦਿੱਤੀ ਅਤੇ ਅਸੀਂ ਤਿੰਨੇ ਗੌਂਡੋਲਾ 'ਤੇ ਸਵਾਰ ਹੋ ਗਏ। ਪੰਘੂੜੇ ਵਰਗੇ ਗੌਂਡੋਲਾ ਦੇ ਪਹੀਏ ਮੋਟੇ ਰੱਸੇ ਵਰਗੀ ਲੋਹੇ ਦੀ ਕੇਬਲ 'ਤੇ ਦੌੜਦੇ ਹਨ। 6 ਕੁ ਮਿੰਟਾਂ 'ਚ ਅਸੀਂ ਗੌਂਡੋਲਾ ਦੇ ਉੱਪਰਲੇ ਟਰਮੀਨਲ 'ਤੇ ਸਾਂ। ਅਸੀਂ ਉਸ ਟਰਮੀਨਲ ਦੀਆਂ ਦੀਵਾਰਾਂ 'ਤੇ ਲੱਗੀਆਂ ਕੈਨੇਡਾ ਦੇ ਇਤਿਹਾਸ ਅਤੇ ਬੈਂਫ ਦੀਆਂ ਲੋਕੇਸ਼ਨਾਂ ਦੀਆਂ ਤਸਵੀਰਾਂ ਅਤੇ ਵੀਡੀਓ ਦੇਖੀਆਂ। ਆਪਣੇ ਬੰਦਿਆਂ ਦੀ ਹਾਈਕਿੰਗ ਟੀਮ ਪਹੁੰਚਣ 'ਤੇ ਅਸੀਂ 400 ਮੀਟਰ ਚੜ੍ਹਾਈ ਚੜ੍ਹ ਕੇ 'ਸੈਨਸਨ ਪੀਕ' ਟੀਸੀ 'ਤੇ ਜਾ ਪਹੁੰਚੇ। 'ਸੈਨਸਨ ਪੀਕ' ਤੋਂ ਲਾਗਲੀਆਂ ਪਹਾੜੀਆਂ ਨੂੰ ਅਸੀਂ ਬਹੁਤ ਨੇੜਿਓਂ ਦੇਖ ਰਹੇ ਸਾਂ। ਪਹਾੜੀਆਂ ਤੇ ਖੱਡਾਂ ਨੂੰ ਸਿਖਰ ਤੋਂ ਦੇਖਣ ਦਾ ਵੱਖਰਾ ਹੀ ਮਜ਼ਾ ਹੈ। ਤਾਪਮਾਨ 17 ਡਿਗਰੀ ਸੈਲਸੀਅਸ ਹੋਣ ਕਰ ਕੇ ਉੱਪਰ ਠੰਢ ਸੀ। ਟਰਮੀਨਲ 'ਚ ਪਰਤ ਕੇ ਅਸੀਂ ਕੈਫੇਟੇਰੀਆ ਤੋਂ ਕੌਫ਼ੀ ਨਾਲ ਸਨੈਕਸ ਖਾਧੇ। ਫਿਰ ਥੀਏਟਰ ਵਿਚ ਬੈਂਫ ਦੀਆਂ ਵਿਸ਼ੇਸ਼ਤਾਵਾਂ ਬਾਰੇ ਮੂਵੀ ਦੇਖੀ ਅਤੇ ਸਾਰੇ ਜਣੇ ਗੌਂਡੋਲਾ ਰਾਹੀਂ ਹੇਠਾਂ ਉੱਤਰ ਆਏ। ਬਾਜ਼ਾਰ 'ਚ ਘੁੰਮੇ, ਡਿਨਰ ਕੀਤਾ ਅਤੇ ਹੋਟਲ 'ਚ ਪਹੁੰਚ ਸੌਣ ਦੀਆਂ ਤਿਆਰੀਆਂ ਕਰਨ ਲੱਗ ਪਏ।

**22 ਜੁਲਾਈ:** ਸਾਡੀ ਯਾਤਰਾ ਦਾ ਆਖ਼ਰੀ ਦਿਨ ਸੀ। ਨਾਸ਼ਤੇ ਉਪਰੰਤ ਅਸੀਂ ਸਾਮਾਨ ਬੰਨ੍ਹ ਕੇ ਗੱਡੀਆਂ 'ਚ ਰੱਖਿਆ ਅਤੇ ਛੋਟਾ ਮਿਊਜ਼ੀਅਮ ਅਤੇ ਗੁਫ਼ਾ ਦੇਖਣ ਚਲੇ ਗਏ। ਬੈਂਫ ਪਾਰਕ 'ਚ ਜੌਬ ਕਰਦੇ ਕੁਲਵੰਤ ਦੇ ਭਾਣਜੇ ਅਮਰਦੀਪ ਦੀ ਡਿਊਟੀ ਇਸ ਲੋਕੇਸ਼ਨ 'ਤੇ ਸੀ। ਉਹ ਸਾਡੇ ਨਾਲ ਹੀ ਰਿਹਾ। ਨਿਆਣੇ 'ਹੌਟ ਸਪਰਿੰਗ' ਜੋ 'ਸਲਫਰ ਮਾਊਂਟੇਨ' ਦੇ ਪੈਰਾਂ 'ਚ ਹੈ, ਵਿਚ ਨਹਾਉਣਾ ਚਾਹੁੰਦੇ ਸਨ। ਉਨ੍ਹਾਂ ਨੂੰ ਉਥੇ ਛੱਡ ਕੇ ਅਸੀਂ ਲਾਗੇ ਪੈਂਦੇ ਬੱਫਲੋ ਨੇਸ਼ਨਜ਼ ਲਕਸਟਨ ਮਿਊਜ਼ੀਅਮ ਦੇਖਣ ਚਲੇ ਗਏ। ਚਿੱਤਰਾਂ, ਬੁੱਤਾਂ ਅਤੇ ਮੂਰਤੀਆਂ ਰਾਹੀਂ ਇਸ ਕਬੀਲੇ ਦੇ ਨੇਟਿਵਾਂ ਦੇ ਜੀਵਨ ਬਾਰੇ ਜਾਣਕਾਰੀ ਹਾਸਲ ਕਰਨ ਦੇ ਨਾਲ-ਨਾਲ ਅਸੀਂ ਮਿਊਜ਼ੀਅਮ ਦੀ ਕਲਾ ਨੂੰ ਵੀ ਮਾਣਿਆ।

'ਹੌਟ ਸਪਰਿੰਗ' ਤੋਂ ਨਿਆਣਿਆਂ ਨੂੰ ਲੈ ਕੇ ਲੰਚ ਕੀਤਾ ਅਤੇ ਵਾਪਸੀ ਦੀ ਤਿਆਰੀ ਕੱਸ ਲਈ। ਤੁਰਨ ਲੱਗਿਆਂ ਮੇਰਾ ਮਨ ਆਪ-ਮੁਹਾਰੇ ਬੋਲ ਉੱਠਿਆ, "ਪਿਆਰੇ ਬੈਂਫ ਨੈਸ਼ਨਲ ਪਾਰਕ! ਅਸੀਂ ਜਿਹੜੇ ਚਾਵਾਂ ਨਾਲ ਤੈਨੂੰ ਮਿਲਣ ਆਏ ਸਾਂ, ਉਹ ਸੌ ਪ੍ਰਤੀਸ਼ਤ ਪੂਰੇ ਹੋਏ ਹਨ। ਤੇਰੀ ਖ਼ੂਬਸੂਰਤੀ ਦੇ ਵਿਰਾਟ ਅਤੇ ਅਲੌਕਿਕ ਰੂਪ ਨੂੰ ਮਾਣ ਕੇ ਸਾਨੂੰ ਬਹੁਤ ਸਕੂਨ ਮਿਲਿਆ। ਅਸੀਂ ਸਮਝਦੇ ਹਾਂ ਕਿ ਹਰ ਸਾਲ, ਦੂਰੋਂ-ਨੇੜਿਓਂ, ਤੈਨੂੰ ਮਿਲਣ ਦੇਖਣ ਆਉਂਦੇ ਹਜ਼ਾਰਾਂ ਯਾਤਰੀ ਇਸ ਤਰ੍ਹਾਂ ਦੇ ਅਹਿਸਾਸ ਲੈ ਕੇ ਮੁੜਦੇ ਹੋਣਗੇ। ਤੇਰੀ ਖ਼ੂਬਸੂਰਤੀ, ਕਲਾ ਅਤੇ ਪ੍ਰਕਿਰਤਕ ਜਲੌਅ ਨੂੰ ਪ੍ਰਣਾਮ... ਅਲਵਿਦਾ।

# ਨਿਰੰਜਣ ਬੋਹਾ ਦੇ ਕਹਾਣੀ ਸੰਗ੍ਰਿਹ 'ਤੀਸਰੀ ਖਿੜਕੀ' 'ਚੋਂ ਝਾਕਦੀਆਂ ਪਰਿਵਾਰਕ ਪਰਿਸਥਿਤੀਆਂ



ਰਵਿੰਦਰ ਸਿੰਘ ਸੋਢੀ
ਰਿਚਮੰਡ ਕੈਨੇਡਾ
604-369-2371

ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਸਾਹਿਤਕਾਰ ਸਮਾਜਿਕ ਵਰਤਾਰਿਆਂ ਨੂੰ ਹੂਬਹੂ ਹੀ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ। ਕਈ ਵਾਰ ਸਾਹਿਤਕ ਕਿਰਤਾਂ ਵਿਚ ਸੱਚ ਭਾਰੂ ਹੁੰਦਾ ਹੈ ਅਤੇ ਕਲਪਨਾ ਘੱਟ ਅਤੇ ਕਈ ਵਾਰ ਇਸ ਤੋਂ ਉਲਟ ਅਤੇ ਜਾਂ ਨਿਰੋਲ ਸੱਚ ਜਾਂ ਕਲਪਨਾ ਦੇ ਸਹਾਰੇ ਵੀ ਕਿਸੇ ਸਾਹਿਤਕ ਕਿਰਤ ਦਾ ਤਾਣਾ ਬੁਣਿਆ ਹੁੰਦਾ ਹੈਂ। ਅਜਿਹੀਆਂ ਲਿਖਤਾਂ ਵਿਚ ਵੀ ਲੇਖਕ ਦੀ ਕਲਾ ਦੇ ਇਸ ਪੱਖ ਨੂੰ ਦੇਖਣਾ ਪੈਂਦਾ ਹੈ ਕਿ ਉਸ ਨੇ ਸੱਚ ਵਿਚ ਕਲਪਨਾ ਨੂੰ ਕਿਵੇਂ ਰਚਾਇਆ ਹੈ ਜਾਂ ਕਲਪਨਾ ਨੂੰ ਸਚਾਈ ਦੀ ਪੁੱਠ ਕਿਵੇਂ ਚਾੜ੍ਹੀ ਹੈ। ਨਿਰੰਜਣ ਬੋਹਾ ਦੇ ਕਹਾਣੀ ਸੰਗ੍ਰਿਹ 'ਤੀਸਰੀ ਖਿੜਕੀ' ਦੇ ਅਧਿਐਨ ਸਮੇਂ ਪਾਠਕਾਂ ਅਤੇ ਅਲੋਚਕਾਂ ਨੂੰ ਆਪਣਾ ਤੀਸਰਾ ਨੇਤਰ ਖੋਲ੍ਹਣਾ ਪੈਂਦਾ ਹੈ ਕਿਉਂ ਕਿ ਇਨ੍ਹਾਂ ਕਹਾਣੀਆਂ ਵਿਚ ਸਾਡੇ ਦੇਸ਼ ਦੇ ਮੱਧ ਵਰਗੀ ਪਰਿਵਾਰਾਂ ਵਿਚ ਵਾਪਰਦੀਆਂ ਰੋਜ਼ਮੱਰਾ ਦੀਆਂ ਨਿਰੋਲ ਸੱਚੀਆਂ ਘਟਨਾਵਾਂ ਅਤੇ ਲੇਖਕ ਦੀ ਕਲਪਨਾ ਸ਼ਕਤੀ, ਖੰਡ-ਖੀਰ ਦੀ ਤਰ੍ਹਾਂ ਇਕ ਦੂਜੇ ਵਿਚ ਇੱਕ-ਮਿੱਕ ਹੋਈਆਂ ਮਿਲਦੀਆਂ ਹਨ। ਭਾਵੇਂ ਸਾਡੇ ਦੇਸ਼ ਦੇ ਵੱਖ-ਵੱਖ ਰਾਜਾਂ ਦਾ ਆਪਣਾ-ਆਪਣਾ ਵੱਖਰਾ ਸਭਿਆਚਾਰ ਹੈ, ਪਰ ਤਾਂ ਵੀ ਪਰਿਵਾਰਕ ਜ਼ਿੰਦਗੀ ਦੀਆਂ ਉਲਝਣਾਂ ਤਕਰੀਬਨ-ਤਕਰੀਬਨ ਇਕੋ ਜਿਹੀਆਂ ਹੀ ਹਨ। ਇਸ ਲਈ ਨਿਰੰਜਣ ਬੋਹਾ ਦੀ 'ਤੀਸਰੀ ਖਿੜਕੀ' ਵਿਚੋਂ ਸਮੁੱਚੇ ਦੇਸ਼ ਦੇ ਆਮ ਪਰਿਵਾਰਕ ਹਾਲਾਤ ਦੀ ਝਲਕ ਦਿਖਾਈ ਦਿੰਦੀ ਹੈ। ਮਸਲਨ ਮਰਦ ਦੂਜੇ ਵਿਆਹ ਤੋਂ ਬਾਅਦ ਆਪਣੇ ਪਹਿਲੇ ਬੱਚੇ ਆਪਣੇ ਨਾਲ ਹੀ ਰੱਖਦਾ ਹੈਂ ਪਰ ਜੇ ਪਤਨੀ ਦੇ ਪਹਿਲੇ ਵਿਆਹ ਦੇ ਬੱਚੇ ਹੋਣ ਤਾਂ ਉਸ ਨੂੰ ਪੇਕੇ ਛੱਡ ਕੇ ਆਉਣਾ ਪੈਂਦਾ ਹੈ (ਉਹ ਮੇਰਾ ਵੀ ਕੁਝ ਲੱਗਦੈ), ਔਰਤ ਦਾ ਆਪਣੇ ਜੀਵਨ ਸਾਥੀ ਨਾਲ ਤਨ ਦਾ ਸਾਥ ਤਾਂ ਹੀ ਸੁਖਦ ਹੁੰਦਾ ਹੈ ਜੇ ਉਸ ਦਾ ਮਨ ਵੀ ਅਜਿਹੇ ਕਾਰਜ ਨਾਲ ਖੁਸ਼ ਹੋਵੇ (ਉਹ ਰਾਤ), ਕੁਝ ਔਰਤਾਂ ਆਪਣੇ ਪਤੀ ਦੀ ਬਿਮਾਰੀ ਦੇ ਹਾਲਾਤ ਅਤੇ ਉਸ ਦੀ ਆਰਥਿਕ ਬਦਹਾਲੀ ਕਾਰਨ ਉਸ ਨੂੰ ਆਪਣੇ ਤੇ ਭਾਰ ਸਮਝਦੀਆਂ ਹਨ, ਭਾਵੇਂ ਪਤੀ ਨੇ ਆਪਣੀ ਪਤਨੀ ਲਈ ਕਿੰਨੀਆਂ ਵੀ ਕੁਰਬਾਨੀਆਂ ਕਿਉਂ ਨਾ ਕੀਤੀਆਂ ਹੋਣ (ਕੋਈ ਤਾਂ ਹੈ!), ਪਤੀ-ਪਤਨੀ ਦਾ ਆਪਸੀ ਬੋਲ ਬੁਲਾਰਾ ਤਾਂ ਚਲਦਾ ਹੀ ਰਹਿੰਦਾ ਹੈ, ਪਰ ਪਤੀ ਆਪਣੇ ਦੋਸਤਾਂ ਦੇ ਸਾਹਮਣੇ ਆਪਣੀ ਪਤਨੀ ਵੱਲੋਂ ਕੁਝ ਬੋਲਣ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦਾ, ਆਪ ਜੋ ਮਰਜ਼ੀ ਕਹੀ ਜਾਵੇ; ਅੱਜ ਦੇ ਸਮੇਂ ਵਿਚ ਵੀ ਕਈ ਮਾਪੇ ਬੱਚਿਆਂ ਦੇ ਅੰਤਰ-ਜਾਤੀ ਵਿਆਹ ਨੂੰ ਸਹਿਮਤੀ ਨਹੀਂ ਦਿੰਦੇ। ਭਾਵੇਂ ਉਨ੍ਹਾਂ ਦੇ ਦਿਲ ਵਿਚ ਆਪਣੇ ਬੱਚਿਆਂ ਪ੍ਰਤੀ ਪਿਆਰ ਦੀ ਭਾਵਨਾ ਖਤਮ ਨਹੀਂ ਹੁੰਦੀ, ਪਰ ਫੋਕੀ ਆਕੜ ਉੱਤੇ ਅੜੇ ਉਹ ਆਪਣੇ ਬੱਚਿਆਂ ਤੋਂ ਮੂੰਹ ਮੋੜੀ ਹੀ ਰੱਖਦੇ ਹਨ (ਇਸ ਤਰ੍ਹਾਂ ਹੀ ਹੋਵੇਗਾ ਹੁਣ...), ਨਿਖੱਟੂ ਪਤੀ ਵੀ ਆਪਣੀ ਪਤਨੀ ਦੀ ਕਮਾਈ ਤੇ ਆਪਣਾ ਪੂਰਾ ਹੱਕ ਸਮਝਦੇ ਹਨ, ਪਰ ਆਪਣੀ ਥੋੜ੍ਹੀ ਕਮਾਈ ਵਿਚੋਂ ਪਤਨੀ ਦੀ ਕੋਈ ਖਾਹਿਸ਼ ਪੂਰੀ ਕਰਨ ਲਈ ਤਿਆਰ ਨਹੀਂ ਹੁੰਦੇ ਅਤੇ ਕਈ ਵਾਰ ਵਿਆਹ ਵਰਗੇ ਅਹਿਮ ਮਾਮਲੇ ਵਿਚ ਜਜ਼ਬਾਤੀ ਫੈਸਲੇ ਬਾਅਦ ਵਿਚ ਮੁਸ਼ਕਲ ਪੈਦਾ ਕਰਦੇ ਹਨ (ਇਕ ਦਾਅ ਹੋਰ), ਭਰਾਵਾਂ ਵਿਚ ਛੋਟੀ-ਛੋਟੀ ਗੱਲ ਤੇ ਆਪਸੀ ਮਨ ਮੁਟਾਵ ਅਤੇ ਪਿਉ ਦੀ ਜਾਇਦਾਦ ਵਿਚੋਂ ਜਿਆਦਾ ਹਿੱਸਾ ਲੈਣ ਦਾ ਲਾਲਚ (ਹੋਰ ਵੰਡ ਨਹੀਂ), ਸਾਧ/ਸਾਧਵੀਆਂ ਦੇ ਡੇਰਿਆਂ ਦੀ ਸੱਚਾਈ, ਸਕੀ ਮਾਂ ਵੱਲੋਂ ਹੀ ਆਪਣੀ ਅਜ਼ਾਦੀ ਵਿਚ ਵਿਘਨ ਪਾਉਣ ਵਾਲੀ ਕੁੜੀ ਨਾਲ ਨੀਚ ਹਰਕਤ (ਇਕ ਹੋਰ ਟਿਕਾਣਾ), ਸਧਾਰਨ ਪਰਿਵਾਰ ਦੀਆਂ ਆਰਥਕ ਥੁੜਾਂ ਦਾ ਵਰਣਨ (ਖਲਾਅ ਵਿਚ ਭਟਕਦੇ ਰਿਸ਼ਤੇ), ਮਾਮੇ ਦੇ ਮੁੰਡੇ ਵੱਲੋਂ ਹੀ ਜਵਾਨ ਕੁੜੀ ਤੇ ਭੈੜੀ ਨਜ਼ਰ ਰੱਖਣੀ, ਆਪ ਲੱਭੇ ਜੀਵਨ ਸਾਥੀ ਦਾ ਵੀ ਗਲਤ ਨਿਕਲਣਾ (ਤੀਸਰੀ ਖਿੜਕੀ), ਕੱਚੀ ਉਮਰੇ ਹੀ ਮਾਂ ਦੇ ਚਹੇਤੇ ਵੱਲੋਂ ਕੁੜੀ ਨਾਲ ਬਲਾਤਕਾਰ ਜਿਸ ਕਾਰਨ ਉਸ ਕੁੜੀ ਦੇ ਮਨ ਵਿਚ ਸੈਕਸ ਸ਼ਬਦ ਤੋਂ ਹੀ ਨਫ਼ਰਤ ਹੋਣ ਕਾਰਨ ਉਹ ਲੜਕੀ ਆਪਣੀ ਵਿਆਹੁਤਾ ਜ਼ਿੰਦਗੀ ਦਾ ਸੁਖ ਮਾਣਨ ਤੋਂ ਘਬਰਾਉਂਦੀ ਹੈ (ਤੂੰ ਇੰਜ ਨਾ ਕਰੀਂ), ਆਦਮੀਆਂ ਵੱਲੋਂ ਕਿਸੇ ਦੂਜੀ ਔਰਤ ਪ੍ਰਤੀ ਖਿੱਚ ਪੈਦਾ ਹੋਣ ਕਾਰਨ ਪਰਿਵਾਰਕ ਜੀਵਨ ਵਿਚ ਖਟਾਸ, ਅਜਿਹੇ ਸਮੇਂ ਸੱਸ ਵੱਲੋਂ ਨੂੰਹ ਦਾ ਸਾਥ ਦੇਣਾ ਅਤੇ ਅੰਤ ਵਿਚ ਆਪਣੇ ਮੁੰਡੇ ਨੂੰ ਮੁਆਫ਼ ਕਰਨ ਲਈ ਕਹਿਣਾ (ਬੋਲਾਂ ਤਾਂ ਕੀ ਬੋਲਾਂ), ਆਪਣੇ ਬਚਪਨ ਦੀਆਂ ਅਧੂਰੀਆਂ ਇੱਛਾਵਾਂ ਨੂੰ ਬੱਚਿਆਂ ਰਾਹੀਂ ਪੂਰੀ ਕਰਨ ਦੀ ਚਾਹਤ (ਆਪਣਾ ਹੀ ਪਰਛਾਵਾਂ)। 'ਤੀਸਰੀ ਖਿੜਕੀ' ਕਹਾਣੀ ਸੰਗ੍ਰਿਹ ਦੀਆਂ ਕਹਾਣੀਆਂ ਦੇ ਅਜਿਹੇ ਵਿਸ਼ਿਆਂ ਤੋਂ ਅਸੀਂ ਸਹਿਜੇ ਹੀ ਇਹ ਅਨੁਮਾਨ ਲਾ ਸਕਦੇ ਹਾਂ ਕਿ ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਵਿਚ ਮੱਧ ਵਰਗੀ ਪਰਿਵਾਰ ਦੀ ਜ਼ਿੰਦਗੀ ਦੇ ਕਈ ਪੱਖਾਂ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ ਹੈ।

ਸਾਹਿਤਕ ਕ੍ਰਿਤਾਂ ਦੀ ਪਰਖ ਕਰਨ ਸਮੇਂ ਇਹ ਤੱਥ ਹੀ ਕਾਫੀ ਨਹੀਂ ਹੁੰਦਾ ਕਿ ਲੇਖਕ ਨੇ ਆਪਣੀਆਂ ਰਚਨਾਵਾਂ ਵਿਚ ਕੀ ਦਰਸਾਇਆ ਹੈ। ਇਹ ਵੀ ਦੇਖਣਾ ਪੈਂਦਾ ਹੈ ਕਿ ਉਸ ਨੇ ਉਹ ਸਭ ਕੁਝ ਕਿਵੇਂ ਪੇਸ਼ ਕੀਤਾ ਹੈ। ਇਸ 'ਕਿਵੇਂ' ਨੂੰ ਅਸੀਂ ਲੇਖਕ ਦੀ ਸਾਹਿਤਕ ਮੁਹਾਰਤ, ਕਲਾ, ਸ਼ੈਲੀ ਜਾਂ ਹੋਰ ਅਜਿਹਾ ਕੁਝ ਕਹਿ ਸਕਦੇ ਹਾਂ।

ਪ੍ਰਸਤੁਤ ਪੁਸਤਕ ਦੇ ਅਧਿਐਨ ਉਪਰੰਤ ਕੁਝ ਪ੍ਰਮੁੱਖ ਨੁਕਤੇ ਸਾਹਮਣੇ ਆਉਂਦੇ ਹਨ। ਲੇਖਕ ਦੀ ਕਹਾਣੀ ਸ਼ੁਰੂ ਕਰਨ ਦੇ ਢੰਗ ਵਿਚ ਮੁਹਾਰਤ ਹੈ। ਉਹ ਕਹਾਣੀ ਦਾ ਪਹਿਲਾ ਵਾਕ ਹੀ ਅਜਿਹਾ ਲਿਖਦਾ ਹੈ ਕਿ ਪਾਠਕਾਂ ਵਿਚ ਉਤਸੁਕਤਾ ਪੈਦਾ ਹੁੰਦੀ ਹੈ ਕਿ ਕਹਾਣੀਕਾਰ ਕਹਿਣਾ ਕੀ ਚਾਹੁੰਦਾ ਹੈ ਜਾਂ ਕਿਸ ਚੀਜ਼ ਸੰਬੰਧੀ ਗੱਲ ਕਰਨ ਲੱਗਿਆ ਹੈ। ਪਹਿਲੀ ਕਹਾਣੀ 'ਉਹ ਮੇਰਾ ਵੀ ਕੁਝ ਲੱਗਦੈ' ਦਾ ਮੁੱਢ ਇਨ੍ਹਾਂ ਸਤਰ੍ਹਾਂ ਨਾਲ ਹੁੰਦਾ ਹੈਂ, "ਅੱਖਾਂ ਮੀਟ ਕੇ ਸੌਣ ਦਾ ਨਾਟਕ ਜਰੂਰ ਕਰ ਲੈਂਦੀ ਹਾਂ ਪਰ ਨੀਂਦ ਆਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਮੈਂ ਇਹ ਨਾਟਕ ਨਹੀਂ ਕਰਨਾ ਚਾਹੁੰਦੀ ਪਰ...।" ਇਹ ਵਾਕ ਪੜ੍ਹਦੇ ਹੀ ਪਾਠਕ ਇਹ ਜਾਣਨ ਲਈ ਕਾਹਲਾ ਪੈਂਦਾ ਹੈ ਕਿ ਉਹ ਇਸ ਤਰ੍ਹਾਂ ਕਿਉਂ ਕਰ ਰਹੀ ਹੈ? ਉਸਦੀ ਅਜਿਹੀ ਹਾਲਾਤ ਲਈ ਕੌਣ ਜ਼ਿੰਮੇਵਾਰ ਹੈ ਜਾਂ ਉਸ ਨਾਲ ਕੀ ਅਣਹੋਣੀ ਵਾਪਰ ਚੁੱਕੀ ਹੈ? ਇਸੇ ਤਰ੍ਹਾਂ ਹੀ 'ਤੂੰ ਇੰਜ ਨਾ ਕਰੀਂ' ਕਹਾਣੀ ਨੂੰ ਦੇਖਿਆ ਜਾ ਸਕਦਾ ਹੈ। "ਸਵੇਰੇ ਮੇਰੇ ਸਹੁਰਿਆਂ ਵੱਲੋਂ ਪੰਚਾਇਤ ਆਉਣੀ ਹੈਂ ਇਸ ਲਈ ਸਾਰੀ ਰਾਤ ਫਿਕਰਾਂ ਨਾਲ ਪਾਸੇ ਮਾਰਦਿਆਂ ਹੀ ਲੰਘੀ ਹੈ"। ਪਾਠਕ ਇਹ ਪੜ੍ਹ ਕੇ ਸੋਚਦੇ ਹਨ ਕਿ ਇਹ ਪਾਤਰ ਕੌਣ ਹੈ, ਆਦਮੀ ਹੈ ਜਾਂ ਔਰਤ, ਉਸ ਦੇ ਸਹੁਰਿਆਂ ਦੇ ਪਿੰਡ ਤੋਂ ਪੰਚਾਇਤ ਕਿਉਂ ਆਉਣੀ ਹੈ? ਅਜਿਹੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਉਹ ਜਲਦੀ-ਜਲਦੀ ਕਹਾਣੀ ਪੜ੍ਹਨੀ ਚਾਹੁੰਦਾ ਹੈ। ਅੱਗੇ ਜਾ ਕੇ ਹੋਰ ਕਈ ਅਜਿਹੇ ਵਾਕ ਹਨ ਜਿੰਨਾਂ ਤੋਂ ਪਾਠਕਾਂ ਵਿਚ ਕਹਾਣੀ ਪ੍ਰਤੀ ਵਧੇਰੇ ਰੁਚੀ ਜਾਗਦੀ ਹੈ। "ਕੋਈ ਵੀ ਕੁੜੀ ਆਪਣੇ ਮਾਮੇ ਸਾਹਮਣੇ ਆਪਣੀ ਮਾਂ ਦਾ ਪਰਦਾ ਨਹੀਂ ਚੁੱਕ ਸਕਦੀ"; "ਪਾਪਾ ਮਰੇ ਨਹੀਂ ਸਨ ਸਗੋਂ ਉਨ੍ਹਾਂ ਨੂੰ ਮੰਮੀ ਦੀਆਂ ਸੈਕਸ ਇੱਛਾਵਾਂ ਨੇ ਮਾਰਿਐ" ਆਦਿ। ਇਹੋ ਜਿਹੀਆਂ ਸਤਰ੍ਹਾਂ ਪਾਠਕਾਂ ਨੂੰ ਕਹਾਣੀ ਇਕੋ ਸਾਹੇ ਪੜ੍ਹਨ ਲਈ ਖਿੱਚ ਪਾਉਂਦੀਆਂ ਹਨ। ਜਿਹੜੀ ਕਹਾਣੀ ਪਾਠਕਾਂ ਨੂੰ ਅੰਤ ਤੱਕ ਆਪਣੇ ਨਾਲ ਜੋੜੀ ਰੱਖਦੀ ਹੈ, ਉਹੀ ਕਹਾਣੀ ਸਫਲ ਮੰਨੀ ਜਾਂਦੀ ਹੈ।

ਕਹਾਣੀ ਦੇ ਮੁੱਢ ਦੇ ਨਾਲ-ਨਾਲ ਕਹਾਣੀ ਦੇ ਅੰਤ ਵੀ ਅਜਿਹਾ ਹੋਣਾ ਚਾਹੀਦਾ ਹੈ ਕਿ ਕਹਾਣੀ ਖਤਮ ਹੋਣ ਤੋਂ ਬਾਅਦ ਵੀ ਪਾਠਕ ਉਸ ਸੰਬੰਧੀ ਸੋਚਣ ਤੇ ਮਜਬੂਰ ਹੋ ਜਾਵੇ, ਉਸ ਦੇ ਦਿਲ ਵਿਚ ਇਹ ਆਵੇ ਕਿ ਇਸ ਤੋਂ ਬਾਅਦ ਹੋਰ ਕੀ ਹੋ ਸਕਦਾ ਹੈ? ਕਹਾਣੀ ਦਾ ਅੰਤ ਹੋ ਜਾਵੇ, ਪਰ ਪਾਠਕ ਨੂੰ ਕਹਾਣੀ ਦੇ ਕਿਸੇ ਪਾਤਰ ਸੰਬੰਧੀ ਇਹ ਜਿਗਿਆਸਾ ਬਣੀ ਰਹੇ ਕਿ ਉਸ ਨਾਲ ਇਸ ਤੋਂ ਬਾਅਦ ਕੀ ਵਾਪਰਿਆ ਹੋਵੇ ਗਾ?'ਕੋਈ ਤਾਂ ਹੈ' ਕਹਾਣੀ ਦੇ ਅੰਤ ਵਿਚ ਜਦੋਂ ਸੰਤੋਖ ਦਾ ਮਤਰੇਆ ਮੁੰਡਾ ਅਤੇ ਉਸਦੀ ਪਤਨੀ ਉਸ ਨੂੰ ਆਪਣੇ ਨਾਲ ਰਹਿਣ ਦਾ ਸੱਦਾ ਦੇਣ ਆਉਂਦੇ ਹਨ ਤਾਂ ਸੰਤੋਖ ਇਸ ਗੱਲ ਦਾ ਸਪੱਸ਼ਟ ਜੁਆਬ ਨਹੀਂ ਦਿੰਦਾ। ਕਹਾਣੀ ਖਤਮ ਹੋ ਜਾਂਦੀ ਹੈ, ਪਰ ਪਾਠਕ ਸੋਚਦੇ ਰਹਿੰਦੇ ਹਨ ਕਿ ਕੀ ਸੰਤੋਖ, ਉਨ੍ਹਾਂ ਨਾਲ ਰਹਿਣ ਲਈ ਜਾਵੇ ਗਾ ਜਾਂ ਨਹੀਂ? ਕਹਾਣੀ 'ਬੋਲਾਂ ਤਾਂ ਕੀ ਬੋਲਾਂ' ਦੇ ਅਖੀਰ ਵਿਚ ਜਦੋਂ ਨਾਇਕਾ ਆਪਣੀ ਸੱਸ ਨੂੰ ਆਪਣਾ ਫੈਸਲਾ ਸੁਣਾਉਂਦੀ ਹੈ ਕਿ ਉਹ ਆਪਣੇ ਪੁੱਤਰ ਕੋਲ ਜਾ ਸਕਦੀ ਹੈ ਜਾਂ ਆਪਣੇ ਇਸ ਘਰ ਵਿਚ ਲਿਆ ਸਕਦੀ ਹੈ ਤਾਂ ਇਕੋ ਦਮ ਉਸਦੀ ਨਜ਼ਰ ਦਰਵਾਜ਼ੇ ਤੇ ਖੜ੍ਹੇ ਆਪਣੇ ਪਤੀ ਵੱਲ ਜਾਂਦੀ ਹੈ। ਇਥੇ ਕਹਾਣੀਕਾਰ ਇਕ ਵੇਰ ਫੇਰ ਬੜੇ ਕਲਾਮਈ ਢੰਗ ਨਾਲ ਕਹਾਣੀ ਨੂੰ ਖਤਮ ਕਰਦੇ ਹੋਏ ਲਿਖਦਾ ਹੈ, "ਆਪਣੀਆਂ ਅੱਖਾਂ ਦੇ ਬੰਨ੍ਹ ਨੂੰ ਟੁੱਟਣ ਤੋਂ ਬਚਾਉਂਦੀ ਹੋਈ ਕਾਹਲੀ ਨਾਲ ਕਮਰੇ ਅੰਦਰ ਚਲੀ ਗਈ ।" ਲੇਖਕ ਨੇ ਭਾਵੇਂ ਕਹਾਣੀ ਖਤਮ ਕਰ ਦਿੱਤੀ ਹੈ, ਪਰ ਪਾਠਕ ਲਈ ਕਹਾਣੀ ਖਤਮ ਨਹੀਂ ਹੋਈ। ਉਸ ਦੇ ਦਿਲ ਵਿਚ ਇਹ ਜਾਣਨ ਦੀ ਜਿਗਿਆਸਾ ਬਣੀ ਰਹਿੰਦੀ ਹੈ ਕਿ ਪਤੀ-ਪਤਨੀ ਦਾ ਆਪਸ ਵਿਚ ਸਮਝੌਤਾ ਹੋਇਆ ਜਾਂ ਨਹੀਂ? ਕੀ ਪਤਨੀ ਘਰ ਨੂੰ ਛੱਡ ਕੇ ਗਈ ਜਾਂ ਨਹੀਂ। ਪਾਠਕ ਦੀ ਅਜਿਹੀ ਮਨੋ ਦਸ਼ਾ ਕਹਾਣੀ ਲਈ ਸੰਜੀਵਨੀ ਬੂਟੀ ਦਾ ਕੰਮ ਕਰਦੀ ਹੈ, ਜਿਸ ਤੋਂ ਸਹਿਜੇ ਹੀ ਕਹਾਣੀਕਾਰ ਦੀ ਪ੍ਰਤਿਭਾ ਉਜਾਗਰ ਹੁੰਦੀ ਹੈ। ਇਸ ਸੰਗ੍ਰਹਿ ਦੀਆਂ ਕੁਝ ਹੋਰ ਕਹਾਣੀਆਂ ਵਿਚ ਵੀ ਅਜਿਹੀ ਜੁਗਤ ਅਪਣਾਈ ਗਈ ਹੈ।

ਕਹਾਣੀ ਦੀ ਸਫਲਤਾ ਇਸ ਗੱਲ ਤੇ ਵੀ ਨਿਰਭਰ ਕਰਦੀ ਹੈ ਕਿ ਕਹਾਣੀਕਾਰ ਦੀ ਭਾਸ਼ਾ ਤੇ ਕਿੰਨੀ ਕੁ ਪਕੜ ਹੈ। ਕੀ ਉਹ ਇਸ਼ਾਰਿਆਂ ਨਾਲ ਹੀ ਗੱਲ ਸਮਝਾਉਣ ਦੇ ਸਮਰਥ ਹੈ? ਕੀ ਉਸ ਕੋਲ ਗੁੱਝੀਆਂ ਗੱਲਾਂ ਨੂੰ ਵੀ ਸਧਾਰਨ ਢੰਗ ਨਾਲ ਕਹਿਣ ਦੀ ਕਲਾ ਹੈ? ਕੀ ਉਹ ਸੰਖੇਪਤਾ ਨਾਲ ਹੀ ਸਾਰੀਆਂ ਗੱਲਾਂ ਦੱਸਣ ਦੇ ਯੋਗ ਹੈ? ਅਜਿਹੀਆਂ ਕਲਾਤਮਕ ਛੋਹਾਂ ਵਾਲੀ ਕਹਾਣੀ ਪਾਠਕਾਂ ਨੂੰ ਜਿਆਦਾ ਪ੍ਰਭਾਵਿਤ ਕਰਦੀ ਹੈ। ਇਸ ਪੱਖੋਂ ਵੀ ਨਿਰੰਜਣ ਬੋਹਾ ਪੂਰਨ ਤੌਰ ਤੇ ਸਫਲ ਰਿਹਾ ਹੈ। 'ਤੀਸਰੀ ਖਿੜਕੀ' ਕਹਾਣੀ ਸੰਗ੍ਰਿਹ ਦੀਆਂ ਕੁਝ ਕਹਾਣੀਆਂ ਵਿਚੋਂ ਕੁਝ ਉਦਾਹਰਣਾਂ ਦੇਖਣ ਵਾਲੀਆਂ ਹਨ। "ਮੈਨੂੰ ਨੌਕਰੀ ਤਾਂ ਲੱਗ ਲੈਣ ਦਿ"...ਕਿਉਂ ਘਰੋਂ ਕੱਢਣ ਦੀ ਏਨੀ ਕਾਹਲ ਕੀਤੀ ਹੈ।" (ਬੋਲਾਂ ਤਾਂ ਕੀ ਬੋਲਾਂ), "ਜਿਹੜਾ ਕੁਝ ਧੀਰਜ ਮੇਰੇ ਨਾਲ ਪਹਿਲੀ ਰਾਤ ਕਰਨਾ ਚਾਹੁੰਦਾ ਸੀ, ਉਹ ਤਾਂ ਮੇਰੇ ਨਾਲ ਤੇਰਾਂ ਸਾਲ ਦੀ ਬਾਲੜੀ ਉਮਰ ਵਿਚ ਹੀ ਹੋ ਚੁੱਕਾ ਸੀ।" (ਤੂੰ ਇੰਜ ਨਾ ਕਰੀਂ), "ਉਹ ਦਿਨ ਸੋ ਇਹ ਦਿਨ, ਕਿਸੇ ਨਾਲ ਸੈਕਸ ਕਰਨ ਦੀ ਗੱਲ ਤਾਂ ਦੂਰ ਮੇਰਾ ਸਰੀਰ ਤਾਂ ਸੈਕਸ ਦੀ ਗੱਲ ਸੁਣ ਕੇ ਹੀ ਠੰਡਾ ਪੈ ਜਾਂਦਾ ਹੈ।", "ਮੇਰਾ ਹਾਸਾ ਵੀ ਮੇਰੀ ਉਦਾਸੀ ਵਰਗਾ ਫਿੱਕਾ ਹੁੰਦਾ।" (ਉਹ ਮੇਰਾ ਕੀ ਲੱਗਦੈ)। ਲੇਖਕ ਨੇ ਕੁਝ ਵਰਜਿਤ ਵਿਸ਼ਿਆਂ ਬਾਰੇ ਬੜੇ ਹੀ ਸਾਊ ਢੰਗ ਨਾਲ ਗੱਲ ਕੀਤੀ ਹੈ।

ਪ੍ਰਸਤੁਤ ਕਹਾਣੀ ਸੰਗ੍ਰਿਹ ਦੀਆਂ ਕਈ ਕਹਾਣੀਆਂ ਵਿਚ ਪਾਤਰਾਂ ਦੀ ਮਨੋ ਸਥਿਤੀ ਨੂੰ ਵੀ ਵਧੀਆ ਢੰਗ ਨਾਲ ਪ੍ਰਗਟਾਇਆ ਹੈ। ਜਿਵੇਂ 'ਉਹ ਮੇਰਾ ਵੀ ਕੁਝ ਲੱਗਦੈ' ਵਿਚ ਮੰਮੀ ਅਤੇ ਉਸ ਦੇ ਛੋਟੇ ਜਿਹੇ ਪੁੱਤਰ ਦੇ ਅੰਤਰੀਵ ਭਾਵਾਂ ਦਾ ਪ੍ਰਗਟਾਉ, 'ਕੋਈ ਤਾਂ ਹੈ!' ਦੇ ਸੰਤੋਖ ਸਿੰਘ ਦਾ ਅੰਦਰੂਨੀ ਸੰਘਰਸ਼, 'ਕੋਈ ਹੋਰ ਟਿਕਾਣਾ' ਦੀ ਮਿਨਾਕਸ਼ੀ, ਤੀਸਰੀ ਖਿੜਕੀ ਦੀ ਨਾਇਕਾ, 'ਤੂੰ ਇੰਜ ਨਾ ਕਰੀਂ' ਦੀ ਸੁਮਨ ਆਦਿ।

ਕਹਾਣੀਕਾਰ ਨੇ ਭਾਵੇਂ ਆਪਣੀ ਪੁਸਤਕ ਦਾ ਨਾਮਕਰਨ 'ਤੀਸਰੀ ਖਿੜਕੀ' ਵਾਲੀ ਕਹਾਣੀ ਦੇ ਨਾਂ 'ਤੇ ਕੀਤਾ ਹੈ, ਪਰ ਮੇਰੇ ਮੁਤਾਬਕ ਇਸ ਸੰਗ੍ਰਿਹ ਦੀ ਸਭ ਤੋਂ ਵਧੀਆ ਕਹਾਣੀ 'ਤੂੰ ਇੰਜ ਨਾ ਕਰੀਂ' ਹੈ। ਇਹ ਕਹਾਣੀ ਪੰਜਾਬੀ ਸਾਹਿਤ ਦੀਆਂ ਕੁਝ ਖਾਸ ਕਹਾਣੀਆਂ ਵਿਚ ਸ਼ੁਮਾਰ ਹੋਣ ਦੀ ਹੱਕਦਾਰ ਹੈ।

ਏਨੀਆਂ ਖ਼ੂਬੀਆਂ ਵਾਲੇ ਕਹਾਣੀ ਸੰਗ੍ਰਿਹ ਵਿਚ ਇਕ ਦੋ ਕਹਾਣੀਆਂ ਵਿਚ ਕੁਝ ਲਟਕ ਗਈਆਂ ਵੀ ਪ੍ਰਤੀਤ ਹੁੰਦੀਆਂ ਹਨ। ਉਨ੍ਹਾਂ ਵਿਚ ਦਿੱਤੇ ਵਿਸਤਾਰ ਨੂੰ ਕੁਝ ਘਟਾਇਆ ਜਾ ਸਕਦਾ ਸੀ।

ਸਮੁੱਚੇ ਰੂਪ ਵਿਚ ਨਿਰੰਜਣ ਬੋਹਾ ਨੇ 'ਤੀਸਰੀ ਖਿੜਕੀ' ਕਹਾਣੀ ਸੰਗ੍ਰਿਹ ਨਾਲ ਪੰਜਾਬੀ ਕਹਾਣੀ ਪਰੰਪਰਾ ਨੂੰ ਨਵੀਂ ਸੇਧ ਦਿੱਤੀ ਹੈ। ਅਸਲ ਵਿਚ ਇਹ ਕਹਾਣੀਕਾਰ ਜਿਆਦਾ ਲਿਖਣ ਨਾਲੋਂ ਜਿਆਦਾ ਪੜ੍ਹਨ ਵਿਚ ਵਿਸ਼ਵਾਸ ਰੱਖਦਾ ਹੈ, ਜਿਸ ਨਾਲ ਉਸ ਕੋਲ ਗਿਆਨ ਦਾ ਵਿਸ਼ਾਲ ਜਖ਼ੀਰਾ ਹੈ। ਉਹ ਪੜਚੋਲਵੀਂ ਨਜ਼ਰ ਨਾਲ ਚੰਗੀਆਂ ਸਾਹਿਤਕ ਪੁਸਤਕਾਂ ਨੂੰ ਘੋਖ ਕੇ ਉਨ੍ਹਾਂ ਸੰਬੰਧੀ ਲਿਖਦਾ ਰਹਿੰਦਾ ਹੈ। ਚੇਤਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਵਿਚ 12 ਕਹਾਣੀਆਂ ਦਰਜ ਹਨ ਅਤੇ 142 ਪੰਨਿਆਂ ਦੀ ਇਸ ਪੁਸਤਕ ਦੀ ਦਿਖ ਵੀ ਪ੍ਰਭਾਵਸ਼ਾਲੀ ਹੈ। ਪੰਜਾਬੀ ਪਾਠਕਾਂ ਅਤੇ ਅਲੋਚਕਾਂ ਵੱਲੋਂ ਇਸ ਪੁਸਤਕ ਦਾ ਜੋ ਖੈਰ ਮਕਦਮ ਹੋਇਆ ਹੈ, ਇਹ ਉਸ ਦੀ ਪੂਰੀ ਹੱਕਦਾਰ ਹੈ।

# ਰੋਜ਼ਾਨਾ ਦੇ ਬੱਸ ਸਫਰ ਦੇ ਨਿਵੇਕਲੇ ਅਨੁਭਵਾਂ ਦੀ ਤਰਜ਼ਮਾਨੀ ਕਰਦੀ ਪੁਸਤਕ

ਨਿਰੰਜਣ ਬੋਹਾ
ਮੋਬਾਇਲ -89682-82700

ਪੰਜਾਬੀ ਕਹਾਣੀ, ਸਾਹਿਤ ਸਮੀਖਿਆ, ਕਵਿਤਾ ਤੇ ਵਾਤਰਕ ਦੇ ਖੇਤਰ ਵਿਚ ਚੰਗਾ ਨਾਂ ਥਾਂ ਰੱਖਣ ਵਾਲੀ ਡਾ. ਬਲਵੀਰ ਕੌਰ ਰੀਹਲ ਦੀ ਹੱਥਲੀ ਪੁਸਤਕ 'ਸਫਰ ਅਜੇ ਬਾਕੀ ਹੈ' ਘਰ ਤੋਂ ਦੂਰ ਨੌਕਰੀ ਕਰਨ ਵਾਲੀਆਂ ਉਨ੍ਹਾਂ ਔਰਤਾਂ ਦੇ ਨਿਵੇਕਲੇ ਕਿਸਮ ਦੇ ਅਨੁਭਵਾਂ ਨੂੰ ਆਪਣੀ ਅਭਿਵਿਅਕਤੀ ਦਾ ਮਾਧਿਅਮ ਬਣਾਉਂਦੀ ਹੈ ਜੋ ਅਨੁਭਵ ਰੋਜ਼ਾਨਾਂ ਦੇ ਬੱਸ ਸਫਰ ਦੌਰਾਨ ਉਨ੍ਹਾਂ ਨੂੰ ਚਾਹੇ ਜਾਂ ਅਣਚਾਹੇ ਤੌਰ ਤੇ ਹਾਸਿਲ ਹੁੰਦੇ ਹਨ। ਮੱਧਵਰਗੀ ਨੌਕਰੀਸ਼ੁਦਾ ਔਰਤਾਂ ਨੂੰ ਭਾਵੇਂ ਇਹ ਸਫਰ ਮਜਬੂਰੀ ਵੱਸ ਹੀ ਕਰਨਾ ਪੈਂਦਾ ਹੈ, ਪਰ ਇਸ ਸਫਰ ਦੌਰਾਨ ਉਨ੍ਹਾਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰਲੀ ਦੁਨੀਆਂ ਬਾਰੇ ਅਜਿਹੇ ਬਹੁਤ ਸਾਰੇ ਅਜਿਹੇ ਕੌੜੇ-ਮਿੱਠੇ ਅਨੁਭਵ ਹੁੰਦੇ ਹਨ ਜੋ ਉਨ੍ਹਾਂ ਨੂੰ ਦੁਨੀਆਦਾਰੀ ਬਾਰੇ ਬਹੁਤ ਕੁਝ ਸਿਖਾਉਂਦੇ ਵੀ ਹਨ ਤੇ ਆਪਣੀ ਸੁਰੱਖਿਆ ਨੂੰ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਵੀ ਬਣਾਉਂਦੇ ਹਨ। ਕਦੇ ਕਦਾਈ ਬੱਸ ਵਿਚ ਸਫਰ ਕਰਨ ਵਾਲੀ ਔਰਤ ਤਾਂ ਸਫਰ ਦੌਰਾਨ ਆਪਣੇ 'ਤੇ ਪੈਣ ਵਾਲੀ ਪੁਰਸ਼ ਦੀ ਮਾੜੀ ਨਜ਼ਰ ਨੂੰ ਕਿਸੇ ਵੇਲੇ ਨਜ਼ਰ ਅੰਦਾਜ਼ ਵੀ ਕਰ ਸਕਦੀ ਹੈ ਪਰ ਜੇ ਰੋਜ਼ਾਨਾ ਸਫ਼ਰ ਕਰਨ ਵਾਲੀ ਔਰਤ ਅਜਿਹੀ ਨਜ਼ਰ ਵਾਲੇ ਨੂੰ ਢੁੱਕਵਾਂ ਜਵਾਬ ਨਹੀਂ ਦਿੰਦੀ ਤਾਂ ਇਹ ਗੱਲ ਉਸ ਲਈ ਭਵਿੱਖ ਦੀ ਗੰਭੀਰ ਸਮੱਸਿਆ ਵੀ ਬਣ ਸਕਦੀ ਹੈ। ਉਸਨੂੰ ਸਹੇ ਦੇ ਲੰਘ ਜਾਣ ਨਾਲੋ ਪਹੇ ਦੇ ਪੈਣ ਦਾ ਵੱਧ ਫਿਕਰ ਹੁੰਦਾ ਹੈ ਇਸ ਲਈ ਉਸਨੂੰ ਬੱਸ ਸਫਰ ਦੌਰਾਨ



ਹਰ ਰੋਜ਼ ਕੁਝ ਵਿਸ਼ੇਸ਼ ਸਾਵਧਾਨੀਆਂ ਦਾ ਪਾਲਣ ਕਰਨ ਪੈਂਦਾ ਹੈ। ਇਸੇ ਲਈ ਆਪਣੀ ਸੁਰੱਖਿਆ ਦੀ ਲੋੜ ਵਿਚ ਪੈਦਾ ਹੋਈ ਚੌਕਸੀ ਨੂੰ ਬਿਆਨਦਿਆਂ ਡਾ. ਰੀਹਲ ਆਖਦੀ ਹੈ-

"ਬੱਸ ਵਿਚ ਸੀਟ ਲੈਣ ਤੋਂ ਪਹਿਲਾਂ ਇਹ ਨਿਗਾਹ ਰੱਖਣੀ ਪੈਂਦੀ ਹੈ ਕਿ ਤੁਹਾਡੇ ਨਾਲ ਦੀ ਸੀਟ ਤੇ ਕੌਣ ਬੈਠਾ ਹੈ ਤੇ ਕੌਣ ਬੈਠ ਰਿਹਾ ਹੈ। ਕਈ ਬੰਦਿਆਂ ਨੂੰ ਆਦਤ ਹੁੰਦੀ ਆ, ਨਾਲ ਹੀ ਜੁੜੀ ਜਾਣਗੇ। ਆਪ ਭਾਵੇਂ ਪਿੱਛੇ ਹੱਟੀ ਜਾਵੋ, ਉਹ ਫਿਰ ਵੀ ਨਾਲ ਚਿੰਬੜੇ ਰਹਿਣਗੇ।

ਡਾ. ਰੀਹਲ ਆਪਣੀ ਨੌਕਰੀ ਦੌਰਾਨ ਕੀਤੇ ਰੋਜ਼ਾਨਾ ਬਸ ਸਫਰ ਦਾ ਇਸ ਤਰ੍ਹਾਂ ਦਾ ਸਜੀਵ ਬਿਰਤਾਂਤ ਸਿਰਜਦੀ ਹੈ ਕਿ ਪਾਠਕਾਂ ਨੂੰ ਆਪ ਬੱਸ ਵਿਚ ਬੈਠੇ ਹੋਣ ਦਾ ਅਹਿਸਾਸ ਹੋਣ ਲੱਗਦਾ ਹੈ। ਬੱਸ ਸਫਰ ਦੀ ਨਿਰੰਤਰਤਾ ਨੇ ਉਸਨੂੰ ਡਰਾਈਵਰਾਂ, ਕੰਡਕਟਰਾਂ, ਅੱਡਾ ਇੰਚਾਰਜ਼ਾਂ, ਹਾਕਰਾਂ, ਚੈਕਰਾਂ. ਬੱਸ ਮਾਲਕਾ ਤੋਂ ਲੈ ਕੇ ਰੋਜ਼ਾਨਾ ਸਫ਼ਰ ਕਰਨ ਵਾਲੀਆਂ ਸਵਾਰੀਆਂ ਦੇ ਮਨੋ-ਵਿਗਿਆਨ ਬਾਰੇ ਬਹੁਤ ਕੁਝ ਜਾਣੂ ਕਰਵਾ ਦਿੱਤਾ ਹੈ ਤੇ ਇਸ ਜਾਣਕਾਰੀ ਦੇ ਅਧਾਰ 'ਤੇ ਹੀ ਉਹ ਬੱਸ ਸਫਰ ਨਾਲ ਸਬੰਧਤ ਧਿਰਾਂ ਨਾਲ ਆਪਣੀ ਨੇੜਤਾ ਜਾਂ ਦੂਰੀ ਬਣਾ ਕੇ ਰੱਖਦੀ ਹੈ। ਨਿੱਤ ਦੇ ਸਫ਼ਰ ਨੇ ਉਸਨੂੰ ਏਨੀ ਸਬਲਾ ਬਣਾ ਦਿੱਤਾ ਹੈ ਕਿ ਉਹ ਗਲਤ ਵਿਵਹਾਰ ਕਰਨ ਵਾਲੇ ਕਿਸੇ ਵੀ ਡਰਾਈਵਰ-ਕੰਡਕਟਰ ਦੀ ਸ਼ਿਕਾਇਤ ਕਰਕੇ ਉਸ ਦੀ ਨੌਕਰੀ ਨੂੰ ਖਤਰਾ ਪੈਦਾ ਕਰ ਸਕਦੀ ਹੈ। ਚਾਹੇ ਇਕ ਦੋ ਵਾਰ ਉਸ ਅਜਿਹਾ ਕੀਤਾ ਵੀ ਹੈ ਪਰ ਵਧੇਰੇ ਕਰਕੇ ਉਨ੍ਹਾਂ ਘਰ ਪਰਿਵਾਰ ਤੇ ਬੱਚਿਆਂ ਪ੍ਰਤੀ ਉਸ ਅੰਦਰਲੀ ਮਾਨਵੀ ਸੁਹਿਰਦਤਾ ਉਸ ਨੂੰ ਵਧੇਰੇ ਕਠੋਰ ਫੈਸਲੇ ਨਹੀਂ ਲੈਣ ਦਿੰਦੀ।

ਨਵਾਂ ਸ਼ਹਿਰ ਤੋਂ ਮਾਹਿਲਪੁਰ ਦੇ ਰੋਜ਼ਾਨਾ ਦੇ ਦੋ ਢਾਈ ਘੰਟੇ ਦੇ ਆਉਣ ਜਾਣ ਦੇ ਸਫਰ ਦੌਰਾਨ ਜਿੱਥੇ ਉਸਨੂੰ ਬਹੁਤ ਸਾਰੀਆਂ ਮੁਸ਼ਕਲਾ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਉਸਨੂੰ ਇਸ ਗੱਲ ਦਾ ਲਾਭ ਵੀ ਹੁੰਦਾ ਹੈ ਕਿ ਲੋਕਾਂ ਨਾਲ




ਮਿਲਵਰਤਣ ਦੇ ਬਹੁਤ ਸਾਰੇ ਮੌਕੇ ਮਿਲ ਜਾਂਦੇ ਹਨ। ਆਪਣੇ ਸਹਿ -ਯਾਤਰੀਆਂ ਨੂੰ ਕੋਈ ਮੁਸ਼ਕਲ ਪੇਸ਼ ਆਉਣ 'ਤੇ ਉਸ ਅੰਦਰ ਬੈਠੀ ਸੰਵੇਦਨਸ਼ੀਲ ਲੇਖਿਕਾ ਹਰ ਸੰਭਵ ਢੰਗ ਨਾਲ ਉਨ੍ਹਾਂ ਦੀ ਮੱਦਦ ਕਰਨ ਦੀ ਕੋਸ਼ਿਸ਼ ਵੀ ਕਰਦੀ ਹੈ। ਆਪਣੇ ਨਾਲ ਹੀ ਨਹੀਂ ਸਗੋਂ ਜਦੋ ਕਿਸੇ ਹੋਰ ਕੁੜੀ ਨਾਲ ਵੀ ਕੋਈ ਪੁਰਸ਼ ਸਵਾਰੀ ਸਹਿ ਯਾਤਰੀ ਹੋਣ ਦੀਆਂ ਹੱਦਾ ਪਾਰ ਕਰਦੀ ਹੈ, ਤਾਂ ਉਸ ਤੋਂ ਬੋਲੇ ਬਗੈਰ ਨਹੀਂ ਰਿਹਾ ਜਾ ਸਕਦਾ ਤੇ ਉਸਨੂੰ ਆਪਣੇ ਨਾਲ ਸਫਰ ਕਰਨ ਵਾਲੇ ਹੋਰ ਦਫ਼ਤਰੀ ਕਰਮਚਾਰੀਆਂ ਦੀ ਇਸ ਮਾਮਲੇ ਤੇ ਧਾਰੀ ਚੁੱਪ ਰੜਕਦੀ ਵੀ ਹੈ। ਰਸਤੇ ਵਿਚ ਕੋਈ ਐਕਸੀਡੈਂਟ ਹੋਇਆ ਵੇਖ ਕੇ ਐਂਬੂਲੈਂਸ ਨੂੰ ਫੋਨ ਕਰਨਾ ਉਹ ਆਪਣਾ ਮੁੱਢਲਾ ਫਰਜ਼ ਸਮਝਦੀ ਹੈ । ਇਸ ਤਰ੍ਹਾਂ ਇਹ ਦੋ ਢਾਈ ਘੰਟੇ ਦਾ ਸਫ਼ਰ ਉਸਦੀ ਆਪਣੀ ਸਖਸ਼ੀਅਤ ਦੇ ਬਹੁਤ ਸਾਰੇ ਪਸਾਰ ਉਘੇੜਣ ਵਿੱਚ ਸਫਲ ਰਹਿੰਦਾ ਹੈ।

ਭਾਵੇਂ ਇਹ ਵਾਰਤਕ ਦੀ ਪੁਸਤਕ ਹੈ, ਫਿਰ ਵੀ ਅਸੀਂ ਇਸ ਨੂੰ ਕਿਸੇ ਦਿਲਚਸਪ ਗਲਪੀ ਰਚਨਾ ਵਾਂਗ ਪੜ੍ਹ ਸਕਦੇ ਹਾਂ। ਰੋਜ਼ਾਨਾ ਦੇ ਸਫ਼ਰ ਦੇ ਕੁਝ ਵਰਤਾਰੇ ਵਾਰ ਵਾਰ ਦੁਹਰਾਏ ਜਾਣ ਕਾਰਨ ਇਸ ਪੁਸਤਕ ਵਿਚ ਵੀ ਕੁਝ ਵੇਰਵਿਆਂ ਦਾ ਦੁਹਰਾਅ ਹੋਇਆ ਹੈ ਪਰ ਲੇਖਿਕਾ ਵੱਲੋਂ ਸਫਰ ਦਾ ਬਿਰਤਾਂਤ ਸਿਰਜਣ ਦੀ ਸ਼ੈਲੀ ਬਹੁਤ ਦਿਲਸਚਪ ਹੋਣ ਕਾਰਨ ਇਹ ਦੁਹਰਾਅ ਵਧੇਰੇ ਅੱਖਰਦਾ ਨਹੀਂ । ਮੈਂ ਪੁਸਤਕ ਦਾ ਹਾਰਦਿਕ ਸਵਾਗਤ ਕਰਦਿਆਂ ਰੋਜ਼ਾਨਾ ਬੱਸ ਸਫਰ ਕਰਨ ਵਾਲੀਆਂ ਔਰਤਾਂ ਨੂੰ ਇਹ ਪੁਸਤਕ ਪੜ੍ਹਣ ਦੀ ਵਿਸ਼ੇਸ਼ ਤੌਰ 'ਤੇ ਸਿਫਾਰਸ਼ ਕਰਦਾ ਹਾਂ।

# ਆਧੁਨਿਕ ਵਾਰਤਿਕ ਦਾ ਤੇ ਚੰਗੇਰੇ ਸਮਾਜ ਦਾ ਨੁਹਾਰਸਾਜ਼ ਗੁਰਬਖ਼ਸ਼ ਸਿੰਘ

**ਕਲਮੀ ਚਿੱਤਰ**

ਮੈਂ ਗੁਰਬਖ਼ਸ਼ ਸਿੰਘ ਨੂੰ, ਜਿਸ ਨੂੰ ਮਿਲਣਾ ਕਿਹਾ ਜਾ ਸਕਦਾ ਹੈ, ਉਸ ਤਰ੍ਹਾਂ ਕਦੀ ਨਹੀਂ ਸੀ ਮਿਲ ਸਕਿਆ। ਜਦੋਂ ਮੇਰੀ ਪੀੜ੍ਹੀ ਅਜੇ ਖੰਭ ਖੋਲ੍ਹਣ ਬਾਰੇ ਸੋਚ ਰਹੀ ਸੀ, ਉਹ ਸਾਹਿਤ ਦੇ ਬਹੁਤ ਉੱਚੇ ਅੰਬਰੀਂ ਉਡਾਰੀਆਂ ਲਾ ਰਹੇ ਸਨ। ਵੱਡੀਆਂ ਸਾਹਿਤਕ ਕਾਨਫ਼ਰੰਸਾਂ ਵਿਚ ਉਨ੍ਹਾਂ ਨੂੰ ਦੇਖਿਆ ਤਾਂ ਕਈ ਵਾਰ, ਪਰ ਕੋਈ ਗੱਲ ਹੋਣੀ ਤਾਂ ਦੂਰ, ਕਦੇ ਫ਼ਤਿਹ ਬੁਲਾਉਣ ਦਾ ਵੀ ਸਾਹਸ ਨਾ ਹੋਇਆ। ਉਹ ਹੋਰ ਬਹੁਤ ਸਾਰੇ ਵੱਡੇ ਲੇਖਕਾਂ ਦੇ ਉਲਟ ਆਪਣੇ ਦੁਆਲੇ ਇਕ ਵਿੱਥ ਸਿਰਜ ਕੇ ਰਖਦੇ ਸਨ, ਇਕ ਲਛਮਣ-ਕਾਰ ਵਗਲ ਕੇ ਰਖਦੇ ਸਨ, ਜਿਸ ਨੂੰ ਲੰਘਣ ਦੀ ਹਿੰਮਤ ਨਹੀਂ ਸੀ ਪੈਂਦੀ। ਬਹੁਤ ਮਗਰੋਂ ਇਕ ਵਾਰ ਉਨ੍ਹਾਂ ਨੂੰ ਇਕੱਲਿਆਂ ਖੁੱਲ੍ਹ ਕੇ ਮਿਲਣ ਦਾ ਤੇ ਗੱਲਬਾਤ ਕਰਨ ਦਾ ਵਧੀਆ ਮੌਕਾ ਬਣਿਆ ਤਾਂ ਸਾਡੇ



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਵਿਚਕਾਰ ਨਵਤੇਜ ਕੰਧ ਬਣ ਕੇ ਖਲੋ ਗਿਆ। ਇਕ ਹੋਰ ਵਾਰ ਮੈਂ ਉਨ੍ਹਾਂ ਨਾਲ ਮੁਲਾਕਾਤ ਨਾ ਚਾਹੀ-ਮੰਗੀ ਸੀ ਤੇ ਨਾ ਹੀ ਕਰਨੀ ਸੀ, ਤਾਂ ਵੀ ਉਨ੍ਹਾਂ ਦੀ ਬੇਟੀ ਰਾਣੀ ਨੇ ਇਹ ਅਨਮੰਗੀ-ਅਣਚਾਹੀ-ਅਣਕਰਨੀ ਮੁਲਾਕਾਤ ਤੋਂ ਇਨਕਾਰ ਕਰ ਦਿੱਤਾ। ਇਸ ਦੇ ਬਾਵਜੂਦ ਜੇ ਕਲਮ ਉਨ੍ਹਾਂ ਬਾਰੇ ਕਿਸੇ ਚੰਗੇ ਜਾਣਕਾਰ ਵਾਂਗ ਲਿਖਣ ਲਈ ਉਤਾਵਲੀ ਹੈ ਤਾਂ ਇਹ ਉਨ੍ਹਾਂ ਦੀ ਰਚਨਾ ਦਾ ਜਾਦੂ ਹੈ ਜੋ ਉਨ੍ਹਾਂ ਨੂੰ ਲੇਖਕਾਂ ਲਈ, ਸਗੋਂ ਪਾਠਕਾਂ ਲਈ ਵੀ, ਜਾਣਿਆ-ਪਛਾਣਿਆ ਬਣਾ ਦਿੰਦੀ ਸੀ।

ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਪੰਜਾਬ ਅੰਦਰ ਇਕ ਪਾਸੇ ਸਮਾਜਕ-ਰਾਜਨੀਤਕ ਅਸੰਤੁਸ਼ਟੀ ਤੇ ਬੇਚੈਨੀ ਵਧ ਰਹੀਆਂ ਸਨ ਅਤੇ ਦੂਜੇ ਪਾਸੇ, ਆਧੁਨਿਕ ਵਿੱਦਿਆ, ਭਾਵੇਂ ਉਹ ਅਜੇ ਵਿਆਪਕ ਵਰਤਾਰਾ ਬਣਨ ਦੀ ਥਾਂ ਇਕ ਸੀਮਤ ਤਬਕੇ ਦੀ ਪਹੁੰਚ ਵਿਚ ਹੀ ਸੀ, ਸਮਾਜਕ ਸੋਚ ਦੇ ਦਿਸਹੱਦੇ ਨੂੰ ਖਾਸਾ ਮੋਕਲਾ ਕਰ ਰਹੀ ਸੀ। ਇਸ ਮਾਹੌਲ ਵਿਚ ਅਜਿਹੇ ਵਿਅਕਤੀਆਂ ਦਾ ਇਕ ਪੂਰੇ ਦਾ ਪੂਰਾ ਪਰਾਗਾ ਉੱਭਰ ਕੇ ਸਾਹਮਣੇ ਆਇਆ ਜੋ ਆਪਣੀ ਨਵੀਂ ਜਾਗੀ ਸਭਿਆਚਾਰਕ ਸੋਝੀ ਨੂੰ ਅਤੇ ਵੱਖ-ਵੱਖ ਮਾਮਲਿਆਂ-ਮਸਲਿਆਂ ਬਾਰੇ ਆਪਣੇ ਨਜ਼ਰੀਏ ਨੂੰ ਦੂਜਿਆਂ ਨਾਲ ਸਾਂਝਾ ਕਰਨ ਵਾਸਤੇ ਉਤਾਵਲੇ ਸਨ। ਇਸ ਮੰਤਵ ਲਈ ਸ਼ਬਦ ਦੀ ਸ਼ਕਤੀ ਉਨ੍ਹਾਂ ਦਾ ਵਸੀਲਾ ਸੀ। ਸਿੱਟੇ ਵਜੋਂ ਵਾਰਤਿਕ, ਗਲਪ, ਕਵਿਤਾ, ਨਾਟਕ, ਸਾਹਿਤਕ ਪੱਤਰਕਾਰੀ, ਆਦਿ ਪੰਜਾਬੀ ਸਾਹਿਤਕ ਵਿਧਾਵਾਂ ਨਵੀਂ ਨੁਹਾਰ ਨਾਲ ਵਿਕਾਸ ਕਰਨ ਲੱਗੀਆਂ। ਕਲਮਾਂ ਵਾਲੇ ਅਨੇਕ ਗੁਣਵਾਨ ਇਸ ਸਾਹਿਤਕ-ਸਭਿਆਚਾਰਕ ਜਾਗਰਤੀ ਦੇ ਉਤਸਾਹੀ ਤੇ ਸਮਰਪਿਤ ਭਾਈਵਾਲ ਬਣੇ। ਇਨ੍ਹਾਂ ਕਲਮਕਾਰਾਂ ਦੀ ਪਹਿਲੀ ਪੰਗਤੀ ਵਿਚ ਗੁਰਬਖ਼ਸ਼ ਸਿੰਘ, ਉਨ੍ਹਾਂ ਦੇ ਸਾਹਿਤਕ-ਸਭਿਆਚਾਰਕ ਯੋਗਦਾਨ ਅਤੇ ਪਾਠਕੀ ਪ੍ਰਭਾਵ ਵੱਲ ਦੇਖਦਿਆਂ, ਪਹਿਲੇ ਸਥਾਨ ਦੇ ਅਧਿਕਾਰੀ ਹਨ।

ਅਮਰੀਕਾ ਗਏ ਤਾਂ ਉੱਚੀ ਪੜ੍ਹਾਈ ਦੇ ਉਦੇਸ਼ ਨਾਲ ਸੀ, ਪਰ ਪਰਦੇਸ ਰਹਿੰਦਿਆਂ ਉਹ ਪਾਠ-ਪੁਸਤਕਾਂ ਤੱਕ ਹੀ ਸੀਮਤ ਨਾ ਰਹੇ। ਉਨ੍ਹਾਂ ਨੇ ਉਥੋਂ ਦੇ ਨੇਮ-ਪਾਲਕ ਜੀਵਨ, ਸੁਤੰਤਰ ਸਮਾਜ, ਪੂੰਜੀਵਾਦੀ ਉਦਾਰਵਾਦ ਅਤੇ ਵਿਗਿਆਨਕ ਸੋਚ ਨੂੰ ਵੀ ਬਰੀਕ ਨਜ਼ਰ ਨਾਲ ਘੋਖਿਆ-ਪਰਖਿਆ। ਸੁਭਾਵਿਕ ਸੀ ਕਿ ਆਪਣੇ ਦੇਸ, ਜੋ ਰਾਜਨੀਤਕ ਪੱਖੋਂ ਅੰਗਰੇਜ਼ ਦਾ ਗ਼ੁਲਾਮ ਸੀ, ਸਮਾਜਕ ਪੱਖੋਂ ਗ਼ਰੀਬੀ ਤੇ ਅਨਪੜ੍ਹਤਾ ਵਿਚ ਉਲਝਿਆ ਹੋਇਆ ਸੀ ਅਤੇ ਮਾਨਸਿਕ ਪੱਖੋਂ ਧਾਰਮਿਕ ਅੰਧਵਿਸ਼ਵਾਸ ਤੇ ਵਹਿਮਾਂ-ਭਰਮਾਂ ਦਾ ਸ਼ਿਕਾਰ ਸੀ, ਦਾ ਹਨੇਰਾ ਉਨ੍ਹਾਂ ਨੂੰ ਇਸ ਪੱਛਮੀ ਚਾਨਣ ਦੇ ਸਾਹਮਣੇ ਹੋਰ ਵੀ ਗੂੜ੍ਹਾ ਦਿਸਦਾ। ਇਸੇ ਕਰਕੇ ਜਦੋਂ ਉਹ ਪਰਤ ਕੇ ਆਏ, ਉਨ੍ਹਾਂ ਕੋਲ ਸਿਰਫ਼ ਇੰਜੀਨੀਅਰੀ ਦੀ ਡਿਗਰੀ ਹੀ ਨਹੀਂ ਸੀ, ਸਗੋਂ ਨਵੇਂ ਸਮਾਜ ਦਾ ਸੁਫ਼ਨਾ ਵੀ ਸੀ, ਆਜ਼ਾਦ, ਸਮਰੱਥ, ਪੜ੍ਹੇ-ਲਿਖੇ ਅਤੇ ਵਿਗਿਆਨਕ ਸੋਚ ਤੇ ਸੁਭਾਅ ਵਾਲੇ ਸਮਾਜ ਦਾ ਸੁਫ਼ਨਾ! ਉਨ੍ਹਾਂ ਦੇ ਮੁੱਢਲੇ ਕੰਮਾਂ ਦਾ ਆਧਾਰ ਇਹੋ ਪ੍ਰਭਾਵ ਸਨ। ਕੁਝ ਸਮਾਂ ਉਨ੍ਹਾਂ ਨੇ ਇੰਜੀਨੀਅਰ ਵਜੋਂ ਨੌਕਰੀ ਕੀਤੀ ਪਰ ਫੇਰ ਆਪਣੇ ਵਿਚਾਰਾਂ ਨੂੰ ਵਡੇਰੇ ਹਲਕੇ ਤੱਕ ਪੁਜਦੇ ਕਰਨ ਲਈ ਉਹ ਨੌਕਰੀ ਦੀਆਂ ਸੀਮਾਵਾਂ ਵਿਚੋਂ ਬਾਹਰ ਨਿੱਕਲ ਆਏ।

ਪੰਜਾਬ ਦਾ, ਤੇ ਭਾਰਤ ਦਾ ਵੀ, ਮੁੱਖ ਕਿੱਤਾ ਖੇਤੀ ਸੀ, ਪਰ ਉਹ ਸਦੀਆਂ ਪੁਰਾਣੇ ਢੰਗ ਨਾਲ ਹੱਥੀਂ ਹੀ ਕੀਤੀ ਜਾ ਰਹੀ ਸੀ। ਉਨ੍ਹਾਂ ਨੇ ਖੇਤੀ ਦੇ ਕਿੱਤੇ ਨੂੰ ਨਵਾਂ ਰੂਪ ਦੇਣ ਵਾਸਤੇ ਤੇ ਕਿਸਾਨੀ ਸਮਾਜ ਨੂੰ ਅੱਗੇਵਧੂ ਰਾਹ ਦਿਖਾਉਣ ਵਾਸਤੇ ਆਪ ਮਿਸਾਲ ਪੇਸ਼ ਕਰਦਿਆਂ ਮਸ਼ੀਨੀ ਖੇਤੀ ਦਾ ਮੁੱਢ ਬੰਨ੍ਹਿਆ। ਦੇਸ ਦੇ ਖੇਤੀ ਦੇ ਇਤਿਹਾਸ ਦੇ ਇਕ ਪ੍ਰਮੁੱਖ ਗਿਆਤਾ, ਡਾ. ਮਹਿੰਦਰ ਸਿੰਘ ਰੰਧਾਵਾ ਨੇ ਗੁਰਬਖ਼ਸ਼ ਸਿੰਘ ਨੂੰ ਏਨੇ ਵੱਡੇ ਦੇਸ ਵਿਚ ਸਭ ਤੋਂ ਪਹਿਲਾਂ ਮਸ਼ੀਨੀ ਖੇਤੀ ਦਾ ਸੁਫ਼ਨਾ ਲੈਣ ਵਾਲਾ ਤੇ ਆਰੰਭ ਕਰਨ ਵਾਲਾ ਦੱਸ ਕੇ ਆਖਿਆ ਸੀ ਕਿ ਉਹਦਾ ਨਾਂ ਭਾਰਤ ਦੇ ਖੇਤੀ-ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

ਛੇਤੀ ਹੀ ਗੁਰਬਖ਼ਸ਼ ਸਿੰਘ ਜਾਣ ਗਏ ਕਿ ਉਨ੍ਹਾਂ ਦੇ ਅੰਦਰ ਸਮਾਜਕ ਤਬਦੀਲੀ ਦੇ ਜੋ ਨਵੇਂ ਵਿਚਾਰ ਠਾਠਾਂ ਮਾਰ ਰਹੇ ਸਨ, ਉਨ੍ਹਾਂ ਦੇ ਨਿਕਾਸ ਤੇ ਪਰਚਾਰ ਲਈ ਮਸ਼ੀਨੀ ਖੇਤੀ ਜਿਹੇ ਹੀਲੇ ਵੀ ਵਸੀਲਾ ਨਹੀਂ ਸਨ ਬਣ ਸਕਦੇ। ਅਜਿਹੀਆਂ ਮਿਸਾਲਾਂ ਬਹੁਤ ਦੂਰ ਤੱਕ ਪਹੁੰਚ ਕੇ ਅਸਰ ਪਾਉਣ ਵਾਲੀਆਂ ਨਹੀਂ ਸਨ ਹੋ ਸਕਦੀਆਂ। ਲੋੜ ਇਹ ਸੀ ਕਿ ਆਪਣੀ ਸੋਚ ਲੋਕਾਂ ਦੇ ਵੱਡੇ ਤਬਕੇ ਨਾਲ ਸਿੱਧੇ ਸੰਵਾਦ ਰਾਹੀਂ ਸਾਂਝੀ ਕੀਤੀ ਜਾਵੇ। ਇਹਨੂੰ ਉਨ੍ਹਾਂ ਦਾ ਸੁਭਾਗ ਹੀ ਕਿਹਾ ਜਾ ਸਕਦਾ ਹੈ ਕਿ ਜਦੋਂ ਉਹ ਇਸ ਉਧੇੜ-ਬੁਣ ਵਿਚ ਲੱਗੇ ਹੋਏ ਸਨ, ਦੇਸ ਵਿਚ, ਖਾਸ ਕਰਕੇ ਪੰਜਾਬ ਵਿਚ ਸਮਾਜਕ-ਰਾਜਨੀਤਕ ਤਬਦੀਲੀ ਵਾਸਤੇ ਸਮੇਂ-ਸਮੇਂ ਉੱਠੀਆਂ ਅਨੇਕ ਸਮਾਜ-ਸੁਧਾਰਕ ਤੇ ਰਾਜਨੀਤਕ ਲਹਿਰਾਂ ਸਦਕਾ ਵੱਡਾ ਉਛਾਲ ਆਇਆ ਹੋਇਆ ਸੀ ਅਤੇ ਢੁੱਕਵਾਂ ਮਾਹੌਲ ਬਣਿਆ ਹੋਇਆ ਸੀ। ਇਉਂ ਸਤੰਬਰ 1933 ਵਿਚ ਸਰਹੱਦੀ ਸ਼ਹਿਰ ਨੌਸ਼ਹਿਰਾ ਵਿਚ ਅਕਾਲੀ ਫੂਲਾ ਸਿੰਘ ਦੀ ਸਮਾਧ ਤੋਂ 'ਪ੍ਰੀਤਲੜੀ' ਦਾ ਪ੍ਰਕਾਸ਼ਨ ਸ਼ੁਰੂ ਹੋਇਆ।

ਜੇ ਗੁਰਬਖ਼ਸ਼ ਸਿੰਘ ਕੋਲ ਸਾਂਝੇ ਕਰਨ ਲਈ ਨਵੇਂ ਵਿਚਾਰ ਸਨ, ਪੰਜਾਬੀ ਸਮਾਜ ਨੂੰ ਨਵੇਂ ਵਿਚਾਰਾਂ ਦੀ ਲੋੜ ਅਤੇ ਭੁੱਖ ਸੀ। ਉਨ੍ਹਾਂ ਦੇ ਮਨ ਵਿਚ ਬਾਹਰ ਆਉਣ ਲਈ ਉਤਾਵਲੇ ਵਿਚਾਰਾਂ ਦੀ ਏਨੀ ਭਰਮਾਰ ਸੀ ਕਿ ਹਰ ਵਾਰ ਅੰਧਿਉਂ ਵੱਧ ਪਰਚਾ ਉਨ੍ਹਾਂ ਦੀਆਂ ਲਿਖਤਾਂ ਨੂੰ ਹੀ ਸਮਰਪਿਤ ਹੁੰਦਾ ਸੀ। ਤੇ ਇਹ ਉਨ੍ਹਾਂ ਦੇ ਨਵੇਂ ਵਿਚਾਰਾਂ ਦਾ ਜਾਦੂ ਹੀ ਸੀ ਕਿ ਪਾਠਕਾਂ ਨੂੰ ਲਿਖਤਾਂ ਵਿਚ ਕਦੀ ਕੋਈ ਦੁਹਰਾਉ ਮਹਿਸੂਸ ਨਹੀਂ ਸੀ ਹੋਇਆ। 'ਪ੍ਰੀਤਲੜੀ' ਨੇ ਇਕ ਰਸਾਲੇ ਦੀ ਥਾਂ ਇਕ ਸੰਸਥਾ ਦਾ ਰੂਪ ਧਾਰ ਲਿਆ ਅਤੇ ਇਸੇ ਸਦਕਾ ਗੁਰਬਖ਼ਸ਼ ਸਿੰਘ ਆਪ ਵੀ ਇਕ ਵਿਅਕਤੀ ਦੀ ਥਾਂ ਇਕ ਸੰਸਥਾ ਬਣ ਗਏ। ਉਨ੍ਹਾਂ ਨੇ ਆਪਣੇ ਦੋ-ਸ਼ਬਦੀ ਨਾਂ ਨਾਲ ਕੋਈ ਗੋਤ, ਕੋਈ ਤਖ਼ੱਲਸ, ਕੁਝ ਨਹੀਂ ਸੀ ਲਾਇਆ, ਪਰ 'ਪ੍ਰੀਤਲੜੀ' ਦੀ ਹਰਮਨਪਿਆਰਤਾ ਨੇ ਉਨ੍ਹਾਂ ਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਬਣਾ ਦਿੱਤਾ। ਅੱਗੇ ਚੱਲ ਕੇ ਉਨ੍ਹਾਂ ਨੇ ਬੱਚਿਆਂ ਲਈ ਮਾਸਕ 'ਬਾਲ ਸੰਦੇਸ਼' ਸ਼ੁਰੂ ਕੀਤਾ ਤਾਂ ਉਹ ਵੀ ਬਾਲਾਂ ਲਈ ਰਸਾਲਿਆਂ ਵਿਚੋਂ ਪ੍ਰਮੁੱਖ ਰਿਹਾ।

ਉਮਰ ਵਿਚ ਮੇਰੇ ਨਾਲੋਂ ਚਾਰ ਸਾਲ ਵੱਡੀ ਅਤੇ ਸ਼ੁਰੂ ਤੋਂ ਹੀ ਸਾਡੇ ਘਰ ਆਉਂਦੀ ਰਹੀ 'ਪ੍ਰੀਤਲੜੀ' ਦੇ ਮਨੁੱਖੀ ਮਨ ਉਤੇ ਪੈਂਦੇ ਡੂੰਘੇ ਪ੍ਰਭਾਵ ਦਾ ਇਕ ਗਵਾਹ ਤਾਂ ਮੇਰਾ ਪਰਵਾਰ ਤੇ ਮੈਂ ਹੀ ਹਾਂ। ਉਹ ਆਪਣੀ ਵਿਸ਼ੇਸ਼ ਆਭਾ, ਆਪਣੇ ਵਿਸ਼ੇਸ਼ ਜਲੌਅ ਨਾਲ ਇਕ ਮਾਸਕ-ਪੱਤਰ ਨਹੀਂ, ਇਕ ਵਰਤਾਰਾ ਸੀ। ਸਾਧਾਰਨ ਕਾਗ਼ਜ਼ ਉਤੇ, ਸਾਧਾਰਨ ਛਾਪੇ ਵਿਚ ਨਿੱਕਲਦੇ ਇਸ ਰਸਾਲੇ ਨੇ ਸੂਝਵਾਨ ਪੰਜਾਬੀ ਤਬਕੇ ਦੇ ਮਨਾਂ ਉਤੇ ਮੋਹਕ ਹੀ ਨਹੀਂ, ਸੰਮੋਹਕ ਪ੍ਰਭਾਵ ਪਾਇਆ। ਚੰਗੇਰੀ ਜੀਵਨ-ਜਾਚ ਦਾ ਸੰਦੇਸ਼ਵਾਹਕ ਬਣ ਕੇ ਉਹਨੇ ਸੁਚੱਜੀ ਤੇ ਭਰਪੂਰ ਜ਼ਿੰਦਗੀ ਦਾ ਰਾਹ ਦਿਖਾਉਣ ਵਾਲਾ ਸਾਹਿਤ ਵਿਉਂਤਬੱਧ ਤੇ ਵਿਧੀਬੱਧ ਢੰਗ ਨਾਲ ਪੇਸ਼ ਕੀਤਾ। 'ਪ੍ਰੀਤਲੜੀ' ਰਾਹੀਂ ਗੁਰਬਖ਼ਸ਼ ਸਿੰਘ ਨੇ ਵੇਲਾ ਵਿਹਾ ਚੁੱਕੀਆਂ ਕਦਰਾਂ-ਕੀਮਤਾਂ ਉਤੇ ਵਦਾਨੀ ਸੱਟਾਂ ਮਾਰੀਆਂ ਅਤੇ ਆਪਣੀ ਲਿਖਤ ਨੂੰ ਭਵਿੱਖਮੁਖੀ ਸੋਚਾਂ ਦਾ ਵਸੀਲਾ ਬਣਾਇਆ। ਕੁਹਜ ਨੂੰ, ਭਾਵੇਂ ਉਹ ਜੀਵਨ ਦੇ ਕਿਸੇ ਵੀ ਪੱਖ ਵਿਚ ਸੀ, ਛੰਡ ਕੇ ਉਨ੍ਹਾਂ ਨੇ ਸੁਹਜ ਦਾ ਸੰਦੇਸ਼ ਦਿੱਤਾ। ਉਹ ਸੁੰਦਰਤਾ ਦੇ ਪੁਜਾਰੀ ਸਨ, ਨਿਰੋਲ ਸੁੰਦਰਤਾ, ਸਰਬਪੱਖੀ ਸੁੰਦਰਤਾ! ਆਪਣੀ ਕਲਮ ਰਾਹੀਂ ਪ੍ਰਗਟਾਏ ਜਾਣ ਵਾਲੇ ਵਿਚਾਰਾਂ ਬਾਰੇ ਉਹ ਏਨੇ ਸਿਦਕੀ, ਇਕਾਗਰ-ਚਿੱਤ ਅਤੇ ਅਡੋਲ ਸਨ ਕਿ ਉਨ੍ਹਾਂ ਦੇ ਮਨ-ਮੰਥਨ ਨੇ ਉਨ੍ਹਾਂ ਨੂੰ ਚਿੰਤਕ ਬਣਾ ਦਿੱਤਾ।

ਇਹ ਗੱਲ ਦੇਖਣ ਵਾਲੀ ਹੈ ਕਿ ਸਰੀਰਕ-ਮਾਨਸਿਕ ਤੰਦਰੁਸਤੀ ਤੇ ਵਿਕਾਸ ਬਾਰੇ ਉਨ੍ਹਾਂ ਦੀ ਸਿੱਖਿਆ ਨੂੰ ਪਾਠਕ ਸਿਰਫ਼ ਪੜ੍ਹਦੇ ਹੀ ਨਹੀਂ ਸਨ ਸਗੋਂ ਉਨ੍ਹਾਂ ਦੀ ਵੱਡੀ ਗਿਣਤੀ ਉਸ ਉਤੇ ਅਮਲ ਵੀ ਕਰਦੀ ਸੀ। ਉਨ੍ਹਾਂ ਦੀਆਂ ਲਿਖਤਾਂ ਦੇ ਪ੍ਰਭਾਵ ਨੇ ਪਾਠਕਾਂ ਦੀ ਸੋਚ ਵਿਚ ਤਿੱਖਾ ਮੋੜ ਲਿਆਂਦਾ ਅਤੇ ਇਨ੍ਹਾਂ ਪਾਠਕਾਂ ਦੀ ਸਮੂਹਿਕ ਸੋਚ ਸਮਾਜ ਦੀ ਸੋਚ ਨੂੰ ਪ੍ਰਭਾਵਿਤ ਕਰਨ ਵਿਚ ਹਿੱਸੇਦਾਰ ਬਣੀ। ਉਨ੍ਹਾਂ ਨੇ ਪਾਠਕਾਂ ਨੂੰ ਮਨੁੱਖੀ ਜੀਵਨ ਦੇ ਅਣਗੌਲੇ ਪੱਖਾਂ ਨੂੰ ਗੌਲਣ ਬਾਰੇ, ਛੋਟੀਆਂ-ਛੋਟੀਆਂ ਆਦਤਾਂ ਵਿਚ ਤਬਦੀਲੀ ਦੀ ਲੋੜ ਬਾਰੇ, ਨਿਗੂਣੀਆਂ ਜਾਪਦੀਆਂ ਗੱਲਾਂ ਦੇ ਮਹੱਤਵ ਬਾਰੇ ਸੋਚਣ ਲਾ ਦਿੱਤਾ। ਉਨ੍ਹਾਂ ਨੇ ਆਮ ਪਾਠਕ ਦੇ ਬੋਲਣ-ਚੱਲਣ, ਰਹਿਣ-ਸਹਿਣ, ਪਹਿਨਣ-ਖਾਣ ਤੱਕ ਨੂੰ ਪ੍ਰਭਾਵਿਤ ਕੀਤਾ।

'ਪ੍ਰੀਤਲੜੀ' ਵਿਚ ਪਾਠਕ ਦੀ ਆਦਤ ਬਣ ਜਾਣ ਦੀ ਸ਼ਕਤੀ ਅਤੇ ਸਮਰੱਥਾ ਸੀ। ਜੇ ਮੈਂ ਆਪਣੀ ਮਿਸਾਲ ਦੇਵਾਂ, 'ਪ੍ਰੀਤਲੜੀ' ਤੇ ਗੁਰਬਖ਼ਸ਼ ਸਿੰਘ ਦਾ ਹੋਰ ਸਾਹਿਤ ਪੜ੍ਹ-ਪੜ੍ਹ ਕੇ ਮੈਨੂੰ ਸਫ਼ਾਈ ਦੀ, ਖਾਸ ਕਰ ਕੇ ਰਸੋਈ ਤੇ ਭੋਜਨ ਦੀ ਸਫ਼ਾਈ ਦੀ ਪੱਕੀ ਆਦਤ ਪੈ ਗਈ। ਆਪਣੇ ਘਰ ਇਹ ਆਦਤਾਂ ਬਣੀਆਂ ਰਹੀਆਂ ਤੇ ਅਜੇ ਵੀ ਬਣੀਆਂ ਹੋਈਆਂ ਹਨ। ਕੁਦਰਤੀ ਸੀ, ਉਹ ਸਹਿਜੇ ਹੀ



ਸਾਡੇ ਬੱਚਿਆਂ ਵਿਚ ਵੀ ਪਹੁੰਚ ਜਾਂਦੀਆਂ। ਇਕ ਦਿਨ ਮੇਰੀ ਸੀਨੀਅਰ ਡਾਕਟਰ ਬੇਟੀ, ਰਸੋਈ ਸਮੇਤ ਘਰ ਦੇ ਕੰਮ ਸੇਵਾਦਾਰਨੀਆਂ ਤੋਂ ਕਰਵਾਉਣੋ ਹੋਰ ਬਹੁਤੀਆਂ ਕੰਮਕਾਜੀ ਔਰਤਾਂ ਵਾਂਗ ਜਿਸ ਦੀ ਮਜਬੂਰੀ ਹੈ, ਮੈਨੂੰ ਹੱਸ ਕੇ ਕਹਿਣ ਲੱਗੀ, "ਪਿਤਾ ਜੀ, ਤੁਸੀਂ ਸਫ਼ਾਈ ਦੀਆਂ ਆਦਤਾਂ ਸਾਨੂੰ ਕੁਝ ਬਹੁਤੀਆਂ ਹੀ ਪਾ ਦਿੱਤੀਆਂ। ਰਸੋਈ ਵਾਲੀ ਨੂੰ ਕਿੰਨਾ ਸਮਝਾ ਲਵਾਂ, ਫੇਰ ਵੀ ਆਪ ਧਿਆਨ ਦੇਣਾ ਹੀ ਪੈਂਦਾ ਹੈ।" ਮੈਂ ਸੋਚਿਆ, ਗੱਲ ਤਾਂ ਇਹਦੀ ਠੀਕ ਹੈ। ਸਗੋਂ ਜੇ ਸੱਚ ਕਹਾਂ, ਕਈ ਵਾਰ ਰਿਸ਼ਤੇਦਾਰੀਆਂ ਵਗ਼ੈਰਾ ਵਿਚ ਜਾ ਕੇ ਰੋਟੀ ਖਾਣ ਵੇਲੇ ਆਪ ਇਸ ਪੱਖੋਂ ਬੜੀ ਪਰੇਸ਼ਾਨੀ ਸਹਿਣੀ ਪੈਂਦੀ ਹੈ।

ਉਨ੍ਹਾਂ ਨੇ ਆਪਣੇ ਚਿਤਵੇ ਹੋਏ ਨਵੇਂ ਭਾਈਚਾਰੇ, ਨਵੇਂ ਸਮਾਜ ਦਾ ਨਮੂਨਾ ਪੇਸ਼ ਕਰਨ ਲਈ 7 ਜੂਨ 1938 ਨੂੰ ਸੁਪਨ-ਨਗਰੀ ਪ੍ਰੀਤਨਗਰ ਦੀ ਨੀਂਹ ਰੱਖੀ। ਕਈ ਪ੍ਰਸਿੱਧ ਲੇਖਕਾਂ, ਕਲਾਕਾਰਾਂ ਤੇ ਬੁੱਧੀਮਾਨਾਂ ਨੇ ਉਥੇ ਆ ਨਿਵਾਸ ਕੀਤਾ। ਐਕਟੀਵਿਟੀ ਸਕੂਲ ਸ਼ੁਰੂ ਕੀਤਾ ਗਿਆ, ਜਿਸ ਵਿਚ ਪੜ੍ਹਾਈ ਨਵੇਂ, ਬੱਚਿਆਂ ਲਈ ਦਿਲਚਸਪ ਢੰਗ ਨਾਲ ਕਰਵਾਈ ਜਾਂਦੀ ਸੀ। ਉਥੋਂ ਦੇ ਭਾਈਚਾਰਕ ਜੀਵਨ-ਢੰਗ ਦੇ ਨਾਲ-ਨਾਲ ਸਭਿਆਚਾਰਕ ਸਰਗਰਮੀਆਂ ਦੀ ਚਰਚਾ ਹੋਣ ਲੱਗੀ। ਨਾਨਕ ਸਿੰਘ ਤੇ ਪਿਆਰਾ ਸਿੰਘ ਸਹਿਰਾਈ, ਖਾਸ ਕਰ ਕੇ ਐਕਟੀਵਿਟੀ ਸਕੂਲ ਦੇ ਬੱਚਿਆਂ ਉਤੇ ਆਧਾਰਿਤ, ਸ਼ਾਮ ਦੀਆਂ ਇਨ੍ਹਾਂ ਸਰਗਰਮੀਆਂ ਦੇ ਪ੍ਰਬੰਧਕ ਸਨ। ਨੇੜਲੇ ਪਿੰਡਾਂ ਦੇ ਲੋਕ ਦੇਖਣ ਆਉਂਦੇ।

ਗੁਰਬਖ਼ਸ਼ ਸਿੰਘ ਨੇ ਆਪਣਾ ਲਿਖਿਆ ਨਾਟਕ 'ਰਾਜਕੁਮਾਰੀ ਲਤਿਕਾ' ਮੰਚ ਉਤੇ ਪੇਸ਼ ਕੀਤਾ ਤਾਂ ਰਾਜਕੁਮਾਰੀ ਦੀ ਭੂਮਿਕਾ ਆਪਣੀ ਵੱਡੀ ਬੇਟੀ ਉਮਾ ਤੋਂ ਕਰਵਾਈ। ਇਉਂ ਉਮਾ ਪੰਜਾਬੀ ਰੰਗਮੰਚ ਦੀ ਪਲੇਠੀ ਅਭਿਨੇਤਰੀ ਬਣੀ। ਮਗਰੋਂ ਉਨ੍ਹਾਂ ਦੀਆਂ ਦੂਜੀਆਂ ਧੀਆਂ ਵੀ ਨਾਟਕਾਂ ਵਿਚ ਹਿੱਸਾ ਲੈਂਦੀਆਂ ਰਹੀਆਂ। ਸਾਂਝੇ ਕਾਰਜਾਂ ਦੀ ਪੂਰਤੀ ਲਈ ਅਤੇ ਮਾਮਲਿਆਂ-ਮਸਲਿਆਂ ਦੇ ਨਿਬੇੜੇ ਲਈ 'ਪ੍ਰੀਤ ਮੰਡਲ' ਤੇ 'ਪ੍ਰੀਤ ਸੈਨਾ' ਜਿਹੀਆਂ ਸੰਸਥਾਵਾਂ ਕਾਇਮ ਕੀਤੀਆਂ ਗਈਆਂ। ਇਹ ਨਵੇਂ ਜੀਵਨ ਦੇ ਇਸ ਤਜਰਬੇ ਦੀ ਦੂਰ-ਦੂਰ ਤੱਕ ਪਹੁੰਚੀ ਉਸਤਤ ਦਾ ਪ੍ਰਮਾਣ ਹੀ ਹੈ ਕਿ 1942 ਵਿਚ ਜਵਾਹਰਲਾਲ ਨਹਿਰੂ ਇਹ ਸਭ ਅੱਖੀਂ ਦੇਖਣ ਲਈ ਪ੍ਰੀਤਨਗਰ ਆਏ।

ਗੁਰਬਖ਼ਸ਼ ਸਿੰਘ ਵੱਖ-ਵੱਖ ਢੰਗਾਂ ਰਾਹੀਂ ਵਿਚਾਰਾਂ ਦੇ ਪ੍ਰਚਾਰ ਦੇ ਨਾਲ-ਨਾਲ ਆਪ ਮਿਸਾਲ ਬਣਨ ਦੀ ਤਾਕਤ ਨੂੰ ਖ਼ੂਬ ਸਮਝਦੇ ਸਨ। ਇਸ ਕਰਕੇ ਉਨ੍ਹਾਂ ਦੀ ਜੀਵਨ-ਜਾਚ ਉਨ੍ਹਾਂ ਦੀਆਂ ਲਿਖਤਾਂ ਦੇ ਅਨੁਸਾਰ ਢਲੀ ਹੋਈ ਸੀ। ਦਿੱਲੀ ਦੇ ਪੁਰਾਣੇ ਪ੍ਰੀਤਨਗਰੀਏ ਦਸਦੇ ਸਨ ਕਿ ਉਨ੍ਹਾਂ ਦੇ ਘਰ ਵਿਚ ਕੋਈ ਬੇਤਰਤੀਬੀ ਨਹੀਂ ਸੀ ਹੁੰਦੀ। ਕੱਚਾ ਹੋਣ ਦੇ ਬਾਵਜੂਦ ਲਿੱਪਿਆ-ਪੋਚਿਆ ਤੇ ਤਰਤੀਬਿਆ-ਸੰਵਾਰਿਆ ਉਨ੍ਹਾਂ ਦਾ ਘਰ ਦੇਖਣ ਵਾਲੇ ਨੂੰ ਹੈਰਾਨ ਕਰ ਦਿੰਦਾ। ਉਨ੍ਹਾਂ ਦੇ ਕਮਰੇ ਵਿਚ, ਇਥੋਂ ਤੱਕ ਕਿ ਲਿਖਣ ਦੀਆਂ ਸਭ ਸਹਾਇਕ ਵਸਤਾਂ ਵਾਲੇ ਉਨ੍ਹਾਂ ਦੇ ਮੇਜ਼ ਉਤੇ ਇਕ ਵੀ ਚੀਜ਼ ਆਪਣੀ ਥਾਂ ਤੋਂ ਪਾਸੇ ਪਈ ਨਹੀਂ ਸੀ ਹੁੰਦੀ। ਆਪ ਕੀਤੇ ਜਾ ਸਕਣ ਵਾਲੇ ਆਪਣੇ ਕੰਮ ਉਹ ਆਪ ਕਰਦੇ। ਆਪਣੇ ਜੁੱਤੇ ਆਪ ਪਾਲਿਸ਼ ਕਰਨਾ ਉਨ੍ਹਾਂ ਦਾ ਨੇਮ ਸੀ। ਪ੍ਰੀਤਨਗਰ ਵਿਚ ਉਨ੍ਹਾਂ ਨੇ ਹਰ ਸਾਲ 'ਪ੍ਰੀਤ ਮਿਲਣੀ' ਕਰਨੀ ਸ਼ੁਰੂ ਕੀਤੀ। ਦੂਰੋਂ ਦੂਰੋਂ ਲੇਖਕ, ਕਵੀ ਤੇ ਸਾਹਿਤ-ਰਸੀਏ ਹੁੰਮਹੁੰਮਾ ਕੇ ਪੁਜਦੇ। ਵਿਚਾਰ-ਚਰਚਾ ਹੁੰਦੀ, ਨਾਟਕ ਖੇਡੇ ਜਾਂਦੇ ਅਤੇ ਪੰਜਾਬੀ ਤੇ ਉਰਦੂ ਦੇ ਕਵੀ-ਦਰਬਾਰ ਹੁੰਦੇ। ਇਕ ਦੂਜੇ ਨਾਲ ਜਾਣ-ਪਛਾਣ ਹੁੰਦੀ ਤੇ ਦੋਸਤੀਆਂ ਪੈਂਦੀਆਂ। ਇਹ ਗੁਰਬਖ਼ਸ਼ ਸਿੰਘ ਨੂੰ ਨੇੜਿਉਂ ਦੇਖਣ ਤੇ ਮਿਲਣ ਦਾ ਅਤੇ ਲੇਖਕਾਂ-ਪਾਠਕਾਂ ਦੇ ਆਪਸੀ ਮੇਲ-ਜੋਲ ਦਾ ਇਕ ਚਰਚਿਤ ਤੇ ਹਰਮਨ-ਪਿਆਰਾ ਸਾਹਿਤਕ ਉਤਸਵ ਹੁੰਦਾ ਸੀ। ਇਹਦੀ ਯਾਦ ਸਮੇਂ ਨਾਲ ਇਹਦਾ ਅੰਤ ਹੋ ਜਾਣ ਤੋਂ ਬਹੁਤ ਮਗਰੋਂ ਤੱਕ ਇਹਦੇ ਦਰਸ਼ਕਾਂ ਦੇ ਮਨਾਂ ਵਿਚ ਬਣੀ ਰਹੀ। ਬਹੁਤ ਸਮਾਂ ਬੀਤਣ ਮਗਰੋਂ ਦਿੱਲੀ ਵਿਚ ਇਹਦਾ ਨਵਾਂ ਅਵਤਾਰ ਹੋਇਆ।

ਭਾਪਾ ਪ੍ਰੀਤਮ ਸਿੰਘ ਦੇ ਨਵਯੁਗ ਵਿਚ ਲੇਖਕਾਂ ਦੀ ਆਵਾਜਾਈ ਬਣੀ ਹੀ ਰਹਿੰਦੀ ਸੀ। ਚਾਹ ਦਾ ਦੌਰ ਚਲਦਾ ਰਹਿੰਦਾ, ਸਾਹਿਤਕ ਚਰਚਾ ਹੁੰਦੀ ਅਤੇ ਸਾਹਿਤਕਾਰਾਂ ਬਾਰੇ ਖ਼ਬਰਾਂ ਵੀ ਸਾਂਝੀਆਂ ਕੀਤੀਆਂ ਜਾਂਦੀਆਂ ਤੇ ਟੋਟਕਿਆਂ ਦੀਆਂ ਫੁੱਲਝੜੀਆਂ ਵੀ ਛੱਡੀਆਂ ਜਾਂਦੀਆਂ। ਜਦੋਂ ਨਵਯੁਗ ਵਾਲੀ ਥਾਂ ਵੇਚ-ਵੱਟ ਕੇ ਉਨ੍ਹਾਂ ਨੇ ਮਹਿਰੌਲੀ ਤੋਂ ਵੀ ਅੱਗੇ ਆਪਣੇ ਫ਼ਾਰਮ ਵਿਚ ਦਫ਼ਤਰ ਬਣਾ ਲਿਆ ਤਾਂ ਇਕੱਲ ਮਹਿਸੂਸ ਹੋਣ ਲੱਗੀ। ਬਿਨਾਂ ਕੰਮ ਤੋਂ ਏਨੀ ਦੂਰ ਕੌਣ ਜਾਵੇ! ਕਈ-ਕਈ ਦਿਨ ਭਾਪਾ ਜੀ ਨੂੰ ਕਿਸੇ ਲੇਖਕ ਦੇ ਤੇ ਦਿੱਲੀ ਵਰਗੇ ਆਵਾਜਾਈ ਦੇ ਪੱਖੋਂ ਮੁਸੀਬਤੀ ਸ਼ਹਿਰ ਦੇ ਲੇਖਕਾਂ ਨੂੰ ਇਕ ਦੂਜੇ ਦੇ ਦਰਸ਼ਨ ਨਾ ਹੁੰਦੇ। ਭਾਪਾ ਜੀ ਪਰੇਸ਼ਾਨ ਹੋ ਕੇ ਨੇੜਲੇ ਲੇਖਕਾਂ ਨੂੰ ਕਹਿਣ ਲੱਗੇ, "ਯਾਰ, ਸਾਲ ਵਿਚ ਇਕ ਵਾਰ ਤਾਂ ਸਾਰੇ ਮਿਲੀਏ!" ਇਉਂ ਹਰ ਸਾਲ ਜਨਵਰੀ ਵਿਚ ਉਨ੍ਹਾਂ ਦੇ ਫ਼ਾਰਮ ਵਿਚ ਹੁੰਦੀ 'ਧੁੱਪ ਦੀ ਮਹਿਫ਼ਲ' ਦਾ ਜਨਮ ਹੋਇਆ ਜੋ ਉਨ੍ਹਾਂ ਦੇ ਜਾਣ ਮਗਰੋਂ ਵੀ ਉਨ੍ਹਾਂ ਦੇ ਸੁਪਨੇ ਦੀ ਪੂਰਤੀ ਬਣੀ ਹੋਈ ਹੈ।

ਇਹ ਸਾਹਿਤਕ ਰਚਨਾਕਾਰੀ ਤੋਂ ਬਾਹਰ ਤੱਕ ਫੈਲਵੀਆਂ ਤੇ ਬਹੁਤ ਅਸਰਦਾਰ ਸਿੱਧ ਹੋ ਰਹੀਆਂ ਇਹੋ ਵੰਨਸੁਵੰਨੀਆਂ ਸਰਗਰਮੀਆਂ ਸਨ ਜਿਹੜੀਆਂ ਉਨ੍ਹਾਂ ਨੂੰ ਰਚਨਾ ਤੱਕ ਰਹਿਣ ਵਾਲੇ ਉਨ੍ਹਾਂ ਦੇ ਸਮਕਾਲੀ ਵੱਡੇ ਸਾਹਿਤਕਾਰਾਂ ਵਿਚ ਪਹਿਲਾ ਸਥਾਨ ਦੁਆਉਂਦੀਆਂ ਸਨ। ਉਸ ਕਾਲ-ਖੰਡ ਵਿਚ ਸਾਡੇ ਸਤਿਕਾਰਯੋਗ ਲੇਖਕ ਕਈ ਹੋਏ ਪਰ ਗੁਰਬਖ਼ਸ਼ ਸਿੰਘ ਇਕੋ ਹੋਇਆ। ਜਿਥੇ ਆਧੁਨਿਕ ਕਵਿਤਾ ਦੇ ਮੋਢੀ ਕਹੇ ਜਾਂਦੇ ਭਾਈ ਵੀਰ ਸਿੰਘ ਕਈ ਸਦੀਆਂ ਵਿਚ ਗਾਡੀ ਬਣ ਚੁੱਕੇ ਅਧਿਆਤਮ ਦੇ ਰਾਹ ਉਤੇ ਤੁਰ ਕੇ ਹੀ ਕਵਿਤਾ ਤੇ ਗਲਪ ਦੀ ਰਚਨਾ ਕਰਦੇ ਰਹੇ, ਗੁਰਬਖ਼ਸ਼ ਸਿੰਘ ਨੇ ਨਵਾਂ, ਨਿਰੋਲ ਸੰਸਾਰਕ ਮਾਰਗ ਅਪਣਾਉਂਦਿਆਂ ਇਕ ਪਾਸੇ ਪੰਜਾਬੀ ਭਾਸ਼ਾ ਦਾ ਸੁਭਾਅ, ਲਹਿਜਾ, ਮੁਹਾਵਰਾ ਤੇ ਰੰਗ-ਰੂਪ ਬਦਲ ਕੇ ਰੱਖ ਦਿੱਤਾ, ਦੂਜੇ ਪਾਸੇ ਇਸ ਵਿਚ ਪੇਸ਼ ਹੁੰਦੇ ਵਿਸ਼ਿਆਂ ਵਿਚ ਏਨੀ ਵੰਨਸੁਵੰਨਤਾ ਲਿਆਂਦੀ ਜਿਸ ਦੀ ਉਨ੍ਹਾਂ ਤੋਂ ਬਿਨਾਂ ਕਿਸੇ ਨੇ ਕਲਪਨਾ ਵੀ ਨਹੀਂ ਸੀ ਕੀਤੀ। ਉਹ ਇਕ-ਇਕ ਸ਼ਬਦ ਦੇ ਬਲ ਤੇ ਸੁਹਜ ਨੂੰ ਜਾਣਦੇ-ਪਛਾਣਦੇ ਸਨ। ਉਨ੍ਹਾਂ ਦੀ ਕਲਮੋਂ ਪੰਜਾਬੀ ਨੂੰ ਨਵਾਂ ਜਲੌਅ ਮਿਲਿਆ। ਇਸੇ ਤਬਦੀਲੀ ਦਾ ਫਲ ਸੀ ਕਿ ਹਜ਼ਾਰਾਂ ਅਜਿਹੇ ਲੋਕ ਉਨ੍ਹਾਂ ਦੇ ਪਾਠਕ ਬਣ ਗਏ ਜੋ ਵੈਸੇ ਸਾਹਿਤ ਦੇ ਪਾਠਕ ਨਹੀਂ ਸਨ। ਇਸੇ ਕਰਕੇ ਸਮਕਾਲੀ ਵੱਡੇ ਰਚਨਾਕਾਰ ਸੰਤ ਸਿੰਘ ਸੇਖੋਂ ਉਨ੍ਹਾਂ ਦੇ ਕਈ ਵਿਚਾਰਾਂ ਤੇ ਸੁਫ਼ਨਿਆਂ ਨਾਲ ਮੱਤਭੇਦ ਰਖਦੇ ਹੋਣ ਦੇ ਬਾਵਜੂਦ ਗੁਰਬਖ਼ਸ਼ ਸਿੰਘ ਨੂੰ ਬੇਸ਼ੱਕੋਚ ਹੋ ਕੇ ਵੀਹਵੀਂ ਸਦੀ ਦੇ ਪੰਜਾਬੀ ਸਾਹਿਤਕਾਰਾਂ ਦਾ ਸ਼੍ਰੋਮਣੀ ਆਖਦੇ ਸਨ।

'ਪ੍ਰੀਤਲੜੀ' ਉਸ ਸਮੇਂ ਲਈ ਬਹੁਤ ਅਸਾਧਾਰਨ ਵਰਤਾਰਾ ਸੀ। ਉਹਨੂੰ ਕੁਝ ਤਬਕਿਆਂ ਦੇ, ਖਾਸ ਕਰ ਕੇ ਕੱਟੜ ਧਾਰਮਿਕ ਲੋਕਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਪਰ ਗੁਰਬਖ਼ਸ਼ ਸਿੰਘ ਆਪਣੇ ਚੁਣੇ ਮਾਰਗ ਉਤੇ ਅਡੋਲ ਤੁਰਦੇ ਰਹੇ। ਉਹ ਸਾਧਾਰਨ ਸਰੀਰਕ ਸਫ਼ਾਈ ਤੇ ਤੰਦਰੁਸਤੀ ਤੋਂ ਲੈ ਕੇ ਚੰਗੀਆਂ ਆਦਤਾਂ ਤੇ ਸੋਚਾਂ ਬਾਰੇ ਤਾਂ ਲਿਖਦੇ ਹੀ, ਇਹਦੇ ਨਾਲ ਹੀ ਉਹ ਜਵਾਨ ਹੋ ਰਹੇ ਕੁੜੀਆਂ-ਮੁੰਡਿਆਂ ਦੀ ਅਗਵਾਈ ਲਈ, ਜੋ ਉਸ ਜ਼ਮਾਨੇ ਵਿਚ ਕਿਤੋਂ ਨਹੀਂ ਸੀ ਮਿਲਦੀ, ਉਨ੍ਹਾਂ ਵਿਚ ਵਾਪਰ ਰਹੀਆਂ ਸਰੀਰਕ-ਮਾਨਸਿਕ ਤਬਦੀਲੀਆਂ ਜਿਹੇ ਵਿਸ਼ਿਆਂ ਬਾਰੇ ਬਿਨਾਂ ਕਿਸੇ ਝਿਜਕ ਤੋਂ ਖੁੱਲ੍ਹ ਕੇ ਲਿਖਦੇ, ਤਾਂ ਲੋਕ ਦੰਗ ਰਹਿ ਜਾਂਦੇ। ਉਨ੍ਹਾਂ ਵੇਲਿਆਂ ਵਿਚ 'ਜਵਾਨ ਹੋ ਰਹੀ ਧੀ ਨਾਲ ਗੱਲਾਂ' ਜਿਹੇ ਲੇਖ ਸਿਰਫ਼ ਤੇ ਸਿਰਫ਼ ਗੁਰਬਖ਼ਸ਼ ਸਿੰਘ ਹੀ ਲਿਖ ਸਕਦੇ ਸਨ। ਉਨ੍ਹਾਂ ਨੇ 'ਪ੍ਰੀਤਲੜੀ' ਨੂੰ ਪਾਠਕਾਂ ਨਾਲ ਸਿੱਧੇ ਸੰਪਰਕ ਦਾ ਵਸੀਲਾ ਬਣਾ ਕੇ ਹਜ਼ਾਰਾਂ ਲੋਕਾਂ ਦੇ ਦਿਲ ਵਿਚ ਥਾਂ ਬਣਾ ਲਈ। ਉਹ 'ਸਨੇਹੀਆਂ ਦਾ ਪੰਨਾ' ਕਾਲਮ ਰਾਹੀਂ ਪਾਠਕਾਂ ਨਾਲ ਸਿੱਧੀਆਂ ਗੱਲਾਂ ਕਰਦੇ ਤੇ 'ਮੇਰੇ ਝਰੋਖੇ ਚੋਂ' ਕਾਲਮ ਰਹੀਂ ਉਨ੍ਹਾਂ ਦੇ ਸਵਾਲਾਂ ਦੇ ਰੂਪ ਵਿਚ ਉਨ੍ਹਾਂ ਦੀਆਂ ਗੱਲਾਂ ਸੁਣਦੇ ਤੇ ਉਨ੍ਹਾਂ ਦੇ ਜਵਾਬ ਦਿੰਦੇ।

'ਪ੍ਰੀਤਲੜੀ' ਦੇ ਤਜਰਬੇ ਦੀ ਸਫ਼ਲਤਾ ਨੇ ਗੁਰਬਖ਼ਸ਼ ਸਿੰਘ ਦੇ ਚੁਣੇ ਹੋਏ ਰਾਹ ਨੂੰ ਸਹੀ ਸਿੱਧ ਕਰ ਦਿੱਤਾ। ਸੱਚ ਤਾਂ ਇਹ ਹੈ ਕਿ ਗੁਰਬਖ਼ਸ਼ ਸਿੰਘ ਦਾ ਸਮੁੱਚਾ ਰਚਨਾ-ਜਗਤ ਅਸਲ ਵਿਚ 'ਪ੍ਰੀਤਲੜੀ' ਦਾ ਹੀ ਪਸਾਰਾ ਹੈ! ਉਹ ਆਪਣੀਆਂ ਕਈ ਮੁੱਢਲੀਆ ਪੁਸਤਕਾਂ ਲਿਖ ਚੁੱਕੇ ਸਨ ਜਦੋਂ ਭਾਪਾ ਪ੍ਰੀਤਮ ਸਿੰਘ ਨੇ, ਜੋ ਓਦੋਂ ਉਥੇ ਛਾਪਾਖ਼ਾਨੇ ਦੇ ਪ੍ਰਬੰਧਕ ਸਨ, 'ਪ੍ਰੀਤਲੜੀ' ਦੇ ਅੰਕਾਂ ਵਿਚੋਂ ਵਿਸ਼ੇ ਦੇ ਪੱਖੋਂ ਮਿਲਦੇ-ਜੁਲਦੇ ਲੇਖਾਂ ਦੇ ਛੇ ਜੁੱਟ ਤਿਆਰ ਕੀਤੇ ਤੇ ਉਨ੍ਹਾਂ ਦੇ ਮੇਜ਼ ਉਤੇ ਜਾ ਰੱਖੇ। ਭਾਪਾ ਜੀ ਨੇ ਉਨ੍ਹਾਂ ਦੀਆਂ ਸਵਾਲੀ ਨਜ਼ਰਾਂ ਨੂੰ ਸੁਝਾਅ ਦਿੱਤਾ ਕਿ ਇਨ੍ਹਾਂ ਨੂੰ ਛੇ ਪੁਸਤਕਾਂ ਦਾ ਰੂਪ ਦਿੱਤਾ ਜਾ ਸਕਦਾ ਹੈ ਤੇ ਅੱਗੇ ਨੂੰ ਹੋਰ ਪੁਸਤਕਾਂ ਵੀ ਇਉਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਦਲੀਲ ਸੀ ਕਿ ਰਸਾਲੇ ਸਾਂਭ ਕੇ ਰੱਖਣੇ ਮੁਸ਼ਕਿਲ ਹੁੰਦੇ ਹਨ ਜਦੋਂ ਕਿ ਸਦੀਵੀ ਮੁੱਲ ਵਾਲੇ ਲੇਖਾਂ ਤੋਂ ਤਿਆਰ ਕੀਤੀ ਪੁਸਤਕ ਸੌਖੀ ਸੰਭਾਲੀ ਜਾ ਸਕਦੀ ਹੈ। ਉਹ ਬਹੁਤ ਖ਼ੁਸ਼ ਹੋਏ। ਇਉਂ 'ਸਾਂਵੀ ਪੱਧਰੀ ਜ਼ਿੰਦਗੀ' ਤੇ 'ਸੁਖਾਵੀਂ ਸੁਧਰੀ ਜ਼ਿੰਦਗੀ' ਜਿਹੀਆਂ ਪੁਸਤਕਾਂ ਹੋਂਦ ਵਿਚ ਆਈਆਂ। ਇਸ ਘਟਨਾ ਤੋਂ ਇਹ ਪਤਾ ਵੀ ਲਗਦਾ ਹੈ ਕਿ ਗੁਰਬਖ਼ਸ਼ ਸਿੰਘ ਦੂਜਿਆਂ ਦੇ ਸੁਝਾਵਾਂ ਲਈ ਮਨ ਦਾ ਬੂਹਾ ਕਿਵੇਂ ਖੁੱਲ੍ਹਾ ਰਖਦੇ ਸਨ ਅਤੇ ਭਾਪਾ ਪ੍ਰੀਤਮ ਸਿੰਘ ਨੂੰ ਓਦੋਂ ਤੋਂ ਹੀ ਪ੍ਰਕਾਸ਼ਨ ਦੀ ਕਿੰਨੀ ਸਮਝ ਸੀ ਜੋ ਅੱਗੇ ਚੱਲ ਕੇ ਨਵਯੁਗ ਪਬਲਿਸ਼ਰਜ਼ ਦੇ ਰੂਪ ਵਿਚ ਪ੍ਰਫੁੱਲਤ ਹੋਈ।

ਦੇਸ ਦੀ ਵੰਡ ਹੋਈ ਤਾਂ ਨਵੀਂ ਖਿੱਚੀ ਗਈ ਖ਼ੂਨੀ ਲਕੀਰ ਨੇੜੇ ਹੋਣ ਕਰਕੇ ਪ੍ਰੀਤਨਗਰ ਇਕ ਤਰ੍ਹਾਂ ਉੱਜੜ ਹੀ ਗਿਆ। 'ਪ੍ਰੀਤਲੜੀ' ਸਮੇਤ ਉਹ ਸਭ, ਜਿਨ੍ਹਾਂ ਦਾ ਪ੍ਰੀਤਨਗਰ ਤੋਂ ਬਿਨਾਂ ਹੋਰ ਕਿਤੇ ਕੋਈ ਆਪਣਾ ਪੱਕਾ ਟਿਕਾਣਾ ਨਹੀਂ ਸੀ, ਦਿੱਲੀ ਦੇ ਮਹਿਰੌਲੀ ਇਲਾਕੇ ਵਿਚ ਪਹੁੰਚ ਗਏ। ਇਨ੍ਹਾਂ ਵਿਚ ਭਾਪਾ ਪ੍ਰੀਤਮ ਸਿੰਘ, ਪਿਆਰਾ ਸਿੰਘ ਸਹਿਰਾਈ, ਬਾਲ-ਮਨੋਵਿਗਿਆਨੀ ਪ੍ਰੋ. ਜਗਦੀਸ਼ ਸਿੰਘ, ਪਿਆਰਾ ਸਿੰਘ ਦਾਤਾ, ਗਿਆਨੀ ਜਸਵੰਤ ਸਿੰਘ ਜਨਤਕ ਪ੍ਰੈੱਸ ਤੇ ਹੋਰ ਕਈ ਸ਼ਾਮਲ ਸਨ। ਜਦੋਂ ਕੁਝ ਠੰਢ-ਠੰਢੋਰਾ ਹੋਏ ਤੋਂ ਗੁਰਬਖ਼ਸ਼ ਸਿੰਘ ਪ੍ਰੀਤਨਗਰ ਪਰਤੇ, ਇਹ ਸਭ ਦਿੱਲੀ ਹੀ ਰਹਿ ਪਏ ਤੇ ਆਪੋ-ਆਪਣਾ ਰਾਹ ਲਭਦਿਆਂ ਜ਼ਿੰਦਗੀ ਵਿਚ ਚੰਗਾ ਨਾਂ ਕਮਾ ਸਕੇ। ਪ੍ਰੀਤਨਗਰ ਦਾ ਪ੍ਰਭਾਵ ਏਨਾ ਗੂੜ੍ਹਾ ਤੇ ਪਿਆਰਾ ਸੀ ਕਿ ਇਹ ਸਾਰੇ ਅੰਤ ਤੱਕ ਪ੍ਰੀਤਨਗਰੀਏ ਹੋਣ ਦਾ ਮਾਣ ਕਰਦੇ ਰਹੇ।

ਸੋਵੀਅਤ ਯੂਨੀਅਨ ਦੇ ਕਿਸਾਨ-ਮਜ਼ਦੂਰ ਰਾਜ ਦਾ ਪ੍ਰਭਾਵ ਦੁਨੀਆ-ਭਰ ਵਿਚ ਵਧ ਰਿਹਾ ਸੀ। ਦੁਨੀਆ ਦੋ, ਪੂੰਜੀਵਾਦੀ ਤੇ ਸਮਾਜਵਾਦੀ, ਧੜਿਆਂ ਵਿਚ ਵੰਡੀ ਜਾ ਚੁੱਕੀ ਸੀ। ਆਮ ਲੋਕਾਂ ਦੀ ਕੁੱਲੀ, ਜੁੱਲੀ ਤੇ ਗੁੱਲੀ ਦੀ ਸਮੱਸਿਆ ਹੱਲ

ਹੁੰਦੀ ਦੇਖ ਲੇਖਕ, ਕਲਾਕਾਰ ਤੇ ਬੁੱਧੀਮਾਨ ਸਮਾਜਵਾਦੀ ਵਿਚਾਰ ਅਪਣਾ ਰਹੇ ਸਨ। ਐਨ ਇਸ ਮੌਕੇ ਸਾਮਰਾਜੀ ਤਾਕਤਾਂ ਨੇ ਆਪਣੀ-ਆਪਣੀ ਚੌਧਰ ਦੇ ਪਸਾਰੇ ਲਈ ਦੂਜੀ ਸੰਸਾਰ ਜੰਗ ਛੇੜ ਦਿੱਤੀ। ਅਮਰੀਕੀ ਆਜ਼ਾਦੀ, ਉਦਾਰਤਾ ਤੇ ਜੀਵਨ-ਜਾਚ ਤੋਂ ਪ੍ਰਭਾਵਿਤ ਹੋ ਕੇ ਆਏ ਅਤੇ ਸ਼ੁਰੂ ਵਿਚ ਅਜਿਹੇ ਵਿਚਾਰਾਂ ਦੇ ਹੀ ਦੂਤ ਬਣੇ ਗੁਰਬਖ਼ਸ਼ ਸਿੰਘ ਸਮਝ ਗਏ ਕਿ ਉਨ੍ਹਾਂ ਨੇ ਜਿਸ ਸਮਾਜ ਦਾ ਸੁਫ਼ਨਾ ਸਿਰਜਿਆ ਹੈ, ਉਹ ਇਸ ਬੁਨਿਆਦ ਉੱਤੇ ਨਹੀਂ ਉੱਸਰ ਸਕਦਾ।

ਪਹਿਲੀ ਸੰਸਾਰ ਜੰਗ ਤੋਂ ਕਈ ਗੁਣਾ ਵੱਧ ਜਾਨੀ-ਮਾਲੀ ਨੁਕਸਾਨ ਕਰ ਕੇ ਜਦੋਂ ਇਹ ਜੰਗ ਸਮਾਪਤ ਹੋਈ, ਕੁਝ ਸੰਸਾਰ-ਪ੍ਰਸਿੱਧ ਵਿਗਿਆਨੀਆਂ, ਲੇਖਕਾਂ, ਕਲਾਕਾਰਾਂ, ਬੁੱਧੀਮਾਨਾਂ ਤੇ ਚਿੰਤਕਾਂ ਨੇ ਤੀਜੀ ਜੰਗ ਰੋਕਣ ਲਈ ਸੰਸਾਰ ਅਮਨ ਲਹਿਰ ਦਾ ਮੁੱਢ ਬੰਨ੍ਹਿਆ। ਗੁਰਬਖ਼ਸ਼ ਸਿੰਘ ਨੂੰ ਇਹ ਲਹਿਰ ਚੰਗੀ ਲਗੀ। ਜੰਗ ਵਿਚ ਦੂਜੇ ਦੇਸਾਂ ਦੇ ਮੁਕਾਬਲੇ ਬਹੁਤ ਭਾਰੀ ਨੁਕਸਾਨ ਝੱਲ ਚੁੱਕੇ ਸੋਵੀਅਤ ਯੂਨੀਅਨ ਨੇ ਆਪਣੀ ਸ਼ਕਤੀ ਅਮਨ ਲਹਿਰ ਨੂੰ ਅਰਪ ਦਿੱਤੀ। ਇਉਂ ਉਨ੍ਹਾਂ ਦੀ ਸੋਚ ਨੇ ਅਮਰੀਕਾ ਤੋਂ ਸੋਵੀਅਤ ਯੂਨੀਅਨ ਵੱਲ ਮੋੜ ਕੱਟਿਆ। ਨਵਤੇਜ ਦੀ ਸੋਚ ਨੇ ਵੀ, ਜੋ ਉਸ ਸਮੇਂ ਤੱਕ ਕਮਿਊਨਿਸਟ ਪਾਰਟੀ ਵਿਚ ਸਰਗਰਮ ਹੋ ਚੁੱਕਿਆ ਸੀ, ਇਸ ਮੋੜ ਵਿਚ ਅਬੋਲ ਭੂਮਿਕਾ ਨਿਭਾਈ। ਗੁਰਬਖ਼ਸ਼ ਸਿੰਘ, ਜੋ ਰਾਜਨੀਤੀ ਤੋਂ ਦੂਰ ਹੀ ਰਹੇ, ਅਮਨ ਲਹਿਰ ਦੇ ਉਦੇਸ਼ ਨੇ ਏਨੇ ਮੋਹ ਲਏ ਕਿ ਉਹ ਪੂਰੀ ਤਰ੍ਹਾਂ ਇਸ ਨਾਲ ਜੁੜ ਗਏ। ਉਨ੍ਹਾਂ ਨੂੰ ਪੰਜਾਬ ਅਮਨ ਕੌਂਸਲ ਦਾ ਪ੍ਰਧਾਨ ਤੇ ਕੁੱਲ-ਹਿੰਦ ਅਮਨ ਕੌਂਸਲ ਦਾ ਮੀਤ-ਪ੍ਰਧਾਨ ਚੁਣਿਆ ਗਿਆ। ਦਿਲਚਸਪ ਤੱਥ ਇਹ ਹੈ ਕਿ ਆਪ ਸਰਗਰਮ ਕਮਿਊਨਿਸਟ ਕੀ, ਪਾਰਟੀ ਦਾ ਮੈਂਬਰ ਵੀ ਬਣੇ ਬਿਨਾ ਉਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਅਨੇਕ ਲੋਕਾਂ ਨੂੰ ਮਾਰਕਸਵਾਦੀ ਵਿਚਾਰਾਂ ਦੇ ਧਾਰਨੀ ਬਣਾ ਦਿੱਤਾ। ਗੱਲ ਇਥੋਂ ਤੱਕ ਚਲੀ ਗਈ ਕਿ ਪਿੱਛਲਖੁਰੀ ਤਾਕਤਾਂ, ਉਹ ਭਾਵੇਂ ਸਰਕਾਰੀ ਸਨ ਜਾਂ ਧਾਰਮਿਕ, ਗੁਰਬਖ਼ਸ਼ ਸਿੰਘ ਦੀ ਕਲਮ ਵੱਲ ਕੌੜੀ ਨਜ਼ਰ ਨਾਲ ਦੇਖਣ ਲੱਗ ਪਈਆਂ। ਸਰਕਾਰੀ ਮੁਲਾਜ਼ਮਾਂ ਲਈ ਤਾਂ 'ਪ੍ਰੀਤਲੜੀ' ਵਰਜਿਤ ਹੀ ਕਰ ਦਿੱਤੀ ਗਈ। ਤਾਂ ਵੀ ਲੋਕ 'ਪ੍ਰੀਤਲੜੀ' ਪੜ੍ਹਦੇ ਰਹੇ, ਸ਼ਰ੍ਹੇ-ਆਮ ਵੀ ਤੇ ਲੁਕ-ਲੁਕ ਕੇ ਵੀ। ਇਉਂ ਹੀ ਧਰਮ ਦੀ ਸੌੜੀ ਤੇ ਗ਼ਲਤ ਸਮਝ ਅਤੇ ਅੰਧਵਿਸ਼ਵਾਸ ਦੇ ਵਿਰੁੱਧ ਗੁਰਬਖ਼ਸ਼ ਸਿੰਘ ਦੀਆਂ ਲਿਖਤਾਂ ਨੂੰ ਸੰਸਥਾਈ ਧਰਮ ਨੇ ਆਪਣੇ ਉੱਤੇ ਸਿੱਧਾ ਹਮਲਾ ਸਮਝਦਿਆਂ ਉਨ੍ਹਾਂ ਵਿਰੁੱਧ ਫ਼ਤਵੇ ਜਾਰੀ ਕੀਤੇ।

'ਪ੍ਰੀਤਲੜੀ' ਪੜ੍ਹਨ ਵਾਲੇ ਤੇ ਖਾਸ ਕਰ ਕੇ ਉਸ ਵਿਚ ਛਪਣ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ ਕੌੜ ਅੱਖ ਨਾਲ ਦੇਖੇ ਜਾਣ ਦੀ ਇਕ ਜਿਉਂਦੀ-ਜਾਗਦੀ ਮਿਸਾਲ ਤਾਂ ਮੈਂ ਹੀ ਹਾਂ। ਪਿਛਲੀ ਸਦੀ ਦੇ ਪੰਜਾਹਵਿਆਂ ਵਿਚ ਜਦੋਂ ਪੰਜਾਬ ਵਿਚ ਪਹਿਲੀ ਵਾਰ ਟੀਚਰਜ਼ ਯੂਨੀਅਨ ਜਥੇਬੰਦ ਕੀਤੀ ਜਾਣ ਲੱਗੀ, ਜ਼ਿਲਾ ਬਠਿੰਡਾ ਵਿਚ ਜਗਮੋਹਨ ਕੌਸ਼ਲ, ਮੈਂ ਤੇ ਕੁਝ ਹੋਰ ਸਾਥੀ ਅਧਿਆਪਕ ਸਰਗਰਮ ਹੋਏ। ਕੈਰੋਂ ਮੁੱਖ ਮੰਤਰੀ ਦੇ ਨਾਲ-ਨਾਲ ਸਿੱਖਿਆ ਮੰਤਰੀ ਵੀ ਸੀ। ਉਹਨੇ ਪੰਜਾਬ-ਭਰ ਵਿਚ 'ਇਨ੍ਹਾਂ ਮਾਸਟਰਾਂ' ਉੱਤੇ ਨਜ਼ਰ ਰੱਖਣ ਲਈ ਕਿਹਾ। 'ਪ੍ਰੀਤਲੜੀ' ਪੜ੍ਹਨ ਵਾਲਿਆਂ ਉੱਤੇ ਤਾਂ ਸਿਰਫ਼ ਨਜ਼ਰ ਹੀ ਰੱਖੀ ਜਾਂਦੀ ਸੀ ਕਿ ਉਹ ਹੋਰ ਅੱਗੇ ਵਧਦੇ ਹਨ ਕਿ ਨਹੀਂ, ਪਰ ਮੇਰੇ 'ਅਪਰਾਧ' ਕਿਉਂਕਿ ਹੋਰ ਵੀ ਸਨ, ਮੈਨੂੰ ਸੀ.ਆਈ.ਡੀ. ਦੇ ਅਧਿਕਾਰੀ ਜਗਸੀਰ ਸਿੰਘ ਨੇ ਕਿਹਾ, "ਉੱਪਰੋਂ ਤੇਰੇ ਬਾਰੇ ਰਿਪੋਰਟ ਮੰਗੀ ਗਈ ਹੈ। ਜੇ ਤੂੰ ਚੰਗੀ ਰਿਪੋਰਟ ਚਾਹੁੰਦਾ ਹੈਂ, ਤੈਨੂੰ ਤਿੰਨ ਗੱਲਾਂ ਕਰਨੀਆ ਪੈਣਗੀਆਂ। ਕਮਿਊਨਿਸਟ ਪਾਰਟੀ ਤੇ ਮਾਸਟਰ ਬਾਬੂ ਸਿੰਘ (ਉਹ ਸਾਡੇ ਇਲਾਕੇ ਦੇ ਮਸ਼ਹੂਰ ਕਮਿਊਨਿਸਟ ਆਗੂ ਤੇ ਮੇਰੇ ਨੇੜਲੇ ਮਿੱਤਰ ਸਨ) ਨਾਲੋਂ ਸੰਬੰਧ ਤੋੜਨਾ ਹੋਵੇਗਾ, ਟੀਚਰਜ਼ ਯੂਨੀਅਨ ਬਣਾਉਣ ਦਾ ਖ਼ਿਆਲ ਛੱਡਣਾ ਹੋਵੇਗਾ, 'ਪ੍ਰੀਤਲੜੀ' ਵਰਗੇ ਮਸ਼ਕੂਕ ਰਸਾਲੇ ਨਾਲ ਕੋਈ ਵਾਸਤਾ ਨਹੀਂ ਰੱਖਣਾ ਹੋਵੇਗਾ। ਤੇ ਇਹ ਸਭ ਲਿਖ ਕੇ ਤੇ ਦਸਖ਼ਤ ਕਰ ਕੇ ਮੈਨੂੰ ਦੇਣਾ ਹੋਵੇਗਾ।" ਮੈਂ ਪੁੱਛਿਆ, "ਜੇ ਮੈਂ ਲਿਖ ਕੇ ਨਾ ਦੇਵਾਂ?" ਉਹਨੇ ਦੱਸਿਆ, "ਤੇਰੀ ਨੌਕਰੀ ਚਲੀ ਜਾਵੇਗੀ।" ਮੈਂ ਕੁਝ ਵੀ ਲਿਖ ਕੇ ਦੇਣੋਂ ਇਨਕਾਰ ਕਰ ਦਿੱਤਾ। ਸਿੱਟੇ ਵਜੋਂ, ਪੂਰੇ ਪੰਜਾਬ ਵਿਚ ਇਨ੍ਹਾਂ ਅਪਰਾਧਾਂ ਕਾਰਨ ਦਸ ਸਾਲ ਦੀ ਨੌਕਰੀ ਦੇ ਬਾਵਜੂਦ ਸਭ ਤੋਂ ਪਹਿਲਾਂ ਕੱਢੇ ਜਾਣ ਦਾ ਮਾਣ ਮੈਨੂੰ ਮਿਲਿਆ। ਮੇਰੇ ਪਿੱਛੇ-ਪਿੱਛੇ ਲੇਖਕ ਅਜੀਤ ਬਰਾੜ ਪੱਤੋ ਸਮੇਤ ਦਰਜਨ ਕੁ ਅਧਿਆਪਕ ਹੋਰ ਕੱਢੇ ਗਏ। ਮੇਰੇ ਕੀਤੇ ਮੁਕੱਦਮੇ ਦੇ ਆਧਾਰ ਉੱਤੇ ਆਖ਼ਰ ਅਸੀਂ ਸਾਰੇ ਹਾਈਕੋਰਟ ਨੇ ਬਹਾਲ ਕਰ ਦਿੱਤੇ। ਬਾਕੀ ਸਭ ਨੌਕਰੀ ਜਾ ਲੱਗੇ, ਪਰ ਮੈਂ ਤਦ ਤੱਕ ਹੋਰ ਰਾਹ ਪੈ ਚੁੱਕਿਆ ਸੀ। ਗੁਰਬਖ਼ਸ਼ ਸਿੰਘ ਦਾ ਇਕ ਹੋਰ ਕ੍ਰਿਸ਼ਮਾ ਵੱਡੀ ਗਿਣਤੀ ਵਿਚ ਨਵੇਂ ਲੇਖਕ 'ਪੈਦਾ ਕਰਨਾ' ਸੀ। ਇਹ ਸੱਚ ਹੈ ਕਿ ਕੋਈ ਕਿਸੇ ਨੂੰ ਲੇਖਕ ਨਹੀਂ ਬਣਾ ਸਕਦਾ। ਪਰ ਇਹ ਵੀ ਸੱਚ ਹੈ ਕਿ ਜੇ ਕਿਸੇ ਵਿਚ ਲੇਖਕ ਬਣਨ ਦੀਆਂ ਪੁੰਗਰਦੀਆਂ ਜਾਂ ਸੁੱਤੀਆਂ ਸੰਭਾਵਨਾਵਾਂ ਹੋਣ, ਲੋੜੀਂਦੀ ਹੌਸਲਾ-ਅਫ਼ਜ਼ਾਈ ਤੇ ਹੱਲਾਸ਼ੇਰੀ ਉਨ੍ਹਾਂ ਨੂੰ ਜਗਾ ਜ਼ਰੂਰ ਸਕਦੀ ਹੈ। ਗੁਰਬਖ਼ਸ਼ ਸਿੰਘ ਤੇ ਉਨ੍ਹਾਂ ਦੀ 'ਪ੍ਰੀਤਲੜੀ' ਨੇ ਇਹ ਕਾਰਜ ਵੱਡੇ ਪੱਧਰ ਉੱਤੇ ਕੀਤਾ। ਸੰਤੋਖ ਸਿੰਘ ਧੀਰ ਤੇ ਗੁਰਚਰਨ ਰਾਮਪੁਰੀ ਵਰਗਿਆਂ ਤੋਂ ਲੈ ਕੇ ਮੇਰੇ ਵਰਗਿਆਂ ਤੱਕ ਤੁਹਾਨੂੰ ਅਨੇਕ ਲੇਖਕ ਮਿਲ ਜਾਣਗੇ ਜਿਹੜੇ ਇਹ ਤੱਥ ਪਰਵਾਨ ਕਰਦੇ ਹਨ/ਸਨ ਕਿ 'ਪ੍ਰੀਤਲੜੀ' ਨੇ ਉਨ੍ਹਾਂ ਦੀਆਂ ਸੰਭਾਵਨਾਵਾਂ ਜਗਾ ਕੇ ਰਚਨਾਤਮਿਕ ਸਮਰੱਥਾ ਵਿਚ ਪ੍ਰਤੱਖ ਵਾਧਾ ਕੀਤਾ।

'ਪ੍ਰੀਤਲੜੀ' ਵਿਚ ਉਹ ਲੇਖਕ ਦੇ ਨਾਂ ਦੀ ਥਾਂ ਰਚਨਾ ਦੇ ਪੱਧਰ ਨੂੰ ਅਗੇਤ ਦਿੰਦੇ ਸਨ ਅਤੇ ਇਉਂ ਭਵਿੱਖੀ ਸੰਭਾਵਨਾ ਨੂੰ ਪਹਿਲਾਂ ਹੀ ਪਛਾਣ ਲੈਣ ਦੀ ਯੋਗਤਾ ਦਰਸਾਉਂਦੇ ਸਨ। ਇਸੇ ਕਰਕੇ 'ਪ੍ਰੀਤਲੜੀ' ਵਿਚ ਛਪ ਜਾਣਾ ਲੇਖਕ ਲਈ ਸਾਹਿਤਕ ਖੇਤਰ ਵਿਚ 'ਪਹੁੰਚ ਚੁੱਕਿਆ' ਹੋਣ ਦੀ ਸਨਦ ਹੁੰਦਾ ਸੀ। ਮੈਨੂੰ ਚੇਤੇ ਹੈ, ਜਦੋਂ ਮੇਰੀ ਪਹਿਲੀ ਹੀ ਕਵਿਤਾ ਸਿੱਧੀ 'ਪ੍ਰੀਤਲੜੀ' ਵਿਚ ਛਪ ਗਈ, ਮੇਰੇ ਸ਼ਹਿਰ ਦੇ ਸਾਹਿਤ ਸਭੀਏ ਕਿਵੇਂ ਮੈਨੂੰ ਆਪਣੇ ਨਾਲੋਂ 'ਵੱਡਾ ਲੇਖਕ' ਬਣ ਗਿਆ ਸਮਝਦੇ ਸਨ! ਗੁਰਚਰਨ ਰਾਮਪੁਰੀ ਦਸਦਾ ਸੀ ਕਿ ਉਹਦਾ ਗੀਤ 'ਕਣਕਾਂ ਦੀ ਖ਼ੁਸ਼ਬੋ, ਵੇ ਮਾਹੀਆ, ਕਣਕਾਂ ਦੀ ਖ਼ੁਸ਼ਬੋ' ਇਪਟਾ ਤੇ ਅਮਨ ਕਾਨਫ਼ਰੰਸਾਂ ਦੇ ਮੰਚਾਂ ਉੱਤੇ ਚੰਗਾ ਮਸ਼ਹੂਰ ਹੋ ਚੁੱਕਿਆ ਸੀ। ਇਕ ਕਵੀ-ਦਰਬਾਰ ਦੀ ਪ੍ਰਧਾਨਗੀ ਕਰਦਿਆਂ ਨਵਤੇਜ ਨੇ ਇਹ ਗੀਤ ਸੁਣਿਆ, ਤਾਂ ਮਗਰੋਂ 'ਪ੍ਰੀਤਲੜੀ' ਵਾਸਤੇ ਮੰਗ ਲਿਆ। ਉਹ ਗੀਤ 'ਪ੍ਰੀਤਲੜੀ' ਵਿਚ ਛਪਣ ਨਾਲ ਗੁਰਚਰਨ ਨੂੰ ਬਹੁਤ ਤਸੱਲੀ ਹੋਈ ਕਿ ਮੈਨੂੰ ਕਵੀ ਹੋਣ ਦੀ ਸਨਦ ਮਿਲ ਗਈ ਹੈ। 'ਪ੍ਰੀਤਲੜੀ' ਨੇ ਅਨੇਕ ਨਵੇਂ ਲੇਖਕ ਪੈਦਾ ਹੀ ਨਹੀਂ ਕੀਤੇ, ਉਨ੍ਹਾਂ ਨੂੰ ਅਗਾਂਹਵਧੂ, ਮਾਨਵ-ਹਿਤੈਸ਼ੀ ਸਾਹਿਤ ਰਚਣ ਦੇ ਮਾਰਗ ਉੱਤੇ ਵੀ ਤੋਰਿਆ। ਗੁਰਬਖ਼ਸ਼ ਸਿੰਘ ਦੇ ਸੰਸਥਾਈ ਰੂਪ ਅਤੇ ਸੰਸਥਾਈ ਪ੍ਰਭਾਵ ਵੱਲ ਦੇਖਦਿਆਂ ਇਹ ਕੋਈ ਅਤਿਕਥਨੀ ਨਹੀਂ ਕਿ ਉਨ੍ਹਾਂ ਦੇ ਜਾਣ ਸਮੇਂ ਪੰਜਾਬੀ ਭਾਸ਼ਾ ਅਤੇ ਸਾਹਿਤ ਨਿਸਚੇ ਹੀ ਉਹ ਨਹੀਂ ਸਨ ਰਹਿ ਗਏ ਜੋ ਸਾਹਿਤਕ ਪਿੜ ਵਿਚ ਉਨ੍ਹਾਂ ਦੇ ਪ੍ਰਵੇਸ਼ ਸਮੇਂ ਸਨ।

ਇਕ ਲੇਖਕ ਵਜੋਂ ਉਨ੍ਹਾਂ ਦੀ ਵੰਨਸੁਵੰਨਤਾ ਦੇਖਣ ਵਾਲੀ ਹੈ। ਕਵਿਤਾ ਨੂੰ ਛੱਡ ਕੇ ਉਨ੍ਹਾਂ ਨੇ ਸ਼ਾਇਦ ਹੀ ਕੋਈ ਵਿਧਾ ਆਪਣੀ ਕਲਮ ਦੀ ਨੋਕ ਤੋਂ ਦੂਰ ਰਹਿਣ ਦਿੱਤੀ ਹੋਵੇ। ਪ੍ਰਮੁੱਖ ਵਾਰਤਿਕਕਾਰ ਤੇ ਨਿਬੰਧਕਾਰ ਤਾਂ ਉਹ ਸਨ ਹੀ, ਉਨ੍ਹਾਂ ਨੇ ਕਹਾਣੀਆਂ ਵੀ ਲਿਖੀਆਂ ਤੇ ਨਾਵਲ ਵੀ, ਨਾਟਕ ਵੀ ਲਿਖੇ ਤੇ ਸਫ਼ਰਨਾਮਾ ਵੀ, ਸਵੈਜੀਵਨੀ ਵੀ ਲਿਖੀ ਤੇ ਯਾਦਾਂ ਵੀ। ਇਸ ਤੋਂ ਇਲਾਵਾ ਉਨ੍ਹਾਂ ਨੇ ਅਨੁਵਾਦ ਦਾ ਵੀ ਬਹੁਤ ਸਾਰਾ ਕੰਮ ਕੀਤਾ। ਪਰ ਉਨ੍ਹਾਂ ਦੀ ਰਚਨਾ ਪੜ੍ਹਦਿਆਂ 'ਕਵਿਤਾ ਨੂੰ ਛੱਡ ਕੇ' ਕਹਿਣਾ ਵੀ ਜਚਦਾ ਨਹੀਂ, ਕਿਉਂਕਿ ਕਾਵਿਕਤਾ ਤਾਂ ਉਨ੍ਹਾਂ ਦੇ ਸ਼ਬਦ-ਸ਼ਬਦ, ਵਾਕ-ਵਾਕ ਵਿਚ ਰਸੀ-ਵਸੀ ਹੋਈ ਸੀ। ਸ਼ਬਦਾਂ ਦੇ ਉਹ ਜਾਦੂਗਰ ਵਾਰਤਿਕ ਸਮੇਤ ਜੋ ਕੁਛ ਵੀ ਲਿਖਦੇ ਸਨ, ਸਾਡੇ ਪੁਰਾਤਨ ਰਿਸ਼ੀਆਂ ਵਾਂਗ ਕਵਿਤਾ ਵਿਚ ਹੀ ਲਿਖਦੇ ਸਨ। ਉਹ ਆਪਣੀ ਰਚਨਾ, ਭਾਵੇਂ ਉਹ ਕਿਸੇ ਵੀ ਵਿਧਾ ਵਿਚ ਹੋਵੇ, ਦੇ ਦੋਵਾਂ ਪੱਖਾਂ, ਵਿਸ਼ਾ-ਵਸਤੂ ਅਤੇ ਭਾਸ਼ਾ, ਸੰਬੰਧੀ ਸੁਚੇਤ ਸਨ। ਉਨ੍ਹਾਂ ਨੇ ਪਹਿਲੀ ਵਾਰ ਅਜਿਹੇ ਵਿਸ਼ੇ ਵੀ ਲਏ, ਜਿਹੋ ਜਿਹੇ ਉਸ ਸਮੇਂ ਤੱਕ ਪੰਜਾਬੀ ਵਿਚ ਲਏ ਨਹੀਂ ਸਨ ਗਏ ਜਾਂ ਲੈਣੇ ਵਾਜਬ ਨਹੀਂ ਸਨ ਸਮਝੇ ਗਏ ਜਾਂ ਲੈਣੇ ਸੰਭਵ ਨਹੀਂ ਸਨ ਦੇਖੇ ਗਏ। ਨਾਲੋ-ਨਾਲ ਉਨ੍ਹਾਂ ਨੇ ਸਮਕਾਲੀ ਸਮਾਜਕ-ਰਾਜਨੀਤਕ ਹਾਲਤਾਂ ਅਤੇ ਘਟਨਾਵਾਂ ਬਾਰੇ ਵੀ ਲਗਾਤਾਰ ਵਿਚਾਰ ਪ੍ਰਗਟਾਏ। ਆਪਣੇ ਵਿਚਾਰਾਂ ਨੂੰ, ਆਪਣੀਆਂ ਲਿਖਤਾਂ ਦੇ ਵਿਸ਼ਾ-ਵਸਤੂ ਨੂੰ ਪਾਠਕ ਤੱਕ ਬਾਖ਼ੂਬੀ ਪੁਜਦੇ ਕਰਨ ਦੀ ਧੁਨ ਵਿਚ ਉਨ੍ਹਾਂ ਨੇ ਅਨੇਕ ਹੋਰ ਲੇਖਕਾਂ ਦੇ ਉਲਟ ਭਾਸ਼ਾ ਵੱਲ ਅਣਗਹਿਲੀ ਨਹੀਂ ਵਰਤੀ। ਉਨ੍ਹਾਂ ਦਾ ਟੀਚਾ ਪਾਠਕ ਤੱਕ ਆਪਣੀ ਗੱਲ ਪੁਜਦੀ ਕਰਨਾ ਤਾਂ ਸੀ ਹੀ, ਏਨਾ ਹੀ ਮਹੱਤਵ ਉਹ ਗੱਲ ਦੇ ਮਾਧਿਅਮ ਨੂੰ, ਭਾਵ ਭਾਸ਼ਾ ਨੂੰ ਦਿੰਦੇ ਸਨ।

ਉਹ ਸ਼ਬਦਾਂ ਦੇ ਜੌਹਰੀ ਸਨ ਜੋ ਇਕ-ਇਕ ਸ਼ਬਦ ਲਭਦੇ-ਟੋਲਦੇ, ਸੰਜੋਂਦੇ-ਸਾਂਭਦੇ ਸਨ। ਭਾਸ਼ਾ ਦੇ ਭੰਡਾਰ ਵਿਚ ਚਿਰਾਂ ਤੋਂ ਅਣਵਰਤੇ ਪਏ ਸ਼ਬਦਾਂ ਦੀ ਧੂੜ-ਮਿੱਟੀ ਝਾੜ-ਪੂੰਝ ਕੇ ਉਹ ਉਨ੍ਹਾਂ ਨੂੰ ਨਗਾਂ ਵਾਂਗ ਲਿਸ਼ਕਾ ਲੈਂਦੇ ਸਨ। ਉਹ ਉਨ੍ਹਾਂ ਦੇ ਪ੍ਰੰਪਰਕ ਅਰਥਾਂ ਨੂੰ ਲੋੜ ਅਨੁਸਾਰ ਵਿਸ਼ਾਲਤਾ ਵੀ ਦੇ ਲੈਂਦੇ ਸਨ ਅਤੇ ਉਨ੍ਹਾਂ ਦਾ ਨਵਾਂ ਅਰਥ-ਪਸਾਰਾ ਵੀ ਸਿਰਜ ਲੈਂਦੇ ਸਨ। ਲਿਖਣ ਲੱਗਿਆਂ ਉਹ ਕਿਸੇ ਥਾਂ ਵਰਤੇ ਜਾ ਸਕਣ ਵਾਲੇ ਕਈ ਸੰਭਵ ਸ਼ਬਦਾਂ ਵਿਚੋਂ ਸਭ ਤੋਂ ਢੁਕਵਾਂ ਸ਼ਬਦ ਕਲਮ ਦੀ ਚੁੰਝ ਨਾਲ ਇਉਂ ਚੁਕਦੇ ਸਨ ਜਿਵੇਂ ਸਵਰਨਕਾਰ ਚਿਮਟੀ ਦੀ ਨੋਕ ਨਾਲ ਸਭ ਤੋਂ ਢੁਕਵੇਂ ਆਕਾਰ, ਰੰਗ ਤੇ ਭਾਹ ਵਾਲਾ ਨਗ ਜ਼ੇਵਰ ਵਿਚ ਜੜਨ ਲਈ ਚੁਕਦਾ ਹੈ। ਇਸ ਸ਼ਬਦ-ਚੋਣ, ਸ਼ਬਦ-ਜੜਤ ਅਤੇ ਵਾਕ-ਬਣਤਰ ਨੇ ਉਨ੍ਹਾਂ ਨੂੰ ਪੰਜਾਬੀ ਦਾ ਇਕ ਪ੍ਰਮੁੱਖ ਸ਼ੈਲੀਕਾਰ ਬਣਾ ਦਿੱਤਾ। ਸ਼ਬਦਾਂ ਨਾਲ ਉਨ੍ਹਾਂ ਦੇ ਮੋਹ ਦੀ ਇਕ ਗੱਲ ਤਾਂ ਅੱਧੀ ਸਦੀ ਤੋਂ ਮੇਰੇ ਚੇਤੇ ਵਿਚ ਵਸੀ ਹੋਈ ਹੈ। ਉਹ 'ਸਨੇਹੀਆਂ ਦਾ ਪੰਨਾ' ਵਿਚ ਸੰਬੋਧਨ ਹਰ ਵਾਰ ਸਨੇਹੀਓ ਹੀ ਵਰਤਦੇ ਸਨ। ਇਕ ਵਾਰ ਉਨ੍ਹਾਂ ਨੇ ਸੰਬੋਧਨ ਪਾਦਸ਼ਾਹੋ ਵਰਤਿਆ। ਕੁਦਰਤੀ ਸੀ, ਪੰਨੇ ਦੇ ਸ਼ੁਰੂ ਵਿਚ ਉਨ੍ਹਾਂ ਨੂੰ ਇਸ ਤਬਦੀਲੀ ਦਾ ਕਾਰਨ ਦੱਸਣ ਦੀ ਲੋੜ ਮਹਿਸੂਸ ਹੋਈ। ਉਹ ਕਹਿੰਦੇ: ਮੈਂ ਕਿਸੇ ਕੰਮ ਆਪਣੇ ਆੜ੍ਹਤੀਏ ਕੋਲ ਗਿਆ ਸੀ। ਉਹ ਮੈਨੂੰ ਦੇਖ ਕੇ ਬੋਲਿਆ, ਆਓ ਪਾਦਸ਼ਾਹੋ! ਮੈਨੂੰ ਇਹ ਸ਼ਬਦ ਬਹੁਤ ਸੁਹਣਾ ਲਗਿਆ ਤੇ ਮੇਰੇ ਮਨ ਵਿਚ ਆਇਆ ਕਿ ਅਗਲੀ ਵਾਰ ਸਨੇਹੀਆਂ ਨੂੰ ਇਸੇ ਤਰ੍ਹਾਂ ਬੁਲਾਵਾਂਗਾ। ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀਆਂ ਅਣਗੌਲੀਆਂ ਸੰਭਾਵਨਾਵਾਂ ਤੇ ਸਮਰੱਥਾਵਾਂ ਉਜਾਗਰ ਕਰਨ ਵਿਚ ਵੱਡਾ ਹਿੱਸਾ ਪਾਇਆ ਅਤੇ ਇਹਦੀਆਂ ਨਵੀਆਂ ਸੰਭਾਵਨਾਵਾਂ ਤੇ ਸਮਰੱਥਾਵਾਂ ਪੈਦਾ ਕਰਨ ਵਿਚ ਵੀ। ਉਨ੍ਹਾਂ ਨੇ ਇਹਦੇ ਕਥਿਤ ਖੁਰਦਰੇਪਨ ਨੂੰ ਮੁਲਾਇਮੀ ਬਖ਼ਸ਼ੀ ਅਤੇ ਨੁੱਕਰਾਂ-ਇੱਸੀਆਂ ਘਸਾ ਕੇ ਇਉਂ ਕੂਲੀ ਬਣਾਇਆ ਜਿਵੇਂ ਵਗਦਾ ਦਰਿਆ ਸਦੀਆਂ ਵਿਚ ਅਣਘੜ ਪੱਥਰਾਂ ਨੂੰ ਗੋਲ-ਕੂਲੇ ਬਣਾ ਦਿੰਦਾ ਹੈ। ਪੰਜਾਬੀ ਦੇ ਭਾਸ਼ਾਈ ਸੁਹੱਪਣ ਵਿਚ ਵਾਧੇ ਦੇ ਨਾਲ-ਨਾਲ ਉਨ੍ਹਾਂ ਨੇ ਇਹਦੇ ਸੁਚੱਜ, ਇਹਦੇ ਸਲੀਕੇ ਵਿਚ ਨਿਖਾਰ ਲਿਆਂਦਾ। ਉਨ੍ਹਾਂ ਨੇ ਆਪਣੇ ਸਮੇਂ ਦੀਆਂ ਅਤੇ ਕਲਪੇ ਜਾ ਸਕਣ ਵਾਲੇ ਭਵਿੱਖ ਦੀਆਂ ਲੋੜਾਂ ਅਨੁਸਾਰ ਪੰਜਾਬੀ ਭਾਸ਼ਾ ਦਾ ਸਾਹਿਤਕ ਸਭਿਆਚਾਰ ਸਿਰਜਣ ਦਾ ਜਤਨ ਕੀਤਾ।

ਗੁਰਬਖ਼ਸ਼ ਸਿੰਘ ਆਪਣਾ ਵਿਸ਼ੇਸ਼ ਪਾਠਕ-ਵਰਗ ਪੈਦਾ ਕਰਨ ਬਾਰੇ ਬਹੁਤ ਸਚੇਤ ਸਨ। ਉਹ ਜਾਣਦੇ ਸਨ ਕਿ ਜੇ ਲੋਕਾਂ ਦੇ ਮਨਾਂ ਦੇ ਬੂਹੇ ਉਨ੍ਹਾਂ ਦੇ ਵਿਚਾਰਾਂ ਵਾਸਤੇ ਖੁੱਲ੍ਹੇ ਹੀ ਨਹੀਂ ਹੋਣਗੇ, ਉਹ ਉਨ੍ਹਾਂ ਦਾ ਪ੍ਰਭਾਵ ਕਿਵੇਂ ਕਬੂਲਣਗੇ! ਇਸੇ ਕਰਕੇ ਉਨ੍ਹਾਂ ਨੇ ਵਿਦਿਅਕ ਅੰਗੜਾਈ ਲੈ ਰਹੇ ਮੱਧਵਰਗ ਤੇ ਨਿਮਨ ਮੱਧਵਰਗ ਵੱਲ ਨਜ਼ਰ ਕੀਤੀ ਅਤੇ ਉਨ੍ਹਾਂ ਨੂੰ ਆਪਣਾ ਨਿਸ਼ਾਨਾ ਮਿਥਿਆ। ਉਹ ਜਾਣਦੇ ਸਨ ਕਿ ਸਮਾਜ ਦੇ ਇਹ ਤਬਕੇ ਨਵੇਂ ਪ੍ਰਭਾਵ ਸਭ ਤੋਂ ਵੱਧ ਕਬੂਲਦੇ ਤਾਂ ਹਨ ਹੀ, ਸਮਾਜ ਦੇ ਮੱਤ-ਨਿਰਮਾਤਾ ਹੋਣ ਕਰਕੇ ਉਨ੍ਹਾਂ ਦੇ ਪਸਾਰ ਦਾ ਕਾਰਗਰ ਸਾਧਨ ਵੀ ਬਣਦੇ ਹਨ। ਉਨ੍ਹਾਂ ਦੀ ਇਹ ਨੀਤੀ ਬਹੁਤ ਸਫ਼ਲ ਰਹੀ। ਉਹ ਵੱਡੀ ਗਿਣਤੀ ਵਿਚ ਅਜਿਹੇ ਪਾਠਕ ਪੈਦਾ ਕਰ ਸਕੇ ਜੋ ਉਨ੍ਹਾਂ ਦੀਆਂ ਲਿਖਤਾਂ ਦੀ ਉਡੀਕ ਕਰਦੇ ਸਨ, ਜੋ ਉਨ੍ਹਾਂ ਨੂੰ ਸ਼ਰਧਾ ਨਾਲ ਪੜ੍ਹਦੇ ਸਨ, ਜੋ ਉਨ੍ਹਾਂ ਦਾ ਪ੍ਰਭਾਵ ਕਬੂਲਦੇ ਸਨ।

ਕਿਸੇ ਸਮਰੱਥ ਲੇਖਕ ਦਾ ਇਉਂ ਨਵੇਂ ਪਾਠਕ ਪੈਦਾ ਕਰ ਲੈਣਾ ਕੁਦਰਤੀ ਹੁੰਦਾ ਹੈ ਜੋ ਹੋਰ ਲੇਖਕਾਂ ਨਾਲੋਂ ਉਹਦੀਆਂ ਰਚਨਾਵਾਂ ਦੇ ਵਧੀਕ ਪ੍ਰਸੰਸਕ ਹੋਣ। ਪੰਜਾਬੀ ਵਿਚ ਨਾਨਕ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਜਸਵੰਤ ਸਿੰਘ ਕੰਵਲ ਇਹਦੀਆਂ ਕੁਛ ਇਕ ਸਫ਼ਲ ਮਿਸਾਲਾਂ ਹਨ। ਗੁਰਬਖ਼ਸ਼ ਸਿੰਘ ਦੀ ਵਖਰੱਤ ਇਸ ਤੱਥ ਵਿਚ ਹੈ ਕਿ ਉਨ੍ਹਾਂ ਦੇ ਅਨੇਕ ਪਾਠਕ ਅਜਿਹੇ ਸਨ ਜੋ ਸਮੁੱਚੇ ਸਾਹਿਤ ਲਈ ਕੋਈ ਵਿਸ਼ੇਸ਼ ਤੇਹ ਅਤੇ ਤਿਹੁ ਨਾ ਦਿਖਾਉਂਦਿਆਂ ਸਿਰਫ਼ ਉਨ੍ਹਾਂ ਦੀਆਂ ਰਚਨਾਵਾਂ ਵਾਸਤੇ ਹੀ ਤਾਂਘਦੇ ਸਨ। ਇਹ ਆਪਣੇ ਆਪ ਵਿਚ ਇਕ ਕ੍ਰਿਸ਼ਮਾ ਸੀ। ਇਹੋ ਕਾਰਨ ਹੈ ਕਿ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਉਸ ਮੁੱਢਲੇ ਦੌਰ ਵਿਚ ਵੀ 'ਪ੍ਰੀਤਲੜੀ' ਨੇ ਉਹ ਛਪਣ-ਗਿਣਤੀ ਛੋਹੀ ਜੋ ਅੱਜ ਤੱਕ ਵੀ ਹੋਰ ਕੋਈ ਸਾਹਿਤਕ ਪੱਤਰ ਨਹੀਂ ਛੋਹ ਸਕਿਆ। ਤੇ ਉਨ੍ਹਾਂ ਦੀ ਕਲਮ ਦੇ ਚੁੱਪ ਹੁੰਦਿਆਂ ਹੀ ਇਨ੍ਹਾਂ ਪਾਠਕਾਂ ਦਾ 'ਪ੍ਰੀਤਲੜੀ' ਨਾਲੋਂ ਮੋਹ ਭੰਗ ਹੋ ਗਿਆ। ਇਉਂ ਹੀ ਉਨ੍ਹਾਂ ਦੀਆਂ ਪੁਸਤਕਾਂ ਦੀਆਂ, ਖਾਸ ਕਰ ਕੇ ਜੀਵਨ-ਜਾਚ ਸੰਬੰਧੀ ਪੁਸਤਕਾਂ ਦੀਆਂ ਉਪਰੋਥਲੀ ਕਈ-ਕਈ ਛਾਪਾਂ ਪ੍ਰਕਾਸ਼ਿਤ ਹੁੰਦੀਆਂ ਰਹੀਆਂ।

ਉਨ੍ਹਾਂ ਦੀ ਰਚਨਾ ਬਾਰੇ ਇਕ ਗੱਲ ਬੜੀ ਵਚਿੱਤਰ ਹੈ। ਉਨ੍ਹਾਂ ਦੇ ਸ਼ਰਧਾਲੂ ਪਾਠਕਾਂ ਦੀ ਗੱਲ ਹੋਰ ਸੀ, ਪਰ ਲੇਖਕ ਤੇ ਸਾਹਿਤਕ ਮੱਸ ਰੱਖਣ ਵਾਲੇ ਹੋਰ ਲੋਕ ਇਕ ਪੜਾਅ ਉੱਤੇ ਪੁੱਜ ਕੇ ਉਨ੍ਹਾਂ ਦੇ ਪਹਿਲਾਂ ਵਰਗੇ ਰਸੀਏ ਪਾਠਕ ਨਹੀਂ ਸਨ ਰਹਿ ਜਾਂਦੇ, ਭਾਵੇਂ ਕਿ ਉਨ੍ਹਾਂ ਦਾ ਸਤਿਕਾਰ ਪਹਿਲਾਂ ਵਾਂਗ ਹੀ ਕਰਦੇ ਰਹਿੰਦੇ ਸਨ। ਇਹ ਗੱਲ ਮੈਂ ਦੋਸਤਾਂ-ਮਿੱਤਰਾਂ ਨਾਲ ਸਮੇਂ-ਸਮੇਂ ਗੱਲਾਂ ਕਰਦਿਆਂ ਵਾਰ-ਵਾਰ ਮਹਿਸੂਸ ਕੀਤੀ। ਇਕ ਵਾਰ ਰਘੁਬੀਰ ਢੰਡ ਨਾਲ ਇਹ ਜ਼ਿਕਰ ਹੋਇਆ ਤਾਂ ਉਹਨੇ ਬਹੁਤ ਖ਼ੂਬਸੂਰਤ ਕਾਰਨ ਦੱਸਿਆ, "ਗੁਰਬਖ਼ਸ਼ ਸਿੰਘ ਦਾ ਸਾਹਿਤ ਸਾਡੇ ਲਈ, ਉਨ੍ਹਾਂ ਤੋਂ ਪਿਛੋਂ ਆਈਆਂ ਪੀੜ੍ਹੀਆਂ ਦੇ ਲੇਖਕਾਂ ਲਈ ਮਾਂ ਦੇ ਦੁੱਧ ਸਮਾਨ ਹੈ। ਸ਼ੁਰੂ ਵਿਚ ਕੋਈ ਬੱਚਾ ਮਾਂ ਦੇ ਦੁੱਧ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ, ਪਰ ਉਮਰ ਦਾ ਇਕ ਪੜਾਅ ਲੰਘ ਕੇ ਉਹਨੂੰ ਮਾਂ ਦੇ ਦੁੱਧ ਦੀ ਸਾਰੀ ਪਵਿੱਤਰਤਾ ਤੇ ਮਹਾਨਤਾ ਦੇ ਬਾਵਜੂਦ ਉਹਦੀ ਲੋੜ ਨਹੀਂ ਰਹਿ ਜਾਂਦੀ। ਅਜਿਹਾ ਮਾਂ ਦੇ ਦੁੱਧ ਦੀ ਕਿਸੇ ਘਾਟ ਕਰਕੇ ਨਹੀਂ, ਸਗੋਂ ਮਨੁੱਖੀ ਵਿਕਾਸ ਦੇ ਨੇਮ ਕਰਕੇ ਹੈ।"

ਗੁਰਬਖ਼ਸ਼ ਸਿੰਘ ਦੀ ਚੌਤਰਫ਼ੀ ਮਹਿਮਾ ਦੇ ਇਸ ਮਾਹੌਲ ਦੇ ਐਨ ਵਿਚਕਾਰ ਨਾਨਕ ਸਿੰਘ ਦਾ ਨਾਵਲ 'ਸੰਗਮ' ਛਪ ਗਿਆ। ਨਾਂ-ਥਾਂ ਬਦਲੇ ਹੋਏ ਸਨ ਪਰ ਨਾਨਕ ਸਿੰਘ ਨੇ ਪਾਤਰਾਂ ਦੀ ਪਛਾਣ ਛੁਪਾਉਣ ਦੀ ਕੋਈ ਕੋਸ਼ਿਸ਼ ਜਾਂ ਇੱਛਾ ਨਹੀਂ ਸੀ ਦਿਖਾਈ ਹੋਈ। ਗੁਰਬਖ਼ਸ਼ ਸਿੰਘ ਨੂੰ ਸਾਕਾਰਦਾ ਪਾਤਰ ਕਹਿਣੀ ਤੇ ਕਰਨੀ ਦੇ ਫ਼ਰਕ ਵਾਲਾ ਦੋ-ਰੰਗਾ ਬੰਦਾ ਸੀ। ਨਾਵਲ ਪੜ੍ਹ ਕੇ ਇਕ ਵਾਰ ਤਾਂ ਲੋਕ ਹੈਰਾਨ ਰਹਿ ਗਏ। ਇਕ ਅਹਿਮ ਨੁਕਤਾ ਇਹ ਸੀ ਕਿ ਨਾਨਕ ਸਿੰਘ ਨੂੰ ਮਨੁੱਖ ਵਜੋਂ ਜਾਣਨ ਵਾਲਾ ਕੋਈ ਵੀ ਪਾਠਕ ਇਹ ਸੋਚਦਾ ਤੱਕ ਨਹੀਂ ਸੀ ਕਿ ਉਨ੍ਹਾਂ ਵਰਗੇ ਸਾਊ ਲੇਖਕ ਨੇ ਕਿਸੇ ਘਰੋੜ ਜਾਂ ਕਿੜ ਜਾਂ ਜ਼ਾਤੀ ਰੰਜਿਸ਼ ਕਾਰਨ ਪਾਤਰ ਨਾਲ ਮਨਘੜਤ ਗੱਲਾਂ ਤੇ ਘਟਨਾਵਾਂ ਜੋੜ ਦਿੱਤੀਆਂ ਹਨ। ਦੂਜਾ ਅਹਿਮ ਨੁਕਤਾ ਇਹ ਸੀ ਕਿ ਗੁਰਬਖ਼ਸ਼ ਸਿੰਘ ਦੇ ਸ਼ਰਧਾਲੂ ਪਾਠਕ ਵੀ ਕਹਿੰਦੇ ਸਨ ਕਿ ਕੁਝ ਬਹੁਤੀ ਹੀ ਪੋਚਾ-ਪਾਚੀ ਦੇ ਪਿੱਛੇ ਗੁਰਬਖ਼ਸ਼ ਸਿੰਘ ਦਾ ਵਿਹਾਰ ਅਜਿਹਾ ਹੋ ਸਕਦਾ ਹੈ। ਮੈਨੂੰ ਚੇਤੇ ਹੈ, ਕਿਸੇ ਪਾਠਕ ਨੇ 'ਪ੍ਰੀਤਲੜੀ' ਨੂੰ ਸਵਾਲ ਭੇਜ ਦਿੱਤਾ "ਕੀ ਨਾਨਕ ਸਿੰਘ ਦਾ ਨਾਵਲ 'ਸੰਗਮ' ਤੁਹਾਡੇ ਬਾਰੇ ਹੈ?" ਇਸ ਨੂੰ ਗੁਰਬਖ਼ਸ਼ ਸਿੰਘ ਦੀ ਪੱਤਰਕਾਰਾਨਾ ਈਮਾਨਦਾਰੀ ਕਹਾਂਗੇ ਕਿ ਉਨ੍ਹਾਂ ਨੇ ਇਹ ਸਵਾਲ ਛਾਪ ਕੇ ਜਵਾਬ ਦਿੱਤਾ, "ਇਹ ਤਾਂ ਵੀਰ ਨਾਨਕ ਸਿੰਘ ਹੀ ਦੱਸ ਸਕਦੇ ਹਨ।"

ਹਿੰਦੀ 'ਪ੍ਰੀਤਲੜੀ' ਦੇ ਸੰਪਾਦਕ ਰਹਿ ਚੁੱਕੇ ਉਪਿੰਦਰ ਨਾਥ ਅਸ਼ਕ ਦੇ ਨਾਵਲ 'ਬੜੀ ਬੜੀ ਆਂਖੇਂ' ਨੇ ਨਾਨਕ ਸਿੰਘ ਦੇ ਨਜ਼ਰੀਏ ਦੀ ਪੁਸ਼ਟੀ, ਜੇ ਕਿਸੇ ਪੁਸ਼ਟੀ ਦੀ ਲੋੜ ਸੀ, ਕਰ ਦਿੱਤੀ। ਪਹਿਲੀ ਵਾਰ ਇਹ ਨਾਵਲ ਪੰਜਾਬੀ ਵਿਚ ਅਨੁਵਾਦ ਹੋ ਕੇ ਐਸ. ਸਵਰਨ ਦੇ ਪ੍ਰਸਿੱਧ ਤ੍ਰੈਮਾਸਕ 'ਚੇਤਨਾ' ਦੇ ਇਕ ਅੰਕ ਵਿਚ ਪੂਰੇ ਦਾ ਪੂਰਾ ਛਪਿਆ ਸੀ। ਮਗਰੋਂ ਸ਼ਾਇਦ ਕਿਤਾਬੀ ਸ਼ਕਲ ਵਿਚ ਵੀ ਛਪ ਗਿਆ ਸੀ।

ਲੋਕ ਪੜ੍ਹਦੇ ਵੀ ਤੇ ਹੈਰਾਨ ਵੀ ਹੁੰਦੇ ਕਿ ਨਾਨਕ ਸਿੰਘ ਤੇ ਅਸ਼ਕ ਵਰਗੇ ਵੱਡੇ ਤੇ ਜ਼ਿੰਮੇਵਾਰ ਲੇਖਕ ਅਜਿਹੇ ਨਾਵਲ ਲਿਖਣ ਲਈ ਮਜਬੂਰ ਹੋਏ ਹਨ ਤਾਂ ਗੁਰਬਖ਼ਸ਼ ਸਿੰਘ ਦੀ ਕਥਨੀ ਤੇ ਕਰਨੀ ਵਿਚ ਜ਼ਰੂਰ ਫ਼ਰਕ ਹੋਵੇਗਾ। ਇਹ ਮੇਰੇ ਦਿੱਲੀ-ਕਾਲ ਤੋਂ ਪਹਿਲਾਂ ਦੀਆਂ ਗੱਲਾਂ ਹਨ। ਦਿੱਲੀ ਆ ਕੇ ਕਈ ਸੱਜਨਾਂ ਨਾਲ ਨੇੜਲਾ ਵਾਹ ਪਿਆ ਜੋ ਪ੍ਰੀਤਨਗਰ ਦੇ ਅੰਗ ਰਹੇ ਸਨ, ਖਾਸ ਕਰ ਕੇ ਭਾਪਾ ਪ੍ਰੀਤਮ ਸਿੰਘ ਨਵਯੁਗ, ਪਿਆਰਾ ਸਿੰਘ ਸਹਿਰਾਈ, ਪਿਆਰਾ ਸਿੰਘ ਦਾਤਾ ਤੇ ਗਿਆਨੀ ਜਸਵੰਤ ਸਿੰਘ ਜਨਤਕ ਪ੍ਰੈਸ। ਗਿਆਨੀ ਜਸਵੰਤ ਸਿੰਘ ਤਾਂ ਗੁਰਬਖ਼ਸ਼ ਸਿੰਘ ਬਾਰੇ ਕੁਝ ਪੁੱਛਿਆਂ ਜਵਾਬ ਵਿਚ ਮੁਸਕਰਾਉਂਦੇ ਤੇ ਗੱਲ ਟਾਲਣ ਲਈ ਪੁਛਦੇ, "ਠੰਢਾ ਲਵੋਗੇ ਕਿ ਚਾਹ?" ਬਾਕੀ ਤਿੰਨਾਂ ਨੂੰ ਇਹ ਮੁੱਦਾ ਵਿਚਾਰਨ ਤੋਂ ਕੋਈ ਸੰਕੋਚ ਨਹੀਂ ਸੀ ਹੁੰਦਾ ਅਤੇ ਉਹ ਨਾਨਕ ਸਿੰਘ ਤੇ ਅਸ਼ਕ ਦੀਆਂ ਗੱਲਾਂ ਦੀ ਸੀਮਾ ਨੂੰ ਵੀ ਸਹਿਜੇ ਹੀ ਪਾਰ ਕਰ ਜਾਂਦੇ। ਉਹ ਨਵਤੇਜ ਦੇ ਪਹਿਨਣ-ਵਿਚਰਨ ਦੇ ਦਾਰਜੀ ਤੋਂ ਬਿਲਕੁਲ ਉਲਟੇ ਤੌਰ-ਤਰੀਕਿਆਂ ਨੂੰ ਵੀ ਉਨ੍ਹਾਂ ਵਿਰੁੱਧ ਖ਼ਾਮੋਸ਼ ਬਗ਼ਾਵਤ ਹੀ ਆਖਦੇ, ਭਾਵੇਂ ਉਹ ਇਹ ਬਗ਼ਾਵਤ ਗਿਣ-ਮਿਥ ਕੇ ਨਾ ਵੀ ਕਰ ਰਿਹਾ ਹੋਵੇ। ਤੀਜੀ ਪੀੜ੍ਹੀ ਨੂੰ ਉਹ ਸਿੱਧੀ ਬਗ਼ਾਵਤੀ ਦਸਦੇ।

ਇਕ ਵਾਰ ਸਹਿਰਾਈ ਜੀ ਨੇ ਬੀਤੇ ਦਿਨ ਦੀ ਘਟਨਾ ਸੁਣਾਈ ਜਿਸ ਨੂੰ ਸੁਣ ਕੇ ਇਸ ਮਾਮਲੇ ਦੀ ਗੰਭੀਰਤਾ ਦੀ ਕੁਝ ਹੋਰ ਸਮਝ ਆਈ। ਉਹ ਭਾਪਾ ਜੀ ਕੋਲ ਠਹਿਰੇ ਹੋਏ ਸਨ ਤੇ ਮਾਸਕੋ ਦੇ ਜਹਾਜ਼ੋਂ ਉੱਤਰ ਕੇ ਪੋਤਾ ਪਾਬਲੋ ਆ ਗਿਆ। (ਇਹ ਲੇਖ ਲਿਖੇ ਜਾਣ ਤੋਂ ਕੁਝ ਹਫ਼ਤੇ ਪਹਿਲਾਂ ਹੀ ਉਹਦਾ ਚਲਾਣਾ ਹੋਇਆ ਹੈ।) ਸਹਿਰਾਈ ਜੀ ਦਸਦੇ ਸਨ, ਉਹਦੀ ਬਦਲੀ ਹੋਈ ਸ਼ਕਲ-ਸੂਰਤ ਦੇਖ ਕੇ ਉਨ੍ਹਾਂ ਨੇ ਕਿਹਾ, "ਕਾਕਾ, ਦਾਰ ਜੀ ਤੈਨੂੰ ਦੇਖ ਕੇ ਬਹੁਤ ਪਰੇਸ਼ਾਨ ਹੋਣਗੇ।" ਜਵਾਬ ਵਿਚ ਉਹਨੇ ਭਾਪਾ ਜੀ ਦੇ ਬੈਠਿਆਂ ਸਹਿਰਾਈ ਜੀ ਨੂੰ ਜੋ ਕੁਝ ਕਿਹਾ, ਉਹ ਲਿਖਣ ਨੂੰ ਮੇਰਾ ਇਥੇ ਮਨ ਨਹੀਂ ਮੰਨਦਾ। ਕੁਝ ਦਿਨਾਂ ਮਗਰੋਂ ਭਾਪਾ ਜੀ ਨਾਲ ਇਹ ਜ਼ਿਕਰ ਹੋਇਆ ਤਾਂ ਉਨ੍ਹਾਂ ਨੇ ਤੀਜੀ ਪੀੜ੍ਹੀ ਦੀਆਂ ਕੁਝ ਹੋਰ ਗੱਲਾਂ ਸੁਣਾ ਦਿੱਤੀਆਂ।

ਸੰਤੋਖ ਸਿੰਘ ਧੀਰ ਦਾ ਨਜ਼ਰੀਆ ਵੱਖਰਾ ਸੀ। ਉਹ 'ਪ੍ਰੀਤਲੜੀ' ਵਿਚ ਕੰਮ ਕਰਦੇ ਰਹੇ ਸਨ ਤੇ ਉਪਰੋਕਤ ਪ੍ਰੀਤਨਗਰੀਆਂ ਵਾਂਗ ਉਨ੍ਹਾਂ ਨੇ ਵੀ ਸਭ ਕੁਝ ਅੱਖੀਂ ਦੇਖਿਆ ਹੋਇਆ ਸੀ। ਉਹ ਆਖਦੇ ਸਨ, ਦਾਰਜੀ ਦੇ ਰਹਿਣ-ਬਹਿਣ ਦੀਆਂ ਅਨੇਕ ਗੱਲਾਂ ਅਜਿਹੀਆਂ ਸਨ ਜੋ ਦੂਜਿਆਂ ਲਈ, ਚਾਹੇ ਉਹ ਉਨ੍ਹਾਂ ਦੀ ਔਲਾਦ ਹੀ ਹੋਵੇ, ਜੀਵਨ-ਜਾਚ ਬਣਾਉਣੀਆਂ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਸਨ, ਪਰ ਦਾਰਜੀ ਉਨ੍ਹਾਂ ਨੂੰ ਆਪਣੀ ਰਹਿਤਲ ਪਰਵਾਨ ਕਰਨ ਲਈ ਇਕ ਤਰ੍ਹਾਂ ਮਜਬੂਰ ਹੀ ਕਰਦੇ ਸਨ। ਇਸ ਕਰਕੇ ਜਦੋਂ ਕਿਸੇ ਦਾ ਦਾਅ ਲਗਦਾ, ਉਹ ਬਗ਼ਾਵਤ ਕਰ ਦਿੰਦਾ। ਪਰ ਧੀਰ ਜੀ ਇਸ ਮੱਤ ਦੇ ਸਨ ਕਿ ਗੁਰਬਖ਼ਸ਼ ਸਿੰਘ ਦੀ ਦੇਣ ਏਨੀ ਵੱਡੀ ਹੈ, ਪੰਜਾਬੀ ਸਾਹਿਤ ਤੇ ਸਮਾਜ ਦਾ ਹਿਤ ਉਨ੍ਹਾਂ ਗੱਲਾਂ ਨੂੰ ਚਰਚਾ ਦਾ ਵਿਸ਼ਾ ਨਾ ਬਣਾਏ ਜਾਣ ਵਿਚ ਹੀ ਹੈ।

ਇਸ ਸਾਰੇ ਵਰਤਾਰੇ ਬਾਰੇ ਸੋਚ ਕੇ ਮੈਂ ਸਮਝਦਾ ਹਾਂ ਕਿ ਗੁਰਬਖ਼ਸ਼ ਸਿੰਘ ਦੇ ਸੁਪਨਸਾਜ਼ ਤੇ ਆਦਰਸ਼ਵਾਦੀ ਸੁਭਾਅ ਵਿਚ ਉਹਦੇ ਵਡੱਪਣ ਨੂੰ ਆਪਣੇ ਨਾਲ ਜੋੜਨ ਦੇ ਲੋਭ ਕਾਰਨ ਪਰਿਵਾਰ ਦੇ ਉਨ੍ਹਾਂ ਨੂੰ ਹੋਰ ਵੱਡਾ ਦਿਖਾਉਣ ਦੇ ਹੀਲੇ ਵੀ ਵਾਧਾ ਕਰਦੇ ਸਨ। ਇਸ ਪ੍ਰਸੰਗ ਵਿਚ ਗੁਰਬਖ਼ਸ਼ ਸਿੰਘ ਨਾਲ ਹੋਈਆਂ-ਅਣਹੋਈਆਂ ਉਨ੍ਹਾਂ ਦੋ ਮੁਲਾਕਾਤਾਂ ਦਾ, ਜਿਨ੍ਹਾਂ ਦਾ ਜ਼ਿਕਰ ਮੈਂ ਇਸ ਲਿਖਤ ਦੇ ਸ਼ੁਰੂ ਵਿਚ ਕੀਤਾ ਹੈ, ਵੇਰਵਾ ਹੋਰ ਵੀ ਅਹਿਮ ਹੋ ਜਾਂਦਾ ਹੈ।

ਸਾਡਾ ਦਫ਼ਤਰ, ਸੋਵੀਅਤ ਯੂਨੀਅਨ ਦੇ ਦੂਤਾਵਾਸ ਦਾ ਸੂਚਨਾ ਵਿਭਾਗ ਹਰ ਸਾਲ ਭਾਰਤੀ ਲੇਖਕਾਂ ਤੇ ਕਲਾਕਾਰਾਂ, ਆਦਿ ਨੂੰ ਕਈ 'ਸੋਵੀਅਤ ਦੇਸ ਨਹਿਰੂ ਪੁਰਸਕਾਰ' ਦਿੰਦਾ ਸੀ। ਉਹ ਦੋ ਕਿਸਮ ਦੇ ਹੁੰਦੇ ਸਨ, ਵੱਡੇ ਤੇ ਛੋਟੇ। ਇਕ ਸਾਲ ਇਕ ਵੱਡਾ ਸਨਮਾਨ ਗੁਰਬਖ਼ਸ਼ ਸਿੰਘ ਨੂੰ ਦਿੱਤਾ ਗਿਆ। ਵੱਡੇ ਪੁਰਸਕਾਰ ਦੇ ਹਰ ਪ੍ਰਾਪਤ-ਕਰਤਾ ਨਾਲ ਬਹੁਤ ਸਾਧਾਰਨ ਜਿਹੀ ਇੰਟਰਵਿਊ ਕੀਤੀ ਜਾਂਦੀ ਸੀ ਜੋ ਅਖ਼ਬਾਰਾਂ-ਰਸਾਲਿਆਂ ਨੂੰ ਭੇਜੀ ਜਾਂਦੀ ਸੀ ਤਾਂ ਜੋ ਉਹ ਸਮਾਗਮ ਦੀ ਖ਼ਬਰ ਛਾਪਣ ਸਮੇਂ ਉਹਦੇ ਅੰਸ਼ ਵਰਤ ਸਕਣ। ਸੰਬੰਧਿਤ ਰੂਸੀ ਨੇ ਮੈਨੂੰ ਬੁਲਾ ਕੇ ਗੁਰਬਖ਼ਸ਼ ਸਿੰਘ ਦੀ ਇੰਟਰਵਿਊ ਕਰਨ ਲਈ ਕਹਿ ਦਿੱਤਾ। ਮੈਂ ਪੰਜ-ਛੇ ਅਜਿਹੇ ਸਵਾਲ ਲਿਖ ਲਏ ਜਿਨ੍ਹਾਂ ਦੇ ਜਵਾਬ ਕੁਝ ਵੀ ਚੇਤੇ ਕੀਤੇ ਬਿਨਾਂ, ਕੋਈ ਹਵਾਲਾ ਦੇਖੇ ਬਿਨਾਂ ਸੌਖਿਆਂ ਹੀ ਦਿੱਤੇ ਜਾ ਸਕਦੇ ਸਨ: ਅਕਤੂਬਰ ਇਨਕਲਾਬ ਦਾ ਦੁਨੀਆ ਉੱਤੇ ਅਸਰ; ਸੋਵੀਅਤ ਯੂਨੀਅਨ ਤੇ ਭਾਰਤ ਦੀ ਦੋਸਤੀ ਦਾ ਸੰਸਾਰ ਅਮਨ ਲਈ ਮਹੱਤਵ; ਭਾਰਤ ਦੇ ਵਿਕਾਸ ਵਿਚ ਸੋਵੀਅਤ ਮਦਦ ਦੀ ਭੂਮਿਕਾ; ਤੁਸੀਂ ਅਨੁਵਾਦ ਲਈ ਗੋਰਕੀ ਦਾ ਨਾਵਲ 'ਮਾਂ' ਹੀ ਕਿਉਂ ਚੁਣਿਆ; ਤੇ ਅਜਿਹੇ ਹੀ ਇਕ-ਦੋ ਹੋਰ। ਹੁਣ ਮਸਲਾ ਸੀ, ਗੁਰਬਖ਼ਸ਼ ਸਿੰਘ ਨੂੰ ਲੱਭਿਆ ਕਿਥੇ ਜਾਵੇ। ਮੇਰੇ ਸਹਿਕਰਮੀ ਦਰਸ਼ਨ ਸਿੰਘ (ਜੋ ਅੱਗੇ ਚੱਲ ਕੇ ਨਾਵਲਕਾਰ ਬਣਿਆ) ਨੂੰ ਉਨ੍ਹਾਂ ਦਾ ਥਹੁ-ਪਤਾ ਹੋ ਸਕਦਾ ਸੀ। ਮੈਂ ਉਹਦੇ ਕਮਰੇ ਵਿਚ ਗਿਆ ਤਾਂ ਅੱਗੇ ਜਗਜੀਤ ਸਿੰਘ ਆਨੰਦ ਬੈਠੇ ਹੋਏ ਸਨ। ਮੈਂ ਕਿਹਾ, "ਲਉ ਇਹ ਤਾਂ ਗੱਲ ਬਣ ਗਈ!"

ਆਨੰਦ ਮੇਰੀ ਸਾਰੀ ਗੱਲ ਸੁਣ ਕੇ ਬੋਲੇ, "ਤੂੰ ਅੱਜ ਨਹੀਂ ਮਿਲ ਸਕਦਾ, ਕਿਉਂਕਿ ਡਾਕਟਰਾਂ ਨੇ ਦਾਰ ਜੀ ਨੂੰ ਚੌਵੀ ਘੰਟਿਆ ਵਿਚ ਵੱਧ ਤੋਂ ਵੱਧ ਤਿੰਨ ਰੁਝੇਵਿਆਂ ਦੀ ਆਗਿਆ ਦਿੱਤੀ ਹੈ ਤੇ ਅੱਜ ਉਨ੍ਹਾਂ ਦੇ ਪਹਿਲਾਂ ਹੀ ਤਿੰਨ ਰੁਝੇਵੇਂ ਤੈਅ ਹੋ ਚੁੱਕੇ ਹਨ।" ਮੇਰੇ ਪੁੱਛਿਆਂ ਉਨ੍ਹਾਂ ਨੇ ਤਿੰਨ ਰੁਝੇਵੇਂ ਦੱਸੇ, "ਇਕ ਤਾਂ ਉਹ ਸਾਰੀਆਂ ਸਨਮਾਨਿਤ ਹਸਤੀਆਂ ਨੂੰ ਰਾਜਦੂਤ ਦੇ ਦਿੱਤੇ ਦੁਪਹਿਰ ਦੇ ਖਾਣੇ ਵਿਚ ਸ਼ਾਮਲ ਹੋਏ। ਦੂਜੇ, ਉਨ੍ਹਾਂ ਸਭਨਾਂ ਦੀ ਪ੍ਰੈਸ-ਕਾਨਫ਼ਰੰਸ ਹੋਣ ਵਾਲੀ ਹੈ। ਤੀਜੇ, ਉਨ੍ਹਾਂ ਨੇ ਸ਼ਾਮ ਨੂੰ ਇਨਾਮ ਲੈਣਾ ਹੈ।"

ਮੈਂ 'ਰੁਝੇਵੇਂ' ਸੁਣ ਕੇ ਹੈਰਾਨ ਰਹਿ ਗਿਆ ਤੇ ਕਿਹਾ, "ਆਨੰਦ ਜੀ, ਇਨ੍ਹਾਂ ਨੂੰ ਤੁਸੀਂ ਰੁਝੇਵੇਂ ਆਖਦੇ ਹੋ? ਰੋਟੀ ਉਹ ਘਰ ਵੀ ਖਾਂਦੇ ਹੋਣਗੇ। ਸਾਰਿਆਂ ਦੀ ਸਾਂਝੀ ਪ੍ਰੈਸ-ਕਾਨਫ਼ਰੰਸ ਐਵੇਂ ਇਕ ਰਸਮ ਹੁੰਦੀ ਹੈ ਜਿਸ ਵਿਚ ਫੋਟੋ ਜ਼ਿਆਦਾ ਖਿੱਚੀਆਂ ਜਾਂਦੀਆਂ ਹਨ, ਸਵਾਲ ਕਈਆਂ ਦੇ ਹਿੱਸੇ ਆਉਂਦਾ ਹੀ ਨਹੀਂ। ਸਾਰੇ ਇਨਾਮੀ ਪਹਿਲਾਂ ਹੀ ਮੰਚ ਉੱਤੇ ਸਜੇ ਹੋਏ ਹੋਣਗੇ ਤੇ ਹਰ ਕੋਈ ਵਾਰੀ ਆਈ ਤੋਂ ਇਨਾਮ ਫੜ ਕੇ ਵਾਪਸ ਕੁਰਸੀ ਉੱਤੇ ਬੈਠ ਜਾਵੇਗਾ। ਇਨ੍ਹਾਂ ਵਿਚੋਂ ਥੱਕਣ ਵਾਲਾ ਰੁਝੇਵਾਂ ਕਿਹੜਾ ਹੈ?"

ਆਨੰਦ ਜੀ ਨੇ ਦੋ-ਟੁੱਕ ਗੱਲ ਮੁਕਾਈ, "ਨਹੀਂ ਅੱਜ ਸੰਭਵ ਨਹੀਂ। ਉਨ੍ਹਾਂ ਉੱਤੇ ਚੌਥੀ ਐਨਗੇਜਮੈਂਟ ਦਾ ਬੋਝ ਨਹੀਂ ਪਾਇਆ ਜਾ ਸਕਦਾ।"

**ਬਾਕੀ ਅਗਲੇ ਸਫੇ 'ਤੇ**

# ਨਫਰਤੀ ਭਾਸ਼ਨਾਂ ਵਿਰੁੱਧ ਅਦਾਲਤ ਦਾ ਫੈਸਲਾ: ਕੁਝ ਖਾਸ ਪਹਿਲੂ

ਭਾਰਤ ਦੇ ਸੰਵਿਧਾਨ ਬਾਰੇ ਆਪਣੀ ਪ੍ਰਤੀਬੱਧਤਾ ਦ੍ਰਿੜਾਉਂਦਿਆਂ ਅਤੇ ਦੇਸ਼ ਦੇ ਧਰਮਨਿਰਪੱਖਤਾ ਦੇ ਸਿਧਾਂਤ ਪ੍ਰਤੀ ਆਪਣੀ ਪ੍ਰੋੜਤਾ ਪ੍ਰਗਟਾਉਂਦਿਆਂਦੇਸ਼ ਦੀ ਸਿਖਰਲੀ ਅਦਾਲਤ ਨੇ ਨਫਰਤੀ ਭਾਸ਼ਨਾਂ ਵਿਰੁੱਧ ਸ਼ਲਾਘਾਯੋਗ ਫੈਸਲਾ ਕੀਤਾ ਹੈ ਜਿਸ ਦੇ ਮਹੱਤਵਪੂਰਨ ਬਹੁ-ਪੱਖੀ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91-98766-55055**

ਪਹਿਲੂ ਹਨ।ਸੁਪਰੀਮ ਕੋਰਟ ਦੇ ਜੱਜ ਜਸਟਿਸ ਕੇ.ਐਮ. ਜੋਸਫ ਦੀ ਅਗਵਾਈ ਵਾਲੇ ਬੈਂਚਜਿਸ ਵਿਚ ਜਸਟਿਸ ਬੀ.ਵੀ. ਨਾਗਰਤਨਾ ਵੀ ਸ਼ਾਮਿਲ ਹਨ, ਨੇ ਆਪਣੇ 28 ਅਪਰੈਲ ਦੇ ਫੈਸਲੇ ਵਿਚ ਨਫਰਤੀ ਭਾਸ਼ਨਾਂ ਨੂੰ ਖਤਰਨਾਕ ਕਹਿੰਦਿਆਂ ਚਿਤਾਵਨੀ ਦਿੱਤੀ ਕਿ ਜੇ ਇਹਨਾਂ ਨੂੰ ਰੋਕਿਆ ਨਾ ਗਿਆ ਤਾਂ ਇਹ ਦੈਂਤ ਦਾ ਰੂਪ ਧਾਰ ਸਕਦੇ ਹਨ।ਇਸ ਸਬੰਧੀ ਉਹਨਾਂ ਇਕ ਵਿਗਿਆਨਕ ਫਿਕਸ਼ਨ ਦੇ ਕਿਰਦਾਰ 'ਫ੍ਰੈਂਕਨਸਟਾਈਨ' ਦੀ ਉਦਾਹਰਨ ਦਿਤੀ ਜੋ ਆਪਣੇ ਸਿਰਜਕ-ਵਿਗਿਆਨਕ ਨੂੰ ਹੀ ਨਿਗਲ ਜਾਂਦਾ ਹੈ।ਉਹਨਾਂ ਕਿਹਾ ਕਿ ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ।

ਬੈਂਚ ਦੇ ਇਸ ਪ੍ਰਸ਼ੰਸਾਯੋਗ ਫੈਸਲੇ ਦੇ ਬੜੇ ਮਹੱਤਵਪੂਰਨ ਬਹੁ-ਪੱਖੀ ਪਹਿਲੂ ਹਨ- (1) ਨਫਰਤੀ ਭਾਸ਼ਨਾਂ ਬਾਰੇ ਬੈਂਚ ਨੇ ਆਪਣੇ ਪਿਛਲੇ ਸਾਲ ਦੇ 21 ਅਕਤੂਬਰ ਵਾਲੇ ਫੈਸਲੇ ਦਾ ਦਾਇਰਾ ਵਧਾਉਂਦਿਆਂ ਇਸ ਨੂੰ ਦੇਸ਼-ਵਿਆਪੀ ਬਣਾਇਆ ਹੈ(ਪਹਿਲਾ ਫੈਸਲਾ ਸਿਰਫ ਉੱਤਰ ਪ੍ਰਦੇਸ਼,ਦਿੱਲੀ ਅਤੇ ਉੱਤਰਾਖੰਡ ਉੱਪਰ ਹੀ ਲਾਗੂ ਸੀ); (2) ਜੱਜਾਂ ਨੇ ਸੰਵਿਧਾਨ ਸਬੰਧੀ ਆਪਣੀ ਪ੍ਰਤੀਬੱਧਤਾ ਦੁਹਰਾਈ; (3) ਦੇਸ਼ ਦੇ ਧਰਮਨਿਰਪੱਖਤਾ ਦੇ ਸਿਧਾਂਤ ਨੂੰ ਦ੍ਰਿੜਾਇਆ; (4) ਪ੍ਰਸ਼ਾਸਨ ਨੂੰ ਨਫਰਤੀ ਭਾਸ਼ਨਾਂ ਦਾ ਆਪਣੇ ਆਪ ਨੋਟਿਸਲੈਣ ਲਈ ਕਿਹਾ; (5) ਬਿਨਾ ਕਿਸੇ ਸ਼ਿਕਾਇਤ ਦੇ ਕੇਸ ਦਰਜ ਕਰਨ ਨੂੰ ਕਿਹਾ; (6) ਨਫਰਤੀ ਭਾਸ਼ਨਕਰਤਾ ਕਿਸੇ ਵੀ ਧਰਮ ਦਾ ਹੋਵੇ, ਕੇਸ ਦਰਜ ਕੀਤਾ ਜਾਵੇ; (7) ਜੱਜ ਗੈਰ-ਸਿਆਸੀ ਹੁੰਦੇ ਹਨ; (8) ਨਫਰਤੀ ਭਾਸ਼ਨਾਂ ਨੂੰ ਨੱਥ ਪਾਉਣੀ ਦੇਸ਼/ਸਮਾਜ ਦੇ ਹਿਤ ਵਿਚ ਹੈ; (9) ਨਫਰਤੀ ਭਾਸ਼ਨਕਰਤਾ ਦਾ ਜੁਰਮ ਸਮਾਜ ਵਿਰੁੱਧ ਹੈ ਅਤੇ ਭਾਈਚਾਰਕ ਸਾਂਝ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ (10) ਕੋਈ ਐਕਸ਼ਨ ਨਾ ਲੈਣ ਨੂੰ ਅਦਾਲਤ ਦੀ ਹੱਤਕ ਸਮਝਿਆ ਜਾਵੇਗਾ ਅਤੇ ਦੋਸ਼ੀ ਖਿਲਾਫ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਨਫਰਤੀ ਭਾਸ਼ਨਾਂ ਨੂੰ ਗੰਭੀਰ ਅਪਰਾਧ ਗਰਦਾਨਦਿਆਂਜੋ ਦੇਸ਼ ਦੇ ਧਰਮਨਿਰਪੱਖ ਤਾਣੇ-ਬਾਣੇ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰਖਦਾ ਹੈ, ਬੈਂਚ ਨੇ ਕਿਹਾ, "ਸਾਰੇ ਪ੍ਰਾਂਤ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਇਹ ਗੱਲ ਯਕੀਨੀ ਬਣਾਉਣਗੇ ਕਿ ਨਫਰਤੀ ਭਾਸ਼ਨਾਂ ਵਿਰੁਧ ਫੌਰਨ ਕਾਰਵਾਈ ਕੀਤੀ ਜਾਵੇ।ਜਿਸ ਵੇਲੇ ਵੀ ਕੋਈ ਅਜਿਹਾ ਭਾਸ਼ਨ ਜਾਂ ਕਾਰਜਜੋ ਭਾਰਤੀ ਦੰਡਾਵਲੀ(ਇੰਡੀਅਨ ਪੀਨਲ ਕੋਡ) ਦੀਆਂ ਧਾਰਾਵਾਂ(ਸੈਕਸ਼ਨ) 153-ਏ(ਵੱਖ-ਵੱਖ ਗਰੁੱਪਾਂ ਵਿਚ ਦੁਸ਼ਮਣੀ ਨੂੰ ਹੱਲਾਸ਼ੇਰੀ ਦੇਣਾ),153-ਬੀ(ਕਿਸੇ ਵੀ ਧਾਰਮਿਕ ਸਥਾਨ ਤੋਂ ਦੇਸ਼ ਦੀ ਅਖੰਡਤਾ ਵਿਰੁੱਧ ਕੁਝ ਕਹਿਣਾ), 295-ਏ(ਕਿਸੇ ਵੀ ਧਰਮ ਜਾਂ ਧਾਰਮਿਕ ਵਿਸ਼ਵਾਸਾਂ ਪ੍ਰਤੀ ਬੇਹੁਰਮਤੀ ਵਾਲੇ ਬੋਲ ਵਰਤ ਕੇ ਕਿਸੇ ਸ਼੍ਰੇਣੀ ਦੀ ਆਸਥਾ ਨੂੰ ਜਾਣ-ਬੁੱਝ ਕੇ ਠੇਸਪਹੁੰਚਾਉਣਾ) ਅਤੇ 505(ਅਜਿਹੇ ਬਿਆਨ ਜੋ ਜਨਤਕ ਤੌਰ 'ਤੇ ਸ਼ਰਾਰਤ ਵਾਲੇ ਹੋਣ- ਇਹਨਾਂ ਵਿਚ ਬੋਲ ਕੇ,ਲਿਖ ਕੇ,ਵੰਡ ਕੇ,ਛਾਪ ਕੇ,ਅਫਵਾਹ ਫੈਲਾ ਕੇ ਜਾਂ ਕੋਈ ਰਿਪੋਰਟ ਦੇ ਕੇ ਆਦਿ ਵਸੀਹ ਮੱਦਾਂ ਸ਼ਾਮਿਲ ਹਨ) ਅਧੀਨ ਮੁਜਰਮਾਨਾ ਦਾਇਰੇ ਵਿਚ ਆਉਂਦਾ ਹੋਵੇ ਤਾਂ ਬਿਨਾ ਕਿਸੇ ਸ਼ਿਕਾਇਤ ਦੇ (ਅਧਿਕਾਰੀ) ਆਪਣੇ ਆਪ ਹੀ ਇਸ ਦਾ ਨੋਟਿਸ ਲੈਂਦਿਆਂ ਐਫ.ਆਈ.ਆਰ. ਦਰਜ ਕਰੇਗਾ ਅਤੇ ਮੁਜਰਮ ਵਿਰੁਧ ਕਾਨੂੰਨ ਅਨੁਸਾਰ ਕਾਰਵਾਈ ਕਰੇਗਾ।"



ਜਸਟਿਸ ਬੀ.ਵੀ. ਨਾਗਰਤਨਾ

ਬੈਂਚ ਨੇ ਤਾੜਨਾ ਕੀਤੀ ਕਿ ਅਧਿਕਾਰੀ(ਆਂ) ਵਲੋਂ ਐਕਸ਼ਨ ਲੈਣ ਵਿਚ ਦਿਖਾਈ ਝਿਜਕ/ਦੇਰੀ ਨੂੰ ਕੋਰਟ ਦੀ ਹੱਤਕ ਸਮਝਿਆ ਜਾਵੇਗਾ ਅਤੇ ਅਜਿਹੀ ਸੂਰਤ ਵਿਚ ਸਬੰਧਿਤ ਅਧਿਕਾਰੀ(ਆਂ) ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇਗੀ।ਬੈਂਚ ਨੇ ਪੁਲਿਸ ਦੇ ਸਭ ਡਾਇਰੈਕਟਰ ਜਨਰਲਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਧੀਨ ਕੰਮ ਕਰਨ ਵਾਲੇ ਸਬੰਧਿਤ ਅਧਿਕਾਰੀਆਂ ਨੂੰ ਇਸ ਬਾਰੇ ਲੋੜੀਂਦੇ ਨਿਰਦੇਸ਼ ਜਾਰੀ ਕਰ ਦੇਣ।

ਇਹ ਹੁਕਮ ਅਰਜ਼ੀਕਾਰ ਜਰਨਲਿਸਟ ਸ਼ਹੀਨ ਅਬਦੁੱਲਾ ਦੀ ਪਟੀਸ਼ਨ ਉਪਰ ਸੁਣਵਾਈ ਵੇਲੇ ਦਿੱਤਾ ਗਿਆ। ਪਟੀਸ਼ਨ ਕਰਤਾ ਨੇ ਆਪਣੀ ਪਟੀਸ਼ਨ ਪਹਿਲਾਂ ਦਿੱਲੀ, ਯੂ.ਪੀ. ਤੇ ਉਤਰਾਖੰਡ ਸਰਕਾਰਾਂ ਵਿਰੁੱਧ ਪਾਈ ਸੀ ਅਤੇ ਹੁਣ ਇਸ ਦਾ ਘੇਰਾ ਵਧਾਉਣ ਲਈ ਕਿਹਾ ਸੀ। ਬੈਂਚ ਨੇ ਇਸ ਦਾ ਦਾਇਰਾ ਵਧਾ ਕੇ ਪੂਰੇ ਮੁਲਕ ਨੂੰ ਇਸ ਦੇ ਕਲਾਵੇ ਵਿਚ ਲੈ ਲਿਆ।

ਜਦੋਂ ਸਰਕਾਰੀ ਵਕੀਲ ਨੇ ਪੱਛਮੀ ਬੰਗਾਲ ਅਤੇ ਬਿਹਾਰ ਵਿਚਲੀਆਂ ਨਫਰਤੀ ਤਕਰੀਰਾਂ ਦਾ ਹਵਾਲਾ ਦਿੱਤਾ ਤਾਂ ਬੈਂਚ ਨੇ ਕਿਹਾ, "ਅਸੀਂ ਕੁਝ ਕਹਿਣਾ ਚਾਹੁੰਦੇ ਹਾਂਜੱਜ(ਅਸੀਂ ਦੋਨੋਂ) ਗੈਰ-ਸਿਆਸੀ ਹੁੰਦੇ ਹਨ।ਸਾਡਾ ਕਿਸੇ ਪਾਰਟੀ 'ਏ' ਜਾਂ ਪਾਰਟੀ 'ਬੀ' ਨਾਲ ਕੋਈ ਲੈਣਾ ਦੇਣਾ ਨਹੀਂ।ਸਾਡੇ(ਜੱਜਾਂ) ਦੇ ਦਿਲੋ-ਦਿਮਾਗ ਵਿਚ ਸਿਰਫ ਭਾਰਤ ਦਾ ਸੰਵਿਧਾਨ ਹੀ ਹੁੰਦਾ ਹੈ।ਕੋਰਟ ਨਫਰਤੀ ਭਾਸ਼ਨਾਂ ਵਿਰੁਧ ਦੇਸ਼ ਦੇ ਵੱਖ-ਵੱਖ ਥਾਵਾਂ ਉਪਰ ਕੀਤੀਆਂ ਪਟੀਸ਼ਨਾਂ ਨੂੰ ਇਕ ਥਾਂ ਕਰਕੇ ਵਡੇਰੇ ਜਨਤਕ ਭਲੇ ਅਤੇ ਕਾਨੂੰਨ ਦੇ ਨਿਯਮ ਨੂੰ ਸਥਾਪਤ ਕਰਨ ਲਈ ਸੁਣਵਾਈ ਕਰ ਰਹੀ ਹੈ।"

(ਮੁਆਫ ਕਰਨਾ,ਮਾਈ ਲਾਰਡਜ਼!ਕੁਝ ਕੁ ਜਣੇ ਤਾਂ ਸਿਆਸੀ ਝੁਕਾ ਰੱਖਦੇ ਹੋਣਗੇ।ਐਵੇਂ ਤਾਂ ਨਹੀਂ ਇਕ ਸਾਬਕਾ ਮੁੱਖ ਜੱਜ ਸੇਵਾ ਮੁਕਤ ਹੁੰਦੇ ਸਾਰ ਹੀ ਰਾਜ ਸਭਾ ਵਿਚ ਜਾ ਬੈਠਾ; ਇਕ ਹੋਰ ਜਸਟਿਸ ਰਿਟਾਇਰ ਹੋਣ ਮਗਰੋਂ ਰਾਜਪਾਲ ਬਣ ਗਿਆ ਅਤੇ ਦੂਸਰਾ ਕਿਸੇ ਦੂਸਰੇ ਅਹੁਦੇ 'ਤੇ ਬਿਰਾਜਮਾਨ ਹੋ ਗਿਆ! ਹਾਂ,ਮੌਜੂਦਾ ਮੁੱਖ ਜੱਜ ਜਸਟਿਸ ਡੀ.ਵਾਈ. ਚੰਦਰਚੂੜ ਅਤੇ ਆਪ ਜੀ ਵਰਗੇ ਬਹੁਤ ਸਾਰੇ ਹੋਰ ਜਸਟਿਸ ਫੱਟੇ ਚੁੱਕੀ ਜਾਂਦੇ!ਤੁਹਾਡੇ ਵਰਗੇ ਜਸਟਿਸਾਂ ਕਰਕੇ ਹੀ ਲੋਕਾਂ ਦਾ ਨਿਆਂਪਾਲਿਕਾ ਵਿਚ ਅਜੇ ਭਰੋਸਾ ਕਾਇਮ ਹੈ।)


ਜਸਟਿਸ ਕੇ.ਐਮ. ਜੋਸਫ

ਇਸ ਤੋਂ ਪਹਿਲਾਂ ਵੀ ਸਿਖਰਲੀ ਅਦਾਲਤ ਕਹਿ ਚੁੱਕੀ ਹੈ, "ਧਰਮ ਦੇ ਨਾਮ 'ਤੇ ਅਸੀਂ ਕਿਥੇ ਅੱਪੜ ਗਏ ਹਾਂ?ਧਰਮ ਨੂੰ ਜਿੰਨਾ ਅਸੀਂ ਸੰਕੁਚਿਤ ਬਣਾ ਦਿੱਤਾ ਹੈ, ਉਹ ਵਾਕਿਆ ਹੀ ਦੁਖਾਂਤਕ ਹੈ।"

ਬੈਂਚ ਨੇ ਆਪਣੀ ਇਕ ਮਹੱਤਵਪੂਰਨ ਟਿੱਪਣੀ ਵਿਚ ਕਿਹਾ ਸੀ ਕਿ ਬੋਲਣ ਦੀ ਆਜ਼ਾਦੀ ਦੀ ਰੱਖਿਆ ਹੋਣੀ ਚਾਹੀਦੀ ਹੈ ਪਰ ਨਾਲ ਹੀ ਦੁੱਖ ਪ੍ਰਗਟ ਕੀਤਾ ਸੀ ਕਿ ਮੀਡੀਆ,ਖਾਸ ਤੌਰ 'ਤੇ ਟੀ'ਵੀ' ਚੈਨਲ ਵਿਚ ਸੰਤੁਲਨ ਦਾ ਘਾਟ ਹੈ।ਬੈਂਚ ਨੇ ਆਜ਼ਾਦੀ ਨਾਲ ਜ਼ਿੰਮੇਵਾਰੀ ਅਪਣਾਏ ਜਾਣ ਦੀ ਗੱਲ ਵੀ ਕੀਤੀ ਸੀ।ਬੈਂਚ ਨੇ ਉਦੋਂ ਕਿਹਾ ਸੀ, "ਮੀਡੀਆ ਦੀ ਬਹੁਤ ਤਾਕਤ ਹੈ(ਬੋਲਣ ਦੀ ਆਜ਼ਾਦੀ ਦੀ)। ਕੋਈ ਵੀ ਦੁਰਵਰਤੋਂ ਪੂਰੇ ਦੇਸ਼ 'ਤੇ ਅਸਰ ਪਾਉਂਦੀ ਹੈ।ਇਹ ਆਜ਼ਾਦੀ ਜ਼ਿੰਮੇਵਾਰੀ ਵੀ ਨਾਲ ਲਿਆਉਂਦੀ ਹੈ।"

ਜਦ ਵਧੀਕ ਸੌਲਿਸਟਰ ਜਨਰਲ ਕੇ.ਐਮ.ਨਟਰਾਜ ਨੇ ਬੈਂਚ ਨੂੰ ਦੱਸਿਆ ਸੀ ਕਿ ਇਸ ਸਬੰਧੀ ਕਈ ਅੰਕੁਸ਼ ਰੱਖੇ ਜਾਣ ਦੇ ਢੰਗ-ਤਰੀਕੇ ਅਪਣਾਏ ਜਾ ਰਹੇ ਹਨ ਤਾਂ ਬੈਂਚ ਨੇ ਪੁਛਿਆ, "ਇਸ ਦਾ ਕੀ ਫਾਇਦਾ ਜੇ ਇਹ ਢੰਗ-ਤਰੀਕੇ ਇਸ ਢੰਗ ਨਾਲ ਅਪਣਾਏ ਜਾ ਰਹੇ ਹਨ ਕਿ ਇਹਨਾਂ ਦਾ ਕੋਈ ਸਾਰਥਕ ਨਤੀਜਾ ਨਹੀਂ ਨਿਕਲਦਾ?ਕਿੰਨੇ ਸਾਲਾਂ ਤੋਂ ਟੈਲੀਵਿਜ਼ਨ ਲਈ ਕੋਈ 'ਰੈਗੂਲੇਟਰੀ ਮੈਕੇਨਿਜ਼ਮ'(ਨਿਯਮਤ ਵਿਵਸਥਾ) ਹੀ ਨਹੀਂ ਹੈ।ਬਸ ਆਪਾ-ਧਾਪੀ ਹੀ ਹੈ(ਫ੍ਰੀ ਫਾਰ ਆਲ)।" ਇਸ ਵਾਰ ਬੈਂਚ ਨੇ ਸਰਕਾਰੀ ਵਕੀਲ ਨੂੰ ਦੱਸਿਆ ਕਿ 'ਗੇਂਦ ਤੁਹਾਡੇ(ਸਰਕਾਰ) ਪਾਲੇ ਵਿਚ ਹੈ ਅਤੇ ਨਾਲ ਹੀ ਪੁੱਛਿਆ ਕਿ ਤੁਸੀਂ ਇਸ ਨੂੰ(ਨਫਰਤੀ ਭਾਸ਼ਨਾਂ) ਕਾਬੂ ਕਰਨ ਲਈ ਕੀ ਕਰ ਰਹੇ ਹੋ?

ਇਕ ਪਟੀਸ਼ਨ ਕਰਤਾ ਦੇ ਵਕੀਲ ਨਿਜ਼ਾਮ ਪਾਸ਼ਾ ਨੇ ਬੈਂਚ ਨੂੰ ਦੱਸਿਆ ਕਿ ਉਹਨਾਂ ਦੇ 21 ਅਕਤੂਬਰ ਦੇ ਹੁਕਮ ਤੋਂ ਬਾਅਦ ਜ਼ਮੀਨੀ ਹਕੀਕਤਾਂ ਵਿਚ ਕੋਈ ਫਰਕ ਨਹੀਂ ਪਿਆ।ਉਸ ਨੇ ਕੁਝ ਘੱਟ-ਗਿਣਤੀ ਫਿਰਕਿਆਂ ਵਿਰੁੱਧ ਜ਼ਹਿਰਉਗਲਦੀਆਂ ਤਕਰੀਰਾਂ ਦੇ ਸਬੂਤ ਵੀ ਪੇਸ਼ ਕੀਤੇ।ਇਸ ਤੋਂ ਪਹਿਲਾਂ ਕੋਰਟ ਖੁਦ ਆਪਣਾ ਰੰਜ਼ ਪ੍ਰਗਟ ਕਰ ਚੁੱਕੀ ਹੈ ਕਿ ਨਫਰਤੀ ਭਾਸ਼ਨਾਂ ਵਿਰੁਧ ਉਸ ਦੇ ਫੈਸਲਿਆਂ ਉਪਰ ਅਮਲ ਨਹੀਂ ਕੀਤਾ ਜਾਂਦਾ।ਇਸ ਪ੍ਰਸੰਗ ਵਿਚ ਹੀ ਬੈਂਚ ਨੇ ਹੁਣ ਸਖਤ ਫੈਸਲਾ ਸੁਣਾਇਆ ਹੈ। ਦੇਖਦੇ ਹਾਂ ਕਿ ਇਹ ਹੁਕਮ ਜ਼ਮੀਨ ਉਪਰ ਗੰਭੀਰਤਾ ਨਾਲ ਲਾਗੂ ਹੁੰਦਾ ਹੈ ਕਿ ਨਹੀਂ?ਕਿਧਰੇ 'ਪੰਚਾਂ ਦਾ ਕਿਹਾ ਸਿਰ ਮੱਥੇ,ਪਰਨਾਲਾ ਥਾਂ ਦੀ ਥਾਂ' ਵਾਲੀ ਗਲ ਨਾ ਹੋਵੇ!

ਅਸਲ ਵਿਚ, ਜਿੰਨਾ ਚਿਰ ਐਕਸ਼ਨ ਲੈਣ ਵਿਚ ਹਿਚਕਚਾਹਟ ਦਿਖਾਉਣ ਵਾਲੇ ਇਕ ਅੱਧੇ ਅਧਿਕਾਰੀ ਦੀ ਸਰਬ-ਉੱਚ ਅਦਾਲਤ ਖਿਚਾਈਨਹੀਂ ਕਰਦੀ,ਓਨਾ ਚਿਰ ਦੇਸ਼/ਪ੍ਰਾਂਤਾਂ ਵਿਚ ਰਾਜ ਕਰਦੀ/ਕਰਦੀਆਂ ਸੱਤਾਧਾਰੀ ਤਾਕਤਾਂ ਨੇ ਚੰਮ ਦੀਆਂ ਚਲਾਈ ਜਾਣੀਆਂ ਅਤੇ ਉਹਨਾਂ ਦੇ ਕੁਝ ਨੇਤਾ(ਵਾਂ) ਵੱਲੋਂ ਦਿੱਤੇ ਜਾਂਦੇ ਜ਼ਹਿਰੀਲੇ ਭਾਸ਼ਨਾਂ ਨੂੰ ਅਧਿਕਾਰੀਆਂ ਨੇ ਨਜ਼ਰਅੰਦਾਜ਼ ਕਰਦੇ ਰਹਿਣਾ ਹੈ। ਉਂਝ, ਹੋ ਸਕਦਾ ਹੈ ਕਿ ਦਿਲ-ਗੁਰਦਾ ਰੱਖਣ ਵਾਲਾ(ਾਂ) ਕੋਈ ਮਾਂ ਦਾ ਲਾਲ ਜਾਂ ਮਾਂ ਦੀ ਸ਼ੇਰਨੀ ਨਿੱਤਰ ਪਵੇ ਅਤੇ ਐਕਸ਼ਨ ਲੈ ਹੀ ਲਵੇ!

# ਗੁਰਬਖ਼ਸ਼ ਸਿੰਘ

ਮੈਂ ਹਾਰ ਕੇ ਕਿਹਾ, "ਚੰਗਾ, ਕੱਲ੍ਹ ਦਾ ਦੱਸੋ, ਕਿੰਨੇ ਵਜੇ ਕਿਥੇ ਮਿਲਾਂ?" ਉਹ ਬੋਲੇ, "ਇਹ ਤੂੰ ਸ਼ਾਮ ਨੂੰ ਇਨਾਮ ਸਮਾਗਮ ਵੇਲੇ ਨਵਤੇਜ ਨੂੰ ਪੁੱਛ ਲਵੀਂ।" ਸ਼ਾਮ ਨੂੰ ਮੈਂ ਹਾਲ ਵਿਚ ਪਹੁੰਚਿਆ ਤਾਂ ਦਾਰ ਜੀ ਮੂਹਰਲੀ ਕਤਾਰ ਵਿਚ ਬੈਠੇ ਹੋਏ ਸਨ। ਉਨ੍ਹਾਂ ਦੇ ਸੱਜੇ-ਖੱਬੇ ਵਾਲੇ ਇਕ ਦੂਜੇ ਨਾਲ ਗੱਲੀਂ ਲੱਗੇ ਹੋਏ ਸਨ, ਉਹ ਉਨ੍ਹਾਂ ਸਭ ਵਿਚਕਾਰ ਇਕੱਲੇ ਉਸ ਮੁਦਰਾ ਵਿਚ ਬੈਠੇ ਸਨ ਜਿਵੇਂ ਤਸਵੀਰਾਂ ਵਿਚ ਦੇਖੇ ਜਾਂਦੇ ਸੀ—ਸਾਹਮਣੇ ਇਕ ਹੱਥ ਉੱਤੇ ਦੂਜਾ ਹੱਥ ਰੱਖਿਆ ਹੋਇਆ ਤੇ ਲੱਤਾਂ ਕਰਾਸ ਕੀਤੀਆਂ ਹੋਈਆਂ। ਮੈਂ ਸੋਚਿਆ, ਨਵਤੇਜ ਨੂੰ ਕਾਹਦੇ ਲਈ ਪੁੱਛਣਾ ਹੈ, ਜਦੋਂ ਇਹ ਆਪ ਸਾਹਮਣੇ ਹਨ। ਮੈਂ ਹੱਥ ਜੋੜ ਕੇ ਫ਼ਤਿਹ ਬੁਲਾਈ ਤੇ ਕਿਹਾ, "ਦਾਰ ਜੀ, ਮੈਂ ਸੋਵੀਅਤ ਦਫ਼ਤਰ ਵਿਚ ਕੰਮ ਕਰਦਾ ਹਾਂ। ਗੁਰਬਚਨ ਸਿੰਘ ਭੁੱਲਰ ਮੇਰਾ ਨਾਂ ਹੈ। ਦਫ਼ਤਰ ਵਾਲਿਆਂ ਨੇ ਮੈਨੂੰ ਤੁਹਾਡੀ ਬਹੁਤ ਸੰਖੇਪ ਇੰਟਰਵਿਊ ਕਰਨ ਲਈ ਕਿਹਾ ਹੈ। ਕੱਲ੍ਹ ਕਿੰਨੇ ਵਜੇ ਕਿਥੇ ਮਿਲੋਗੇ?" ਉਨ੍ਹਾਂ ਨੇ ਇਸ ਸਭ ਕੁਝ ਦੇ ਜਵਾਬ ਵਿਚ ਸਿਰਫ਼ ਚਾਰ ਸ਼ਬਦ ਬੋਲੇ, "ਨਵਤੇਜ ਨੂੰ ਮਿਲ ਲਵੋ।"

ਓਦੋਂ ਤੱਕ ਮੈਂ 'ਪ੍ਰੀਤਲੜੀ' ਵਿਚ ਬਹੁਤ ਵਾਰ ਛਪ ਚੁੱਕਿਆ ਸੀ। ਸੰਪਾਦਕ ਨੂੰ ਲੇਖਕ ਦੀ ਕੋਈ ਰਚਨਾ ਚੇਤੇ ਨਾ ਹੋਵੇ, ਸਮਝ ਵਿਚ ਆਉਂਦਾ ਹੈ, ਪਰ ਛਪਦੇ ਰਹਿਣ ਵਾਲੇ ਲੇਖਕ ਦਾ ਨਾਂ ਵੀ ਯਾਦ ਨਾ ਹੋਵੇ, ਮੰਨਣਾ ਮੁਸ਼ਕਿਲ ਹੈ। ਚਲੋ, ਜੇ ਨਾਂ ਵੀ ਅਣਜਾਣਿਆ ਲੱਗੇ, ਤਾਂ ਦੇਖਣ ਵਿਚ ਆਇਆ ਹੈ, ਵੱਡੇ ਲੇਖਕ ਛੋਟੇ ਦਾ ਮਨ ਰੱਖਣ ਤੇ ਉਤਸਾਹ ਵਧਾਉਣ ਲਈ ਵੈਸੇ ਹੀ ਆਖ ਦਿੰਦੇ ਹਨ, "ਤੇਰਾ ਨਾਂ ਪੜ੍ਹਿਆ-ਸੁਣਿਆ ਹੋਇਆ ਹੈ।" ਪਰ ਗੁਰਬਖ਼ਸ਼ ਸਿੰਘ ਉਪਰੋਕਤ ਚਾਰ ਸ਼ਬਦ ਬੋਲ ਕੇ ਸੱਜੇ-ਖੱਬੇ ਗੱਲਾਂ ਕਰ ਰਹੇ ਲੋਕਾਂ ਦੇ ਵਿਚਕਾਰ ਪਹਿਲਾਂ ਵਾਂਗ ਆਪਣੀ ਵਿਸ਼ੇਸ਼ ਮੁਦਰਾ ਵਿਚ 'ਅਨੋਖੇ ਤੇ ਇਕੱਲੇ' ਬਣ ਕੇ ਬੈਠ ਗਏ।

ਖ਼ੈਰ, ਨਵਤੇਜ ਨਾਲ ਤੈਅ ਹੋਇਆ ਕਿ ਮੈਂ ਸਵੇਰੇ ਦਫ਼ਤਰ ਜਾਂਦਾ ਹੋਇਆ ਅੱਠ ਵਜੇ ਉਹਦੀ ਭੈਣ ਰਾਣੀ ਦੇ ਘਰ ਪਹੁੰਚ ਜਾਵਾਂ। ਰਾਣੀ ਦਾਰ ਜੀ ਦੀ ਤੀਜੀ ਬੇਟੀ ਸੀ ਤੇ ਉਹਦਾ ਕਾਗ਼ਜ਼ੀ ਨਾਂ ਪ੍ਰਤਿਮਾ ਸੀ। ਸਵੇਰੇ ਮੈਂ ਠੀਕ ਅੱਠ ਵਜੇ ਪਹੁੰਚਿਆ ਤਾਂ ਬੂਹਾ ਖੁੱਲ੍ਹਾ ਸੀ। ਸਾਹਮਣੇ ਵੱਡੇ ਸੋਫ਼ੇ ਦੇ ਵਿਚਕਾਰ ਦਾਰ ਜੀ ਆਪਣੀ ਉਸੇ ਵਿਸ਼ੇਸ਼ ਮੁਦਰਾ ਵਿਚ ਬੈਠੇ ਹੋਏ ਸਨ ਤੇ ਨਵਤੇਜ ਉਨ੍ਹਾਂ ਦੇ ਸੱਜੇ ਹੱਥ ਸੋਫ਼ੇ ਕੋਲ ਸਾਵਧਾਨ ਮੁਦਰਾ ਵਿਚ ਖਲੋਤਾ ਹੋਇਆ ਸੀ। ਮੈਨੂੰ ਇਹ ਦ੍ਰਿਸ਼ ਕੁਝ ਓਪਰਾ ਜਿਹਾ, ਕੁਝ ਬਣਾਉਟੀ ਜਿਹਾ ਲਗਿਆ। ਮੈਂ ਫ਼ਤਿਹ ਬੁਲਾ ਕੇ ਆਖੇ ਬਿਨਾਂ ਆਪੇ ਹੀ ਸੱਜੇ ਪਾਸੇ ਹਟਵੇਂ ਪਏ ਸੋਫ਼ੇ ਉੱਤੇ ਸਜ ਗਿਆ ਤੇ ਬੋਲਿਆ, "ਦਾਰ ਜੀ..." ਨਵਤੇਜ ਨੇ ਮੇਰੀ ਗੱਲ ਕੱਟੀ, "ਤੁਸੀਂ ਇੰਟਰਵਿਊ ਕਿਵੇਂ ਕਰੋਗੇ?" ਮੈਂ ਦੱਸਿਆ, "ਇਹ ਬਹੁਤ ਹੀ ਸਾਧਾਰਨ ਜਿਹੇ ਪੰਜ-ਚਾਰ ਸਵਾਲ ਹਨ ਜਿਨ੍ਹਾਂ ਦੇ ਜਵਾਬ ਸੌਖਿਆਂ ਹੀ ਦਿੱਤੇ ਜਾ ਸਕਦੇ ਹਨ। ਦਾਰ ਜੀ ਇਕ ਵਾਰ ਪੜ੍ਹ ਲੈਣ। ਫੇਰ ਟੇਪਰਿਕਾਰਡਰ ਚਲਾ ਕੇ ਮੈਂ ਸਵਾਲ ਬੋਲਦਾ ਰਹਾਂਗਾ, ਇਹ ਜਵਾਬ ਦਿੰਦੇ ਰਹਿਣ।" ਨਵਤੇਜ ਨੇ ਕਾਹਲੀ ਨਾਲ ਕਿਹਾ, "ਨਹੀਂ, ਨਹੀਂ, ਦਾਰ ਜੀ ਟੇਪ ਵਿਚ ਨਹੀਂ ਬੋਲਣਗੇ। ਟੇਪ ਦਾ ਮਾਈਕ ਸਾਹ ਖਿਚਦਾ ਹੈ। ਇਹ ਇਨ੍ਹਾਂ ਦੀ ਸਿਹਤ ਲਈ ਠੀਕ ਨਹੀਂ।" "ਮਾਈਕ ਸਾਹ ਖਿਚਦਾ ਹੈ?" ਮੈਂ ਹੈਰਾਨ ਰਹਿ ਗਿਆ, "ਮੈਂ ਤਾਂ ਇਹ ਗੱਲ ਪਹਿਲੀ ਵਾਰ ਸੁਣ ਰਿਹਾ ਹਾਂ!" "ਮੈਂ ਠੀਕ ਕਹਿ ਰਿਹਾ ਹਾਂ। ਮਾਈਕ ਬੋਲਣ ਵਾਲੇ ਦਾ ਸਾਹ ਖਿਚਦਾ ਹੈ ਜਿਸ ਦਾ ਖਿਚਾਉ ਫੇਫੜਿਆਂ ਉੱਤੇ ਪੈਂਦਾ ਹੈ। ਦਾਰ ਜੀ ਲਈ ਇਹ ਸਟਰੈੱਸ ਠੀਕ ਨਹੀਂ।" ਮੈਂ ਦੂਜਾ ਰਾਹ ਦੱਸਿਆ, "ਦਾਰ ਜੀ ਸਵਾਲ ਦਾ ਜਵਾਬ ਬੋਲਦੇ ਜਾਣ, ਮੈਨੂੰ ਤੇਜ਼ੀ ਨਾਲ ਲਿਖ ਲੈਣ ਦੀ ਕੋਈ ਸਮੱਸਿਆ ਨਹੀਂ।" ਉਹਨੇ ਸਿਰ ਮਾਰਿਆ, "ਦਾਰ ਜੀ ਲਈ ਏਨਾ ਬੋਲਣਾ ਵੀ ਠੀਕ ਨਹੀਂ।" ਮੈਂ ਤੀਜਾ ਰਾਹ ਦੱਸਿਆ, "ਮੈਂ ਬੈਠਦਾ ਹਾਂ, ਦਾਰ ਜੀ ਕਮਰੇ ਵਿਚ ਜਾ ਕੇ ਜਵਾਬ ਲਿਖ ਲਿਆਉਣ।" ਨਵਤੇਜ ਦਾ ਇਤਰਾਜ਼ ਜਿਉਂ-ਦਾ-ਤਿਉਂ ਕਾਇਮ ਸੀ, "ਇੰਜ ਉਡੀਕਦੇ ਬੰਦੇ ਲਈ ਲਿਖਣ ਦੀ ਕਾਹਲ ਵਿਚ ਤਾਂ ਦਾਰ ਜੀ ਪਰੇਸ਼ਾਨ ਹੋ ਜਾਣਗੇ। ਉਹ ਸਹਿਜ ਨਾਲ ਲਿਖਦੇ ਹਨ।"

ਮੇਰੇ ਕੋਲ ਚੌਥਾ ਰਾਹ ਕੋਈ ਨਹੀਂ ਸੀ। ਪਰ ਲੱਭਣਾ ਤਾਂ ਪੈਣਾ ਹੀ ਸੀ, "ਆਖ਼ਰੀ ਰਾਹ ਇਹ ਹੈ ਕਿ ਇੰਟਰਵਿਊ ਰਹਿਣ ਦੇਈਏ। ਮੈਂ ਰੂਸੀ ਨੂੰ ਕਹਿ ਦੇਵਾਂਗਾ, ਉਹ ਸਮਾਂ ਨਹੀਂ ਦੇ ਸਕੇ।"

ਨਵਤੇਜ ਨੇ ਮੇਰੀ ਗੱਲ ਰੋਕੀ, "ਨਹੀਂ, ਨਹੀਂ, ਦਾਰ ਜੀ ਦੀ ਇੰਟਰਵਿਊ ਹਰ ਹਾਲਤ ਜਾਣੀ ਚਾਹੀਦੀ ਹੈ।" ਮੇਰੇ ਬੋਲ ਵਿਚ ਥੋੜ੍ਹਾ ਅਕੇਵਾਂ ਆ ਜਾਣਾ ਕੁਦਰਤੀ ਸੀ, "ਨਵਤੇਜ ਜੀ, ਇੰਟਰਵਿਊ ਹੋਵੇਗੀ ਤਾਂ ਜਾਵੇਗੀ।" ਉਹਨੇ ਕਿਹਾ, "ਸਵਾਲ ਛੱਡ ਜਾਓ, ਸ਼ਾਮ ਨੂੰ ਦਫ਼ਤਰੋਂ ਮੁੜਦੇ ਹੋਏ ਇੰਟਰਵਿਊ ਲੈ ਜਾਣਾ।" ਮੈਂ ਦੱਸਿਆ, "ਉਹ ਤਾਂ ਦਫ਼ਤਰ ਕੱਲ੍ਹ ਪਹੁੰਚੇਗੀ। ਅਖ਼ਬਾਰਾਂ ਲਈ ਇਹ ਡਾਕ ਸਾਡੇ ਦਫ਼ਤਰੋਂ ਸਹੀ ਦੋ ਵਜੇ ਨਿੱਕਲ ਜਾਣੀ ਹੈ। ਉਸ ਤੋਂ ਪਹਿਲਾਂ ਇੰਟਰਵਿਊ ਟਾਈਪ ਤੇ ਸਾਈਕਲੋ ਵੀ ਹੋਣੀ ਹੈ।"

ਆਖ਼ਰ ਸਮੇਂ ਦੀ ਕਾਫ਼ੀ ਕਿੱਚ-ਕਿੱਚ ਮਗਰੋਂ ਇਕ ਵਜੇ ਦਾ ਫ਼ੈਸਲਾ ਹੋ ਗਿਆ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਇਸ ਸਾਰੇ ਸਮੇਂ ਵਿਚ ਦਾਰ ਜੀ ਓਕਾ ਹੀ ਇਕ ਸ਼ਬਦ ਵੀ ਨਹੀਂ ਬੋਲੇ ਤੇ ਉਸੇ ਤਰ੍ਹਾਂ ਅਹਿੱਲ ਬੈਠੇ ਰਹੇ। ਜਦੋਂ ਮੈਂ ਉੱਠ ਖਲੋਤਾ, ਦਾਰ ਜੀ ਨੇ ਪੁੱਛਿਆ, "ਤੁਸੀਂ ਕੈਸਿਟਾਂ ਕਿਥੋਂ ਲੈਂਦੇ ਹੋ?" (ਉਸ ਸਮੇਂ ਇਹ ਚੀਜ਼ਾਂ ਬਾਹਰੋਂ ਹੀ ਆਉਂਦੀਆਂ ਸਨ।)

ਮੇਰੇ ਬੋਲਣ ਤੋਂ ਪਹਿਲਾਂ ਨਵਤੇਜ ਬੋਲਿਆ, "ਦਾਰ ਜੀ, ਜਿਹੜੇ ਮੁੰਡੇ ਨੇ ਇੰਗਲੈਂਡ ਤੋਂ ਟੇਪਰਿਕਾਰਡਰ ਭੇਜਿਆ ਸੀ, ਉਸੇ ਨੂੰ ਕਹਾਂਗੇ, ਕਿਸੇ ਆਉਂਦੇ-ਜਾਂਦੇ ਹੱਥ ਕੈਸਿਟਾਂ ਭੇਜ ਦੇਵੇਗਾ।" ਵਾਰਤਾਲਾਪ ਦਾ ਅੰਤ ਹੋ ਗਿਆ। ਦਾਰ ਜੀ ਓਵੇਂ ਬੈਠੇ ਰਹੇ, ਨਵਤੇਜ ਓਵੇਂ ਖੜ੍ਹਾ ਰਿਹਾ। ਹੁਣ ਕਮਰੇ ਵਿਚੋਂ ਅਚਾਨਕ ਰਾਣੀ ਦਾ ਪਤੀ ਸਰਲ ਪਾਤਰਾ ਨਿੱਕਲ ਆਇਆ। ਮੈਂ ਉਹਨੂੰ ਜਾਣਦਾ ਸੀ, ਉਹ ਮੈਨੂੰ ਨਹੀਂ। ਉਹ ਸਮਾਚਾਰ ਏਜੰਸੀ 'ਯੂ ਪੀ ਆਈ' ਵਿਚ ਕੰਮ ਕਰਨ ਲਈ ਲਾਹੌਰ ਪਹੁੰਚ ਗਿਆ ਸੀ ਤੇ ਦੇਸ-ਵੰਡ ਤੱਕ ਉਥੇ ਰਿਹਾ ਸੀ। ਇਸ ਕਾਫ਼ੀ ਲੰਮੇ ਸਮੇਂ ਵਿਚ ਉਹ ਪੰਜਾਬੀਆਂ ਵਾਂਗ ਪੰਜਾਬੀ ਬੋਲਣ ਲੱਗ ਪਿਆ ਅਤੇ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ। ਇਉਂ ਉਹ ਨਵਤੇਜ ਤੇ ਜਗਜੀਤ ਸਿੰਘ ਆਨੰਦ ਵਰਗਿਆਂ ਦਾ ਦੋਸਤ ਬਣ ਗਿਆ। ਸੰਤਾਲੀ ਮਗਰੋਂ ਉਹ ਦਿੱਲੀ ਆ ਗਿਆ। ਗੰਭੀਰ ਖੱਬੇ-ਪੱਖੀ ਅੰਗਰੇਜ਼ੀ ਹਫ਼ਤਾਵਾਰ 'ਮੇਨਸਟ੍ਰੀਮ' ਦੇ ਸੰਪਾਦਕੀ ਬੋਰਡ ਵਿਚ ਉਹਦਾ ਕੰਮ ਪੱਤਰਕਾਰ ਵਜੋਂ ਅਹਿਮ ਮੰਨਿਆ ਜਾਂਦਾ ਰਿਹਾ। ਉਹਨੇ ਮੈਨੂੰ ਸਵਾਲ ਕੀਤਾ, "ਤੁਸੀਂ ਟੇਪ ਬਾਰੇ ਕਿੰਨਾ ਕੁ ਜਾਣਦੇ ਹੋ?"

ਮੈਂ ਕਿਹਾ, "ਓਨਾ ਹੀ ਜਿੰਨਾ ਟੇਪ ਵਾਲਾ ਕੋਈ ਵੀ ਸਾਧਾਰਨ ਬੰਦਾ ਜਾਣਦਾ ਹੁੰਦਾ ਹੈ।...ਪਰ ਗੱਲ ਕੀ ਹੈ?" ਉਹ ਕਹਿੰਦਾ, "ਜੇ ਟੇਪ ਵਿਚ ਭਰਿਆ ਹੋਇਆ ਮੇਸਣਾ ਹੋਵੇ..." ਮੈਂ ਵਿਚਕਾਰੋਂ ਹੀ ਬੋਲਿਆ, "ਕੋਈ ਮੁਸ਼ਕਿਲ ਨਹੀਂ। ਉਸ ਉੱਤੇ ਕੁਝ ਵੀ ਨਵਾਂ ਭਰ ਦਿਉ, ਜੇ ਕੁਝ ਹੋਰ ਨਹੀਂ, ਲਤਾ ਦੇ ਗਾਣੇ ਭਰ ਦਿਉ, ਹੇਠਲਾ ਆਪਣੇ ਆਪ ਮਿਟ ਜਾਵੇਗਾ।"

ਪਰ ਉਹਦੀ ਸਮੱਸਿਆ ਅਨੋਖੀ ਸੀ, "ਇੰਜ ਨਹੀਂ। ਜੇ ਹੇਠਲਾ ਮੇਟਣਾ ਹੋਵੇ ਤੇ ਭਰਨਾ ਕੁਝ ਨਾ ਹੋਵੇ?" ਮੈਂ ਹੱਸਿਆ, "ਇਹ ਸਮੱਸਿਆ ਮੈਂ ਪਹਿਲੀ ਵਾਰ ਸੁਣ ਰਿਹਾ ਹਾਂ। ਅਜਿਹਾ ਕਰਨ ਦੀ ਲੋੜ ਬੰਦੇ ਨੂੰ ਪੈਂਦੀ ਨਹੀਂ। ਕੁਝ ਵੀ ਭਰੇ ਵਾਲੀ ਕੈਸਿਟ ਇਸ ਪੱਖੋਂ ਇਕ ਤਰ੍ਹਾਂ ਖਾਲੀ ਹੀ ਹੁੰਦੀ ਹੈ। ਉਸ ਵਿਚ ਜਦੋਂ ਵੀ ਜੋ ਕੁਝ ਵੀ ਭਰਨਾ ਚਾਹੋ, ਭਰ ਸਕਦੇ ਹੋ।" ਉਹ ਆਪਣੇ ਸਵਾਲ ਉੱਤੇ ਕਾਇਮ ਸੀ, "ਨਹੀਂ, ਜੇ ਭਰਨਾ ਕੁਝ ਨਾ ਹੋਵੇ।"ਮੈਨੂੰ ਅਚਾਨਕ ਫੁਰਨਾ ਫੁਰਿਆ, "ਮੈਂ ਸਮਝਦਾ ਹਾਂ ਜੇ ਬਾਹਰਲੀਆਂ ਆਵਾਜ਼ਾਂ ਰੋਕਣ ਲਈ ਕਮਰਾ ਬੰਦ ਕਰ ਲਿਆ ਜਾਵੇ ਤੇ ਮਾਈਕ ਚਾਲੂ ਕਰ ਕੇ ਟੇਪ ਚਲਾ ਦਿੱਤਾ ਜਾਵੇ, ਤੁਹਾਡਾ ਕੰਮ ਹੋ ਜਾਵੇਗਾ। ਹੇਠਲਾ ਮਿਟ ਜਾਵੇਗਾ ਤੇ ਕਿਉਂਕਿ ਮਾਈਕ ਵਿਚ ਕੁਝ ਬੋਲਿਆ ਹੀ ਨਹੀਂ ਗਿਆ, ਭਰੇਗਾ ਕੁਝ ਨਹੀਂ।"

ਉਹਨੇ ਮੇਰੇ ਵੱਲ ਹੈਰਾਨੀ, ਖ਼ੁਸ਼ੀ ਤੇ ਪ੍ਰਸੰਸਾ ਨਾਲ ਇਉਂ ਦੇਖਿਆ ਜਿਵੇਂ ਮੈਂ ਪ੍ਰਸਿੱਧ ਕਾਢਕਾਰ ਥਾਮਸ ਅਲਵਾ ਐਡੀਸਨ ਹੋਵਾਂ ਅਤੇ "ਇਹ ਠੀਕ ਹੈ" ਆਖ ਕੇ ਸੰਤੁਸ਼ਟ ਹੋ ਆਪਣੇ ਕਮਰੇ ਵਿਚ ਚਲਿਆ ਗਿਆ।

ਮੈਂ ਦਾਰ ਜੀ ਨੂੰ ਓਵੇਂ ਬੈਠੇ ਤੇ ਨਵਤੇਜ ਨੂੰ ਓਵੇਂ ਖੜ੍ਹਾ ਛੱਡ ਕੇ ਆਪਣੇ ਰਾਹ ਪਿਆ। ਉਨ੍ਹਾਂ ਨੇ ਆਪਣੇ ਅੰਗ ਮੈਥੋਂ ਮਗਰੋਂ ਹੀ ਹਿਲਾਏ ਹੋਣਗੇ।

ਇਕ ਵਜੇ ਮੈਂ ਕਾਗ਼ਜ਼ ਲੈਣ ਪਹੁੰਚਿਆ ਤਾਂ ਰਾਣੀ ਡਰਾਇੰਗ ਰੂਮ ਦਾ ਫ਼ਰਸ਼ ਸਾਫ਼ ਕਰਨ ਲਈ ਡੋਲ੍ਹਿਆ ਪਾਣੀ ਕੱਢ ਰਹੀ ਸੀ। ਮੇਰੀ ਗੱਲ ਸੁਣ ਕੇ ਉਹਨੇ ਇਕ ਵੀ ਸ਼ਬਦ ਬੋਲੇ ਬਿਨਾਂ ਝਾੜੂ ਸੁੱਟਿਆ ਤੇ ਹੱਥ ਗਿੱਲੇ ਹੋਣ ਕਾਰਨ ਗੂਠੇ ਤੇ ਇਕ ਉਂਗਲ ਦੇ ਪੋਟਿਆਂ ਨਾਲ ਇਕ ਕੋਨੇ ਤੋਂ ਫੜੇ ਹੋਏ ਕਾਗ਼ਜ਼ ਲਿਆ ਕੇ ਚੁੱਪ-ਚਾਪ ਮੇਰੇ ਅੱਗੇ ਕਰ ਦਿੱਤੇ।

ਰਾਣੀ ਦਾ ਗੁਰਬਖ਼ਸ਼ ਸਿੰਘ ਨਾਲ ਮੇਰੀ ਅਣਮੰਗੀ-ਅਣਚਾਹੀ-ਅਣਕਰਨੀ ਮੁਲਾਕਾਤ ਤੋਂ ਇਨਕਾਰ ਦਾ ਕਿੱਸਾ ਵੀ ਦਿਲਚਸਪ ਹੈ। ਜਲੰਧਰ ਤੋਂ ਉਰਮਿਲਾ ਆਨੰਦ ਦਾ ਫ਼ੋਨ ਆਇਆ ਕਿ "ਬਦੇਸੋਂ ਆਏ ਦਾਰ ਜੀ ਰਾਣੀ ਕੋਲ ਠਹਿਰੇ ਹੋਏ ਹਨ ਤੇ ਰਾਣੀ ਨੂੰ ਮੇਰਾ ਫ਼ੋਨ ਲੱਗ ਹੀ ਨਹੀਂ ਰਿਹਾ। ਤੇਰਾ ਲੋਕਲ ਫ਼ੋਨ ਲੱਗ ਜਾਵੇਗਾ। ਤੂੰ ਐਸ ਨੰਬਰ 'ਤੇ ਫ਼ੋਨ ਕਰ ਤੇ ਪੁੱਛ ਕੇ ਦੱਸ, ਉਹ ਕਿਹੜੀ ਗੱਡੀ ਲੈਣਗੇ। ਅਸੀਂ ਉਨ੍ਹਾਂ ਨੂੰ ਜਲੰਧਰ ਸਟੇਸ਼ਨ 'ਤੇ ਮਿਲਣਾ ਚਾਹੁੰਦੇ ਹਾਂ।" ਉਹ ਮੋਬਾਈਲਾਂ ਤੋਂ ਪਹਿਲਾਂ ਦਾ ਸਰਕਾਰੀ ਫ਼ੋਨਾਂ ਵਾਲਾ ਜ਼ਮਾਨਾ ਸੀ।

ਮੈਂ ਰਾਣੀ ਨੂੰ ਫ਼ੋਨ ਕੀਤਾ, "ਮੈਂ ਸੋਵੀਅਤ ਦੂਤਾਵਾਸ ਤੋਂ ਗੁਰਬਚਨ ਸਿੰਘ ਭੁੱਲਰ ਬੋਲ ਰਿਹਾ ਹਾਂ। ਦਾਰ ਜੀ ਅੱਜ ਕਿਹੜੀ ਗੱਡੀ ਲੈਣਗੇ?" ਉਹਨੇ ਜਵਾਬ ਦੇਣ ਦੀ ਥਾਂ ਸਵਾਲ ਕੀਤਾ, "ਤੁਸੀਂ ਅਪਾਇੰਟਮੈਂਟ ਲਈ ਹੋਈ ਹੈ?"

ਮੈਂ ਪੁੱਛਿਆ, "ਕਾਹਦੀ?" ਉਹ ਬੋਲੀ, "ਮਿਲਣ ਦੀ। ਤੁਸੀਂ ਉਨ੍ਹਾਂ ਨੂੰ ਅਪਾਇੰਟਮੈਂਟ ਬਿਨਾਂ ਨਹੀਂ ਮਿਲ ਸਕਦੇ।" ਮੈਨੂੰ ਗੁੱਸਾ ਆਉਣਾ ਕੁਦਰਤੀ ਸੀ, ਪਰ ਮੈਂ ਦਬਾ ਲਿਆ, "ਮੈਨੂੰ ਉਨ੍ਹਾਂ ਨਾਲ ਮਿਲਣ ਦੀ ਬਿਲਕੁਲ ਕੋਈ ਇੱਛਾ ਨਹੀਂ। ਮੈਨੂੰ ਉਰਮਿਲਾ ਦਾ ਫ਼ੋਨ..." ਉਹਨੇ ਮੇਰੀ ਗੱਲ ਕੱਟ ਕੇ ਕਿਹਾ, "ਉਸ ਪਿੱਛੋਂ ਸਾਡੀ ਗੱਲ ਹੋ ਗਈ ਸੀ" ਤੇ ਫ਼ੋਨ ਬੰਦ ਕਰ ਦਿੱਤਾ।

ਜਦੋਂ ਵੀ ਕਿਸੇ ਪ੍ਰਸੰਗ ਵਿਚ ਇਹ ਦੋਵੇਂ ਘਟਨਾਵਾਂ ਚੇਤੇ ਆ ਜਾਂਦੀਆਂ ਹਨ, ਮੈਂ ਹੁਣ ਵੀ ਹੈਰਾਨ ਹੋ ਜਾਂਦਾ ਹਾਂ ਕਿ ਦਾਰ ਜੀ ਦਾ ਪਰਿਵਾਰ ਉਨ੍ਹਾਂ ਦੇ ਸੰਬੰਧ ਵਿਚ ਅਜਿਹਾ ਉਲਾਰ ਤੇ ਬੇਤੁਕਾ ਵਿਹਾਰ ਕਿਉਂ ਕਰਦਾ ਸੀ ਜਿਵੇਂ ਕਿਸੇ ਮੱਠਦਾਰੀ ਸਾਧ-ਸੰਤ ਦੇ ਨੇੜਲੇ ਚੇਲੇ ਆਮ ਲੋਕਾਂ ਵਿਚ ਸ਼ਰਧਾ ਵਧਾਉਣ ਲਈ ਉਹਨੂੰ ਉਨ੍ਹਾਂ ਤੋਂ ਦੂਰ ਰਖਦੇ ਹਨ! ਦਾਰ ਜੀ ਪੰਜਾਬੀ ਸਾਹਿਤ ਵਿਚ ਆਪਣੀ ਨਿੱਗਰ ਦੇਣ ਸਦਕਾ ਅਧਿਕਾਰ ਵਜੋਂ ਏਨੇ ਵੱਡੇ ਬਣ ਚੁੱਕੇ ਸਨ ਕਿ ਪਰਿਵਾਰ ਦੇ ਦਿੱਤੇ ਅਜਿਹੇ ਥੋਥੇ ਤੇ ਹਾਸੋਹੀਣੇ ਠੁੰਮ੍ਹਣੇ ਬੇਲੋੜੇ ਤੇ ਬੇਅਸਰ ਸਨ। ਸਗੋਂ ਸਮਕਾਲੀ ਲੇਖਕਾਂ ਤੇ ਉਨ੍ਹਾਂ ਦੇ ਕਦਰਦਾਨ ਪਾਠਕਾਂ ਨਾਲੋਂ ਕੱਟ ਕੇ ਇਨ੍ਹਾਂ ਪਰਿਵਾਰਕ ਸ਼ੁਭ-ਚਿੰਤਕਾਂ ਨੇ ਉਨ੍ਹਾਂ ਦਾ ਵੱਡਾ ਨੁਕਸਾਨ ਕੀਤਾ। ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪੰਨਿਆਂ ਉੱਤੇ ਉਨ੍ਹਾਂ ਦਾ ਨਾਂ ਉਸੇ ਤਰ੍ਹਾਂ ਜਗਮਗਾਉਂਦਾ ਰਹੇਗਾ ਜਿਵੇਂ ਅੰਬਰ ਦੇ ਅਣਗਿਣਤ ਤਾਰਿਆਂ ਵਿਚ ਕੋਈ-ਕੋਈ ਤਾਰਾ ਵੱਡਾ ਤੇ ਵੱਧ ਲਿਸ਼ਕਦਾ ਹੁੰਦਾ ਹੈ!

# ਹਮ ਦੋਨੋਂ: ਉਲਝਣਾਂ ਦੇ ਦੌਰ ਵਿਚੋਂ ਲੰਘਦਿਆਂ



ਤਰਸੇਮ ਬਸ਼ਰ

**ਫਿਲਮ 'ਹਮ ਦੋਨੋਂ' ਦੀ ਕਹਾਣੀ ਨਿਰਮਲ ਸਰਕਾਰ ਦੀ ਲਿਖੀ ਹੋਈ ਹੈ। ਅਸਲ ਵਿਚ ਇਹ ਫਿਲਮ ਆਪਣੀ ਨਿਵੇਕਲੀ ਕਹਾਣੀ ਕਰ ਕੇ ਹੀ ਦਰਸ਼ਕਾਂ ਦੇ ਦਿਲਾਂ ਅੰਦਰ ਪ੍ਰਵਾਨ ਚੜ੍ਹੀ। ਸ਼ਾਇਦ ਇਸੇ ਕਰ ਕੇ ਜਦੋਂ ਫਿਲਮਸਾਜ਼ ਵਿਜੈ ਆਨੰਦ ਨੇ ਕਹਾਣੀ ਸੁਣੀ ਤਾਂ ਉਨ੍ਹਾਂ ਨੂੰ ਝੱਟ ਪਸੰਦ ਆਈ। ਉਨ੍ਹਾਂ ਆਪਣੇ ਵੱਡੇ ਭਰਾ ਤੇ ਅਦਾਕਾਰ ਦੇਵ ਆਨੰਦ ਨਾਲ ਇਸ ਬਾਰੇ ਗੱਲ ਚਲਾਈ ਤਾਂ ਝੱਟ ਹਾਂ ਹੋ ਗਈ ਅਤੇ ਨਾਲ ਹੀ ਫਿਲਮ ਦਾ ਆਰੰਭ ਹੋ ਗਿਆ। ਫਿਲਮ ਰਿਲੀਜ਼ ਹੋਈ ਤਾਂ ਖ਼ੂਬ ਚੱਲੀ। ਇਸ ਦਾ ਸੰਗੀਤ ਬਹੁਤ ਸੁਣਿਆ ਗਿਆ ਅਤੇ ਅੱਜ ਵੀ ਸੁਣਿਆ ਜਾ ਰਿਹਾ ਹੈ।**

ਫਿਲਮ 'ਕਾਲਾ ਬਾਜ਼ਾਰ' ਬਹੁਤ ਸਫਲ ਹੋਈ ਤਾਂ ਦੇਵ ਆਨੰਦ ਦੀ ਨਿਰਮਾਣ ਕੰਪਨੀ 'ਨਵਕੇਤਨ ਫਿਲਮ' ਵਿਚ ਹਰ ਤਰ੍ਹਾਂ ਦੇ ਲੋਕਾਂ ਦੀ ਆਮਦੋ-ਰਫ਼ਤ ਵਧ ਗਈ। ਉਹਨਾਂ ਦੇ ਛੋਟੇ ਭਰਾ ਵਿਜੈ ਆਨੰਦ (ਗੋਲਡੀ) ਵੱਲ ਫਿਲਮੀ ਦੁਨੀਆ ਕਿਸੇ ਆਉਣ ਵਾਲੇ ਚਮਤਕਾਰ ਲਈ ਤੱਕ ਰਹੀ ਸੀ। ਸਾਰੇ ਉਹਨਾਂ ਦੀ ਪ੍ਰਤਿਭਾ ਦੇ ਕਾਇਲ ਸਨ। ਕਮਾਲ ਦਾ ਲੇਖਕ, ਸੰਵਾਦ ਲੇਖਕ ਅਤੇ ਨਿਰਦੇਸ਼ਕ ਜਿਸ ਕੋਲ ਤਕਨੀਕੀ ਮੁਹਾਰਤ ਵੀ ਸੀ।

ਇਸੇ ਟੋਲੀ ਵਿਚ ਦੋ ਆਦਮੀ ਹੋਰ ਸਨ, ਦੋਵੇਂ ਗੋਲਡੀ ਦੇ ਸਹਾਇਕ ਸਨ। ਇੱਕ ਸਨ ਨਿਰਮਲ ਸਰਕਾਰ ਅਤੇ ਦੂਜੇ ਸਨ ਅਮਰਜੀਤ। ਨਿਰਮਲ ਸਰਕਾਰ ਬੰਗਾਲਾ ਪਿਠਭੂਮੀ ਤੋਂ ਸਨ ਤੇ ਲਿਖਣ ਦਾ ਵੀ ਸ਼ੌਕ ਰੱਖਦੇ ਸਨ। ਨਿਰਮਲ ਕੋਲ ਆਪਣੀ ਲਿਖੀ ਇੱਕ ਕਹਾਣੀ ਸੀ, ਉਸ ਨੂੰ ਲੱਗਦਾ ਸੀ ਕਿ ਇਸ 'ਤੇ ਫਿਲਮ ਬਣਨੀ ਚਾਹੀਦੀ ਹੈ। ਫਿਲਮੀ ਦੁਨੀਆ ਵਿਚ ਹੋਣ ਕਰ ਕੇ ਉਸ ਨੇ ਆਪਣੀ ਇਹ ਕਹਾਣੀ ਕਈਆਂ ਨੂੰ ਸੁਣਾਈ ਸੀ। ਕਹਾਣੀ ਅਸਲ ਵਿਚ ਦੋ ਹਮਸ਼ਕਲ ਇਨਸਾਨਾਂ ਨਾਲ ਬਾਵਸਤਾ ਸੀ, ਤੇ ਉਦੋਂ ਤੱਕ ਹਮਸ਼ਕਲ ਕਨਸੈਪਟ ਨੂੰ ਲੈ ਕੇ ਕਈ ਫਿਲਮਾਂ ਆ ਚੁੱਕੀਆਂ ਸਨ। ਸੋ ਨਿਰਮਲ ਦੀ ਇਸ ਕਹਾਣੀ ਵਿਚ ਕਿਸੇ ਨੇ ਦਿਲਚਸਪੀ ਨਹੀਂ ਸੀ ਦਿਖਾਈ।

ਇੱਕ ਦਿਨ ਵਿਹਲੇ ਸਮੇਂ ਨਿਰਮਲ ਸਰਕਾਰ ਨੇ ਇਹ ਕਹਾਣੀ ਗੋਲਡੀ ਨੂੰ ਵੀ ਸੁਣਾਈ। ਵਿਜੈ ਆਨੰਦ (ਗੋਲਡੀ) ਨੂੰ ਕਹਾਣੀ ਬਹੁਤ ਪਸੰਦ ਆਈ। ਪਾਰਖੂ ਨਜ਼ਰ ਨੇ ਸਹਿਜੇ ਹੀ ਭਾਂਪ ਲਿਆ ਕਿ ਇਹ ਰਵਾਇਤੀ ਕਿਸਮ ਦੀ, ਵਿਛੜੇ ਹੋਏ ਹਮਸ਼ਕਲ ਭਰਾਵਾਂ ਦੀ ਕਹਾਣੀ ਨਹੀਂ, ਇਸ ਵਿਚ ਨਿਵੇਕਲਾਪਨ ਹੈ, ਭਾਵੁਕਤਾ ਹੈ, ਇਹ ਮਨੁੱਖੀ ਸੰਵੇਦਨਾਵਾਂ ਅਤੇ ਇਨਸਾਨੀਅਤ ਦੇ ਸੰਕਲਪ ਦੀ ਤਰਜਮਾਨੀ ਵੀ ਹੈ। ਕਹਾਣੀ ਦੂਸਰੇ ਵਿਸ਼ਵ ਯੁੱਧ ਦੇ ਦੌਰ ਦੀ ਹੈ। ਦੋ ਹਮਸ਼ਕਲ ਫੌਜੀ ਅਫਸਰਾਂ ਦੀ ਕਹਾਣੀ। ਉਹ ਵਿਛੜੇ ਹੋਏ ਭਰਾ ਨਹੀਂ ਹਨ ਪਰ ਦੋਸਤ ਹਨ, ਗਹਿਰੇ ਦੋਸਤ। ਪੜਾਅ-ਦਰ-ਪੜਾਅ ਕਹਾਣੀ ਨਵੇਂ ਮੋੜ 'ਤੇ ਆ ਕੇ ਨਵੀਂ ਦਿਸ਼ਾ ਵੱਲ ਮੁੜਦੀ ਹੈ।

ਵਿਜੈ ਆਨੰਦ ਨੂੰ ਕਹਾਣੀ ਦੀ ਗੰਭੀਰਤਾ ਦਾ ਇਲਮ ਸੀ; ਬਸ ਉਸ ਵਿਚ ਫਿਲਮੀ ਅਸਰ ਭਰਨਾ ਬਾਕੀ ਸੀ। ਦੇਵ ਅਨੰਦ ਨੇ ਕਹਾਣੀ ਸੁਣੀ ਤਾਂ ਉਹ ਵੀ ਸਹਿਜੇ ਹੀ ਇਸ 'ਤੇ ਫਿਲਮ ਬਣਾਉਣ ਲਈ ਰਾਜ਼ੀ ਹੋ ਗਏ। ਜ਼ਿੰਦਗੀ ਦੀ ਚੁਣੌਤੀ ਪੂਰਨ ਭੂਮਿਕਾ ਸਾਹਮਣੇ ਸੀ। ਦੋ ਵੱਖ-ਵੱਖ ਸੋਚਾਂ ਦੇ ਦੋ ਕਿਰਦਾਰ ਜਿਨ੍ਹਾਂ ਦਾ ਆਪੋ-ਆਪਣਾ ਸੁਭਾਅ ਹੈ। ਵਿਜੈ ਆਨੰਦ ਨੇ ਕਹਾਣੀ 'ਤੇ ਸੰਵਾਦ ਲਿਖਣ ਆਰੰਭੇ ਤਾਂ ਕਾਗਜ਼ਾਂ 'ਤੇ ਅਜਿਹੀ ਫਿਲਮ ਬਣ ਕੇ ਸਾਹਮਣੇ ਆਈ ਜਿਸ ਬਾਰੇ ਆਸਾਨੀ ਨਾਲ ਸੋਚਿਆ ਜਾ ਸਕਦਾ ਸੀ ਕਿ ਉਹ ਇਕ ਕਮਾਲ ਵਜੋਂ ਯਾਦ ਕੀਤੀ ਜਾਵੇਗੀ।

ਬੇਸ਼ਕ, ਫਿਲਮ 'ਹਮ ਦੋਨੋਂ' ਦੇਖਦੇ ਹਾਂ ਤਾਂ ਕਈ ਵਾਰ 'ਗਾਈਡ' ਫਿਲਮ ਦੀ ਯਾਦ ਆਏਗੀ। ਦਰਅਸਲ 'ਗਾਈਡ' ਬਣਨ ਦਾ ਮੁੱਢ ਵੀ 'ਹਮ ਦੋਨੋਂ' ਦੀ ਸਫ਼ਲਤਾ ਨਾਲ ਹੀ ਬੱਝ ਗਿਆ ਸੀ। 'ਗਾਈਡ' ਨੂੰ ਭਾਰਤੀ ਸਿਨੇਮਾ ਦੀ ਮਹਾਨ ਫਿਲਮ ਵਜੋਂ ਯਾਦ ਕੀਤਾ ਜਾਂਦਾ ਹੈ ਜਿਸ ਦੇ ਨਿਰਦੇਸ਼ਕ ਵੀ ਵਿਜੈ ਆਨੰਦ ਸਨ।

ਆਨੰਦ (ਦੇਵ ਆਨੰਦ) ਨੀਤਾ (ਸਾਧਨਾ) ਨੂੰ ਪਿਆਰ ਕਰਦਾ ਹੈ ਪਰ ਇਕ ਮੁਸ਼ਕਿਲ ਹੈ: ਨੀਤਾ ਬਹੁਤ ਅਮੀਰ ਪਰਿਵਾਰ ਨਾਲ ਸਬੰਧਤ ਹੈ। ਨੀਤਾ ਦੇ ਪਿਤਾ ਦੋਹਾਂ ਦੀ ਸ਼ਾਦੀ ਲਈ ਰਾਜ਼ੀ ਨਹੀਂ ਹੁੰਦੇ ਤਾਂ ਨਿਰਾਸ਼ ਹੋ ਕੇ ਆਨੰਦ ਫੌਜ ਵਿਚ ਭਰਤੀ ਹੋ ਜਾਂਦਾ ਹੈ। ਫੌਜ ਨੂੰ ਅਫ਼ਸਰਾਂ ਦੀ ਜ਼ਰੂਰਤ ਹੈ ਕਿਉਂਕਿ ਦੂਸਰਾ ਵਿਸ਼ਵ ਯੁੱਧ ਚੱਲ ਰਿਹਾ ਹੈ। ਉਹ ਭਾਵੇਂ ਨੀਤਾ ਨੂੰ ਭੁੱਲਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਨੀਤਾ ਉਸ ਨਾਲ ਸੱਚਾ ਪ੍ਰੇਮ ਕਰਦੀ ਹੈ। ਆਨੰਦ ਦੇ ਫੌਜ ਵਿਚ ਜਾਣ ਤੋਂ ਬਾਅਦ ਉਹ ਆਪਣੇ ਪਿਤਾ ਦਾ ਘਰ ਛੱਡ ਕੇ ਆਨੰਦ ਦੀ ਮਾਤਾ ਕੋਲੇ ਆ ਕੇ ਰਹਿਣ ਲੱਗ ਪੈਂਦੀ ਹੈ, ਆਪਣੇ ਪ੍ਰੇਮ ਪ੍ਰਤੀ ਸਮਰਪਣ।

ਵਿਸ਼ਵ ਯੁੱਧ ਚੱਲ ਰਿਹਾ ਹੈ, ਆਨੰਦ ਆਪਣੀ ਫੌਜ ਦੀ ਨੌਕਰੀ ਵਿਚ ਰੁੱਝਿਆ ਹੋਇਆ ਹੈ। ਨੀਤਾ ਨੂੰ ਭੁਲਾਉਣ ਦੀ ਵਿਅਰਥ ਕੋਸ਼ਿਸ਼ ਕਰ ਰਿਹਾ ਹੈ। ਇਕ ਦਿਨ ਫੌਜ ਦੇ ਹੀ ਇੱਕ ਕੰਮ ਜਾਂਦਿਆਂ ਕੈਪਟਨ ਆਨੰਦ ਨੂੰ ਪਰਸ ਮਿਲਦਾ ਹੈ ਜੋ ਮੇਜਰ ਵਰਮਾ ਦਾ ਹੈ। ਮੇਜਰ ਵਰਮਾ ਉਨ੍ਹਾਂ ਦੀ ਹੀ ਬਟਾਲੀਅਨ ਦੇ ਵੱਡੇ ਅਫਸਰ ਹਨ। ਪਾਰਸ ਮੋੜਨ ਗਏ ਕੈਪਟਨ ਆਨੰਦ ਦੀ ਹੈਰਾਨੀ ਦੀ ਕੋਈ ਹੱਦ ਨਹੀਂ ਰਹਿੰਦੀ ਜਦੋਂ ਉਹ ਆਪਣੇ ਸਾਹਮਣੇ ਆਪਣੇ ਹਮਸ਼ਕਲ ਨੂੰ ਤੱਕਦਾ ਹੈ। ਮੇਜਰ ਮਨੋਹਰ ਲਾਲ ਵਰਮਾ ਨੇ ਰੋਅਬਦਾਰ ਮੁੱਛਾਂ ਰੱਖੀਆਂ ਹੋਈਆਂ ਹਨ। ਇਸ ਤੋਂ ਇਲਾਵਾ ਉਹਨਾਂ ਦੋਹਾਂ ਦੀ ਦਿੱਖ ਵਿਚ ਹੋਰ ਕੋਈ ਅੰਤਰ ਨਹੀਂ।

ਮੇਜਰ ਵਰਮਾ ਅਤੇ ਉਨ੍ਹਾਂ ਦੇ ਸਾਥੀ ਵੀ ਹਮਸ਼ਕਲ ਨੂੰ ਦੇਖ ਕੇ ਹੈਰਾਨ ਅਤੇ ਪਰੇਸ਼ਾਨ ਹਨ। ਖ਼ੈਰ, ਮੁੱਢਲੀ ਜਾਣ-ਪਛਾਣ ਤੋਂ ਬਾਅਦ ਮੇਜਰ ਵਰਮਾ ਅਤੇ ਕੈਪਟਨ ਆਨੰਦ ਦੀ ਦੋਸਤੀ ਹੋਣੀ ਵੀ ਆਰੰਭ ਹੋ ਜਾਂਦੀ ਹੈ। ਮੇਜਰ ਵਰਮਾ ਜ਼ਿੰਦਾਦਿਲ ਇਨਸਾਨ ਹੈ, ਸ਼ਰਾਬ ਪੀਣ ਦੇ ਵੀ ਸ਼ੌਕੀਨ ਪਰ ਆਨੰਦ ਨਾ ਤਾਂ ਸ਼ਰਾਬ ਪੀਂਦਾ ਹੈ, ਨਾ ਹੀ ਮੇਜਰ ਵਰਮਾ ਵਰਗਾ ਜ਼ਿੰਦਾਦਿਲ ਹੈ। ਮੇਜਰ ਵਰਮਾ ਦੇ ਨਾਸਤਿਕ ਹੋਣ ਦੇ ਨਾਲ-ਨਾਲ ਉਨ੍ਹਾਂ ਦੋਹਾਂ ਦੀਆਂ ਆਦਤਾਂ ਵਿਚ ਬੇਸ਼ੁਮਾਰ ਅੰਤਰ ਹਨ ਪਰ ਉਹਨਾਂ ਦੀ ਦੋਸਤੀ ਕਾਇਮ ਹੈ। ਅਕਸਰ ਦੋਵੇਂ ਆਪੋ-ਆਪਣੇ ਪਰਿਵਾਰਾਂ ਅਤੇ ਪਿਛੋਕੜ ਦੀਆਂ ਗੱਲਾਂ ਕਰਦੇ ਹਨ। ਆਨੰਦ ਮੇਜਰ ਵਰਮਾ ਨੂੰ ਨੀਤਾ ਅਤੇ ਆਪਣੀ ਮਾਂ ਬਾਰੇ ਦੱਸਦਾ ਹੈ ਤਾਂ ਮੇਜਰ ਵਰਮਾ ਵੀ ਆਨੰਦ ਨੂੰ ਆਪਣੀ ਮਾਂ ਅਤੇ ਪਤਨੀ ਬਾਰੇ ਅਕਸਰ ਕੁਝ ਨਾ ਕੁਝ ਦੱਸਦਾ ਰਹਿੰਦਾ ਹੈ।

ਵਿਸ਼ਵ ਯੁੱਧ ਵਿਚ ਜਪਾਨੀਆਂ ਦੇ ਹਮਲੇ ਤੇਜ਼ ਹੋ ਗਏ ਹਨ। ਫਿਰ ਇਕ ਦਿਨ ਅਚਾਨਕ ਮੇਜਰ ਵਰਮਾ ਅਤੇ ਕੈਪਟਨ ਆਨੰਦ ਦੀ ਪਲਟਣ ਦੁਸ਼ਮਣਾਂ ਵਿਚ ਘਿਰ ਜਾਂਦੀ ਹੈ। ਕੈਪਟਨ ਆਨੰਦ ਨੂੰ ਬਚਾਉਂਦਿਆਂ ਹੋਇਆਂ ਇੱਕ ਵਾਰ ਮੇਜਰ ਗੰਭੀਰ ਰੂਪ ਵਿਚ ਜ਼ਖਮੀ ਹੋ ਜਾਂਦਾ ਹੈ। ਆਪਣੀ ਗੰਭੀਰ ਹਾਲਤ ਦੇਖਦਿਆਂ ਆਨੰਦ ਨੂੰ ਆਦੇਸ਼ ਦਿੰਦਾ ਹੈ ਕਿ ਉਹ ਬਚ ਕੇ ਨਿਕਲ ਜਾਵੇ, ਉਸ ਦੇ ਖੁਦ ਦਾ ਬਚਣਾ ਨਾਮੁਮਕਿਨ ਹੈ। ਨਾਲ ਹੀ ਉਹ ਕੈਪਟਨ ਆਨੰਦ ਨੂੰ ਕਹਿੰਦਾ ਹੈ ਕਿ ਉਹ ਜਦੋਂ ਵਾਪਸ ਆ ਜਾਵੇ ਤਾਂ ਉਸ ਦੇ ਘਰ ਜ਼ਰੂਰ ਜਾਵੇ। ਉਹ ਉਸ ਦੀ ਪਤਨੀ ਅਤੇ ਉਸ ਗੱਲ ਦਾ ਖਿਆਲ ਰੱਖੇ।

ਸਮਾਂ ਬੀਤਦਾ ਹੈ, ਆਨੰਦ ਵਾਪਸ ਸ਼ਹਿਰ ਵਾਪਸ ਆਉਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਉਸ ਦੀ ਬਿਮਾਰ ਮਾਂ ਹੁਣ ਨਹੀਂ ਰਹੀ, ਉਹ ਇਹ ਜਾਣ ਕੇ ਵੀ ਹੈਰਾਨ ਰਹਿ ਜਾਂਦਾ ਹੈ ਕਿ ਨੀਤਾ ਉਸ ਦੇ ਜਾਣ ਤੋਂ ਬਾਅਦ ਉਸ ਦੇ ਘਰ ਰਹਿ ਰਹੀ ਹੈ। ਹੁਣ ਉਸ ਦੇ ਦਿਲ ਵਿਚ ਨੀਤਾ ਪ੍ਰਤੀ ਅਥਾਹ ਪਿਆਰ ਹੈ, ਸ਼ਰਧਾ ਹੈ। ਉਹ ਜਲਦੀ ਤੋਂ ਜਲਦੀ ਉਸ ਨਾਲ ਘਰ ਵਸਾ ਲੈਣਾ ਚਾਹੁੰਦਾ ਹੈ।

ਅਚਾਨਕ ਉਸ ਨੂੰ ਯਾਦ ਆਉਂਦਾ ਹੈ ਕਿ ਉਸ ਨੇ ਮੇਜਰ ਵਰਮਾ ਦੀ ਮੌਤ ਦੀ ਖ਼ਬਰ ਵੀ ਉਸ ਦੇ ਘਰ ਦੇਣੀ ਹੈ। ਉਹ ਇਹਨਾਂ ਸੋਚਾਂ ਵਿਚ ਘਿਰਿਆ ਹੋਇਆ ਹੈ ਕਿ ਉਹ ਕਿਸ ਤਰ੍ਹਾਂ ਮੇਜਰ ਵਰਮਾ ਦੀ ਪਤਨੀ ਰੂਨਾ (ਨੰਦਾ) ਅਤੇ ਮਾਂ (ਲਲਿਤਾ ਪਵਾਰ) ਨੂੰ ਇਹ ਖ਼ਬਰ ਦੇਵੇਗਾ! ਆਖਰ ਇਕ ਦਿਨ ਉਹ ਮੇਜਰ ਵਰਮਾ ਦੇ ਘਰ ਪਹੁੰਚ ਜਾਂਦਾ ਹੈ। ਬਹੁਤ ਛੇਤੀ ਘਰ ਪਛਾਣ ਲੈਂਦਾ ਹੈ। ਦਰਅਸਲ ਮੇਜਰ ਵਰਮਾ ਨੇ ਆਪਣੇ ਘਰ, ਪਤਨੀ ਅਤੇ ਮਾਂ ਬਾਰੇ ਇੰਨੀਆਂ ਗੱਲਾਂ ਕੀਤੀਆਂ ਹੋਈਆਂ ਸਨ, ਸਭ ਕੁਝ ਉਸ ਨੂੰ ਜਾਣਿਆ ਪਛਾਣਿਆ ਲੱਗਦਾ ਹੈ ਪਰ ਉਹ ਭੁੱਲ ਜਾਂਦਾ ਹੈ ਕਿ ਉਹ ਮੇਜਰ ਵਰਮਾ ਦਾ ਹਮਸ਼ਕਲ ਵੀ ਹੈ। ਮੇਜਰ ਵਰਮਾ ਦੀ ਮਾਂ ਉਸ ਨੂੰ ਇਸ ਕਦਰ ਪਿਆਰ ਨਾਲ ਮਿਲਦੀ ਹੈ ਕਿ ਉਹ ਦੱਸ ਹੀ ਨਹੀਂ ਸਕਦਾ ਕਿ ਉਹ ਉਸ ਦੇ ਪੁੱਤ ਦੀ ਮੌਤ ਦੀ ਖ਼ਬਰ ਲੈ ਕੇ ਆਇਆ ਹੈ। ਉਧਰੋਂ ਉਸ ਦੀ ਪਤਨੀ ਆਪਣੇ ਪਤੀ ਨੂੰ ਵਾਪਸ ਆਇਆ ਦੇਖ ਕੇ ਇਸ ਕਦਰ ਖੁਸ਼ ਹੁੰਦੀ ਹੈ ਕਿ ਬਿਮਾਰ ਹੋ ਜਾਂਦੀ ਹੈ। ਡਾਕਟਰ ਦੱਸਦੇ ਹਨ ਕਿ ਉਸ ਦਾ ਕਮਜ਼ੋਰ ਦਿਲ ਖੁਸ਼ੀ ਬਰਦਾਸ਼ਤ ਨਹੀਂ ਕਰ ਸਕਿਆ।

ਬੇਸ਼ੱਕ ਆਨੰਦ ਡਾਕਟਰ ਨੂੰ ਦੱਸਦਾ ਹੈ ਕਿ ਉਹ ਮੇਜਰ ਵਰਮਾ ਨਹੀਂ ਹੈ, ਉਸ ਦਾ ਹਮਸ਼ਕਲ ਜ਼ਰੂਰ ਹੈ ਅਤੇ ਉਹ ਆਪਣੀ ਆਤਮਾ 'ਤੇ ਬੋਝ ਰੱਖ ਕੇ ਮੇਜਰ ਵਰਮਾ ਬਣਿਆ ਨਹੀਂ ਰਹਿ ਸਕਦਾ ਪਰ ਡਾਕਟਰ, ਆਨੰਦ ਨੂੰ ਮੇਜਰ ਦੀ ਪਤਨੀ ਦੇ ਠੀਕ ਹੋਣ ਤੱਕ ਇਸ ਰਾਜ਼ ਤੋਂ ਪਰਦਾ ਨਾ ਚੁੱਕਣ ਬਾਰੇ ਇਲਤਜਾ ਕਰਦਾ ਹੈ। ਆਨੰਦ ਇਨਸਾਨੀਅਤ ਅਤੇ ਦੋਸਤ ਖ਼ਾਤਰ ਇਸ ਵਾਸਤੇ ਰਾਜ਼ੀ ਹੋ ਜਾਂਦਾ ਹੈ ਪਰ ਇਸ ਵਿਚ ਬੜੀਆਂ ਕਠਿਨਾਈਆਂ ਹਨ। ਪਹਿਲਾ ਇਹ ਕਿ ਉਸ ਦੀ ਆਪਣੀ ਵੀ ਇੱਕ ਜ਼ਿੰਦਗੀ ਹੈ, ਨੀਤਾ ਹੈ, ਸੁਫਨੇ ਹਨ; ਫਿਰ ਇਹ ਵੀ ਕਿ ਮੇਜਰ ਵਰਮਾ ਦੀਆਂ ਬਹੁਤ ਸਾਰੀਆਂ ਆਦਤਾਂ ਉਸ ਤੋਂ ਵੱਖਰੀਆਂ ਹਨ।... ਜੇ ਰਾਜ਼ ਖੁੱਲ੍ਹ ਗਿਆ ਤਾਂ ਬਹੁਤ ਬੁਰਾ ਹੋਵੇਗਾ। ਉਹ ਪਾਕੀਜ਼ਗੀ ਨਾਲ ਮੇਜਰ ਵਰਮਾ ਦੇ ਘਰ ਵੀ ਆਉਂਦਾ ਜਾਂਦਾ ਰਹਿੰਦਾ ਹੈ ਕਿਉਂਕਿ ਮੇਜਰ ਵਰਮਾ ਦੀ ਪਤਨੀ ਅਤੇ ਮਾਂ ਉਸ ਨੂੰ ਮੇਜਰ ਹੀ ਸਮਝਦੀਆਂ ਹਨ ਪਰ ਉਹ ਇਸ ਦੂਹਰੀ ਭੂਮਿਕਾ ਕਾਰਨ ਦੁਖੀ ਹੈ, ਪ੍ਰੇਸ਼ਾਨ ਵੀ। ਇਕ ਵਾਰ ਨੀਤਾ ਉਸ ਨੂੰ ਮੇਜਰ ਵਰਮਾ ਦੀ ਪਤਨੀ ਨਾਲ ਮੰਦਰ ਵਿਚ ਦੇਖ ਲੈਂਦੀ ਹੈ ਤਾਂ ਬੜੀ ਵੱਡੀ ਉਲਝਣ ਪੈਦਾ ਹੋ ਜਾਂਦੀ ਹੈ। ਨੀਤਾ ਉਸ ਦੇ ਕਿਰਦਾਰ 'ਤੇ ਸ਼ੱਕ ਕਰਦੀ ਹੈ ਤਾਂ ਉਹ ਬੜੀ ਕਠੋਰਤਾ ਨਾਲ ਮੇਜਰ ਵਰਮਾ ਦੀ ਪਤਨੀ ਅਤੇ ਮਾਂ ਨੂੰ ਦੱਸਣ ਲੱਗਦਾ ਹੈ ਕਿ ਮੇਜਰ ਵਰਮਾ ਮਰ ਚੁੱਕਿਆ ਹੈ, ਉਹ ਮੇਜਰ ਨਹੀਂ, ਉਸ ਦਾ ਹਮਸ਼ਕਲ ਆਨੰਦ ਹੈ ਪਰ ਮੇਜਰ ਵਰਮਾ ਦੀ ਮਾਂ ਅਤੇ ਪਤਨੀ ਦੇ ਵਿਸ਼ਵਾਸ ਨੂੰ ਦੇਖ ਕੇ ਉਸ ਦੀ ਕਠੋਰਤਾ ਪਿਘਲ ਜਾਂਦੀ ਹੈ। ਉਹ ਇਹ ਕਠੋਰ ਸੱਚਾਈ ਨਹੀਂ ਦੱਸ ਸਕਿਆ, ਭਾਵੇਂ ਉਸ ਦੀ ਆਤਮਾ ਇਹ ਸਭ ਕਰਨ ਲਈ ਰਾਜ਼ੀ ਨਹੀਂ ਹੈ।

ਕਹਾਣੀ ਵਿਚ ਫਿਰ ਇਕ ਅਹਿਮ ਮੋੜ ਆਉਂਦਾ ਹੈ। ਮੇਜਰ ਵਰਮਾ ਵਾਪਸ ਆਪਣੇ ਘਰ ਆ ਰਿਹਾ ਹੈ। ਜੰਗ ਵਿਚ ਉਸ ਦੀ ਜਾਨ ਬਚ ਗਈ ਸੀ। ਉਸ ਦੀ ਲੱਤ ਜ਼ਖ਼ਮੀ ਹੋਣ ਕਾਰਨ ਕੱਟਣੀ ਪਈ ਸੀ। ਹੁਣ ਉਹ ਅਪਾਹਜ ਹੈ। ਉਹ ਵਾਪਸ ਘਰ ਤਾਂ ਜਾ ਰਿਹਾ ਹੈ ਪਰ ਅਪਾਹਜ ਹੋਣ ਕਰ ਕੇ ਅਤਿਅੰਤ ਦੁਖੀ ਹੈ। ਉਹ ਨਹੀਂ ਚਾਹੁੰਦਾ ਕਿ ਉਸ ਦੀ ਪਤਨੀ ਅਪਾਹਜ ਨਾਲ ਜ਼ਿੰਦਗੀ ਬਤੀਤ ਕਰੇ। ਉਹ ਕਿਸੇ ਫੈਸਲੇ 'ਤੇ ਪਹੁੰਚਣ ਵਾਸਤੇ ਘਰੇ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕਿ ਉਹ ਘਰ ਪਹੁੰਚੇ, ਰਸਤੇ ਵਿਚ ਉਸ ਦਾ ਇਕ ਦੋਸਤ ਮਿਲ ਜਾਂਦਾ ਹੈ, ਉਹ ਮੇਜਰ ਵਰਮਾ ਨੂੰ ਦੇਖ ਕੇ ਹੈਰਾਨ ਹੋ ਜਾਂਦਾ ਹੈ। ਉਹ ਦੱਸਦਾ ਹੈ, ਉਸ ਦੇ ਘਰ ਕੋਈ ਉਸ ਦਾ ਹਮਸ਼ਕਲ, ਮੇਜਰ ਵਰਮਾ ਬਣ ਕੇ ਘਰ ਰਹਿ ਰਿਹਾ ਹੈ।

ਮੇਜਰ ਨੂੰ ਸਮਝ ਆ ਜਾਂਦੀ ਹੈ ਕਿ ਉਹ ਆਨੰਦ ਹੀ ਹੋਵੇਗਾ, ਉਸ ਦਾ ਹਮਸ਼ਕਲ। ਉਹ ਦੋਸਤ ਖਿੜਕੀ ਰਾਹੀਂ ਇਹ ਵੀ ਦਿਖਾਉਂਦਾ ਹੈ ਕਿ ਕਿਸ ਤਰ੍ਹਾਂ ਆਨੰਦ, ਪਤੀ ਬਣ ਕੇ ਉਸ ਦੀ ਪਤਨੀ ਕੋਲ ਰਹਿ ਰਿਹਾ ਹੈ ਜਦਕਿ ਸੱਚਾਈ ਇਹ ਹੈ ਕਿ ਆਨੰਦ ਫਰਜ਼ ਅਦਾਇਗੀ ਲਈ ਉਥੇ ਰਹਿੰਦਾ ਹੈ ਤੇ ਪਵਿੱਤਰਤਾ ਨਾਲ ਰਹਿੰਦਾ ਹੈ। ਖਿੜਕੀ ਵਿਚ ਦੇਖੇ ਦ੍ਰਿਸ਼ ਤੋਂ ਬਾਅਦ ਮੇਜਰ ਵਰਮਾ, ਅਨੰਦ ਪ੍ਰਤੀ ਨਫ਼ਰਤ ਨਾਲ ਭਰ ਜਾਂਦਾ ਹੈ। ਉਹ ਉਸ ਨੂੰ ਮਾਰਨ ਲਈ ਉਸ ਦਾ ਪਿੱਛਾ ਕਰਦਾ ਹੈ ਤਾਂ ਉਨ੍ਹਾਂ ਦੋਵਾਂ ਦੀ ਝੜਪ ਹੋ ਜਾਂਦੀ ਹੈ। ਅਨੰਦ, ਮੇਜਰ ਵਰਮਾ ਨੂੰ ਵਾਪਸ ਆਇਆ ਦੇਖ ਕੇ ਖੁਸ਼ ਹੈ ਤੇ ਹੈਰਾਨ ਵੀ ਹੈ।

ਉਸ ਨੇ ਉਸ ਦੀ ਦੋਸਤੀ ਵਾਸਤੇ ਅਤਿਅੰਤ ਦੁੱਖ ਝੱਲੇ ਹਨ ਤਾਂ ਫਿਰ ਉਹ ਉਸ ਨੂੰ ਕਿਉਂ ਮਾਰਨਾ ਚਾਹੁੰਦਾ ਹੈ? ਉਹ ਮੇਜਰ ਵਰਮਾ ਦੀਆਂ ਗਲਤਫਹਿਮੀਆਂ ਦੂਰ ਕਰ ਦਿੰਦਾ ਹੈ ਪਰ ਮੇਜਰ ਵਰਮਾ, ਆਨੰਦ ਨੂੰ ਕਹਿੰਦਾ ਹੈ ਕਿ ਉਹ ਅਪਾਹਜ ਦੇ ਤੌਰ 'ਤੇ ਆਪਣੀ ਬੀਵੀ ਨਾਲ ਨਹੀਂ ਰਹਿ ਸਕੇਗਾ, ਉਹ ਆਪਣੀ ਪਤਨੀ ਨੂੰ ਪਿਆਰ ਕਰਦਾ ਹੈ ਅਤੇ ਉਸ ਨੂੰ ਖੁਸ਼ ਦੇਖਣਾ ਚਾਹੁੰਦਾ ਹੈ। ਆਨੰਦ ਉਸ ਨੂੰ ਦੱਸਦਾ ਹੈ ਕਿ ਉਸ ਦੀ ਪਤਨੀ ਬਹੁਤ ਪਿਆਰ ਕਰਨ ਵਾਲੀ ਪਤਨੀ ਹੈ, ਉਸ ਲਈ ਮੁਹੱਬਤ ਦੇ ਮਾਇਨੇ ਜਿਸਮਾਨੀ ਨਹੀਂ, ਰੂਹਾਨੀ ਹਨ। ਉਹ ਉਸ ਨੂੰ ਇਸ ਹਾਲਤ ਵਿਚ ਵੀ ਉਸੇ ਤਰ੍ਹਾਂ ਮੁਹੱਬਤ ਕਰੇਗੀ ਜਿਸ ਤਰ੍ਹਾਂ ਪਹਿਲਾਂ ਕਰਦੀ ਰਹੀ ਹੈ। ਕਈ ਉਲਝਣਾਂ ਤੋਂ ਬਾਅਦ ਸਾਰੀਆਂ ਗਲਤਫਹਿਮੀਆਂ ਦੂਰ ਹੋ ਜਾਂਦੀਆਂ ਹਨ। ਫਿਲਮ ਸੁਖਦ ਅੰਤ ਨਾਲ ਖਤਮ ਹੋ ਜਾਂਦੀ ਹੈ। 'ਹਮ ਦੋਨੋਂ' ਕਈ ਪੱਖਾਂ ਤੋਂ ਦੇਖੇ ਜਾਣ ਵਾਲੀ ਫਿਲਮ ਹੈ; ਖਾਸ ਕਰ ਕੇ ਦੇਵਾਨੰਦ ਨੂੰ ਪਸੰਦ ਕਰਨ ਵਾਲੇ ਲੋਕਾਂ ਲਈ। ਉਹ ਇਸ ਵਿਚ ਆਪਣੀ ਬਿਹਤਰੀਨ ਭੂਮਿਕਾ ਅਦਾ ਕਰਦੇ ਹਨ।

ਫਿਲਮ ਵਿਚ ਸੰਗੀਤ ਜੈਦੇਵ ਦਾ ਹੈ, ਇਹ ਉਹੀ ਜੈ ਦੇਵ ਹੈ ਜੋ ਪ੍ਰਤਿਭਾਸ਼ਾਲੀ ਸੰਗੀਤਕਾਰ ਹੋਣ ਦੇ ਬਾਵਜੂਦ ਬਹੁਤ ਜ਼ਿਆਦਾ ਕਾਮਯਾਬੀ ਹਾਸਲ ਨਹੀਂ ਹੋਈ ਪਰ 'ਹਮ ਦੋਨੋਂ' ਉਨ੍ਹਾਂ ਦਾ ਹਾਸਿਲ ਹੈ। ਸਾਹਿਰ ਲੁਧਿਆਣਵੀ ਦੇ ਲਿਖੇ ਅਤੇ ਉਨ੍ਹਾਂ ਦੇ ਸੰਗੀਤਬਧ ਕੀਤੇ ਗੀਤ ਉਸ ਸਮੇਂ ਵੀ ਬਹੁਤ ਸੁਣੇ ਗਏ ਸਨ ਅਤੇ ਹੁਣ ਵੀ ਸੁਣੇ ਜਾਂਦੇ ਹਨ। ਮੁਹੰਮਦ ਰਫੀ ਦੇ ਗਾਏ ਗੀਤ ਅਤਿਅੰਤ ਸੁਣੇ ਗਏ: 'ਕਭੀ ਖ਼ੁਦ ਪੇ ਕਭੀ ਹਾਲਾਤ ਪੇ ਰੋਨਾ ਆਇਆ' ਅਤੇ 'ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਯਾ'।


ਹੁਣ ਇੱਕ ਦਿਲਚਸਪ ਗੱਲ ਹੋਰ। ਇਸ ਲਿਖਤ ਦੇ ਆਰੰਭ ਵਿਚ ਅਮਰਜੀਤ ਦੇ ਨਾਂ ਦਾ ਜ਼ਿਕਰ ਹੈ। ਅਮਰਜੀਤ ਨਵਕੇਤਨ ਵਿਚ ਸਹਾਇਕ ਸਨ। ਫਿਲਮਾਂ ਦੀ ਪ੍ਰਮੋਸ਼ਨ ਵਿਚ ਵੱਡਾ ਯੋਗਦਾਨ ਪਾਉਂਦੇ ਸਨ। ਉਹ ਮਹੱਤਵਕਾਂਖੀ ਸਨ। ਅਕਸਰ ਵਿਜੈ ਅਨੰਦ ਨੂੰ ਕਹਿੰਦੇ ਸਨ ਕਿ ਮੈਨੂੰ ਵੀ ਫਿਲਮ ਨਿਰਦੇਸ਼ਨ ਦਾ ਮੌਕਾ ਦਿੱਤਾ ਜਾਵੇ। ਵਿਜੈ ਆਨੰਦ ਭਾਵੁਕ ਇਨਸਾਨ ਸਨ, ਦੋਸਤਾਂ ਦੀ ਕਦਰ ਕਰਨ ਵਾਲੇ। ਆਰੰਭ ਵਿਚ ਉਨ੍ਹਾਂ ਨੇ 'ਹਮ ਦੋਨੋਂ' ਦੇ ਨਿਰਦੇਸ਼ਨ ਦਾ ਭਾਰ ਆਪਣੇ ਦੋਸਤ ਅਮਰਜੀਤ ਨੂੰ ਸੌਂਪ ਦਿੱਤਾ। ਉਹਨਾਂ ਨੇ ਇੱਕ-ਇੱਕ ਦ੍ਰਿਸ਼ ਲਿਖ ਕੇ ਦੇ ਦਿੱਤਾ ਜਿਸ ਨੂੰ ਅਮਰਜੀਤ ਨੇ ਸਿਰਫ਼ ਫਿਲਮਾਉਣਾ ਹੀ ਸੀ ਪਰ ਅਮਰਜੀਤ ਉਸ ਵਿਚ ਕਾਮਯਾਬ ਨਹੀਂ ਸਨ ਹੁੰਦੇ। ਦੇਵ ਆਨੰਦ ਆਪਣੇ ਛੋਟੇ ਭਰਾ ਨਾਲ ਬਹੁਤ ਨਾਰਾਜ਼ ਹੁੰਦੇ ਰਹਿੰਦੇ। ਉਹਨਾਂ ਅਨੁਸਾਰ ਵਿਜੈ ਆਨੰਦ ਦੋਸਤੀ ਨਿਭਾਉਣ ਲਈ ਫਿਲਮ ਨਾਲ ਖਿਲਵਾੜ ਕਰ ਰਹੇ ਸਨ। ਅਖੀਰ ਵਿਜੈ ਆਨੰਦ ਨੇ ਨਿਰਦੇਸ਼ਨ ਦਾ ਭਾਰ ਫਿਰ ਤੋਂ ਆਪਣੇ ਮੋਢਿਆਂ 'ਤੇ ਚੁੱਕ ਲਿਆ ਪਰ ਫਿਲਮ ਦੀ ਜਾਣ-ਪਛਾਣ ਵਿਚ ਨਿਰਦੇਸ਼ਕ ਦੇ ਤੌਰ 'ਤੇ ਨਾਮ ਅਮਰਜੀਤ ਦਾ ਹੀ ਆਉਂਦਾ ਹੈ।

ਮੈਂ ਫਿਲਮਾਂ ਬਾਰੇ ਲਿਖਣ ਲਈ ਉਨ੍ਹਾਂ ਫਿਲਮਾਂ ਨੂੰ ਵੀ ਚੁਣਦਾ ਰਿਹਾ ਹਾਂ ਜੋ ਕਿਸੇ ਸਾਹਿਤਕ ਕਿਰਤ 'ਤੇ ਬਣੀਆਂ ਹੋਣ। ਇਸ ਫਿਲਮ ਨੂੰ ਵੀ ਉਸ ਸ਼੍ਰੇਣੀ ਵਿਚ ਇਸ ਲਈ ਰੱਖ ਲਿਆ ਹੈ ਕਿਉਂਕਿ ਇਹ ਵੀ ਨਿਰਮਲ ਸਰਕਾਰ ਦੀ ਲਿਖੀ ਕਹਾਣੀ 'ਤੇ ਬਣੀ ਫਿਲਮ ਹੈ ਜਿਸ ਦਾ ਮੁੱਖ ਆਕਰਸ਼ਣ ਵੀ ਇਸ ਦੀ ਕਹਾਣੀ ਹੀ ਹੈ। ਫਿਲਮ ਇੰਨੀ ਤੇਜ਼ੀ ਨਾਲ ਅੱਗੇ ਵਧਦੀ ਹੈ ਕਿ ਤੁਹਾਨੂੰ ਸੋਚਣ ਦਾ ਮੌਕਾ ਹੀ ਨਹੀਂ ਮਿਲਦਾ।






ਫਿਲਮ 'ਹਮ ਦੋਨੋਂ' ਦਾ ਪੋਸਟਰ ਅਤੇ (ਸੱਜੇ) ਫਿਲਮ ਦੇ ਇਕ ਦ੍ਰਿਸ਼ ਵਿਚ ਅਦਾਕਾਰ ਦੇਵ ਆਨੰਦ ਤੇ ਅਦਾਕਾਰਾ ਨੰਦਾ।



ਫਿਲਮਸਾਜ਼ ਵਿਜੈ ਆਨੰਦ

# Golden State Realty

Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2023*

**Ph: 510-304-9292 or 408-666-8279**


Anmol Singh Gill
REALTOR
Bre. # 02062952


Armaan Singh Gill
REALTOR
Bre. # 02161166
Ph: 510-709-7987


Jaswinder (Jassi) Gill
M.Sc (PAU)
CA BRE# 00966763
Broker/Owner/Notary


Harjot Singh Gill
REALTOR
Bre. # 02036421
Ph: 408.413.8350


Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2411 Bentley Lane Tracy CA 95376
2. 150 Yolo Ct San Bruno CA 94066
3. 5079 Brett Court CA, 94538
4. 1379 Michael Dr Tracy, CA, 95337
5. 3055 Bernard Ave San Ramon, CA, 94583
6. 380 cardona Cir Pleasanton CA 94583
7. 5788 Arlene way Livermore CA 94550
8. 2569 Bennett ct Tracy CA 95377
9. 3055 Bernard Ave San Ramon, CA, 94583
10. 1693 Corpsman St Manteca, CA, 95337
11. 5177 Roycroft Way Fremont, CA, 94538
12. 2925 Mabury Rd San Jose, CA, 95133
13. 105 Machado Ct Tracy, CA, 95376
14. 3315 Mount Everest dr San Jose ca 95127
15. 16765 oak view Cir Morgan hill ca 95037
16. 225 Lock Court Stockto, CA, 95210

**Purchase Loan and Refinance**

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095